Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

Hardeep S. Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 12, Issue 53, December 31, 2011 | 20451 N Plum Grove Rd. Palatine, IL 60074 | Ph:847-359-0746, Fax:847-705-9388




ਫਤਿਹਗੜ੍ਹ ਸਾਹਿਬ ਦੇ ਜੋੜ ਮੇਲੇ 'ਤੇ ਗੁਰੂ ਘਰ 'ਚ ਜੁੜੀਆਂ ਸੰਗਤਾਂ

# ਚੋਣਾਂ ਦੇ ਐਲਾਨ ਨਾਲ ਪੰਜਾਬ ਦਾ ਸਿਆਸੀ ਪਿੜ ਭਖਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚੋਣ ਕਮਿਸ਼ਨ ਵੱਲੋਂ ਪੰਜਾਬ 'ਚ 30 ਜਨਵਰੀ ਨੂੰ ਵਿਧਾਨ ਸਭਾ ਚੋਣਾਂ ਕਰਾਉਣ ਦੇ ਐਲਾਨ ਨਾਲ ਚੋਣ ਅਖਾੜਾ ਪੂਰੀ ਤਰ੍ਹਾਂ ਮਘ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਬ) ਨੇ ਬਾਜ਼ੀ ਮਾਰਦਿਆਂ ਸਭ ਤੋਂ ਪਹਿਲਾਂ ਉਮੀਦਵਾਰਾਂ ਦੇ ਨਾਂਵਾਂ ਦਾ ਐਲਾਨ ਤਾਂ ਕਰ ਦਿੱਤਾ ਪਰ ਟਿਕਟ ਨਾ ਮਿਲਣ ਵਾਲੇ ਆਗੂਆਂ ਦੀ ਬਗਾਵਤ ਨੇ ਪਾਰਟੀ ਦੇ ਜੋਸ਼ ਨੂੰ ਮੱਠਾ ਕਰ ਦਿੱਤਾ ਹੈ। ਉਂਜ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਰੁੱਸਿਆਂ ਨੂੰ ਮਨਾਉਣ ਲਈ ਜੁਟੇ ਹੋਏ ਹਨ। ਪੰਜਾਬ ਵਿਚ ਵੋਟਾਂ ਭਾਵੇਂ 30 ਜਨਵਰੀ ਨੂੰ ਪੈਣਗੀਆਂ ਪਰ ਨਤੀਜਿਆਂ ਦਾ ਐਲਾਨ ਹੋਰ 4 ਸੂਬਿਆਂ ਦੇ ਨਾਲ ਹੀ 4 ਮਾਰਚ ਨੂੰ ਕੀਤਾ ਜਾਵੇਗਾ।

## ਵੋਟਾਂ 30 ਜਨਵਰੀ ਤੇ ਨਤੀਜੇ 4 ਮਾਰਚ ਨੂੰ

ਚੋਣਾਂ ਵਿਚ ਇਸ ਵਾਰ ਵੀ ਮੁੱਖ ਭੇੜ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਕਾਂਗਰਸ ਵਿਚਾਲੇ ਹੋਣ ਦੇ ਆਸਾਰ ਹਨ। ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਤੇ ਸਾਬਕਾ ਖ਼ਜ਼ਾਨਾ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਬਣੇ ਤੀਜੇ ਮੋਰਚੇ ਤੋਂ ਵੀ ਲੋਕਾਂ ਨੂੰ ਆਸਾਂ ਹਨ ਪਰ ਪਿਛਲੇ ਸਮੇਂ ਦੌਰਾਨ ਮਨਪ੍ਰੀਤ ਬਾਦਲ ਦੇ ਕੁਝ ਸਾਥੀਆਂ ਵੱਲੋਂ ਸਾਥ ਛੱਡਣ ਅਤੇ ਅਕਾਲੀ ਦਲ (ਲੌਂਗੋਵਾਲ) ਦੀ ਨਾਰਾਜ਼ਗੀ ਨੇ ਕਈ ਸ਼ੰਕੇ ਖੜ੍ਹੇ ਕਰ ਦਿੱਤੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅ) ਅਤੇ ਬਸਪਾ ਨੇ ਇਕੱਲੇ ਤੌਰ 'ਤੇ ਮੈਦਾਨ ਵਿਚ ਡਟਣ ਦਾ ਐਲਾਨ ਕਰ ਦਿੱਤਾ ਹੈ। ਯਾਦ ਰਹੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੌਰਾਨ ਬਣੇ ਪੰਥਕ ਮੋਰਚੇ ਨੇ ਵਿਧਾਨ ਸਭਾ ਚੋਣਾਂ ਵੀ ਇਕੱਠਿਆਂ ਲੜਨ ਦਾ ਐਲਾਨ ਕੀਤਾ ਸੀ ਪਰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਪਈ ਪਛਾੜ ਤੋਂ ਬਾਅਦ ਵਿਧਾਨ ਸਭਾ ਚੋਣਾਂ ਲਈ ਪੰਥਕ ਮੋਰਚੇ ਦਾ ਮੂੰਹ-ਮੱਥਾ ਵੀ ਨਹੀਂ ਬਣ ਸਕਿਆ। ਪੰਥਕ ਮੋਰਚੇ ਦੇ ਅਹਿਮ ਅੰਗ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੇ ਇਨ੍ਹਾਂ ਚੋਣਾਂ 'ਚ ਹਿੱਸਾ ਨਾ ਲੈਣ ਦਾ ਐਲਾਨ ਕਰ ਦਿੱਤਾ ਹੈ।

ਇਸੇ ਦੌਰਾਨ ਚੋਣ ਜ਼ਾਬਤਾ ਲਾਗੂ ਹੋਣ ਨਾਲ ਪੰਜਾਬ 'ਚ ਚੋਣ ਕਮਿਸ਼ਨ ਨੇ ਸਖ਼ਤੀ ਵਰਤਣੀ ਸ਼ੁਰੂ ਕਰ ਦਿੱਤੀ ਹੈ। ਚੋਣ ਕਮਿਸ਼ਨ ਨੇ ਕੰਮ ਸੰਭਾਲਦਿਆਂ ਹੀ ਸੱਤਾਧਾਰੀ ਪਾਰਟੀ ਦੇ ਚਹੇਤੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਤਬਦੀਲ ਕਰ ਦਿੱਤਾ ਹੈ। ਨਾਲ ਹੀ ਸਰਕਾਰ ਵੱਲੋਂ ਸ਼ੁਰੂ ਕੀਤੀਆਂ 'ਲੋਕ ਲੁਭਾਊ' ਸਕੀਮਾਂ ਰਾਹੀਂ ਮੁੱਖ ਮੰਤਰੀ ਸ. ਪ੍ਰਕਾਸ਼ ਬਾਦਲ ਦੀਆਂ


(ਬਾਕੀ ਸਫਾ 6 'ਤੇ)


# ਸ਼ਹੀਦੀ ਜੋੜ ਮੇਲੇ ਮੌਕੇ ਸਿਆਸੀ ਦਲਾਂ ਵੱਲੋਂ ਜਥੇਦਾਰ ਦੀ ਹਦਾਇਤ ਦਰਕਿਨਾਰ

**ਫਤਿਹਗੜ੍ਹ ਸਾਹਿਬ (ਪੰਜਾਬ ਟਾਈਮਜ਼ ਬਿਊਰੋ):** ਦਸਵੇਂ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਛੋਟੇ ਸਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦੇ ਸ਼ਹੀਦੀ ਜੋੜ ਮੇਲੇ ਦੌਰਾਨ ਸਿਆਸੀ ਪਾਰਟੀਆਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਤੇ ਸਿੰਘ ਸਾਹਿਬਾਨ ਵੱਲੋਂ ਕੀਤੀ ਹਦਾਇਤ ਦਰਕਿਨਾਰ ਕਰ ਦਿੱਤੀ ਅਤੇ ਸ਼ਰਧਾਂਜਲੀ ਸਮਾਗਮ ਨੂੰ ਨਿਰੋਲ ਸਿਆਸਤ ਲਈ ਵਰਤਦਿਆਂ ਇਕ-ਦੂਜੇ ਖਿਲਾਫ ਰੱਜ ਕੇ ਦੂਸ਼ਣਬਾਜ਼ੀ ਕੀਤੀ। ਯਾਦ ਰਹੇ ਕਿ ਪਿਛਲੇ ਸਾਲ ਵਾਂਗ ਐਤਕੀਂ ਵੀ ਪੰਜ ਸਿੰਘ ਸਾਹਿਬਾਨ ਨੇ ਇਹ ਆਦੇਸ਼ ਜਾਰੀ ਕੀਤਾ ਸੀ ਕਿ ਧਾਰਮਿਕ ਜੋੜ ਮੇਲਿਆਂ, ਖਾਸ ਕਰਕੇ ਸਿੱਖ ਸ਼ਹੀਦਾਂ ਨਾਲ ਜੁੜੇ ਸਮਾਗਮਾਂ ਮੌਕੇ ਦੂਸ਼ਣਬਾਜ਼ੀ ਤੋਂ ਗੁਰੇਜ਼ ਕੀਤਾ ਜਾਵੇ ਪਰ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਨੇ ਇਸ ਆਦੇਸ਼ ਦੀ ਪਾਲਣਾ ਨਹੀਂ ਕੀਤੀ।

## ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ

ਪਿਛਲੇ ਸਾਲ ਜਦੋਂ ਸਿੰਘ ਸਾਹਿਬਾਨ ਨੇ ਆਦੇਸ਼ ਜਾਰੀ ਕੀਤਾ ਸੀ ਤਾਂ ਕੁਝ ਧਿਰਾਂ ਨੇ ਇਸ ਬਾਰੇ ਹਾਮੀ ਭਰੀ ਸੀ ਪਰ ਇਸ ਆਦੇਸ਼ ਉਤੇ ਉਕਾ ਹੀ ਅਮਲ ਨਹੀਂ ਕੀਤਾ ਗਿਆ। ਪਿਛਲੇ ਕੁਝ ਸਾਲਾਂ ਤੋਂ ਸੰਗਤ ਇਹ ਚਰਚਾ ਕਰਦੀ ਆ ਰਹੀ ਹੈ ਕਿ ਬੇਹਿਸਾਬ ਸਿਆਸੀ ਦਖਲ ਨੇ ਸ਼ਹੀਦੀ ਜੋੜ ਮੇਲਿਆਂ ਦਾ ਸਰੂਪ ਹੀ ਵਿਗਾੜ ਕੇ ਰੱਖ ਦਿੱਤਾ ਹੈ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦੀ ਥਾਂ ਸਿਆਸੀ ਪਾਰਟੀਆਂ ਆਪਣੇ ਸੌੜੇ ਹਿਤਾਂ ਖਾਤਰ ਸਮਾਗਮ ਮੌਕੇ ਇਕੱਠੀ ਹੋਈ ਸੰਗਤ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰਦੀਆਂ ਹਨ। ਸੰਗਤ ਨੂੰ ਆਪੋ-ਆਪਣੀ ਰੈਲੀ ਵੱਲ ਖਿੱਚਣ ਲਈ ਵੱਖ ਵੱਖ ਤਰੀਕੇ ਅਪਣਾਏ ਜਾ ਰਹੇ ਹਨ। ਇਨ੍ਹਾਂ ਵਿਚੋਂ ਇਕ ਤਰੀਕਾ ਲੰਗਰ ਵਿਚ ਭਾਂਤ-ਸੁਭਾਂਤੀਆਂ ਵਸਤਾਂ


(ਬਾਕੀ ਸਫਾ 5 'ਤੇ)


# ਅਨੰਦ ਵਿਆਹ ਕਾਨੂੰਨ ਲਈ ਰਾਹ ਪੱਧਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿੱਖਾਂ ਵੱਲੋਂ ਵੱਖਰਾ 'ਆਨੰਦ ਵਿਆਹ ਕਾਨੂੰਨ' ਬਣਾਉਣ ਬਾਰੇ ਚਿਰਾਂ ਤੋਂ ਕੀਤੀ ਜਾ ਰਹੀ ਮੰਗ ਨੂੰ ਹੁਣ ਬੂਰ ਪੈ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਵੱਖਰਾ 'ਆਨੰਦ ਵਿਆਹ ਕਾਨੂੰਨ' ਬਣਾਉਣ ਬਾਰੇ ਬਿੱਲ ਸੰਸਦ ਵਿਚ ਭੇਜਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਆਸ ਹੈ ਕਿ ਇਹ ਬਿੱਲ ਸੰਸਦ 'ਚ ਸਹਿਜੇ ਹੀ ਪਾਸ ਹੋ ਜਾਵੇਗਾ। ਯਾਦ ਰਹੇ ਕਿ ਕੁਝ ਦਿਨ ਪਹਿਲਾਂ ਹੀ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਜਾ ਕੇ ਇਹ ਮਸਲਾ ਉਠਾਇਆ ਸੀ ਜਿਸ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ ਕਾਰਜ 'ਚ ਤੇਜ਼ੀ ਲਿਆਂਦੀ।

ਇਸ ਫੈਸਲੇ ਨੂੰ ਸਿੱਖ ਸੰਸਥਾਵਾਂ ਨੇ ਇਤਿਹਾਸਕ ਕਰਾਰ ਦਿੰਦਿਆਂ ਮੰਗ ਕੀਤੀ ਹੈ


(ਬਾਕੀ ਸਫਾ 5 'ਤੇ)



REAL ESTATE & HOME LOANS
Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
209.918.6464
ahundal@c21mm.com
Century 21 M&M and Associates

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com



# 5 YEARS OF DEVELOPMENT

## Taking sports to new heights

| Initiatives | 2002-2007 | 2007-2012* |
|---|---|---|
| Awarded money for medal winners of Olympics, Asiad, CWG | Rs. 1.7 Cr | Rs. 9.49 Cr |
| World Cup Kabaddi Tournaments | No Initiative | 2 World Cups held |
| State Games | Not organized | Shaheed-e-Azam Bhagat Singh State Games |
| International Level Sports Stadiums | 12 stadiums sanctioned for Rs. 4.32 Cr | 7 Multi-purpose Stadiums<br>7 Hockey Stadiums<br>1 Sports School<br>Rs. 147 Cr |
| No. of Multi-gyms Installed | 0 | 6250 |
| No. of Sports Kits Distributed | 0 | 8840 |







Class I jobs being given to 10 International medal winning athletes

* Includes expenditure for ongoing projects till March 2012

ਰਾਜ ਨਹੀਂ ਸੇਵਾ

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸਾਲ 2012 ਮੁਬਾਰਕ

# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

*Now Serving Sacramento, Stockton and Modesto*

*Free Consultation*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available



*Kirandeep K Sihota Esq. and Lance V Friel, Esq.*

## Pacific Coast Law Firm P.C.

**(916)443-1190**
9245 Laguna Springs Dr., Ste. 200,
Elk Grove, CA 95758

*Modesto 704 I Street Suite B*
***Ph:209-475-6001***
www.pacificcoastlawfirm.com

**(209) 475-6001**
2351 W. March Lane Suite A,
Stockton, CA 95207






# ਉਤਰੀ ਕੈਲੀਫੋਰਨੀਆ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ

**ਸਟਾਕਟਨ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਕਲ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਇਸ ਡਾਕਟਰ ਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ। ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ, ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ: 209 464 7738

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

## 209-464-7738, 916-564-5551



ਜਦੋਂ ਮੈਂ ਪਹਿਲੀ ਵਾਰ ਇਥੇ ਆਇਆ, ਮੈਂ ਢੇਰੀ ਢਾਹੀ ਬੈਠਾ ਸਾਂ। ਲਗਾਤਾਰ ਹੁੰਦੀ ਦਰਦ ਮੇਰੀ ਜਾਨ ਕੱਢਦੀ ਸੀ ਅਤੇ ਮੈਥੋਂ ਰੋਜ਼ਮੱਰਾ ਦੇ ਕੰਮ ਕਾਜ ਵੀ ਨਹੀਂ ਸਨ ਹੁੰਦੇ। ਨੌਂ ਮਹੀਨੇ ਪਹਿਲਾਂ ਹੀ ਮੇਰੀ ਸਰਜਰੀ ਹੋ ਕੇ ਹਟੀ ਸੀ। ਸ਼ੁਰੂ ਵਿਚ ਮੈਨੂੰ ਕੁਝ ਆਰਾਮ ਵੀ ਜਾਪਿਆ ਪਰ ਇਹ ਬਹੁਤਾ ਚਿਰ ਨਾ ਰਿਹਾ। ਸਰਜਰੀ ਕਰਨ ਵਾਲੇ ਮੈਡੀਕਲ ਡਾਕਟਰ ਨੇ ਸਰਜਰੀ ਪਿਛੋਂ ਇਹ ਕਹਿ ਕੇ ਹੱਥ ਝਾੜ ਦਿੱਤੇ ਕਿ ਮੈਂ ਹੋਰ ਕੁਝ ਨਹੀਂ ਕਰ ਸਕਦਾ। ਮੈਨੂੰ ਬਹੁਤ ਨਿਰਾਸ਼ਾ ਹੋਈ ਅਤੇ ਮੈਂ ਡਰ ਵੀ ਗਿਆ। ਦਰਦ ਤੋਂ ਕੁਝ ਰਾਹਤ ਹਾਸਲ ਕਰਨ ਲਈ ਮੈਂ ਬੜੀਆਂ ਤਾਕਤਵਰ ਦਰਦ ਨਿਵਾਰਕ ਦਵਾਈਆਂ ਲੈ ਰਿਹਾ ਸਾਂ। ਫਿਰ ਮੈਂ ਇਸ ਕਲੀਨਿਕ ਬਾਰੇ ਅਖਬਾਰ ਵਿਚ ਪੜ੍ਹਿਆ ਅਤੇ ਫੈਸਲਾ ਕੀਤਾ ਕਿ ਸਲਾਹ ਲੈਣ ਵਿਚ ਭਲਾ ਕੀ ਹਰਜ ਹੈ! ਮੈਨੂੰ ਥੋੜ੍ਹੀ ਸ਼ੰਕਾ ਸੀ ਪਰ ਮੇਰੇ ਕੋਲ ਹੋਰ ਰਾਹ ਵੀ ਨਹੀਂ ਸੀ। ਜੁਲਾਈ ਮਹੀਨੇ ਮੈਂ ਇਲਾਜ ਸ਼ੁਰੂ ਕੀਤਾ ਅਤੇ ਹੁਣ ਮੈਂ ਭਾਵੇਂ ਪੂਰੀ ਤਰ੍ਹਾਂ ਦਰਦ ਤੋਂ ਛੁਟਕਾਰਾ ਨਹੀਂ ਪਾ ਸਕਿਆ ਪਰ ਪਹਿਲਾਂ ਦੇ ਮੁਕਾਬਲੇ 75% ਬਿਹਤਰ ਹਾਂ। ਇਕ ਵੱਡੀ ਆਸ ਨਜ਼ਰ ਆਉਂਦੀ ਹੈ ਕਿ ਮੈਂ ਛੇਤੀ ਹੀ ਦਰਦ ਤੋਂ ਖਹਿੜਾ ਛੁਡਾ ਲਵਾਂਗਾ। *-ਐਡਵਿਨ ਗੁਡਮੈਨ, ਟਰੀ ਟਰਿਮਰ, ਉਮਰ 47 ਸਾਲ।*

---



ਮੈਨੂੰ ਸੰਨ 2007 ਤੋਂ ਲੱਕ ਦਰਦ ਸੀ। ਮੈਂ ਕਾਇਜ਼ਰ ਹਸਪਤਾਲ ਇਲਾਜ ਲਈ ਜਾਂਦੀ ਸੀ ਜਿਥੇ ਡਾਕਟਰਾਂ ਨੇ ਮੈਨੂੰ ਭਾਂਤ ਸੁਭਾਂਤੀਆਂ ਦਵਾਈਆਂ ਦਿੱਤੀਆਂ ਅਤੇ ਐਪੀਡਿਊਰਲ ਇੰਜੈਕਸ਼ਨ ਦਿੱਤੇ ਪਰ ਕੋਈ ਫਰਕ ਨਾ ਪਿਆ। ਮੈਂ ਸਟਾਕਟਨ ਰਿਕਾਰਡ ਅਖਬਾਰ ਵਿਚ ਇਸ ਕਲੀਨਿਕ ਬਾਰੇ ਪੜ੍ਹਿਆ ਅਤੇ ਆਪਣੇ ਡਾਕਟਰ ਨਾਲ ਰੀੜ੍ਹ ਦੀ ਹੱਡੀ ਦੇ ਡੀਕੰਪਰੈਸ਼ਨ ਬਾਰੇ ਗੱਲ ਕੀਤੀ ਪਰ ਉਸ ਨੇ ਕਿਹਾ ਕਿ ਉਹ ਮੇਰੇ ਲਈ ਠੀਕ ਨਹੀਂ ਹੋਵੇਗੀ। ਮੈਂ ਸਿਹਤ ਬਾਰੇ ਆਪਣੀ ਵਕੀਲ ਆਪ ਬਣਨ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ, ਡੀ ਸੀ ਨੂੰ ਮਿਲੀ। ਜਦੋਂ ਮੈਂ ਉਨ੍ਹਾਂ ਦੀ ਕਲੀਨਿਕ ਗਈ ਮੈਂ ਖੂੰਡੀ ਦੇ ਸਹਾਰੇ ਚਲਦੀ ਸਾਂ ਅਤੇ ਮੇਰੀ ਪੀੜ੍ਹ ਦਸ ਦੇ ਸਕੇਲ ਉਤੇ ਦਸ ਸੀ। ਦੋ ਹਫਤਿਆਂ ਦੇ ਇਲਾਜ ਪਿਛੋਂ ਮੈਨੂੰ ਆਪਣੀ ਖੂੰਡੀ ਦੀ ਕੋਈ ਲੋੜ ਨਾ ਰਹੀ। ਹੁਣ ਮੈਂ ਆਪਣੀ 70% ਪੀੜ ਤੋਂ ਛੁਟਕਾਰਾ ਹਾਸਲ ਕਰ ਚੁਕੀ ਹਾਂ। ਮੇਰਾ ਤੁਰਨਾ-ਫਿਰਨਾ ਵੀ ਕਾਫੀ ਸੌਖਾ ਹੋ ਗਿਆ ਹੈ। ਮੇਰੀ ਸਭਨਾਂ ਨੂੰ ਸਲਾਹ ਹੈ, ਆਪਣੀ ਤੰਦਰੁਸਤ ਜ਼ਿੰਦਗੀ ਬਿਨਾ ਕਿਸੇ ਦਵਾਈ, ਸਰਜਰੀ ਅਤੇ ਦਰਦ ਦੇ ਮੁੜ ਹਾਸਲ ਕਰ ਲਈ ਤੁਰਤ ਡਾ. ਸਿਹੋਤਾ ਨੂੰ ਮਿਲੋ। ਮੈਂ ਸਮਝਦੀ ਹਾਂ ਕਿ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦਾ ਹਮਦਰਦਾਨਾ ਵਿਹਾਰ ਅਤੇ ਪੇਸ਼ੇਵਾਰਾਨਾ ਪਹੁੰਚ ਇਸ ਕਲੀਨਿਕ ਦੀ ਇਲਾਜ ਪ੍ਰਣਾਲੀ ਦਾ ਇਕ ਹਿੱਸਾ ਹੈ। *-ਈਸਾ ਐਸ., ਡਿਟੈਨਸ਼ਨ ਅਫਸਰ, ਉਮਰ 61 ਸਾਲ।*

### ਹੁਣ ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

***Northern California*** ਕਲੀਨਿਕ **2531** N. California Street (North California St. & Ellis St.) ਵਿਖੇ ਹੈ, ਹਾਰਡਿੰਗ ਵੇਅ ਤੇ ਅਲਪਾਈਨ ਐਵਨਿਊ ਵਿਚਾਲੇ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ।

***New location***
**Sacramento**
1600 Sacramento Inn Way Suite 122, next to Arden Fair Mall

ਨੋਟ (1):ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਨੋਟ (2): ਜੇ ਤੁਸੀਂ ਅਪੁਆਇੰਟਮੈਂਟ 6 ਜਨਵਰੀ 2012 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਹੋਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸ ਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright © 2009 CMC, LLC

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੇਫੋਰਨੀਆ)

HAPPY 2012

## ਸਮੂਹ ਸਾਧ ਸੰਗਤ ਨੂੰ

## ਨਵੇਂ ਸਾਲ 2012 ਦੀ ਲੱਖ-ਲੱਖ ਵਧਾਈ

HAPPY 2012



### ਨਵੇਂ ਸਾਲ ਦੀ ਆਮਦ 'ਤੇ ਧਾਰਮਿਕ ਪ੍ਰੋਗਰਾਮ

ਨਵੇਂ ਸਾਲ ਦੇ ਸਬੰਧ ਵਿਚ 31 ਦਸੰਬਰ ਦੀ ਰਾਤ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਅਤੇ ਇਹ ਦੀਵਾਨ 1 ਜਨਵਰੀ ਨੂੰ ਵੀ ਜਾਰੀ ਰਹਿਣਗੇ। ਪੰਥ ਪ੍ਰਸਿਧ ਰਾਗੀ, ਢਾਡੀ ਜਥੇ ਸ਼ਬਦ ਕੀਰਤਨ ਅਤੇ ਗੁਰੂ ਜਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਵਿਆਖਿਆਕਾਰ ਗੁਰਸ਼ਬਦ ਵਿਆਖਿਆ ਰਾਹੀਂ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਨਗੇ।

ਨਵੇਂ ਸਾਲ 'ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਅਤੇ ਇਸੇ ਦਿਨ ਛੋਲੇ ਭਟੂਰਿਆਂ ਦਾ ਲੰਗਰ ਵੀ ਵਿਸ਼ੇਸ਼ ਤੌਰ 'ਤੇ ਵਰਤਾਇਆ ਜਾਵੇਗਾ। ਨਵੇਂ ਸਾਲ ਦੇ ਸਮਾਗਮ ਮੌਕੇ 31 ਦਸੰਬਰ ਨੂੰ ਗੁਰੂ ਕੇ ਲੰਗਰ ਦੀ ਸੇਵਾ ਪਿੰਡ ਗਾਖਲ ਨਿਵਾਸੀਆਂ ਅਤੇ ਹੋਰ ਸੰਗਤਾਂ ਵਲੋਂ ਰਲ ਕੇ ਕੀਤੀ ਜਾਵੇਗੀ। ਜਲੇਬੀਆਂ ਦਾ ਲੰਗਰ ਰਾਜਾ ਸਵੀਟਸ ਵਲੋਂ ਹੋਵੇਗਾ।

### ਬੇਨਤੀ ਕਰਤਾ

ਗਾਖਲ ਭਰਾ-ਸ. ਇਕਬਾਲ ਸਿੰਘ ਗਾਖਲ, ਸ. ਪਲਵਿੰਦਰ ਸਿੰਘ ਗਾਖਲ ਅਤੇ ਸ. ਅਮੋਲਕ ਸਿੰਘ ਗਾਖਲ, ਸ. ਹਰਭਜਨ ਸਿੰਘ ਗਾਖਲ, ਮੇਜਰ ਸਿੰਘ ਗਾਖਲ, ਸੋਹਣ ਸਿੰਘ ਗਾਖਲ, ਗੁਰਮੇਲ ਸਿੰਘ ਗਾਖਲ, ਰਘਬੀਰ ਸਿੰਘ ਕਾਲਾ ਗਾਖਲ, ਪਰਮਵੀਰ ਸਿੰਘ ਗਾਖਲ, ਬਖਤਾਵਰ ਸਿੰਘ ਗਾਖਲ, ਜਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਬਲਰਾਜ ਸਿੰਘ, ਬਲਜਿੰਦਰ ਸਿੰਘ ਕਲੇਰ, ਬਿੰਦਰ ਸਿੰਘ (ਸੈਲੀਨਾਸ), ਦਲਵਿੰਦਰ ਸਿੰਘ ਪੱਡਾ, ਇੰਦਰਪਾਲ ਸਿੰਘ ਗਾਖਲ, ਤੀਰਥ ਸਿੰਘ, ਪਰਮਜੀਤ ਸਿੰਘ ਬਾਸੀ, ਬਲਬੀਰ ਸਿੰਘ ਭਾਟੀਆ, ਮੱਖਣ ਸਿੰਘ ਬੈਂਸ, ਅਵਤਾਰ ਸਿੰਘ ਬੈਂਸ, ਗੁਰਦਾਵਰ ਸਿੰਘ ਮਾਨ, ਗੁਰਮੀਤ ਸਿੰਘ ਸੈਲੀਨਾਸ, ਗੁਲਵਿੰਦਰ ਸਿੰਘ ਗਾਖਲ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤ ਨੂੰ ਇਨ੍ਹਾਂ ਦੀਵਾਨਾਂ ਵਿਚ ਵੱਧ-ਚੜ੍ਹ ਕੇ ਹਾਜ਼ਰੀਆ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

**Ad Sponsored By:**

# A & I Trucking Co.

123 E Lee Rd Watsonville, CA Ph: 831-763-7805

# ਸਿੱਖਾਂ ਲਈ ਅਨੰਦ ਵਿਆਹ ਕਾਨੂੰਨ ਵਾਸਤੇ ਰਾਹ ਪੱਧਰਾ

ਕਿ ਇਹ ਬਿੱਲ ਜਲਦੀ ਤੋਂ ਜਲਦੀ ਸੰਸਦ ਵਿਚੋਂ ਪਾਸ ਕਰਵਾਇਆ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਲੰਮੇਂ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਕਿ 'ਆਨੰਦ ਵਿਆਹ ਕਾਨੂੰਨ' ਜੋ 1909 ਵਿਚ ਅੰਗਰੇਜ਼ਾਂ ਦੇ ਸਮੇਂ ਬਣਾਇਆ ਗਿਆ ਸੀ, ਵਿਚ ਲੋੜੀਂਦੀ ਸੋਧ ਕਰ ਕੇ ਇਸ ਨੂੰ ਲਾਗੂ ਕੀਤਾ ਜਾਵੇ ਪਰ ਸਰਕਾਰ ਵੱਲੋਂ ਇਸ ਮਾਮਲੇ ਵਿਚ ਢਿੱਲ-ਮੱਠ ਵਾਲਾ ਰਵੱਈਆ ਅਖ਼ਤਿਆਰ ਕੀਤਾ ਗਿਆ ਸੀ।

ਸਿੱਖ ਜਥੇਬੰਦੀਆਂ ਵੱਲੋਂ ਇਸ ਬਾਰੇ ਅਦਾਲਤ ਵਿਚ ਪਟੀਸ਼ਨ ਵੀ ਦਾਇਰ ਕੀਤੀ ਗਈ ਸੀ। ਦੱਸਣਾ ਬਣਦਾ ਹੈ ਕਿ ਅਜਿਹਾ ਕਾਨੂੰਨ ਇਸ ਵੇਲੇ ਪਾਕਿਸਤਾਨ ਵਿਚ ਲਾਗੂ ਹੈ। ਐਤਕੀਂ 29 ਅਗਸਤ, 2011 ਨੂੰ ਕੇਂਦਰ ਸਰਕਾਰ ਵੱਲੋਂ ਅਚਨਚੇਤੀ ਸਿੱਖਾਂ ਦੀ ਇਹ ਮੰਗ ਰੱਦ ਕੀਤੇ ਜਾਣ ਦਾ ਸਿੱਖ ਭਾਈਚਾਰੇ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ। ਕੌਮਾਂਤਰੀ ਪੱਧਰ 'ਤੇ ਸਿੱਖ ਭਾਈਚਾਰੇ ਦੇ ਵਿਰੋਧ ਨੂੰ ਦੇਖਦਿਆਂ ਕੇਂਦਰੀ ਕਾਨੂੰਨ ਮੰਤਰੀ ਨੇ ਇਸ ਮਾਮਲੇ ਨੂੰ ਮੁੜ ਵਿਚਾਰਨ ਦਾ ਭਰੋਸਾ ਦਿੱਤਾ ਸੀ ਜਿਸ ਦੇ ਆਧਾਰ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਬਿੱਲ ਨੂੰ ਹੁਣ ਸੰਸਦ ਵਿਚ ਭੇਜਣ ਲਈ ਹਰੀ ਝੰਡੀ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਬਣਾਏ ਗਏ ਸੰਵਿਧਾਨ ਵਿਚ 'ਆਨੰਦ ਵਿਆਹ ਕਾਨੂੰਨ' ਸ਼ਾਮਲ ਨਹੀਂ ਸੀ ਕੀਤਾ ਗਿਆ ਜਿਸ ਦੇ ਸਿੱਟੇ ਵਜੋਂ ਸਿੱਖ ਭਾਈਚਾਰੇ ਦੇ ਵਿਆਹਾਂ ਦੀ ਰਜਿਸਟਰੇਸ਼ਨ ਹਿੰਦੂ ਮੈਰਿਜ ਐਕਟ ਤਹਿਤ ਕੀਤੀ ਜਾ ਰਹੀ ਹੈ ਜਦੋਂਕਿ ਪਾਰਸੀ, ਈਸਾਈ ਤੇ ਮੁਸਲਿਮ ਭਾਈਚਾਰੇ ਲਈ ਵਿਆਹ ਦਰਜ ਕਰਾਉਣ ਵਾਸਤੇ ਵੱਖ-ਵੱਖ ਕਾਨੂੰਨ ਹਨ।

ਸੁਪਰੀਮ ਕੋਰਟ ਦੇ ਉਘੇ ਸਿੱਖ ਵਕੀਲ ਐਚ. ਐਸ. ਫੂਲਕਾ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਬਿੱਲ ਨੂੰ ਹਰੀ ਝੰਡੀ ਦੇਣ ਤੋਂ ਬਾਅਦ ਅਗਲੇ ਪੜਾਅ ਵਿਚ ਇਹ ਬਿੱਲ ਪਾਰਲੀਮੈਂਟ ਵਿਚ ਭੇਜਿਆ ਜਾਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਅਗਲੇ ਆਉਣ ਵਾਲੇ ਇਜਲਾਸ ਦੌਰਾਨ ਇਸ ਨੂੰ ਪ੍ਰਵਾਨਗੀ ਮਿਲ ਜਾਵੇਗੀ। ਇਸ ਵਿਚ ਲੋੜੀਂਦੀ ਸੋਧ ਮਗਰੋਂ ਸਿੱਖ ਭਾਈਚਾਰੇ ਦੇ ਵਿਆਹ ਅਨੰਦ ਕਾਰਜ ਐਕਟ ਤਹਿਤ ਦਰਜ ਕਰਾਉਣ ਦਾ ਉਪ-ਬੰਧ ਸ਼ਾਮਲ ਹੋ ਜਾਵੇਗਾ ਪਰ ਇਸ ਵਿਚ ਤਲਾਕ ਅਤੇ ਵੱਖ ਹੋਣ ਦੀ ਸੂਰਤ ਨਾਲ ਨਿਪਟਣ ਲਈ ਕੋਈ ਧਾਰਾ ਸ਼ਾਮਲ ਨਹੀਂ ਹੈ। ਅਜਿਹੇ ਉਪਬੰਧ ਸ਼ਾਮਲ ਕਰਨ ਲਈ ਇਕ ਵਾਰ ਫਿਰ ਵੱਖਰੇ ਅਤੇ ਵਿਲੱਖਣ ਕਾਨੂੰਨ ਦੀ ਲੋੜ ਪਵੇਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਇਸ ਕਾਰਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਬਿੱਲ ਨੂੰ ਜਲਦ ਕਾਨੂੰਨ ਦਾ ਰੂਪ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਕੇਂਦਰ ਸਰਕਾਰ ਨੂੰ ਕਈ ਵਾਰ ਅਪੀਲ ਕੀਤੀ ਗਈ ਸੀ। ਕੁਝ ਦਿਨ ਪਹਿਲਾਂ ਹੀ ਪੱਤਰ ਭੇਜ ਕੇ ਇਹ ਮੰਗ ਦੁਹਰਾਈ ਗਈ ਸੀ। ਉਹ ਖੁਦ ਵੀ ਪ੍ਰਧਾਨ ਮੰਤਰੀ ਨੂੰ ਮਿਲ ਕੇ 'ਆਨੰਦ ਵਿਆਹ ਕਾਨੂੰਨ' ਲਾਗੂ ਕਰਨ ਦੀ ਮੰਗ ਕਰ ਚੁੱਕੇ ਹਨ। ਉਨ੍ਹਾਂ ਆਖਿਆ ਕਿ 'ਆਨੰਦ ਵਿਆਹ ਕਾਨੂੰਨ' ਵਿਚ ਹੋਰ ਲੋੜੀਂਦੀਆਂ ਧਾਰਾਵਾਂ ਸ਼ਾਮਲ ਕਰਾਉਣ ਲਈ ਉਹ ਕਾਨੂੰਨੀ ਮਾਹਿਰਾਂ ਦੀ ਰਾਏ ਲੈਣਗੇ।

ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਪੀਰ ਮੁਹੰਮਦ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ, ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਤੇ ਯੂਨਾਇਟਿਡ ਸਰਬੱਤ ਖਾਲਸਾ ਦੇ ਚੇਅਰਮੈਨ ਜੋਗਿੰਦਰ ਸਿੰਘ ਸੇਠੀ ਨੇ ਸਾਂਝੇ ਬਿਆਨ ਰਾਹੀਂ ਕੇਂਦਰੀ ਗ੍ਰਹਿ ਮੰਤਰਾਲੇ ਦੀ ਇਸ ਕਾਰਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਭਾਈਚਾਰਾ ਇਸ ਵੱਖਰੇ ਕਾਨੂੰਨ ਦੇ ਲਾਗੂ ਹੋਣ ਦੀ ਲੰਮੇ ਸਮੇਂ ਤੋਂ ਉਡੀਕ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੰਗਰੇਜ਼ਾਂ ਦੇ ਸਮੇਂ ਇਹ ਕਾਨੂੰਨ 22 ਅਕਤੂਬਰ, 1909 ਨੂੰ ਬਣਿਆ ਸੀ ਅਤੇ ਇਥੇ ਸੌ ਸਾਲ ਬਾਅਦ 22 ਅਕਤੂਬਰ 2009 ਨੂੰ ਇਸ ਦੀ ਸ਼ਤਾਬਦੀ ਮਨਾਉਂਦਿਆਂ ਇਹ ਕਾਨੂੰਨ ਭਾਰਤ ਵਿਚ ਲਾਗੂ ਕਰਨ ਲਈ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਵੀ ਕੇਂਦਰ ਸਰਕਾਰ ਦੀ ਇਸ ਕਾਰਵਾਈ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਖਰੜੇ ਬਾਰੇ ਮਾਹਰਾਂ ਨਾਲ ਵਿਚਾਰ ਚਰਚਾ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਕੇਂਦਰੀ ਸਰਕਾਰ ਵੱਲੋਂ ਸਿੱਖਾਂ ਲਈ ਆਨੰਦ ਵਿਆਹ ਕਾਨੂੰਨ 1909 ਵਿਚ ਤਰਮੀਮ ਕਰਨ ਤੇ ਇਸ ਨੂੰ ਲਾਗੂ ਕਰਨ ਤੋਂ ਟਾਲਾ ਵੱਟਣ ਨਾਲ ਸਿੱਖਾਂ 'ਚ ਰੋਸ ਤੇ ਨਿਰਾਸ਼ਾ ਦਾ ਆਲਮ ਸੀ। ਸਿੱਖ ਵਿਦਵਾਨਾਂ ਦਾ ਕਹਿਣਾ ਸੀ ਕਿ ਜਦ ਸਿੱਖ ਧਰਮ ਵੱਖਰਾ ਧਰਮ ਹੈ ਤਾਂ ਫਿਰ ਇਸ ਦੇ ਸਮਾਜਿਕ ਤੇ ਧਾਰਮਿਕ ਰੀਤੀ ਰਿਵਾਜਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਸਰਕਾਰ ਕਿਉਂ ਭੱਜ ਰਹੀ ਹੈ?

ਦੂਜੇ ਪਾਸੇ ਕੇਂਦਰ ਸਰਕਾਰ ਦੀ ਦਲੀਲ ਸੀ ਕਿ ਜੇਕਰ ਸਿੱਖਾਂ ਦੇ ਆਨੰਦ ਵਿਆਹ ਕਾਨੂੰਨ ਨੂੰ ਮਾਨਤਾ ਦੇ ਦਿੱਤੀ ਜਾਵੇ ਤਾਂ ਹੋਰ ਧਰਮਾਂ ਦੇ ਲੋਕ ਵੀ ਅਜਿਹੀ ਮੰਗ ਕਰਨੀ ਸ਼ੁਰੂ ਕਰ ਦੇਣਗੇ; ਹਾਲਾਂਕਿ ਸੱਚਾਈ ਇਹ ਹੈ ਕਿ ਇਸ ਵੇਲੇ ਮੁਸਲਿਮ, ਹਿੰਦੂ, ਯਹੂਦੀ, ਈਸਾਈ ਤੇ ਪਾਰਸੀ ਧਰਮ ਵਾਲਿਆਂ ਨੂੰ ਆਪੋ-ਆਪਣੇ ਧਾਰਮਿਕ ਵਿਸ਼ਵਾਸਾਂ ਤੇ ਰੀਤੀ ਰਿਵਾਜਾਂ ਨਾਲ ਵਿਆਹ ਕਰਵਾਉਣ ਤੇ ਭਾਰਤ ਸਰਕਾਰ ਕੋਲ ਦਰਜ ਕਰਵਾਉਣ ਦੀ ਖੁੱਲ੍ਹ ਹੈ ਪਰ ਸਿੱਖ ਵਿਆਹ ਭਾਵੇਂ ਗੁਰਦੁਆਰੇ ਜਾ ਕੇ ਲਾਵਾਂ ਨਾਲ ਕਰਵਾ ਲੈਂਦੇ ਹਨ ਪਰ ਕਾਨੂੰਨੀ ਤੌਰ 'ਤੇ ਇਸ ਨੂੰ ਹਿੰਦੂ ਵਿਆਹ ਕਾਨੂੰਨ 1955 ਤਹਿਤ ਹੀ ਦਰਜ ਕਰਵਾਇਆ ਜਾਂਦਾ ਹੈ।

ਜ਼ਿਕਰਯੋਗ ਹੈ ਕਿ 2006 ਵਿਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਸਾਰੇ ਵਿਆਹ ਦਰਜ ਹੋਣੇ ਚਾਹੀਦੇ ਹਨ ਤੇ ਹਰ ਰਾਜ ਵੱਖ-ਵੱਖ ਧਰਮਾਂ ਦੇ ਵਿਆਹ ਅੱਡ-ਅੱਡ ਕਰਨ ਦਾ ਪ੍ਰਬੰਧ ਕਰੇ। ਪੰਜਾਬ ਵਿਧਾਨ ਸਭਾ ਨੇ ਵੀ 2008 ਵਿਚ ਮਤਾ ਪਾਸ ਕਰਕੇ ਭੇਜਿਆ ਸੀ ਕਿ ਸਿੱਖ ਵਿਆਹ ਦਰਜ ਕਰਨ ਲਈ ਅਨੰਦ ਵਿਆਹ ਕਾਨੂੰਨ ਵਿਚ ਸੋਧ ਕਰਕੇ ਸਿੱਖਾਂ ਦੇ ਵਿਆਹ ਵੱਖਰੇ ਤੌਰ 'ਤੇ ਦਰਜ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਪਰ ਕਾਨੂੰਨ ਮੰਤਰਾਲੇ ਨੇ ਇਸ ਮਤੇ ਨੂੰ ਰੱਦ ਕਰ ਦਿੱਤਾ ਸੀ। ਆਨੰਦ ਵਿਆਹ ਕਾਨੂੰਨ 1909 ਵਿਚ ਪ੍ਰੀਵੀ ਕੌਂਸਲ ਨੇ ਪ੍ਰਵਾਨ ਕੀਤਾ ਸੀ। ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਅੰਗਰੇਜ਼ਾਂ ਦੀ ਪ੍ਰੀਵੀ ਕੌਂਸਲ ਦੇ ਮੈਂਬਰ ਸਨ ਤੇ ਭਾਰਤ ਲਈ ਕਾਨੂੰਨ ਬਣਾਉਣ ਵਾਲੀ ਇਹ ਸੁਪਰੀਮ ਕੌਂਸਲ ਸੀ।

## ਜਥੇਦਾਰ ਦੀ ਹਦਾਇਤ ਦਰਕਿਨਾਰ

*(ਸਫਾ ਇਕ ਦੀ ਬਾਕੀ)*

ਸ਼ਾਮਲ ਕਰਨੀਆਂ ਹਨ। ਸੰਗਤ ਦਾ ਕਹਿਣਾ ਹੈ ਕਿ ਸ਼ਹੀਦਾਂ ਦੇ ਇਹ ਸਮਾਗਮ ਸੋਗ ਨਾਲ ਜੁੜੇ ਹੋਏ ਹਨ। ਇਸ ਲਈ ਇਨ੍ਹਾਂ ਸਮਾਗਮਾਂ ਦੌਰਾਨ ਅਜਿਹੀ ਮੂੜ੍ਹ-ਮੱਤ ਨਹੀਂ ਕਰਨੀ ਚਾਹੀਦੀ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਵੱਲੋਂ ਪਾਏ ਪੂਰਨਿਆਂ ਦਾ ਹੀ ਪ੍ਰਚਾਰ ਕਰਨਾ ਚਾਹੀਦਾ ਹੈ। ਸਿੰਘ ਸਾਹਿਬਾਨ ਨੇ ਵੀ ਸੰਗਤ ਦੀਆਂ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਆਦੇਸ਼ ਜਾਰੀ ਕੀਤੇ ਸਨ ਤਾਂ ਕਿ ਇਨ੍ਹਾਂ ਸ਼ਰਧਾਜਲੀ ਸਮਾਗਮਾਂ ਦਾ ਸਰੂਪ ਵਿਗੜਨ ਤੋਂ ਰੋਕਿਆ ਜਾ ਸਕੇ।

ਕੁਝ ਧਿਰਾਂ ਨੇ ਹੁਣ ਸਿੰਘ ਸਾਹਿਬਾਨ ਅਤੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਸਿਆਸੀ ਪਾਰਟੀਆਂ ਨੇ ਆਦੇਸ਼ ਦੀ ਉਲੰਘਣਾ ਕੀਤੀ ਹੈ, ਉਨ੍ਹਾਂ ਨੂੰ ਤਲਬ ਕੀਤਾ ਜਾਵੇ ਤਾਂ ਕਿ ਇਹ ਅਜਿਹੇ ਸਮਾਗਮਾਂ ਨੂੰ ਆਪਣੇ ਸੌੜੇ ਸਿਆਸੀ ਹਿਤਾਂ ਲਈ ਵਰਤਣ ਤੋਂ ਗੁਰੇਜ਼ ਕਰਨ।

## ਸੰਤ ਅਜੀਤ ਸਿੰਘ ਵੱਲੋਂ ਬਾਦਲ ਖ਼ਿਲਾਫ਼ ਬਗਾਵਤ

**ਚੰਡੀਗੜ੍ਹ:** ਵਿਧਾਇਕ ਸੰਤ ਅਜੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ (ਬ) ਵਿਰੁਧ ਬਗ਼ਾਵਤੀ ਰੁਖ਼ ਅਖਤਿਆਰ ਕਰ ਲਿਆ ਹੈ। ਸੰਤ ਅਜੀਤ ਸਿੰਘ ਨੇ ਵਿਧਾਨ ਸਭਾ ਦੀ ਚੋਣ ਨਾ ਲੜਨ ਤੇ ਅਕਾਲੀ ਦਲ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਲਈ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਪ੍ਰਧਾਨ ਸੁਖਬੀਰ ਸਿੰਘ ਦਾ ਗ਼ੁਲਾਮ ਬਣ ਕੇ ਰਹਿਣਾ ਮੁਸ਼ਕਲ ਹੋ ਗਿਆ ਹੈ।



*ਸੰਤ ਅਜੀਤ ਸਿੰਘ*

ਸੰਤ ਅਜੀਤ ਸਿੰਘ ਨੇ ਕਿਹਾ ਕਿ ਦਲ ਨੇ ਰੋਪੜ ਜ਼ਿਲ੍ਹੇ ਦੀ 'ਵਾਂਗਡੋਰ' ਬਾਹਰਲੇ ਬੰਦੇ ਦੇ ਹੱਥ ਦੇ ਕੇ ਉਨ੍ਹਾਂ ਦੀ ਤੌਹੀਨ ਕੀਤੀ ਹੈ ਜਿਸ ਨੂੰ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਨਾਲ ਹੀ ਕਿਹਾ ਕਿ ਜੇ ਅਨੰਦਪੁਰ ਸਾਹਿਬ ਤੇ ਰੋਪੜ ਤੋਂ ਸਥਾਨਕ ਨੇਤਾਵਾਂ ਨੂੰ ਟਿਕਟਾਂ ਦੇ ਦਿੱਤੀਆਂ ਜਾਣ ਤਾਂ ਉਹ ਉਨ੍ਹਾਂ ਦੀ ਬਿਨਾਂ ਸ਼ਰਤ ਮਦਦ ਕਰਨ ਲਈ ਤਿਆਰ ਹੋਣਗੇ।

ਉਨ੍ਹਾਂ ਕਿਹਾ ਕਿ ਸ. ਬਾਦਲ ਨੇ ਉਨ੍ਹਾਂ ਨੂੰ ਪਹਿਲਾਂ ਆਪ ਅਕਾਲੀ ਦਲ ਦਾ ਸਰਪ੍ਰਸਤ ਬਣਾਇਆ। ਪਿੱਛੋਂ ਬਿਨਾਂ ਦੱਸੇ ਇਹ ਜ਼ਿੰਮੇਵਾਰੀ ਆਪਣੇ ਸਿਰ ਲੈ ਕੇ ਉਨ੍ਹਾਂ ਦੀ ਤੌਹੀਨ ਕੀਤੀ ਹੈ। ਚੇਤੇ ਰਹੇ ਸੰਤ ਅਜੀਤ ਸਿੰਘ ਨੇ ਆਨੰਦਪੁਰ ਸਾਹਿਬ ਹਲਕੇ ਤੋਂ 2007 ਵਿਚ ਅਕਾਲੀ ਦਲ ਦੀ ਟਿਕਟ 'ਤੇ ਚੋਣ ਜਿੱਤੀ ਸੀ ਜਦੋਂਕਿ 2002 ਦੀਆਂ ਚੋਣਾਂ ਵਿਚ ਅਕਾਲੀ ਦਲ ਦਾ ਉਮੀਦਵਾਰ 13 ਹਜ਼ਾਰ ਵੋਟਾਂ ਨਾਲ ਹਾਰ ਗਿਆ ਸੀ।

ਉਨ੍ਹਾਂ ਦਾ ਦਾਅਵਾ ਹੈ ਕਿ ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਸ. ਬਾਦਲ ਨੇ ਉਨ੍ਹਾਂ ਨੂੰ ਅਨੰਦਪੁਰ ਸਾਹਿਬ ਦੀ ਟਿਕਟ ਆਪ ਘਰ ਆ ਕੇ ਦਿੱਤੀ ਸੀ। ਉਹ ਇਸ ਤੋਂ ਪਹਿਲਾਂ ਵੀ ਇਕ ਵਾਰ ਸ਼੍ਰੋਮਣੀ ਅਕਾਲੀ ਦਲ ਤੋਂ ਬਾਗ਼ੀ ਹੋ ਕੇ ਸ਼੍ਰੋਮਣੀ ਕਮੇਟੀ ਦੀ ਚੋਣ ਲੜ ਚੁੱਕੇ ਹਨ। ਉਦੋਂ ਵੀ ਉਨ੍ਹਾਂ ਨੇ ਅਕਾਲੀ ਦਲ ਦੇ ਉਮੀਦਵਾਰ ਨੂੰ ਵੱਡੇ ਫਰਕ ਨਾਲ ਹਰਾਇਆ ਸੀ। ਉਨ੍ਹਾਂ ਐਲਾਨ ਕੀਤਾ ਕਿ ਆਨੰਦਪੁਰ ਸਾਹਿਬ ਤੇ ਰੋਪੜ ਵਿਧਾਨ ਸਭਾ ਹਲਕੇ ਤੋਂ ਉਨ੍ਹਾਂ ਦੇ ਸਮਰਥਕ ਚੋਣ ਲੜਨਗੇ। ਉਹ ਆਪਣੇ ਅਸਰ ਰਸੂਖ ਵਾਲੇ ਦੂਜੇ ਹਲਕਿਆਂ ਵਿਚ ਵੀ ਅਕਾਲੀ ਦਲ ਦੇ ਉਮੀਦਵਾਰਾਂ ਦਾ ਵਿਰੋਧ ਕਰਨਗੇ।




Amardeep Singh
**Ph:916-712-2735**
DRE#01357217

# Buy a Home With Zero Cash! No Money Down!

**For FREE list of properties and pre-rec... how "NO MONEY DOWN" Program Work.**
**Govt. Loans, USDA, VA, Down Assistan... many more. Call Toll Free:1-888-450-6603 ID#4074**



**$151,000**
**Antelope - $576 Payment**
Great School. Ready to move. Clean. Family Home. Safe Neighborhood. Trees line street. FREE INFO:
**1-888-450-6603,** ID # 4251



**$165,000**
**Natomas – $630 Payment.**
Open floor plan. First time homebuyer. Bank Owned. Clean. Less than Rent. Beautiful FREE INFO:
**1-888-450-6603,** ID # 4252



**$139,900**
**Vintage – $529 Payment**
Great deal for home buyer. Walking distance to park, Desirable location. Family Home. FREE INFO:
**1-888-450-6603,** ID # 4253



**$179,900**
**Vintage – $566 Payment**
Beds. 3 Car garage. Quite Street. Pvt. backyard. Eat in Kitchen. Near school. Bright rooms. FREE INFO:
**1-888-450-6603,** ID # 4254



**I am making over $2,750**
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
*-Mr. Sood.*



**$189,000**
**Sacramento – $765 Payment**
2 story. Separate family living room. Desirable location. Beautiful. Tree lined streets. Great Area. FREE INFO:
**1-888-450-6603,** ID #4256



**$159,000**
**Elk Grove – $607 Payment**
Clean. Family room. Desirable location. Comfortable. Pvt. back yard. Beautiful Neighbourhood. FREE INFO:
**1-888-450-6603,** ID # 4257



**$175,000**
**Natomas - $668 Payment**
Preferable area. Quite Street. Open lay out. Good neighborhood. Family home. Lively. Walk to Park. FREE INFO:
**1-888-450-6603,** ID # 4258



**$245,000**
**Elk Grove – $935 Payment**
Preferable location. Tree lined street. Hardwood Floors. Formal Dining. Granite Counters. FREE INFO:
**1-888-450-6603,** ID # 4259

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California:**
Shiara Dhindsa
Photographer
661-703-6664
**Bay Area**
Charanjit Singh Pannu
408-608-4961
**Sacramento**
Gurbarinder Singh Raja
916-533-2678
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੋਣਾਂ ਦੇ ਐਲਾਨ ਨਾਲ ਪੰਜਾਬ ਦਾ ਸਿਆਸੀ ਪਿੜ ਭਖਿਆ

*(ਸਫਾ ਇਕ ਦੀ ਬਾਕੀ)*

ਤਸਵੀਰਾਂ ਲਾ ਕੇ ਕੀਤੇ ਜਾ ਰਹੇ ਪ੍ਰਚਾਰ ਨੂੰ ਬਰੇਕਾਂ ਲਾ ਦਿੱਤੀਆਂ ਹਨ। ਚੋਣ ਕਮਿਸ਼ਨ ਨੇ ਹਦਾਇਤ ਕੀਤੀ ਹੈ ਕਿ ਸਰਕਾਰੀ ਸੰਪਤੀ 'ਤੇ ਲੱਗੀਆਂ ਮੁੱਖ ਮੰਤਰੀ ਦੀਆਂ ਤਸਵੀਰਾਂ ਉਤਾਰ ਦਿੱਤੀਆਂ ਜਾਣ।

ਚੋਣ ਕਮਿਸ਼ਨ ਦੇ ਐਲਾਨ ਮੁਤਾਬਕ 30 ਜਨਵਰੀ ਨੂੰ ਵੋਟਾਂ ਪੈਣਗੀਆਂ ਪਰ ਨਤੀਜਿਆਂ ਲਈ 4 ਮਾਰਚ ਤੱਕ ਇੰਤਜ਼ਾਰ ਕਰਨਾ ਪਵੇਗਾ। ਚੋਣਾਂ ਲਈ 5 ਜਨਵਰੀ ਨੂੰ ਨੋਟੀਫਿਕੇਸ਼ਨ ਜਾਰੀ ਹੋਵੇਗਾ, 12 ਜਨਵਰੀ ਤੱਕ ਉਮੀਦਵਾਰ ਨਾਮਜ਼ਦਗੀ ਪੱਤਰ ਦਾਖਲ ਕਰ ਸਕਣਗੇ, 13 ਜਨਵਰੀ ਨੂੰ ਕਾਗਜ਼ਾਂ ਦੀ ਛਾਣਬੀਣ ਹੋਵੇਗੀ ਤੇ 16 ਜਨਵਰੀ ਤੱਕ ਨਾਮਜ਼ਦਗੀਆਂ ਵਾਪਸ ਲਈਆਂ ਜਾ ਸਕਦੀਆਂ ਹਨ। ਚਾਰ ਮਾਰਚ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ 9 ਮਾਰਚ ਤੱਕ ਸਮੁੱਚਾ ਚੋਣ ਅਮਲ ਮੁਕੰਮਲ ਹੋ ਜਾਵੇਗਾ।

ਚੋਣਾਂ ਦਾ ਐਲਾਨ ਹੁੰਦਿਆਂ ਹੀ ਸਮੁੱਚੀ ਸਰਕਾਰੀ ਮਸ਼ੀਨਰੀ ਚੋਣ ਕਮਿਸ਼ਨ ਦੇ ਅਧੀਨ ਆ ਗਈ। ਵਿਧਾਨ ਸਭਾ ਚੋਣਾਂ ਪਿਛਲੀ ਵਾਰ ਨਾਲੋਂ ਦੋ ਹਫ਼ਤੇ ਪਹਿਲਾਂ ਹੋ ਰਹੀਆਂ ਹਨ। ਇਸ ਨੇ ਧਨ-ਸ਼ਕਤੀ ਤੇ ਨਸ਼ਿਆਂ ਦੀ ਕੁਵਰਤੋਂ ਨੂੰ ਰੋਕਣ ਲਈ ਅਰਧ ਸੈਨਿਕ ਬਲਾਂ ਦੀਆਂ 27 ਕੰਪਨੀਆਂ ਨੂੰ ਤੁਰੰਤ ਤਾਇਨਾਤ ਕਰਨ ਦਾ ਫੈਸਲਾ ਕੀਤਾ ਹੈ।

ਮੁੱਖ ਚੋਣ ਅਫਸਰ ਕੁਸੁਮਜੀਤ ਸਿੱਧੂ ਦਾ ਕਹਿਣਾ ਹੈ ਕਿ ਨੀਮ ਸੁਰੱਖਿਆ ਬਲਾਂ ਵੱਲੋਂ ਪੈਸੇ ਤੇ ਨਸ਼ੀਲੇ ਪਦਾਰਥਾਂ ਦੀ ਰੋਕਥਾਮ ਸਖ਼ਤੀ ਨਾਲ ਕੀਤੀ ਜਾਵੇਗੀ। ਪੰਜਾਬ ਪੁਲਿਸ ਕੋਲ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ ਦਾ ਕੰਮ ਪਹਿਲਾਂ ਹੀ ਜ਼ਿਆਦਾ ਹੈ, ਇਸ ਲਈ ਨੀਮ ਸੁਰੱਖਿਆ ਬਲਾਂ ਦੀ ਤਾਇਨਾਤੀ ਹੁਣੇ ਤੋਂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਹੁਣ ਪੰਜਾਬ 'ਚ ਕੋਈ ਵੀ ਵਿਅਕਤੀ ਇਕ ਲੱਖ ਰੁਪਏ ਤੋਂ ਵੱਧ ਰਕਮ ਲੈ ਕੇ ਚੱਲ ਨਹੀਂ ਸਕਦਾ। ਜ਼ਿਆਦਾ ਰਕਮ ਰੱਖਣ ਦੀ ਸੂਰਤ ਵਿਚ ਸਬੂਤ ਦੇਣਾ ਲਾਜ਼ਮੀ ਹੋਵੇਗਾ।

ਚੋਣ ਕਮਿਸ਼ਨ ਨੇ ਇਸ ਵਾਰ ਪੰਜਾਬ ਵਿਚ ਤਿੰਨ ਤਰ੍ਹਾਂ ਦੇ ਚੋਣ ਨਿਗਰਾਨ ਤਾਇਨਾਤ ਕਰਨ ਦਾ ਫੈਸਲਾ ਕੀਤਾ ਹੈ। ਰਾਜ ਵਿਚ ਕੁੱਲ 130 ਦੇ ਕਰੀਬ ਨਿਗਰਾਨ ਤਾਇਨਾਤ ਹੋਣਗੇ। ਇਨ੍ਹਾਂ ਵਿਚੋਂ ਆਈ.ਏ.ਐਸ. ਅਫ਼ਸਰ ਤਾਂ ਆਮ ਨਿਗਰਾਨ ਹੋਣਗੇ ਹੀ, ਇਨ੍ਹਾਂ ਦੇ ਨਾਲ ਬਾਹਰਲੇ ਸੂਬਿਆਂ ਦੇ ਆਈ.ਪੀ.ਐਸ. ਅਧਿਕਾਰੀਆਂ ਨੂੰ ਪੁਲਿਸ ਨਿਗਰਾਨ ਤੇ ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਨੂੰ ਖਰਚਾ ਨਿਗਰਾਨ ਵਜੋਂ ਤਾਇਨਾਤ ਕੀਤਾ ਜਾਵੇਗਾ।

ਰਾਜ ਵਿਚ 19 ਵਿਧਾਨ ਸਭਾ ਹਲਕੇ ਅਜਿਹੇ ਹਨ ਜਿਨ੍ਹਾਂ ਨੂੰ ਖਰਚੇ ਪੱਖੋਂ ਸੰਵੇਦਨਸ਼ੀਲ ਮੰਨਿਆ ਗਿਆ ਹੈ। ਇਨ੍ਹਾਂ ਹਲਕਿਆਂ ਵਿਚ ਪੈਸੇ ਦਾ ਜ਼ਿਆਦਾ ਪ੍ਰਭਾਵ ਰਹਿਣ ਦੀਆਂ ਰਿਪਰੋਟਾਂ ਹਨ। ਇਨ੍ਹਾਂ ਵਿਚ ਲੰਬੀ, ਪਟਿਆਲਾ, ਮਜੀਠਾ, ਮੋਗਾ, ਭਦੌੜ, ਗਿੱਦੜਬਾਹਾ ਸ਼ਾਮਲ ਹਨ। ਸੂਬੇ ਵਿਚ ਕੁੱਲ ਪੋਲਿੰਗ ਬੂਥਾਂ ਦੀ ਗਿਣਤੀ 19724 ਹੈ। ਇਨ੍ਹਾਂ ਵਿਚੋਂ 20 ਤੋਂ 25% ਸੰਵੇਦਨਸ਼ੀਲ ਮੰਨੇ ਜਾ ਰਹੇ ਹਨ। ਹੁਣ ਤੱਕ 1 ਕਰੋੜ 74 ਲੱਖ 33 ਹਜ਼ਾਰ 408 ਵੋਟਾਂ ਬਣ ਚੁੱਕੀਆਂ ਹਨ ਜਿਨ੍ਹਾਂ ਵਿਚੋਂ 9189895 ਮਰਦ ਤੇ 8243513 ਮਹਿਲਾਂ ਵੋਟਾਂ ਹਨ।

ਵੋਟਰਾਂ ਦੀ ਗਿਣਤੀ ਵਧ ਸਕਦੀ ਹੈ ਕਿਉਂਕਿ 2 ਜਨਵਰੀ ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਹੋਣੀ ਹੈ। ਵੋਟਾਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਰਾਹੀਂ ਪੈਣਗੀਆਂ ਤੇ ਮਸ਼ੀਨਾਂ ਪੰਜਾਬ ਵਿਚ ਪਹੁੰਚ ਚੁੱਕੀਆਂ ਹਨ। ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੋਟਰਾਂ ਦੀ ਗਿਣਤੀ 1.69 ਕਰੋੜ ਸੀ ਜਿਸ ਵਿਚੋਂ 1.27 ਕਰੋੜ ਵੋਟਾਂ ਭੁਗਤੀਆਂ ਸਨ ਜੋ 76 ਫੀਸਦੀ ਦੇ ਕਰੀਬ ਬਣਦੀਆਂ ਹਨ। ਸਾਲ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੋਟਾਂ ਦੀ ਗਿਣਤੀ 1.68 ਕਰੋੜ ਸੀ ਜਿਸ ਵਿਚੋਂ 1.18 ਕਰੋੜ ਵੋਟਾਂ ਭੁਗਤੀਆਂ ਸਨ। ਸਾਲ 1997 ਤੇ ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਭੁਗਤੀਆਂ ਵੋਟਾਂ ਦਾ ਪ੍ਰਤੀਸ਼ਤ 65 ਫੀਸਦੀ ਦੇ ਆਸ-ਪਾਸ ਹੀ ਰਿਹਾ ਸੀ।

***(ਚੋਣਾਂ ਬਾਰੇ ਹੋਰ ਖਬਰਾਂ ਸਫਾ 12, 14 ਅਤੇ 15 'ਤੇ ਪੜ੍ਹੋ)***

## ਪੰਜ ਸੂਬਿਆਂ ਦਾ ਚੋਣ ਪ੍ਰੋਗਰਾਮ

**ਨਵੀਂ ਦਿੱਲੀ:** ਚੋਣ ਕਮਿਸ਼ਨ ਵੱਲੋਂ ਕੀਤੇ ਗਏ ਐਲਾਨ ਮੁਤਾਬਕ ਪੰਜਾਬ, ਉਤਰਾਖੰਡ, ਮਨੀਪੁਰ ਤੇ ਗੋਆ ਵਿਚ ਇਕੋ ਪੜਾਅ 'ਚ ਵੋਟਾਂ ਪੈਣਗੀਆਂ ਜਦਕਿ ਉਤਰ ਪ੍ਰਦੇਸ਼ 'ਚ ਚਾਰ ਫਰਵਰੀ ਤੋਂ ਸ਼ੁਰੂ ਹੋ ਕੇ 28 ਫਰਵਰੀ ਤਕ 7 ਪੜਾਵਾਂ 'ਚ ਵੋਟਾਂ ਪੈਣ ਦਾ ਅਮਲ ਸਿਰੇ ਲੱਗੇਗਾ। ਸਾਰੇ ਸੂਬਿਆਂ 'ਚ ਵੋਟਾਂ ਦੀ ਗਿਣਤੀ 4 ਮਾਰਚ ਨੂੰ ਹੋਏਗੀ। ਪੰਜਾਬ ਤੇ ਉਤਰਾਖੰਡ 'ਚ ਵੋਟਾਂ 30 ਜਨਵਰੀ, ਨੂੰ ਮਨੀਪੁਰ 'ਚ 28 ਜਨਵਰੀ ਨੂੰ ਤੇ ਗੋਆ 'ਚ 3 ਮਾਰਚ ਨੂੰ ਪੈਣਗੀਆਂ।



*ਮੁੱਖ ਚੋਣ ਕਮਿਸ਼ਨਰ ਸ੍ਰੀ ਕੁਰੈਸ਼ੀ ਚੋਣਾਂ ਦਾ ਐਲਾਨ ਕਰਦੇ ਹੋਏ*

ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਐਸ.ਵਾਈ. ਕੁਰੈਸ਼ੀ ਨੇ ਪੰਜ ਸੂਬਿਆਂ ਦੇ ਚੋਣ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਦੇ ਨਾਲ ਹੀ ਇਨ੍ਹਾਂ ਸਾਰੇ ਰਾਜਾਂ ਵਿਚ ਫੌਰੀ ਚੋਣ ਜ਼ਾਬਤਾ ਲਾਗੂ ਹੋ ਜਾਏਗਾ ਜੋ ਕੇਂਦਰ ਸਰਕਾਰ 'ਤੇ ਵੀ ਲਾਗੂ ਹੋਏਗਾ।

ਪੰਜਾਬ ਵਿਧਾਨ ਸਭਾ ਦੇ 117 ਹਲਕੇ ਹਨ ਜਿਨ੍ਹਾਂ 'ਚੋਂ 34 ਰਿਜ਼ਰਵ ਹਨ। ਪੰਜਾਬ ਵਿਧਾਨ ਸਭਾ ਦੀ ਮਿਆਦ 14 ਮਾਰਚ ਤਕ ਹੈ। 70 ਵਿਧਾਨ ਸਭਾ ਹਲਕਿਆਂ ਵਾਲੇ ਉਤਰਾਖੰਡ (15 ਸੀਟਾਂ ਰਿਜ਼ਰਵ) 'ਚ ਵਿਧਾਨ ਸਭਾ ਦੀ ਮਿਆਦ 12 ਮਾਰਚ ਨੂੰ ਸਮਾਪਤ ਹੋ ਰਹੀ ਹੈ।

ਮਨੀਪੁਰ ਵਿਧਾਨ ਸਭਾ ਦੀ ਮਿਆਦ 15 ਮਾਰਚ ਤਕ ਹੈ। ਉਥੇ 60 ਸੀਟਾਂ 'ਚੋਂ 20 ਸੀਟਾਂ ਰਿਜ਼ਰਵ ਹਨ। 40 ਸੀਟਾਂ ਵਾਲੀ ਗੋਆ ਵਿਧਾਨ ਸਭਾ 'ਚ ਇਕੋ ਸੀਟ ਰਾਖਵੀਂ ਹੈ ਤੇ ਇਸ ਦੀ ਮਿਆਦ 14 ਜੂਨ ਤਕ ਹੈ।

403 ਹਲਕਿਆਂ ਵਾਲੇ ਉਤਰ ਪ੍ਰਦੇਸ਼ 'ਚ 85 ਸੀਟਾਂ ਰਿਜ਼ਰਵ ਹਨ। ਇੱਥੇ 7 ਪੜਾਵਾਂ ਵਿਚ 4, 8, 11, 15, 19, 23 ਤੇ 28 ਫਰਵਰੀ ਨੂੰ ਵੋਟਾਂ ਪੈਣੀਆਂ ਹਨ। ਉਤਰ ਪ੍ਰਦੇਸ਼ 'ਚ 7 ਪੜਾਵੀ ਚੋਣ, ਹੁਣ ਤਕ ਦੇਸ਼ ਦੇ ਕਿਸੇ ਸੂਬੇ 'ਚ ਚੋਣ ਅਮਲ ਦਾ ਸਭ ਤੋਂ ਲੰਮਾ ਦੌਰ ਹੈ।

### ਚੋਣ ਕਮਿਸ਼ਨ ਵੱਲੋਂ ਬਾਦਲ ਨੂੰ ਇਕ ਹੋਰ ਝਟਕਾ

# ਪੈਟਰੋਲ ਤੇ ਡੀਜ਼ਲ ਤੋਂ ਚੁੰਗੀ ਹਟਾਉਣ ਦਾ ਫੈਸਲਾ ਰੱਦ

**ਚੰਡੀਗੜ੍ਹ:** ਪੰਜਾਬ 'ਚ ਕਈ ਥਾਈਂ ਤਾਇਨਾਤ ਸਰਕਾਰ ਦੇ ਚਹੇਤੇ ਅਧਿਕਾਰੀਆਂ ਦੇ ਤਬਾਦਲਿਆਂ ਤੋਂ ਬਾਅਦ ਚੋਣ ਕਮਿਸ਼ਨ ਨੇ ਮੁੱਖ ਮੰਤਰੀ ਬਾਦਲ ਨੂੰ ਇਕ ਹੋਰ ਝਟਕਾ ਦਿੰਦਿਆਂ ਪੈਟਰੋਲ ਤੇ ਡੀਜ਼ਲ 'ਤੇ ਚੁੰਗੀ ਹਟਾਉਣ ਦੇ ਫੈਸਲੇ ਨੂੰ ਗੈਰਕਾਨੂੰਨੀ ਕਰਾਰ ਦਿੰਦਿਆਂ ਇਸ 'ਤੇ ਰੋਕ ਲਾ ਦਿੱਤੀ ਹੈ।

ਚੋਣ ਅਧਿਕਾਰੀਆਂ ਨੇ ਸਪਸ਼ਟ ਕੀਤਾ ਹੈ ਕਿ ਰਾਜ ਸਰਕਾਰ ਪੰਜਾਬ ਮਿਉਂਸਪਲ ਐਕਟ 1911, ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਤੇ ਵੈਟ ਐਕਟ 2005 ਵਿਚ ਸੋਧ ਕੀਤੇ ਬਿਨਾਂ ਲੋਕਾਂ ਨੂੰ ਇਹ ਰਿਆਇਤ ਨਹੀਂ ਦੇ ਸਕਦੀ। ਸੂਤਰਾਂ ਅਨੁਸਾਰ ਕਮਿਸ਼ਨ ਨੇ ਰਾਜ ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਨੂੰ ਲੋਕ-ਲੁਭਾਊ ਮੰਨਿਆ ਹੈ ਕਿਉਂਕਿ ਸ਼ਹਿਰੀ ਖੇਤਰ 'ਚੋਂ ਪੈਟਰੋਲ ਤੇ ਡੀਜ਼ਲ ਦੀ ਖਰੀਦ ਕਰਨ ਵਾਲੇ ਖ਼ਪਤਕਾਰਾਂ ਨੂੰ ਸਾਲਾਨਾ ਸੀ ਕਰੋੜ ਰੁਪਏ ਦਾ ਲਾਭ ਹੋਣਾ ਸੀ।

ਸ. ਬਾਦਲ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਪੈਟਰੋਲ ਤੇ ਡੀਜ਼ਲ 'ਤੇ ਲੱਗਦੀ ਚੁੰਗੀ ਹਟਾਉਣ ਦਾ ਫ਼ੈਸਲਾ ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਚੰਦ ਘੰਟੇ ਪਹਿਲਾਂ ਲਿਆ ਗਿਆ ਸੀ ਤੇ ਇਸ ਫ਼ੈਸਲੇ ਨੂੰ ਲਾਗੂ ਕਰਨ ਵਾਲਾ ਸਰਕੂਲਰ ਚੋਣ ਜ਼ਾਬਤਾ ਲਾਗੂ ਹੋਣ ਉਪਰੰਤ ਜਾਰੀ ਕੀਤਾ ਗਿਆ ਸੀ। ਮੁੱਖ ਚੋਣ ਅਧਿਕਾਰੀ ਕੁਸੁਮਜੀਤ ਸਿੱਧੂ ਵੱਲੋਂ ਸਥਾਨਕ ਸਰਕਾਰਾਂ ਵਿਭਾਗ ਦੀ ਜਵਾਬਤਲਬੀ ਕੀਤੀ ਗਈ ਸੀ। ਸਥਾਨਕ ਸਰਕਾਰ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਖ ਚੋਣ ਅਧਿਕਾਰੀ ਨੇ ਸੋਮਵਾਰ ਨੂੰ ਵੀ ਸਪਸ਼ਟ ਕਰ ਦਿੱਤਾ ਸੀ ਕਿ ਚੁੰਗੀ ਮੁਆਫ਼ੀ ਵਾਲਾ ਸਰਕੂਲਰ ਸਰਕਾਰ ਨੂੰ ਵਾਪਸ ਲੈਣਾ ਪਵੇਗਾ।

ਚੋਣ ਕਮਿਸ਼ਨ ਨੇ ਚੋਣਾਂ ਦੌਰਾਨ ਸ਼ਰਾਬ ਦੀ ਵਰਤੋਂ ਰੋਕਣ ਲਈ ਰਾਜ ਦੀਆਂ ਸਮੁੱਚੀਆਂ ਸ਼ਰਾਬ ਫੈਕਟਰੀਆਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੇ ਹੁਕਮ ਦਿੱਤੇ ਹਨ। ਸ਼ਰਾਬ ਦੀਆਂ ਫੈਕਟਰੀਆਂ 'ਤੇ ਕੈਮਰੇ ਫਿੱਟ ਹੋਣ ਨਾਲ ਸ਼ਰਾਬ ਫੈਕਟਰੀਆਂ ਵਿਚੋਂ ਬਾਹਰ ਜਾਣ ਵਾਲੀ ਸ਼ਰਾਬ ਦੀ ਮੌਨੀਟਰਿੰਗ ਕਰਨੀ ਸੁਖਾਲੀ ਹੋ ਜਾਵੇਗੀ। ਸ਼ਰਾਬ ਦੀਆਂ ਫੈਕਟਰੀਆਂ 'ਤੇ ਕੈਮਰੇ ਲੱਗਣ ਤੋਂ ਬਾਅਦ ਸੱਤ ਦਿਨ ਤੱਕ ਵੀਡੀਓ ਰਿਕਾਰਡਿੰਗ ਰੱਖੀ ਜਾਵੇਗੀ। ਫੈਕਟਰੀਆਂ ਉਪਰ ਕਮਿਸ਼ਨ ਵੱਲੋਂ ਮਾਈਕਰੋ ਆਬਜ਼ਰਵਰ ਤਾਇਨਾਤ ਕੀਤੇ ਜਾਣਗੇ। ਰਾਜ ਵਿਚ ਸ਼ਰਾਬ ਦੀਆਂ ਕੁੱਲ 12 ਫੈਕਟਰੀਆਂ ਹਨ।

ਪੰਜਾਬ ਦੇ ਫਿਰੋਜ਼ਪੁਰ, ਫਾਜ਼ਿਲਕਾ ਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਵਿਚ ਹੜ੍ਹ ਪੀੜਤ ਕਿਸਾਨਾਂ ਨੂੰ ਵਿੱਤੀ ਰਾਹਤ ਦੇਣ 'ਤੇ ਵੀ ਕਮਿਸ਼ਨ ਨੇ ਇਤਰਾਜ਼ ਕੀਤਾ ਹੈ। ਮੁੱਖ ਚੋਣ ਅਧਿਕਾਰੀ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਛੇ ਮਹੀਨਿਆਂ ਤੱਕ ਪੀੜਤ ਕਿਸਾਨਾਂ ਨੂੰ ਵਿੱਤੀ ਰਾਹਤ ਨਹੀਂ ਦਿੱਤੀ ਤਾਂ ਇਕ ਮਹੀਨਾ ਹੋਰ ਵੀ ਰੋਕੀ ਜਾ ਸਕਦੀ ਹੈ। ਚੋਣ ਕਮਿਸ਼ਨ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ ਤੇ ਅੰਮ੍ਰਿਤਸਰ ਦੇ ਮੇਅਰ ਸ਼ਵੇਤ ਮਲਿਕ ਨੂੰ ਆਪਣੀਆਂ ਕਾਰਾਂ 'ਤੇ ਲਾਲ ਬੱਤੀ ਦਾ ਪ੍ਰਯੋਗ ਕਰਨ ਦੇ ਦੋਸ਼ਾਂ ਤਹਿਤ ਨੋਟਿਸ ਦਿੱਤੇ ਗਏ ਹਨ।

# ਕਾਂਗਰਸ ਉਮੀਦਵਾਰਾਂ ਦਾ ਐਲਾਨ ਕਰਨ 'ਚ ਪਛੜੀ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਦਾ ਐਲਾਨ ਹੋਣ ਦੇ ਬਾਵਜੂਦ ਕਾਂਗਰਸੀ ਅਜੇ ਤੱਕ ਉਮੀਦਵਾਰਾਂ ਦਾ ਐਲਾਨ ਨਹੀਂ ਕਰ ਸਕੀ। ਕਾਂਗਰਸੀ ਉਮੀਦਵਾਰਾਂ ਦੀ ਸੂਚੀ ਨੂੰ ਅੰਤਿਮ ਰੂਪ ਦੇਣ ਦੀ ਮੁੱਖ ਭੂਮਿਕਾ ਹੁਣ 5 ਮੈਂਬਰੀ ਸਕਰੀਨਿੰਗ ਕਮੇਟੀ ਨਿਭਾਵੇਗੀ। ਕਿਆਸਾਂ ਦੇ ਉਲਟ ਚੋਣਾਂ 30 ਜਨਵਰੀ ਨੂੰ ਐਲਾਨੇ ਜਾਣ 'ਤੇ ਕਾਂਗਰਸ ਨੇ ਉਮੀਦਵਾਰਾਂ ਦੀ ਚੋਣ ਲਈ ਆਪਣੀ ਰਵਾਇਤੀ ਪ੍ਰਕਿਰਿਆ ਦੇ ਉਲਟ ਸਾਰਾ ਦਾਰੋਮਦਾਰ ਸਕਰੀਨਿੰਗ ਕਮੇਟੀ 'ਤੇ ਛੱਡ ਦਿੱਤਾ ਹੈ।

ਭਾਵੇਂ ਕਾਂਗਰਸ ਵੱਲੋਂ ਰਸਮੀ ਤੌਰ 'ਤੇ ਉਮੀਦਵਾਰਾਂ ਦੀ ਚੋਣ ਲਈ ਪੜਾਅ ਤੈਅ ਕੀਤੇ ਜਾ ਰਹੇ ਹਨ ਪਰ ਦੂਜੇ ਪਾਸੇ ਮੁੱਖ ਵਿਰੋਧੀ ਪਾਰਟੀ ਅਕਾਲੀ ਦਲ ਨੇ ਉਮੀਦਵਾਰਾਂ ਦਾ ਐਲਾਨ ਕਰਕੇ ਬਾਕਾਇਦਾ ਚੋਣ ਰੈਲੀਆਂ ਵੀ ਸ਼ੁਰੂ ਕਰ ਦਿੱਤੀਆਂ ਹਨ। ਕਾਂਗਰਸ ਨੇ ਉਮੀਦਵਾਰਾਂ ਕੋਲੋਂ ਬਾਕਾਇਦਾ ਅਰਜ਼ੀਆਂ ਮੰਗੀਆਂ ਸਨ ਤੇ ਅਜਿਹੀਆਂ 1500 ਤੋਂ ਵੱਧ ਅਰਜ਼ੀਆਂ ਚੋਣ ਕਮੇਟੀ ਦੇ ਵਿਚਾਰ ਅਧੀਨ ਹਨ। ਹਾਲੇ ਕਾਂਗਰਸ ਰੁਟੀਨ ਵਿਚ ਇਨ੍ਹਾਂ ਅਰਜ਼ੀਆਂ ਦੀ ਛਾਣਬੀਣ ਹੀ ਕਰ ਰਹੀ ਸੀ ਕਿ ਆਸ ਤੋਂ ਉਲਟ ਚੋਣ ਕਮਿਸ਼ਨ ਨੇ ਵਿਧਾਨ ਸਭਾ ਦੀਆਂ ਚੋਣਾਂ 30 ਜਨਵਰੀ ਨੂੰ ਕਰਵਾਉਣ ਦਾ ਐਲਾਨ ਕਰ ਦਿੱਤਾ ਜਦਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਫਰਵਰੀ ਦੇ ਅੱਧ ਵਿਚ ਚੋਣਾਂ ਹੋਣ ਦਾ ਅੰਦਾਜ਼ਾ ਲਾਈ ਬੈਠੀਆਂ ਸਨ।

ਕਾਂਗਰਸ ਕੌਮੀ ਪਾਰਟੀ ਹੋਣ ਕਾਰਨ ਇਸ ਨੂੰ ਉਮੀਦਵਾਰਾਂ ਦੀ ਚੋਣ ਲਈ ਲੰਮੀ ਪ੍ਰਕ੍ਰਿਆ ਵਿਚੋਂ ਲੰਘਣਾ ਪੈਂਦਾ ਹੈ। ਦੂਜੇ ਪਾਸੇ ਚੋਣਾਂ ਦਾ ਐਲਾਨ ਹੁੰਦਿਆਂ ਹੀ ਅਕਾਲੀ ਦਲ ਨੇ ਆਪਣੇ ਉਮੀਦਵਾਰਾਂ ਦੀਆਂ ਸੂਚੀਆਂ ਜਾਰੀ ਕਰ ਦਿੱਤੀਆਂ। ਇਸ ਤੋਂ ਇਲਾਵਾ ਬਹੁਜਨ ਸਮਾਜ ਪਾਰਟੀ (ਬਸਪਾ) ਨੇ ਵੀ ਬਾਜ਼ੀ ਮਾਰਦਿਆਂ ਆਪਣੇ 90 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਇਸੇ ਤਰ੍ਹਾਂ ਸਾਂਝਾ ਮੋਰਚਾ ਵੀ ਉਮੀਦਵਾਰ ਐਲਾਨਣ ਦੇ ਮੁਕਾਬਲੇ ਵਿਚ ਕਾਂਗਰਸ ਤੋਂ ਮੋਹਰੀ ਹੈ।

ਕਾਂਗਰਸ ਨੇ ਆਪਣੇ ਪੁਰਾਣੇ ਅੰਦਾਜ਼ ਵਿਚ ਚੋਣਾਂ ਲਈ ਇਸ਼ਤਿਹਾਰਬਾਜ਼ੀ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਪਰ ਮੈਦਾਨ ਵਿਚ ਪਾਰਟੀ ਦਾ ਕੋਈ ਉਮੀਦਵਾਰ ਹੀ ਨਾ ਹੋਣ ਕਾਰਨ ਇਹ ਯਤਨ ਬਹੁਤੇ ਕਾਰਗਰ ਸਾਬਤ ਨਹੀਂ ਹੋ ਰਹੇ। ਉਧਰ ਪੰਜਾਬ ਕਾਂਗਰਸ ਦੇ ਇੰਚਾਰਜ ਤੇ ਕੌਮੀ ਜਨਰਲ ਸਕੱਤਰ ਗੁਲਚੈਨ ਸਿੰਘ ਚੜਕ ਦਾ ਕਹਿਣਾ ਹੈ ਕਿ ਪਾਰਟੀ ਉਮੀਦਵਾਰਾਂ ਬਾਰੇ ਫੈਸਲਾ 31 ਦਸੰਬਰ ਤੱਕ ਕਰ ਲਵੇਗੀ।

ਸੂਤਰਾਂ ਮੁਤਾਬਕ ਉਮੀਦਵਾਰਾਂ ਦੀ ਚੋਣ ਦਾ ਮਸੌਦਾ ਸਕਰੀਨਿੰਗ ਕਮੇਟੀ ਕੋਲ ਪੁੱਜ ਗਿਆ ਹੈ। ਇਸ ਕਮੇਟੀ ਦੇ ਚੇਅਰਮੈਨ ਕੇਂਦਰੀ ਟਰਾਂਸਪੋਰਟ ਮੰਤਰੀ ਸੀ.ਪੀ. ਜੋਸ਼ੀ ਹਨ ਜਦਕਿ ਮੈਂਬਰਾਂ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ, ਦਿੱਲੀ ਕਾਂਗਰਸ ਦੇ ਮੁਖੀ ਜੇ.ਪੀ. ਅਗਰਵਾਲ, ਬੀਬੀ ਰਜਿੰਦਰ ਕੌਰ ਭੱਠਲ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਗੁਲਚੈਨ ਸਿੰਘ ਚੜਕ ਹਨ। ਉਮੀਦਵਾਰਾਂ ਦੀ ਚੋਣ ਲਈ ਪੰਜਾਬ ਦੇ ਸੰਸਦ ਮੈਂਬਰਾਂ ਤੇ ਕੁਲ ਹਿੰਦ ਕਾਂਗਰਸ ਕਮੇਟੀ ਦੇ ਮੈਂਬਰਾਂ ਦੀ ਰਾਏ ਲੈਣ ਦਾ ਅਮਲ ਵੀ ਜਾਰੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਲੋਕਪਾਲ ਨੂੰ ਸੰਵਿਧਾਨਕ ਦਰਜਾ ਨਾ ਮਿਲ ਸਕਿਆ

**ਨਵੀਂ ਦਿੱਲੀ:** ਲੋਕ ਸਭਾ ਵਿਚ ਤਕਰੀਬਨ 11 ਘੰਟੇ ਲੰਬੀ ਬਹਿਸ ਤੋਂ ਬਾਅਦ 43 ਸਾਲਾਂ ਬਾਅਦ ਇਤਿਹਾਸਕ ਲੋਕਪਾਲ ਬਿਲ ਪਾਸ ਹੋ ਗਿਆ ਪਰ ਲੋਕਪਾਲ ਨੂੰ ਸੰਵਿਧਾਨਕ ਦਰਜਾ ਦਿਵਾਉਣ ਵਾਲਾ ਸੰਵਿਧਾਨ ਸੋਧ ਬਿੱਲ ਦੋ-ਤਿਹਾਈ ਬਹੁਮਤ ਦੀ ਘਾਟ ਕਾਰਨ ਪਾਸ ਨਾ ਹੋ ਸਕਿਆ ਜਿਸ ਕਾਰਨ ਸਰਕਾਰ ਨੂੰ ਨਮੋਸ਼ੀ ਝਾਗਣੀ ਪਈ। ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਦੇ ਵਾਕਆਊਟ ਨੇ ਲੋਕਪਾਲ ਬਿੱਲ ਅਸਾਨੀ ਨਾਲ ਪਾਸ ਹੋਣਾ ਤਾਂ ਸੰਭਵ ਬਣਾਇਆ ਪਰ ਇਹੀ ਵਾਕਆਊਟ ਸੰਵਿਧਾਨ ਸੋਧ ਬਿੱਲ ਦੇ ਪਾਸ ਹੋਣ ਦੇ ਰਾਹ ਵਿਚ ਅੜਿੱਕਾ ਵੀ ਬਣ ਗਿਆ। ਭਾਰਤੀ ਜਨਤਾ ਪਾਰਟੀ ਨੇ ਇਸ ਬਿੱਲ ਦੇ ਖ਼ਿਲਾਫ਼ ਵੋਟਾਂ ਪਾਈਆਂ ਤੇ ਸਰਕਾਰੀ ਰਣਨੀਤੀ ਧਰੀ-ਧਰਾਈ ਰਹਿ ਗਈ। ਉੱਧਰ, ਮਜ਼ਬੂਤ ਲੋਕਪਾਲ ਬਿੱਲ ਲਈ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਵਰਤ ਰੱਖਿਆ।

ਲੋਕਪਾਲ ਬਿੱਲ ਨੂੰ ਪਾਸ ਕਰਨ ਤੋਂ ਪਹਿਲਾਂ ਸਦਨ ਨੇ ਸਰਕਾਰ ਵੱਲੋਂ ਪੇਸ਼ 10 ਸੰਵਿਧਾਨਕ ਤਰਮੀਮਾਂ ਵਿਚੋਂ ਸੱਤ ਨੂੰ ਮਨਜ਼ੂਰੀ ਦੇ ਦਿੱਤੀ। ਇਨ੍ਹਾਂ ਤਰਮੀਮਾਂ ਰਾਹੀਂ ਰਾਜਾਂ ਨੂੰ ਲੋਕ-ਆਯੁਕਤ ਥਾਪਣ ਜਾਂ ਨਾ ਥਾਪਣ ਦਾ ਵਿਕਲਪ ਦਿੱਤਾ ਗਿਆ ਹੈ। ਮੂਲ ਬਿੱਲ ਵਿਚ ਇਹ ਵਿਕਲਪ ਨਾ ਹੋਣ ਕਾਰਨ ਬਿੱਲ 'ਤੇ ਦੇਸ਼ ਦੇ ਸੰਘੀ ਢਾਂਚੇ ਦੇ ਖਿਲਾਫ਼ ਹੋਣ ਦੇ ਦੋਸ਼ ਲੱਗੇ ਸਨ। ਇਸੇ ਤਰ੍ਹਾਂ ਇਕ ਹੋਰ ਤਰਮੀਮ ਰਾਹੀਂ ਹਥਿਆਰਬੰਦ ਫੌਜਾਂ ਤੇ ਕੋਸਟ ਗਾਰਡ ਨੂੰ ਲੋਕਪਾਲ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ।

ਲੋਕਪਾਲ ਨੂੰ ਸੰਵਿਧਾਨਕ ਦਰਜਾ ਦੇਣ ਦਾ ਸੁਝਾਅ ਰਾਹੁਲ ਗਾਂਧੀ ਦਾ ਸੀ ਪਰ ਇਸ ਬਾਰੇ ਬਿੱਲ ਦੀਆਂ 10 ਵਿਚੋਂ ਤਿੰਨ ਧਾਰਾਵਾਂ ਨੂੰ ਵੋਟਿੰਗ ਦੌਰਾਨ ਦੋ-ਤਿਹਾਈ ਬਹੁਮਤ ਨਾ ਮਿਲਿਆ। ਸਪੀਕਰ ਮੀਰਾ ਕੁਮਾਰ ਨੇ ਐਲਾਨ ਕੀਤਾ ਕਿ ਕਿਉਂਕਿ ਸਰਕਾਰ ਤਿੰਨ ਅਹਿਮ ਧਾਰਾਵਾਂ ਪਾਸ ਨਹੀਂ ਕਰਵਾ ਸਕੀ, ਇਸ ਲਈ ਬਿੱਲ ਵਿਅਰਥ ਹੋ ਗਿਆ ਹੈ। ਇਹ ਸੁਣਦਿਆਂ ਹੀ ਹਕੂਮਤੀ ਸਫਾਂ ਵਿਚ ਮਾਤਮ ਛਾ ਗਿਆ। ਸਦਨ ਦੇ ਨੇਤਾ ਪ੍ਰਣਬ ਮੁਖਰਜੀ ਨੇ ਸਰਕਾਰ ਦੀ ਇਸ ਹਾਰ ਲਈ ਵਿਰੋਧੀ ਧਿਰ, ਖਾਸ ਕਰਕੇ ਭਾਜਪਾ ਨੂੰ ਕਸੂਰਵਾਰ ਦੱਸਿਆ।

ਸਰਕਾਰ ਨੂੰ ਲੋਕਪਾਲ ਦੇ ਸੰਵਿਧਾਨਕ ਦਰਜੇ ਲਈ ਘੱਟੋ-ਘੱਟ 273 ਵੋਟਾਂ ਦੀ ਲੋੜ ਸੀ ਪਰ ਧਾਰਾ-2 ਦੇ ਹੱਕ ਵਿਚ 247 ਤੇ ਵਿਰੁੱਧ 178 ਤੇ ਧਾਰਾ-3 ਦੇ ਹੱਕ ਵਿਚ 251 ਤੇ ਵਿਰੁੱਧ 179 ਵੋਟਾਂ ਪਈਆਂ। ਧਾਰ-1 ਦੇ ਹੱਕ ਵਿਚ 250 ਤੇ ਵਿਰੁੱਧ 180 ਵੋਟਾਂ ਭੁਗਤੀਆਂ। ਇਹ ਨਤੀਜਾ ਸਾਹਮਣੇ ਆਉਂਦਿਆਂ ਹੀ ਵਿਰੋਧੀ ਧਿਰ, ਖਾਸ ਕਰਕੇ ਭਾਜਪਾ ਨੇ ਪ੍ਰਧਾਨ ਮੰਤਰੀ ਦਾ ਅਸਤੀਫਾ ਮੰਗਣਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਦੇ ਵਾਕਆਊਟ ਨੇ ਲੋਕਪਾਲ ਬਿੱਲ ਪਾਸ ਕਰਵਾਉਣ ਲਈ ਸਰਕਾਰ ਦਾ ਕੰਮ ਸੁਖਾਲਾ ਕਰ ਦਿੱਤਾ। ਬਿੱਲ ਨਾਲ ਸਬੰਧਤ ਤਰਮੀਮਾਂ 'ਤੇ ਵੋਟਾਂ ਪੈਣ ਤੋਂ ਪਹਿਲਾਂ ਹੀ ਬਸਪਾ ਤੇ ਸਮਾਜਵਾਦੀ ਪਾਰਟੀ ਦੇ ਮੈਂਬਰ ਸਦਨ ਵਿਚੋਂ ਵਾਕਆਊਟ ਕਰ ਗਏ। ਲਿਹਾਜ਼ਾ, ਸਰਕਾਰ ਨੂੰ ਆਪਣੀਆਂ ਤਰਮੀਮਾਂ ਪਾਸ ਕਰਵਾਉਣ ਤੇ ਵਿਰੋਧੀ ਧਿਰ ਦੀਆਂ ਤਰਮੀਮਾਂ ਰੱਦ ਕਰਵਾਉਣ ਵਿਚ ਦਿੱਕਤ ਪੇਸ਼ ਨਾ ਆਈ। ਬਾਅਦ ਵਿਚ ਮੁੱਖ ਬਿੱਲ 'ਤੇ ਵੋਟਿੰਗ ਸਮੇਂ ਖੱਬੀ ਧਿਰ ਵੀ ਵਾਕਆਊਟ ਕਰ ਗਈ। ਬਿੱਲ 'ਤੇ ਬਹਿਸ ਦਾ ਮਿਆਰ ਭਾਵੇਂ ਬਹੁਤਾ ਉੱਚਾ ਨਹੀਂ ਸੀ ਪਰ ਫਿਰ ਵੀ ਸਾਰੀਆ ਧਿਰਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲਿਆ।

ਸਰਕਾਰ ਦਾ ਪੱਖ ਸਦਨ ਦੇ ਨੇਤਾ ਪ੍ਰਣਬ ਮੁਖਰਜੀ, ਕਪਿਲ ਸਿੱਬਲ ਤੇ ਪ੍ਰਧਾਨ ਮੰਤਰੀ ਦਫਤਰ ਦੇ ਮੰਤਰੀ ਵੀ. ਨਰਾਇਣਸਾਮੀ ਨੇ ਸੁਚੱਜੇ ਢੰਗ ਨਾਲ ਪੇਸ਼ ਕੀਤਾ, ਉਥੇ ਪ੍ਰਧਾਨ ਮੰਤਰੀ ਨੇ ਸੰਖੇਪ ਜਿਹੇ ਦਖਲ ਰਾਹੀਂ ਸਪਸ਼ਟ ਕੀਤਾ ਕਿ ਸਰਕਾਰ, ਵਿਰੋਧੀ ਧਿਰ ਦੇ ਸੁਝਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕਰੇਗੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਬਿੱਲ ਪਾਸ ਕੀਤਾ ਜਾਵੇ ਤੇ ਭ੍ਰਿਸ਼ਟਾਚਾਰ ਵਰਗੇ ਕੈਂਸਰ ਨੂੰ ਖਤਮ ਕਰਨ ਲਈ 'ਇਤਿਹਾਸਕ' ਪਹੁੰਚ ਅਪਣਾਉਣ ਦੀ ਲੋੜ ਹੈ। ਉਨ੍ਹਾਂ ਨੇ ਸੀ.ਬੀ.ਆਈ. ਨੂੰ ਲੋਕਪਾਲ ਘੇਰੇ ਵਿਚ ਲਿਆਉਣ ਦੀ ਮੰਗ ਰੱਦ ਕਰ ਦਿੱਤੀ। ਉਨ੍ਹਾਂ ਕਿਹਾ ਕਿ ਲੋਕਪਾਲ ਬਿੱਲ ਤਹਿਤ ਰਾਜਾਂ ਵਿਚ ਲੋਕਾਯੁਕਤ ਦੀ ਨਿਯੁਕਤੀ 'ਤੇ ਇਤਰਾਜ਼ ਕਰਨਾ ਗਲਤ ਹੈ ਕਿਉਂਕਿ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਵਿਚ ਸੰਘਵਾਦ ਨੂੰ ਅੜਿੱਕਾ ਨਹੀਂ ਬਣਾਇਆ ਜਾਣਾ ਚਾਹੀਦਾ।

ਬਿੱਲ ਉਤੇ ਬਹਿਸ ਦੇ ਜਵਾਬ 'ਚ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਸਪਸ਼ਟ ਕੀਤਾ ਕਿ ਸੀ.ਬੀ.ਆਈ. ਸਰਕਾਰ ਦੇ ਹੀ ਪ੍ਰਸ਼ਾਸਕੀ ਕੰਟਰੋਲ ਹੇਠ ਰਹੇਗੀ ਪਰ ਇਸ ਨੂੰ ਵੱਧ ਮਜ਼ਬੂਤ ਅਤੇ ਵੱਧ ਖੁਦਮੁਖਤਾਰ ਬਣਾਇਆ ਜਾਵੇਗਾ।










# ਫਤਿਹਗੜ੍ਹ ਸਾਹਿਬ ਦੀਆਂ ਸੰਗਤਾਂ ਨੇ ਮਨਾਇਆ ਸ਼ਹੀਦੀ ਸਮਾਗਮ

**ਸੈਨ ਹੋਜ਼ੇ (ਬਿਊਰੋ):** ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਹਰ ਸਾਲ ਦੀ ਤਰ੍ਹਾਂ ਫਤਿਹਗੜ੍ਹ ਸਾਹਿਬ ਦੀ ਕੈਲੀਫੋਰਨੀਆ ਵਸਦੀ ਸੰਗਤ ਵਲੋਂ ਗੁਰਦੁਆਰਾ ਸੈਨ ਹੋਜ਼ੇ ਵਿਖੇ ਸ਼ਹੀਦੀ ਜੋੜ-ਮੇਲਾ ਮਨਾਇਆ ਗਿਆ। ਇਸ ਸ਼ਹੀਦੀ ਜੋੜ-ਮੇਲੇ ਵਿਚ ਕੈਲੀਫੋਰਨੀਆ ਦੇ ਵਖ ਵਖ ਹਿੱਸਿਆਂ ਤੋਂ ਭਾਰੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਸੰਗਤ ਵਲੋਂ ਪਿਛਲੇ ਸ਼ੁੱਕਰਵਾਰ ਸ੍ਰੀ ਅਖੰਡ ਪਾਠ ਸਾਹਿਬ ਦਾ ਅਰੰਭ ਕਰਵਾਇਆ ਗਿਆ ਸੀ ਅਤੇ ਇਸ ਦਾ ਭੋਗ ਲੰਘੇ ਐਤਵਾਰ ਪਾਇਆ ਗਿਆ। ਭੋਗ ਉਪਰੰਤ ਗੁਰੂ ਘਰ ਦੇ ਕੀਰਤਨੀ ਤੇ ਢਾਡੀ ਜੱਥਿਆਂ ਵਲੋਂ ਸ਼ਬਦ ਕੀਰਤਨ ਅਤੇ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਕਥਾਵਾਚਕਾਂ ਨੇ ਗੁਰਸ਼ਬਦ ਵਿਆਖਿਆ ਦੁਆਰਾ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਖਾਲਸਾ ਸਕੂਲ ਦੇ ਬੱਚਿਆਂ ਨੇ ਵੀ ਸ਼ਬਦ ਕੀਰਤਨ ਕਰਕੇ ਹਾਜ਼ਰੀ ਭਰੀ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਇਕ ਮੂਵੀ ਵੀ ਦਿਖਾਈ ਗਈ ਅਤੇ ਸਨਿਚਰਵਾਰ ਵਿਸ਼ੇਸ਼ ਢਾਡੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿਚ ਢਾਡੀ ਸਿੰਘਾਂ ਨੇ ਬੀਰ ਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਇਸ ਮੌਕੇ ਫਤਿਹਗੜ੍ਹ ਸਾਹਿਬ ਦੀ ਸੰਗਤ ਵਲੋਂ ਸਾਹਿਬਜ਼ਦਿਆਂ ਨਾਲ ਸਬੰਧਤ ਤਸਵੀਰਾਂ ਦੀ ਇਕ ਪ੍ਰਦਰਸ਼ਨੀ ਵੀ ਲੰਗਰ ਹਾਲ ਵਿਚ ਲਾਈ ਗਈ ਜੋ ਤਿੰਨੇ ਦਿਨ ਖਿੱਚ ਦਾ ਕਾਰਨ ਬਣੀ ਰਹੀ। ਇਸ ਪ੍ਰਦਰਸ਼ਨੀ ਨੂੰ ਹੋਰਨਾਂ ਧਰਮਾਂ ਦੇ ਲੋਕਾਂ ਨੇਂ ਵੀ ਦਿਲਚਸਪੀ ਨਾਲ ਦੇਖਿਆ। ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਲਈ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਗੋਗੀ, ਜਸਪਾਲ ਸਿੰਘ, ਇੰਦਰਜੀਤ ਸਿੰਘ, ਹਰਜੀਤ ਸਿੰਘ, ਰਾਜਿੰਦਰ ਸਿੰਘ ਸੇਖੋਂ, ਰਘਵੀਰ ਸਿੰਘ, ਸੁਰਜੀਤ ਸਿੰਘ, ਹਰਵਿੰਦਰ ਸਿੰਘ, ਗੁਰਬੀਰ ਸਿੰਘ, ਦਲਜੀਤ ਸਿੰਘ ਮਾਵੀ, ਮਨੀ ਜੈਲਦਾਰ, ਹਰਜੋਤ ਸਿੰਘ, ਹਰਦੇਵ ਸਿੰਘ, ਮਨਮੋਹਨ ਸਿੰਘ, ਸੁਰਜੀਤ ਸਿੰਘ ਮਾਛੀਵਾੜਾ, ਰਘਵੀਰ ਸਿੰਘ ਮੁੰਡੀ, ਅਰਜਨ ਸਿੰਘ, ਬਲਦੇਵ ਸਿੰਘ, ਕੁਲਵੰਤ ਸਿੰਘ ਜੰਡੀਰ, ਮਨਜੀਤ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ, ਗੁਰਵਿੰਦਰ ਸਿੰਘ, ਮੋਹਣ ਸਿੰਘ, ਰਾਜਵਿੰਦਰ ਸਿੰਘ ਟਿਵਾਣਾ, ਭੁਪਿੰਦਰ ਸਿੰਘ ਚੀਮਾ, ਤੇਜਵੀਰ ਸਿੰਘ, ਹਰਦੀਪ ਸਿੰਘ, ਸਤਵਿੰਦਰ ਸਿੰਘ, ਪਰਮਜੀਤ ਸਿੰਘ, ਹਰਬੰਸ ਸਿੰਘ, ਗੁਰਦਿਆਲ ਸਿੰਘ, ਮਲਕੀਤ ਸਿੰਘ, ਰਾਜਿੰਦਰ ਸਿੰਘ, ਮਹਿੰਦਰ ਸਿੰਘ ਮਾਵੀ, ਸਰਬਜੀਤ ਸਿੰਘ, ਕਮਲਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਹਰਨੇਕ ਸਿੰਘ, ਨਿਰਭੈ ਸਿੰਘ, ਨਰਿੰਦਰ ਸਿੰਘ, ਸਤਿੰਦਰ ਸਿੰਘ, ਜਸਪ੍ਰੀਤ ਬੋਲਾ, ਗੁਰਪ੍ਰੀਤ ਸਿੰਘ, ਹਰਮਿੰਦਰਪਾਲ ਸਿੰਘ, ਪਰਵੀਰ ਸਿੰਘ, ਅਜੈਪਾਲ ਸਿੰਘ, ਜਸਜੀਤ ਸਿੰਘ, ਪਵਨਦੀਪ ਸਿੰਘ, ਪ੍ਰਭਪ੍ਰੀਤ ਸਿੰਘ, ਸੁਖਜਿੰਦਰ ਸਿੰਘ, ਮੇਹਰ ਸਿੰਘ, ਹਰਕੀਰਤ ਸਿੰਘ, ਸਤਵਿੰਦਰ ਸਿੰਘ, ਨਿਰਭੈਅ ਸਿੰਘ, ਇੰਦਰ ਸਿੰਘ, ਬਲਿਹਾਰ ਸਿੰਘ, ਬਾਲੂ ਪ੍ਰਧਾਨ, ਪ੍ਰਤਾਪ ਸਿੰਘ ਮਿੰਟੂ, ਸੁਖਵਿੰਦਰ ਸਿੰਘ ਸੈਦੋ ਮਾਜਰਾ, ਗੁਰਜੀਤ ਸਿੰਘ ਝਾਮਪੁਰ, ਦੀਪਇੰਦਰ ਸਿੰਘ, ਜੋਗਾ ਸਿੰਘ, ਲਖਵਿੰਦਰ ਸਿੰਘ ਪੂਨੀਆ, ਗੁਰਤੇਜ ਸਿੰਘ ਤੇਜੀ, ਜਸਵਿੰਦਰ ਸਿੰਘ, ਦੀਦਾਰ ਸਿੰਘ, ਕੁਲਦੀਪ ਸਿੰਘ ਮਨਹੇੜਾ, ਮੇਜਰ ਸਿੰਘ, ਗੁਰਸ਼ਰਨ ਸਿੰਘ, ਬਲਜਿੰਦਰ ਸਿੰਘ, ਕੁਲਦੀਪ ਸਿੰਘ, ਰਣਧੀਰ ਸਿੰਘ, ਰਣਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਬਲਵੀਰ ਸਿੰਘ, ਕੰਵਲਜੀਤ ਸਿੰਘ, ਬਲਵਿੰਦਰ ਸਿੰਘ, ਗੁਰਨਾਮ ਸਿੰਘ, ਪਰਮਜੀਤ ਸਿੰਘ, ਜਸਲੀਤ ਸਿੰਘ ਨੇ ਸੇਵਾ ਕੀਤੀ।



ਗੁਰਦੁਆਰਾ ਸੈਨ ਹੋਜ਼ੇ ਵਿਚ ਬੱਚਿਆਂ ਦਾ ਜਥਾ ਕੀਰਤਨ ਕਰਦਾ ਹੋਇਆ







ਫਤਿਹਗੜ੍ਹ ਸਾਹਿਬ ਦੀਆਂ ਸੰਗਤਾਂ





ਗੁਰਦੁਆਰਾ ਸੈਨ ਹੋਜ਼ੇ 'ਚ ਮਾਣ-ਸਨਮਾਨ ਦੀਆਂ ਘੜੀਆਂ



ਗੁਰਦੁਆਰਾ ਫਰੀਮਾਂਟ 'ਚ ਸ਼ਹੀਦੀ ਸਮਾਗਮ ਕਰਵਾਉਣ ਵਾਲੀਆਂ ਜ਼ਿਲਾ ਰੋਪੜ ਦੀਆਂ ਸੰਗਤਾਂ

**ਫਰੀਮਾਂਟ (ਦੁਪਾਲਪੁਰ):** ਦਸ਼ਮੇਸ਼ ਪਿਤਾ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦੀ ਯਾਦ ਵਿਚ ਗੁਰਦੁਆਰਾ ਫਰੀਮਾਂਟ ਵਿਚ ਰੋਪੜ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਇਲਾਕੇ ਦੀਆਂ ਸੰਗਤਾਂ ਵੱਲੋਂ ਹਰ ਸਾਲ ਇਹ ਸ਼ਹੀਦੀ ਹਫਤਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਨਿਚਰਵਾਰ ਸ਼ਾਮ ਨੂੰ ਛੋਟੇ ਸਾਹਿਬਜ਼ਾਦਿਆਂ ਬਾਰੇ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਫਿਲਮ ਵਿਖਾਈ ਗਈ। ਸਾਹਿਬਜ਼ਾਦਿਆਂ ਦੀ ਯਾਦ ਵਿਚ ਤਿੰਨ ਦਿਨ ਗੁਰਬਾਣੀ ਦੇ ਜਾਪ ਹੋਏ। ਐਤਵਾਰ ਨੂੰ ਸ਼ਹੀਦੀ ਸਮਾਗਮ ਸਮੇਂ ਭਾਈ ਦਲਬਾਗ ਸਿੰਘ ਦੇ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਉਪਰੰਤ ਭਾਈ ਜਸਪਾਲ ਸਿੰਘ ਨੇ ਸਾਹਿਬਜ਼ਾਦਿਆਂ ਦੀ ਫਤਿਹਗੜ੍ਹ ਸਾਹਿਬ ਅਤੇ ਚਮਕੌਰ ਸਾਹਿਬ ਵਿਚ ਸ਼ਹੀਦੀ ਦੇ ਪ੍ਰਸੰਗ ਨੂੰ ਕਥਾ ਰਾਹੀਂ ਪੇਸ਼ ਕੀਤਾ। ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੇ ਚੇਅਰਮੈਨ ਭਾਈ ਜਸਵਿੰਦਰ ਸਿੰਘ ਜੰਡੀ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਵੀ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਮਹਾਨ ਸ਼ਹਾਦਤ ਤੋਂ ਪ੍ਰੇਰਨਾ ਲੈਣ ਲਈ ਆਖਿਆ।

ਉਪਰੰਤ ਭਾਈ ਸਰਵਨ ਸਿੰਘ ਤੇ ਭਾਈ ਜਸਵਿੰਦਰ ਸਿੰਘ ਉਪੱਲ ਦੇ ਕਵੀਸ਼ਰੀ ਜਥੇ ਨੇ ਕਵੀਸ਼ਰੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਪ੍ਰਸੰਗ ਨੂੰ ਪੇਸ਼ ਕੀਤਾ। ਇਟਲੀ ਤੋਂ ਪਹੁੰਚੇ ਭਾਈ ਦਵਿੰਦਰਜੀਤ ਸਿੰਘ ਨੇ ਸਾਹਿਜ਼ਾਦਿਆਂ ਬਾਰੇ ਇਕ ਕਵਿਤਾ ਤਰੰਨਮ ਵਿਚ ਗਾ ਕੇ ਸੁਣਾਈ। ਉਪਰੰਤ ਭਾਈ ਪਰਪਾਲ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਜਦ ਸਕੱਤਰ ਭਾਈ ਗੁਰਿੰਦਰ ਸਿੰਘ ਸਿੱਧੂ ਨੇ ਢਾਡੀਆਂ ਭਾਈ ਗੁਰਨਾਮ ਸਿੰਘ ਭੰਡਾਲ, ਅਵਤਾਰ ਸਿੰਘ ਹੀਰਾ, ਗੁਰਦਿਆਲ ਸਿੰਘ ਨੂਰੀ ਤੇ ਸਰੰਗੀ ਮਾਸਟਰ ਭਾਈ ਨਛੱਤਰ ਸਿੰਘ ਸੰਧੂ ਦੇ ਜਥੇ ਨੂੰ ਸਟੇਜ ਤੇ ਢਾਡੀ ਵਾਰਾਂ ਵਿਚ ਸਾਹਿਬਜ਼ਾਦਿਆਂ ਦੇ ਇਤਿਹਾਸ ਨੂੰ ਸਿਰਜਣ ਲਈ ਸੱਦਿਆ ਤਾਂ ਦੀਵਾਨ ਦਾ ਮਾਹੌਲ ਦੋਬਾਰਾ ਫਿਰ ਜੋਸ਼ ਨਾਲ ਭਰ ਗਿਆ।

ਰੋਪੜ ਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਇਲਾਕੇ ਦੀਆਂ ਸੰਗਤਾਂ ਨੇ ਪਕੌੜਿਆਂ, ਭਠੂਰਿਆਂ, ਜਲੇਬੀਆਂ ਤੇ ਖੀਰਾਂ ਦੇ ਲੰਗਰਾਂ ਨਾਲ ਸੰਗਤਾਂ ਦੀ ਭਰਪੂਰ ਸੇਵਾ ਕੀਤੀ।

# ਅੰਨਾ ਹਜ਼ਾਰੇ ਵੱਲੋਂ ਸੰਘਰਸ਼ ਜਾਰੀ

**ਮੁੰਬਈ:** ਸਰਕਾਰ ਵੱਲੋਂ ਪੇਸ਼ ਲੋਕਪਾਲ ਬਿੱਲ ਨੂੰ ਦੇਸ਼ ਵਾਸੀਆਂ ਨਾਲ 'ਧ੍ਰੋਹ' ਕਰਾਰ ਦਿੰਦਿਆਂ ਅੰਨਾ ਹਜ਼ਾਰੇ ਨੇ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਹੈ ਪਰ ਇਸ ਵਾਰ ਉਨ੍ਹਾਂ ਨੂੰ ਲੋਕਾਂ ਵੱਲੋਂ ਕੋਈ ਬਾਹਲਾ ਹੁੰਗਾਰਾ ਨਹੀਂ ਦਿੱਤਾ ਗਿਆ। ਜਿਸ ਵੇਲੇ ਦਿੱਲੀ 'ਚ ਲੋਕਪਾਲ ਬਿੱਲ 'ਤੇ ਬਹਿਸ ਹੋ ਰਹੀ ਸੀ ਤਾਂ ਉਸ ਵੇਲੇ ਅੰਨਾ ਮੁੰਬਈ 'ਚ ਭੁੱਖ ਹੜਤਾਲ 'ਤੇ ਬੈਠੇ ਹੋਏ ਸਨ। ਦੇਰ ਰਾਤ ਅੰਨਾ ਦੀ ਤਬੀਅਤ ਵਿਗੜ ਜਾਣ ਕਾਰਨ ਉਨ੍ਹਾਂ ਦੇ ਸਾਥੀ ਤੇ ਸਰਕਾਰ ਫ਼ਿਕਰਮੰਦ ਹੋ ਗਈ। ਅੰਨਾ ਨੂੰ ਵਰਤ ਤਿਆਗਣ ਦੀ ਸਲਾਹ ਦਿੱਤੀ ਗਈ ਪਰ ਉਹ ਵਰਤ ਛੱਡਣ ਜਾਂ ਹਸਪਤਾਲ ਜਾਣ ਲਈ ਰਾਜ਼ੀ ਨਾ ਹੋਏ। ਮੁੰਬਈ ਵਿਖੇ ਮੈਦਾਨ ਵਿਚ ਸਿਰਫ 4 ਤੋਂ 10 ਹਜ਼ਾਰ ਦੇ ਵਿਚਾਲੇ ਲੋਕ ਪੁੱਜੇ ਜਦਕਿ ਟੀਮ ਅੰਨਾ ਨੂੰ ਇਕ ਲੱਖ ਲੋਕਾਂ ਦੇ ਪੁੱਜਣ ਦੀ ਆਸ ਸੀ। ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਕਾਫੀ ਘੱਟ ਲੋਕ ਪੁੱਜੇ।

ਕਮਜ਼ੋਰ ਲੋਕਪਾਲ ਖਿਲਾਫ ਗਾਂਧੀਵਾਦੀ ਅੰਨਾ ਹਜ਼ਾਰੇ ਨੇ 27 ਦਸੰਬਰ ਨੂੰ ਤਿੰਨ ਦਿਨਾ ਵਰਤ ਸ਼ੁਰੂ ਕਰਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਦੇਸ਼ ਵਿਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਆਰ-ਪਾਰ ਦੀ ਲੜਾਈ ਲਈ ਤਿਆਰ ਹੋ ਜਾਣ। ਐਮ.ਐਮ.ਆਰ.ਡੀ.ਏ. ਮੈਦਾਨ ਵਿਚ ਸ਼ੁਰੂ ਕੀਤੇ ਵਰਤ ਦੌਰਾਨ ਲੋਕਾਂ ਦਾ ਇਕੱਠ ਆਮ ਤੋਂ ਘੱਟ ਰਿਹਾ। ਇਸ ਦੌਰਾਨ ਨਵੀਂ ਦਿੱਲੀ ਦੇ ਰਾਮਲੀਲਾ ਦੇ ਮੈਦਾਨ ਵਿਚ ਵੀ ਅੰਨਾ ਦੇ ਸਮਰਥਕਾਂ ਦੀ ਭੀੜ ਘੱਟ ਨਜ਼ਰ ਆਈ। ਇਸ ਦਾ ਕਾਰਨ ਠੰਢ ਤੇ ਅੰਨਾ ਦੀ ਗੈਰਹਾਜ਼ਰੀ ਦੱਸਿਆ ਜਾ ਰਿਹਾ ਹੈ।

## ਵਿਧਾਇਕ ਭੱਟੀ ਵੱਲੋਂ ਆਜ਼ਾਦ ਚੋਣ ਲੜਨ ਦਾ ਐਲਾਨ

**ਫਤਿਹਗੜ੍ਹ ਸਾਹਿਬ:** ਅਕਾਲੀ ਦਲ (ਬ) ਨੂੰ ਉਦੋਂ ਸਿਆਸੀ ਝਟਕਾ ਲੱਗਾ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਜ਼ਦੀਕੀ ਸਮਝੇ ਜਾਂਦੇ ਵਿਧਾਇਕ ਦੀਦਾਰ ਸਿੰਘ ਭੱਟੀ ਨੇ ਪਾਰਟੀ ਟਿਕਟ ਨਾ ਮਿਲਣ ਦੇ ਰੋਸ ਵਜੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ।

ਸ਼ਹੀਦੀ ਕਾਨਫਰੰਸ ਤੋਂ ਬਾਅਦ ਭੱਟੀ ਫਾਰਮ ਸਰਹਿੰਦ ਵਿਖੇ ਪਹੁੰਚੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਵਿਧਾਨ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਟਿਕਟ ਦੇਣ ਤੋਂ ਜਵਾਬ ਦੇ ਕੇ ਪਾਰਟੀ ਨਾਲ ਚੱਲਣ ਲਈ ਕਿਹਾ ਜਿਸ 'ਤੇ ਰੋਹ ਵਿਚ ਆਏ ਵਰਕਰਾਂ ਨੇ ਦੀਦਾਰ ਭੱਟੀ ਨੂੰ ਟਿਕਟ ਨਾ ਦੇਣ ਦਾ ਸਖ਼ਤ ਵਿਰੋਧ ਕੀਤਾ ਤੇ ਨਾਅਰੇਬਾਜ਼ੀ ਵੀ ਕੀਤੀ। ਮੁੱਖ ਮੰਤਰੀ ਭੋਜਨ ਕਰਕੇ ਜਦੋਂ ਚਲੇ ਗਏ ਤਾਂ ਬਾਅਦ 'ਚ ਸ. ਭੱਟੀ ਨੇ ਅਕਾਲੀ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਜ਼ਿੰਦਗੀ ਸੰਘਰਸ਼ਮਈ ਰਹੀ ਹੈ।

# ਪੰਜਾਬੀ ਰੇਡੀਓ ਯੂਐਸਏ 'ਆਡੀਓ ਨਾਓ' ਦੇ ਆਨ ਲਾਈਨ ਪ੍ਰੋਗਰਾਮਾਂ 'ਚ ਪਹਿਲੇ ਥਾਂ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਰੇਡੀਓ ਯੂਐਸਏ ਟੈਲੀਫੋਨ ਰਾਹੀਂ ਰੇਡੀਓ ਪ੍ਰਸਾਰਣ ਕਰਨ ਵਾਲੀ ਕੰਪਨੀ 'ਆਡੀਓ ਨਾਓ' ਉਪਰ ਪਹਿਲੇ ਨੰਬਰ 'ਤੇ ਆ ਗਿਆ ਹੈ। 'ਆਡੀਓ ਨਾਓ' ਕੰਪਨੀ ਉਪਰ ਦੁਨੀਆਂ ਭਰ ਦੇ ਮਸ਼ਹੂਰ ਰੇਡੀਓ ਸਟੇਸ਼ਨ ਜਿਵੇਂ ਕਿ ਬੀ ਬੀ ਸੀ, ਸੀ ਸਪੈਨ ਰੇਡੀਓ, ਪੀ ਬੀ ਐਸ, ਈ ਐਸ ਪੀ ਐਨ ਵਰਗੇ ਸਟੇਸ਼ਨ ਹਨ। ਜ਼ਿਕਰਯੋਗ ਹੈ ਕਿ ਪੰਜਾਬੀ ਰੇਡੀਓ ਯੂਐਸਏ ਦੁਨੀਆਂ ਭਰ ਵਿਚ ਆਈ-ਫੋਨ, ਅਨਡ੍ਰੋਇਡ ਤੋਂ ਇਲਾਵਾ ਰੈਗੂਲਰ ਫੋਨ ਨੰਬਰ 832-551-5029 ਉਪਰ ਕਾਲ ਕਰਕੇ ਸੁਣਿਆ ਜਾ ਸਕਦਾ ਹੈ।

ਪੰਜਾਬੀ ਰੇਡੀਓ ਯੂਐਸਏ ਇਨ੍ਹਾਂ ਸਾਰਿਆਂ ਸਟੇਸ਼ਨਾਂ ਦੇ ਮੁਕਾਬਲੇ ਪਹਿਲੇ 4 ਫ਼ੀਸਦੀ ਵਿਚ ਆ ਰਿਹਾ ਹੈ। ਕੰਪਨੀ ਦੇ ਸੀਐਮਓ ਜਾਰਜ ਸਰਨੈਟ ਮੁਤਾਬਕ ਉਹ ਵੀ ਬਹੁਤ ਹੈਰਾਨ ਹਨ ਕਿ ਪੰਜਾਬੀ ਰੇਡੀਓ ਯੂਐਸਏ ਕੁਝ ਹੀ ਹਫਤਿਆਂ ਵਿਚ ਇੰਨਾ ਜ਼ਿਆਦਾ ਪਾਪੂਲਰ ਕਿਵੇਂ ਹੋ ਗਿਆ ਹੈ? ਉਨ੍ਹਾਂ ਦੱਸਿਆ ਕਿ ਪਿਛਲੇ 25 ਦਿਨਾਂ ਵਿਚ ਪੰਜਾਬੀ ਰੇਡੀਓ ਯੂਐਸਏ ਉਪਰ 1,27,000 ਕਾਲਾਂ ਆਈਆਂ ਅਤੇ 22 ਲੱਖ ਮਿੰਟ ਲੋਕਾਂ ਨੇ ਰੇਡੀਓ ਸੁਣਿਆ। ਇਹ ਪ੍ਰੋਗਰਾਮ ਕੁਝ ਹਫਤੇ ਪਹਿਲਾਂ ਸ਼ੁਰੂ ਕੀਤੇ ਗਿਆ ਸੀ ਜਿਸ ਨਾਲ ਪੰਜਾਬੀ ਰੇਡੀਓ ਯੂਐਸਏ ਨੂੰ ਟੈਲੀਫੋਨ ਉਪਰ ਸੁਣਿਆ ਜਾ ਸਕਦਾ ਹੈ।

ਪੰਜਾਬੀ ਰੇਡੀਓ ਯੂਐਸਏ ਦੇ ਆਈਟੀ ਡਾਇਰੈਕਟਰ ਇੰਦਰਜੀਤ ਸਿੰਘ ਨੇ ਦਸਿਆ ਕਿ ਆਉਣ ਵਾਲੇ ਦਿਨਾਂ ਵਿਚ ਪੰਜਾਬੀ ਰੇਡੀਓ ਯੂਐਸਏ ਸ਼ੋਸ਼ਲ ਮੀਡੀਆ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਕਦਮ ਚੁਕਣ ਜਾ ਰਿਹਾ ਹੈ ਜਿਸ ਦੇ ਨਤੀਜੇ ਸਾਡੇ ਸਰੋਤੇ ਬਹੁਤ ਜਲਦੀ ਪ੍ਰਾਪਤ ਕਰਨਗੇ। ਰੇਡੀਓ ਵਲੋਂ ਦਾਅਵਾ ਕੀਤਾ ਗਿਆ ਹੈ ਕਿ ਇਹ ਦੁਨੀਆਂ ਦਾ ਇਕੋ ਇਕ ਪੰਜਾਬੀ ਰੇਡੀਓ ਹੈ ਜਿਸ ਦੇ ਫੇਸਬੁੱਕ ਉਤੇ 59,000 ਦੇ ਕਰੀਬ ਮੈਂਬਰ ਹਨ।

# Indian Oven

11000, I-40 East, Amarillo Texas, 79118 (Exit 77, Right Hand Side)

**Ph:1-806-335-3600**



Breakfast, Lunch & Dinner (Buffet 11 to 3, Every Day)

ਬਹਿ ਕੇ ਖਾਓ ਜਾਂ ਨਾਲ ਲੈ ਜਾਓ
ਪੰਜਾਬੀ ਵੈਸ਼ਨੂ ਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਤੇ ਨਾਨ

*ਮੰਗਲਵਾਰ ਛੁੱਟੀ, ਬਾਕੀ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਖੁੱਲ੍ਹਾ*

**Easy Truck Parking, Special Deals For Truckers**

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ, ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

# Are You Tired Of All Treatments?

## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***

# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**

**ਗੁਰਬੰਸ ਸਿੰਘ ਗਿੱਲ ਫੋਨ: 209-815-1869**

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**ਜੇ ਤੁਸੀਂ ਆਪਣਾ ਘਰ ਸ਼ਾਰਟਸੇਲ ’ਤੇ ਵੇਚਣਾ ਚਾਹੁੰਦੇ ਹੋ**

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**
**Fax: 209-836-0706**
**www.gotracy.com**

Rent ’ਤੇ ਘਰ ਲੈਣਾ ਹੋਵੇ ਜਾਂ Rent ’ਤੇ ਘਰ ਦੇਣਾ ਹੋਵੇ

REALTY WORLD
Millennium

**Gurbans Gill 209-815-1869**

# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

## ਸੁਪਰੀਮ ਕੌਂਸਲ ਮੈਂਬਰਾਂ ਦੀ ਸਰਬਸੰਮਤੀ ਨਾਲ ਚੋਣ ਲਈ ਉਪਰਾਲਾ 8 ਜਨਵਰੀ 2012 ਨੂੰ

**ਗੁਰੂ ਪਿਆਰੀ ਸਾਧ ਸੰਗਤ ਜੀ,**
**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

ਜਿਵੇਂ ਕਿ ਆਪ ਸਮੂਹ ਸੰਗਤਾਂ ਨੂੰ ਪਤਾ ਹੀ ਹੈ, ਸੰਗਤ ਦੇ ਇਕ ਵੱਡੇ ਹਿੱਸੇ ਵਲੋਂ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕ ਸਰਬਸੰਮਤੀ ਨਾਲ ਚੁਣਨ ਲਈ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ ਅਤੇ ਇਨ੍ਹਾਂ ਕੋਸ਼ਿਸ਼ਾਂ ਨੂੰ ਗੁਰੂ ਮਿਹਰ ਸਦਕਾ ਬਹੁਤ ਹੱਦ ਤੱਕ ਸਫਲਤਾ ਵੀ ਮਿਲੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਇਲਾਕੇ ਦੇ ਪਤਵੰਤੇ ਸੱਜਣਾਂ ਦਾ ਇਕ ਢਾਂਚਾ ਕਾਇਮ ਕੀਤਾ ਗਿਆ ਹੈ ਜਿਸ ਦਾ ਨਾਂ "ਸਿੱਖ ਪੰਚਾਇਤ" ਰੱਖਿਆ ਗਿਆ ਹੈ। ਇਹ ਸਿੱਖ ਪੰਚਾਇਤ ਮੁੱਖ ਰੂਪ ਵਿਚ ਬਾਹਰੋਂ ਰਹਿ ਕੇ ਗੁਰੂ ਘਰ ਦੇ ਪ੍ਰਬੰਧ ਦਾ ਦਿਸ਼ਾ ਨਿਰਦੇਸ਼ ਕਰੇਗੀ। ਪ੍ਰਬੰਧਕੀ ਮਸਲਿਆਂ ਅਤੇ ਕਮਿਊਨਿਟੀ ਦੇ ਕਾਰਜਾਂ ਵਿਚ ਸਿੱਖ ਪੰਚਾਇਤ ਦਾ ਬਹੁਤ ਹੀ ਮਹੱਤਵਪੂਰਨ ਰੋਲ ਹੋਵੇਗਾ। ਬੀਤੇ ਸਮੇਂ ਤੋਂ ਸਬਕ ਲੈਂਦਿਆਂ ਇਲਾਕੇ ਦੇ ਸੂਝਵਾਨ ਸਿੱਖ ਇਸ ਨਤੀਜੇ ’ਤੇ ਪਹੁੰਚੇ ਹਨ ਕਿ ਸਰਬਸੰਮਤੀ ਨਾਲ ਚੁਣੇ ਗਏ ਪ੍ਰਬੰਧਕ ਸਿੱਖ ਪੰਚਾਇਤ ਨੂੰ ਜਵਾਬਦੇਹ ਹੋਣੇ ਚਾਹੀਦੇ ਹਨ। ਇਸ ਨਾਲ ਪ੍ਰਬੰਧਕਾਂ ਵਿਚ ਆਪਹੁਦਰਾਪਣ ਘਟੇਗਾ ਅਤੇ ਗੁਰੂ ਘਰ ਦੇ ਪ੍ਰਬੰਧ ਵਿਚ ਉਹ ਪਾਰਦਰਸ਼ਤਾ ਤੇ ਅਨੁਸਾਸ਼ਨ ਲਈ ਵਚਨਬੱਧ ਹੋਣਗੇ।

ਇਸ ਟੀਚੇ ਦੀ ਪ੍ਰਾਪਤੀ ਲਈ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੰਗਤ ਨੂੰ ਅਪੀਲ ਹੈ ਕਿ ਗੁਰੂ ਘਰ ਦਾ ਕੋਈ ਵੀ ਮੈਂਬਰ ਜੋ ਸੁਪਰੀਮ ਕੌਂਸਲ ਮੈਂਬਰ ਬਣਨ ਦੀਆਂ ਵਿਧਾਨਕ ਸ਼ਰਤਾਂ ਪੂਰੀਆਂ ਕਰਦਾ ਹੋਵੇ, ਉਹ 8 ਜਨਵਰੀ 2012 ਨੂੰ ਸਰਬਸੰਮਤੀ ਨਾਲ ਹੋ ਰਹੀ ਚੋਣ ਵਾਸਤੇ ਆਪਣੀ ਅਰਜੀ ਦਾਇਰ ਕਰ ਸਕਦਾ ਹੈ। ਉਮੀਦਵਾਰ ਬਣਨ ਲਈ ਅਰਜੀ ਗੁਰੂ ਘਰ ਦੀ ਲਾਇਬਰੇਰੀ ਵਿਚੋਂ ਲਈ ਜਾ ਸਕਦੀ ਹੈ।

**ਸਰਬਸੰਮਤੀ ਬਣਾਉਣ ਦਾ ਢੰਗ ਹੇਠ ਲਿਖੇ ਅਨੁਸਾਰ ਹੋਵੇਗਾ**

1. ਸੁਪਰੀਮ ਕੌਂਸਲ ਦੇ ਮੈਂਬਰ ਬਣਨ ਦੇ ਚਾਹਵਾਨ ਉਮੀਦਵਾਰ ਆਪਣੀ ਅਰਜੀ 8 ਜਨਵਰੀ 2012 ਨੂੰ ਸਿੱਖ ਪੰਚਾਇਤ ਨੂੰ ਸਵੇਰੇ 9 ਵਜੇ ਤੋਂ 10 ਵਜੇ ਤੱਕ ਦੇ ਸਕਦੇ ਹਨ।
2. ਸਿਲੈਕਸ਼ਨ ਪ੍ਰਣਾਲੀ ਵਿਚ ਯਕੀਨ ਰੱਖਣ ਵਾਲਾ ਹੀ ਉਮੀਦਵਾਰ ਬਣ ਸਕਦਾ ਹੈ ਅਤੇ ਉਮੀਦਵਾਰ ਨੂੰ ਗੁਰੂ ਘਰ ਦੇ 11 ਮੈਂਬਰਾਂ ਕੋਲੋਂ ਆਪਣੀ ਉਮੀਦਵਾਰੀ ਦੀ ਅਰਜੀ ਤਸਦੀਕ ਕਰਵਾਉਣੀ ਪਵੇਗੀ।
3. ਸਿੱਖ ਪੰਚਾਇਤ ਦੀ ਹਾਜ਼ਰੀ ’ਚ ਸਭ ਉਮੀਦਵਾਰਾਂ ਦੀਆਂ ਅਰਜੀਆਂ ਦੀ ਪੁਣਛਾਣ ਕੀਤੀ ਜਾਏਗੀ।
4. ਸਿੱਖ ਪੰਚਾਇਤ ਪਹਿਲੇ ਪੜਾਅ ਵਿਚ ਉਸੇ ਦਿਨ ਸਵੇਰੇ 11 ਵਜੇ ਤੋਂ ਸਰਬਸੰਮਤੀ ਰਾਹੀਂ ਸੁਪਰੀਮ ਕੌਂਸਲ ਚੁਣਨ ਲਈ ਕੋਸ਼ਿਸ਼ ਕਰੇਗੀ। ਜੇ ਸਿੱਖ ਪੰਚਾਇਤ ਕਿਸੇ ਕਾਰਨ ਸਰਬਸੰਮਤੀ ਕਰਨ ਵਿਚ ਅਸਫਲ ਰਹਿੰਦੀ ਹੈ ਤਾਂ ਨਿਰਧਾਰਤ ਸਮੇਂ ਤੋਂ ਬਾਅਦ ਸੰਭਾਵੀ ਉਮੀਦਵਾਰਾਂ ਦੇ ਨਾਂਵਾਂ ਦੀਆਂ ਪਰਚੀਆਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਪਾਈਆਂ ਜਾਣਗੀਆਂ ਅਤੇ ਗੁਰੂ ਘਰ ਦੇ ਵਜੀਰ ਵਲੋਂ 5 ਪਰਚੀਆਂ ਕੱਢੀਆਂ ਜਾਣਗੀਆਂ। ਸਿੱਖ ਪੰਚਾਇਤ ਦਾ ਫੈਸਲਾ ਸਰਬਸੰਮਤੀ ਵਿਚ ਯਕੀਨ ਰੱਖਣ ਵਾਲੇ ਹਰ ਮੈਂਬਰ ਲਈ ਆਖਰੀ ਹੋਵੇਗਾ।
5. ਸਰਬਸੰਮਤੀ ਵਿਚ ਹਿੱਸਾ ਲੈਣ ਵਾਲਾ ਕੋਈ ਵੀ ਉਮੀਦਵਾਰ ਚੋਣਾਂ ਚਾਹੁਣ ਵਾਲਿਆਂ ਦਾ ਉਮੀਦਵਾਰ ਨਹੀਂ ਬਣ ਸਕੇਗਾ।

**ਸੰਗਤ ਦੇ ਧਿਆਨ ਗੋਚਰੇ:**

- > ਸਰਬਸੰਮਤੀ ਹੋਣ ਨਾਲ ਚੋਣਾਂ ਉਤੇ ਹੋਣ ਵਾਲਾ ਗੁਰੂਘਰ ਦਾ ਹਜਾਰਾਂ ਡਾਲਰ ਦਾ ਖਰਚਾ ਬਚ ਜਾਵੇਗਾ।
- > ਸਰਬਸੰਮਤੀ ਨਾਲ ਭਾਈਚਾਰਕ ਸਾਂਝ ਵਧੇਗੀ।
- > ਕਮਿਊਨਿਟੀ ਦੇ ਅਧੂਰੇ ਪਏ ਕਾਰਜ ਇਤਫ਼ਾਕ ਨਾਲ ਸੌਖੇ ਨੇਪਰੇ ਚਾੜ੍ਹੇ ਜਾ ਸਕਣਗੇ।
- > ਗੁਰੂਘਰ ਦੇ ਪ੍ਰਬੰਧਕੀ ਮਸਲੇ ਕੋਰਟਾਂ-ਕਚਹਿਰੀਆਂ ਦੇ ਬੇਲੋੜੇ ਖਰਚੇ ਤੋਂ ਬਗੈਰ ਹੀ ਨਜਿਠੇ ਜਾ ਸਕਣਗੇ।
- > ਗੁਰੂਘਰ ਦਾ ਕੋਈ ਵੀ ਮੈਂਬਰ ਵਡੇ ਗਰੁਪਾਂ ਨਾਲ ਜੁੜੇ ਬਿਨਾ ਪ੍ਰਬੰਧ ਵਿਚ ਆਉਣ ਦੇ ਯੋਗ ਹੋ ਜਾਵੇਗਾ।

**ਗੁਰੂ ਘਰ ਦੀ ਸਮੁੱਚੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਦੇ ਸਹਿਯੋਗ ਦੀ ਸਖਤ ਜ਼ਰੂਰਤ ਹੈ। ਆਓ, ਆਪਾਂ ਸਾਰੇ ਰਲ ਮਿਲ ਕੇ ਪ੍ਰਬੰਧਕੀ ਸੰਗਤੀ ਰੂਪ ਵਿਚ ਨਜਿੱਠਣ ਦੀ ਕੋਸ਼ਿਸ਼ ਕਰੀਏ ਅਤੇ ਚੋਣਾਂ ਦੀ ਪ੍ਰਣਾਲੀ ਸਿਰਫ ਬੇਵਸੀ ਦੀ ਹਾਲਤ ਵਿਚ ਹੀ ਸਵੀਕਾਰੀਏ।**

**ਆਪ ਜੀ ਦੇ ਸਹਿਯੋਗ ਲਈ ਅਸੀਂ ਬਹੁਤ ਧੰਨਵਾਦੀ ਹੋਵਾਂਗੇ।**

## ਵਲੋਂ: ਸਿੱਖ ਪੰਚਾਇਤ ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**ਫੋਨ:408-422-5600, 408-667-3116, 415-533-6086, 510-557-0061**

### ਸ਼ਹੀਦੀ ਜੋੜ ਮੇਲੇ ਮੌਕੇ ਸਿਆਸੀ ਦਲਾਂ ਵੱਲੋਂ ਤੋਹਮਤਬਾਜ਼ੀ

# ਅਕਾਲੀ ਦਲ ਬਾਦਲ ਨੇ ਕਾਂਗਰਸ ਨੂੰ ਭ੍ਰਿਸ਼ਟ ਪਾਰਟੀ ਦੱਸਿਆ

**ਫਤਿਹਗੜ੍ਹ ਸਾਹਿਬ:** ਇਥੇ ਭਰੇ ਛੋਟੇ ਸਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਦੌਰਾਨ ਸਿਆਸੀ ਪਾਰਟੀਆਂ ਦੇ 'ਸ਼ਰਧਾਂਜਲੀ ਸਮਾਗਮਾਂ' ਵਿਚ ਤੋਹਮਤਬਾਜ਼ੀ ਭਾਰੂ ਰਹੀ। ਹਾਲਾਂਕਿ ਪੰਜ ਸਿੰਘ ਸਾਹਿਬਾਨ ਨੇ ਇਹ ਆਦੇਸ਼ ਜਾਰੀ ਕੀਤਾ ਸੀ ਕਿ ਧਾਰਮਿਕ ਜੋੜ ਮੇਲਿਆਂ, ਖਾਸ ਕਰਕੇ ਸਿੱਖ ਸ਼ਹੀਦਾਂ ਨਾਲ ਜੁੜੀਆਂ ਇਕੱਤਰਤਾਵਾਂ ਸਮੇਂ ਦੂਸ਼ਨਬਾਜ਼ੀ ਤੋਂ ਗੁਰੇਜ਼ ਕੀਤਾ ਜਾਵੇ ਪਰ ਹੁਕਮਰਾਨ ਸ਼੍ਰੋਮਣੀ ਅਕਾਲੀ ਦਲ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਨੇ ਇਸ ਆਦੇਸ਼ ਦੀ ਪਾਲਣਾ ਨਹੀਂ ਕੀਤੀ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਕਾਨਫਰੰਸ ਦੌਰਾਨ ਜਿੱਥੇ ਪੂਰੀ ਲੀਡਰਸ਼ਿਪ ਨੇ ਕਾਂਗਰਸ ਨੂੰ ਭ੍ਰਿਸ਼ਟਾਚਾਰੀ ਪਾਰਟੀ ਕਹਿ ਕੇ ਭੰਡਿਆ, ਉਥੇ ਪੰਜਾਬ ਵਾਸੀਆਂ ਨੂੰ ਹੋਕਾ ਦਿੱਤਾ ਕਿ ਉਹ ਸਰਕਾਰ ਦੀ ਵਾਗਡੋਰ ਮੁੜ ਅਕਾਲੀ ਦਲ ਨੂੰ ਸੌਂਪਣ ਤਾਂ ਜੋ ਬਕਾਇਆ ਰਹਿ ਗਏ ਕੰਮ ਪੂਰੇ ਕੀਤੇ ਜਾ ਸਕਣ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਮੁਗ਼ਲ ਰਾਜ ਤੋਂ ਵੀ ਵੱਧ ਧਾਰਮਿਕ, ਆਰਥਿਕ ਤੇ ਸਿਆਸੀ ਤੌਰ 'ਤੇ ਜ਼ੁਲਮੀ ਤੇ ਜਾਬਰ ਹੈ।




*ਜਥੇਦਾਰ ਮੱਕੜ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਤੇ ਸਟੇਜ 'ਤੇ ਸਜੇ ਅਕਾਲੀ ਆਗੂ*

ਕੈਪਟਨ ਅਮਰਿੰਦਰ ਸਿੰਘ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਐਸ਼ੋ ਆਰਾਮ ਕਰਨ ਵਾਲੇ ਕਦੇ ਕਿਸੇ ਦਾ ਭਲਾ ਨਹੀਂ ਕਰ ਸਕਦੇ। ਇਨ੍ਹਾਂ ਵਿਚ ਰਾਜਿਆਂ ਵਾਲਾ ਖ਼ੂਨ ਹੈ। ਇਹ ਨਾ ਤਾਂ ਗਰੀਬਾਂ ਦਾ ਦੁੱਖ-ਦਰਦ ਪਛਾਣ ਸਕਦੇ ਹਨ ਤੇ ਨਾ ਹੀ ਕਿਸੇ ਦਾ ਭਲਾ ਕਰਨਾ ਸੋਚ ਸਕਦੇ ਹਨ। ਉਨ੍ਹਾਂ ਨੇ ਕੇਂਦਰ ਸਰਕਾਰ ਉਤੇ ਵਰ੍ਹਦਿਆਂ ਕਿਹਾ ਕਿ ਇਸ ਦੀਆਂ ਕਿਸਾਨ ਮਾਰੂ ਨੀਤੀਆਂ ਨੇ ਪੰਜਾਬ ਦੇ ਕਿਸਾਨਾਂ ਨੂੰ ਕਰਜ਼ਈ ਕਰਕੇ ਰੱਖ ਦਿੱਤਾ ਕਿਉਂਕਿ ਫਸਲਾਂ ਦੇ ਰੇਟ ਵਧਾਉਣਾ ਆਦਿ ਸਭ ਕੁਝ ਕੇਂਦਰ ਦੇ ਕੰਟਰੋਲ ਅਧੀਨ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਤਿੱਖੇ ਭਾਸ਼ਨ ਦੌਰਾਨ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਰਾਜ ਨੂੰ ਤਰੱਕੀ ਤੇ ਖੁਸ਼ਹਾਲੀ ਦੇ ਰਾਹ 'ਤੇ ਬਰਕਰਾਰ ਰੱਖਣ ਲਈ ਉਨ੍ਹਾਂ ਨੂੰ ਇਕ ਮੌਕਾ ਹੋਰ ਦਿਤਾ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਾਰੀਆਂ ਸਿੱਖ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਤੇ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਸਿੱਖੀ ਸਰੂਪ ਨੂੰ ਬਚਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣ। ਉਨ੍ਹਾਂ ਆਖਿਆ ਕਿ ਪਿੰਡਾਂ ਅੰਦਰ ਨੌਜਵਾਨੀ ਨਸ਼ਿਆਂ ਅੰਦਰ ਗਲਤਾਨ ਹੁੰਦੀ ਜਾ ਰਹੀ ਹੈ ਜਿਨ੍ਹਾਂ ਨੂੰ ਇਸ ਦਲਦਲ ਵਿਚੋਂ ਕੱਢਣਾ ਹਰ ਪ੍ਰਾਣੀ ਦਾ ਫਰਜ਼ ਹੈ। ਉਨ੍ਹਾਂ ਨੇ ਮੁੱਖ ਮੰਤਰੀ ਦੀ ਤਾਰੀਫ਼ ਕਰਦਿਆਂ ਆਖਿਆ ਕਿ ਉਨ੍ਹਾਂ ਨੇ ਸਿੱਖਾਂ ਦੇ ਧਾਰਮਿਕ ਸਥਾਨਾਂ ਦੀ ਸਾਂਭ-ਸੰਭਾਲ ਤੇ ਇਸ ਦੇ ਇਤਿਹਾਸ ਨੂੰ ਸੰਭਾਲਣ ਦੇ ਯੋਗ ਉਪਰਾਲੇ ਕੀਤੇ।

ਜਥੇਦਾਰ ਮੱਕੜ ਨੇ ਕਿਹਾ ਕਿ ਸ. ਬਾਦਲ ਇਕ ਨਿਰਮਾਣ ਸਿੱਖ ਹਨ, ਉਹ ਹਮੇਸ਼ਾਂ ਆਪਣੇ ਆਪ ਨੂੰ ਗੁਰੂ ਦਾ ਕੂਕਰ ਮਹਿਸੂਸਦੇ ਹਨ। ਉਨ੍ਹਾਂ ਕਿਹਾ ਕਿ ਯਾਦਗਾਰਾਂ ਦਾ ਇਹ ਕਾਰਜ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਹੀ ਕਰਨ ਕਰਾਉਣ ਦਾ ਮਾਣ ਹਾਸਲ ਹੋਇਆ ਹੈ। ਪਾਰਟੀ ਦੇ ਜਨਰਲ ਸਕੱਤਰ ਅਤੇ ਪ੍ਰਮੁੱਖ ਬੁਲਾਰੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਆਖਿਆ ਕਿ ਕੇਂਦਰ ਦੀ ਕਾਂਗਰਸ ਸਰਕਾਰ ਦੇ ਭ੍ਰਿਸ਼ਟਾਚਾਰ ਦਾ ਸੇਕ ਪੰਜਾਬ ਦੇ ਕਾਂਗਰਸੀਆਂ ਨੂੰ ਸਾੜ ਕੇ ਰੱਖ ਦੇਵੇਗਾ।

ਇਸ ਮੌਕੇ ਪ੍ਰਮੁੱਖ ਸਖਸ਼ੀਅਤਾਂ 'ਚ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਕਰਨੈਲ ਸਿੰਘ ਪੰਜੋਲੀ, ਦੀਦਾਰ ਸਿੰਘ ਭੱਟੀ, ਸਾਬਕਾ ਮੰਤਰੀ ਰਣਧੀਰ ਸਿੰਘ ਚੀਮਾ, ਸੁਰਜੀਤ ਸਿੰਘ ਗੜ੍ਹੀ, ਰਵਿੰਦਰ ਸਿੰਘ ਖਾਲਸਾ, ਗੁਰਪ੍ਰੀਤ ਸਿੰਘ, ਸਤਵਿੰਦਰ ਸਿੰਘ ਟੌਹੜਾ, ਬੀਬੀ ਕੁਲਦੀਪ ਕੌਰ ਟੌਹੜਾ ਸਾਰੇ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਬੀਬੀ ਸੁਰਿੰਦਰ ਕੌਰ ਸਾਬਕਾ ਮੈਂਬਰ ਸ਼੍ਰੋ:ਕਮੇਟੀ, ਸਾਬਕਾ ਐਮ.ਐਲ.ਏ. ਬਲਵੰਤ ਸਿੰਘ ਸ਼ਾਹਪੁਰ, ਜਗਦੀਪ ਸਿੰਘ ਚੀਮਾਂ ਜਿਲ੍ਹਾ ਪ੍ਰਧਾਨ, ਕੁਲਵੰਤ ਸਿੰਘ ਖਰੋੜਾ, ਅਜੈਬ ਸਿੰਘ ਜਖਵਾਲੀ, ਅਜੈ ਸਿੰਘ ਲਿਬੜਾ ਪ੍ਰਧਾਨ ਯੂਥ ਅਕਾਲੀ ਦਲ, ਹਰਪਾਲ ਸਿੰਘ ਚੰਦੂਮਾਜਰਾ, ਸਵਰਨ ਸਿੰਘ ਚਨਾਰਥਲ, ਰਣਧੀਰ ਸਿੰਘ ਰੱਖੜਾ, ਬੀਬੀ ਸੁਖਵੰਤ ਕੌਰ ਸੰਧੂ ਸਾਬਕਾ ਮੰਤਰੀ, ਪ੍ਰਧਾਨ ਇਸਤਰੀ ਅਕਾਲੀ ਦਲ ਬੀਬੀ ਪਰਮਜੀਤ ਕੌਰ ਗੁਲਸ਼ਨ ਆਦਿ ਹਾਜ਼ਰ ਸਨ।

# ਕੈਪਟਨ ਅਮਰਿੰਦਰ ਸਿੰਘ ਤੋਂ ਵੱਡਾ ਕੋਈ ਹੋਰ ਪੰਥ ਪ੍ਰਸਤ ਨਹੀਂ: ਕਾਂਗਰਸ

**ਫਤਿਹਗੜ੍ਹ ਸਾਹਿਬ:** ਕਾਂਗਰਸ ਨੇ ਇਸ ਗੱਲ ਦਾ ਦਾਅਵਾ ਕੀਤਾ ਹੈ ਕਿ ਇਸ ਵੇਲੇ ਕੈਪਟਨ ਅਮਰਿੰਦਰ ਸਿੰਘ ਤੋਂ ਵੱਡਾ ਕੋਈ ਹੋਰ ਪੰਥ ਪ੍ਰਸਤ ਨਹੀਂ ਤੇ ਬਾਦਲ ਪਰਿਵਾਰ ਸਿੱਖ ਪੰਥ ਨੂੰ ਸਿਆਸਤ ਲਈ ਵਰਤ ਰਿਹਾ ਹੈ।

ਇਥੇ ਸ਼ਹੀਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੀਤ ਪ੍ਰਧਾਨ ਲਾਲ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਜਮਾਤ ਕਹਿਣ ਦੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੋਂ ਵੱਡਾ ਕੋਈ ਹੋਰ ਪੰਥਪ੍ਰਸਤ ਨਹੀਂ। ਗੁਰੂ ਸਾਹਿਬ ਵੱਲੋਂ ਦਿੱਤੀ ਸਿਰੀ ਸਾਹਿਬ ਤੇ 22 ਸ਼ਸਤਰ ਅੱਜ ਵੀ ਇਸ ਪਰਿਵਾਰ ਕੋਲ ਮੌਜੂਦ ਹਨ ਜਦੋਂਕਿ ਸ਼੍ਰੋਮਣੀ ਅਕਾਲੀ ਦਲ ਦੇ ਕਿਸੇ ਵੀ ਵਿਧਾਇਕ, ਮੰਤਰੀ ਜਾਂ ਇਸ ਪਾਰਟੀ ਦੇ ਪ੍ਰਧਾਨ ਕੋਲ ਗੁਰੂ ਸਾਹਿਬ ਦਾ ਦਿੱਤਾ ਕੋਈ ਵੀ ਤੋਹਫਾ ਨਹੀਂ ਹੈ।



*ਸ. ਲਾਲ ਸਿੰਘ ਹੋਰ ਕਾਂਗਰਸੀ ਆਗੂਆਂ ਨਾਲ*

ਉਨ੍ਹਾਂ ਕਿਹਾ ਕਿ ਪਹਿਲਾਂ ਅਕਾਲੀ ਦਲ ਵਿਚ ਕੁਰਬਾਨੀਆਂ ਵਾਲੇ ਲੋਕ ਸਨ ਪਰ ਹੁਣ ਇਹ ਇਕ ਪਰਿਵਾਰ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਬਾਦਲ ਸਰਕਾਰ ਦੇ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਸੰਗਤ ਦਰਸ਼ਨ ਜਾਂ ਵਿਕਾਸ ਕਾਰਜ ਯਾਦ ਨਹੀਂ ਆਏ ਸਗੋਂ ਝੂਠੇ ਕੇਸ ਬਣਾ ਕੇ ਕਾਂਗਰਸ ਵਰਕਰਾਂ ਨੂੰ ਪ੍ਰੇਸ਼ਾਨ ਕੀਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ 800 ਕਰੋੜ ਦੀ ਸਰਕਾਰੀ ਜਾਇਦਾਦ ਵੇਚੀ ਗਈ ਤੇ 70 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਕੇ ਸੰਗਤ ਦਰਸ਼ਨ ਵਿਚ ਲੋਕਾਂ ਨੂੰ ਚੈੱਕ ਦਿੱਤੇ ਗਏ ਜਦੋਂਕਿ ਪੰਜਾਬ ਦੀ ਟਰਾਂਸਪੋਰਟ, ਰੇਤਾ, ਸਰਾਬ ਠੇਕਿਆਂ 'ਤੇ ਇਨ੍ਹਾਂ ਆਪਣਾ ਕਬਜ਼ਾ ਕੀਤਾ ਹੋਇਆ ਹੈ।

ਸ. ਲਾਲ ਸਿੰਘ ਨੇ ਆਖਿਆ ਕਿ ਅਕਾਲੀ-ਭਾਜਪਾ ਗੱਠਜੋੜ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਪੈਸੇ ਦੀ ਖਾਤਰ ਪੰਜਾਬ ਦੇ ਲੋਕ ਆਪਣੀ ਅਣਖ ਨਹੀਂ ਵੇਚਦੇ ਸਗੋਂ ਵਿਧਾਨ ਸਭਾ ਚੋਣਾਂ ਵਿੱਚ ਗੱਠਜੋੜ ਦਾ ਸਫਾਇਆ ਕਰਕੇ ਰੱਖ ਦੇਣਗੇ। ਕਾਂਗਰਸ ਸਰਕਾਰ ਆਉਣ 'ਤੇ ਕਾਂਗਰਸ ਵਰਕਰਾਂ ਖ਼ਿਲਾਫ਼ ਦਰਜ ਝੂਠੇ ਕੇਸਾਂ ਵਿਚ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਕਮਿਸ਼ਨ ਬਿਠਾਇਆ ਜਾਵੇਗਾ। ਸੰਗਤ ਦਰਸ਼ਨ ਤੇ ਕਬੱਡੀ ਮੈਚ ਵੀ ਅਕਾਲੀ ਦਲ ਨੂੰ ਬਚਾ ਨਹੀਂ ਸਕਣਗੇ ਕਿਉਂਕਿ ਪਿਛਲੇ ਦਿਨੀਂ ਹੋਈਆਂ ਕਾਂਗਰਸ ਤੇ ਅਕਾਲੀ-ਭਾਜਪਾ ਦੀਆਂ ਰੈਲੀਆਂ ਨੇ ਸਪਸ਼ਟ ਕਰ ਦਿਤਾ ਹੈ ਕਿ ਪੁਲਿਸ ਰਾਹੀਂ ਕਾਰਾਂ, ਬੱਸਾਂ ਫੜ ਕੇ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਪੁਲਿਸ ਮੁਖੀ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਨੇ ਪਟਵਾਰੀਆਂ ਰਾਹੀ ਬੰਦੇ ਇਕੱਠੇ ਕੀਤੇ ਜਦੋਂਕਿ ਕਾਂਗਰਸ ਨੇ ਆਪਣੇ ਬਲਬੂਤੇ 'ਤੇ ਰੈਲੀਆਂ ਕੀਤੀਆਂ ਜਿਨ੍ਹਾਂ ਵਿਚ ਕਈ ਗੁਣਾ ਵੱਧ ਲੋਕਾਂ ਦੀ ਸ਼ਮੂਲੀਅਤ ਹੋਈ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ 'ਬੱਬਰ ਸ਼ੇਰ' ਦਾ ਦਰਜਾ ਦਿੱਤਾ।

## ਸਿੱਖ ਮਸਲਿਆਂ ਦੇ ਹੱਲ ਲਈ ਹੰਭਲਾ ਮਾਰਨ ਦਾ ਸੱਦਾ




*ਫਤਿਹਗੜ੍ਹ ਸਾਹਿਬ ਵਿਖੇ ਸਾਂਝੀ ਕਾਨਫਰੰਸ ਦੌਰਾਨ ਬਲਜੀਤ ਸਿੰਘ ਦਾਦੂਵਾਲ, ਹਰਪਾਲ ਸਿੰਘ ਚੀਮਾ, ਕੁਲਬੀਰ ਸਿੰਘ ਬੜਾਪਿੰਡ ਅਤੇ ਹੋਰ ਆਗੂ*

**ਫ਼ਤਿਹਗੜ੍ਹ ਸਾਹਿਬ:** ਬਾਬਾ ਬਲਜੀਤ ਸਿੰਘ ਦਾਦੂਵਾਲ (ਪੰਥਕ ਸੇਵਾ ਲਹਿਰ), ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਤੇ ਹੋਰ ਪੰਥਕ ਜਥੇਬੰਦੀਆਂ ਵੱਲੋਂ ਕੀਤੀ ਗਈ ਸਾਂਝੀ ਕਾਨਫਰੰਸ ਵਿਚ ਬੁਲਾਰਿਆਂ ਨੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤੇ ਹੋਰ ਬੇਦੋਸ਼ੇ ਨਜ਼ਰਬੰਦ ਸਿੱਖਾਂ ਦੀ ਰਿਹਾਈ, ਸਾਕਾ ਨੀਲਾ ਤਾਰਾ ਦੀ ਯਾਦਗਾਰ ਦੀ ਉਸਾਰੀ ਤੇ ਅਨੰਦ ਮੈਰਿਜ ਐਕਟ ਮੁੱਦਿਆਂ ਦੇ ਹੱਲ ਲਈ ਸਮੁੱਚੀ ਕੌਮ ਨੂੰ ਇੱਕਜੁਟ ਹੋ ਕੇ ਹੰਭਲਾ ਮਾਰਨ ਦਾ ਸੱਦਾ ਦਿੱਤਾ।

ਪੰਥਕ ਸੇਵਾ ਲਹਿਰ ਦਾਦੂ ਸਾਹਿਬ ਦੇ ਸਰਪ੍ਰਸਤ ਬਾਬਾ ਬਲਜੀਤ ਸਿੰਘ ਖਾਲਸਾ ਨੇ ਕਿਹਾ ਕਿ ਸਿਆਸਤਦਾਨਾਂ ਵੱਲੋਂ ਆਪਣੇ ਨਿੱਜੀ ਮੁਫ਼ਾਦ ਲਈ ਉਲਝਾਏ ਸਿੱਖ ਮਸਲਿਆਂ ਦੇ ਹੱਲ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਨਾਲ ਸਬੰਧਤ ਗੁਰਧਾਮ ਗਿਆਨ ਗੋਦੜੀ ਸਾਹਿਬ 'ਤੇ ਸਰਕਾਰ ਨੂੰ ਕਬਜ਼ਾ ਜਾਰੀ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਅਕਾਲੀ ਦਲ (ਪੰਚ ਪ੍ਰਧਾਨੀ) ਦੇ ਸਕੱਤਰ ਜਨਰਲ ਭਾਈ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਨੇ ਪਿਛ਼ਲੇ ਲੰਮੇ ਸਮੇਂ ਤੋਂ ਬੇਦੋਸ਼ੇ ਸਿੱਖ ਨੌਜਵਾਨਾਂ 'ਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਰੱਖਿਆ ਹੋਇਆ ਹੈ। ਉਨ੍ਹਾਂ ਮੰਗ ਕੀਤੀ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਦਲਜੀਤ ਸਿੰਘ ਬਿੱਟੂ ਤੇ ਜਗਤਾਰ ਸਿੰਘ ਹਵਾਰਾ ਨੂੰ ਤੁਰੰਤ ਰਿਹਾ ਕੀਤਾ ਜਾਵੇ। ਆਲ ਇੰਡੀਆ ਸਿੱਖ ਕਾਨਫਰੰਸ ਦੇ ਪ੍ਰਧਾਨ ਗੁਰਚਰਨ ਸਿੰਘ ਬੱਬਰ ਨੇ ਕਿਹਾ ਕਿ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਲਈ ਚੱਲ ਰਹੇ ਸੰਘਰਸ਼ ਬਾਰੇ 10 ਜਨਵਰੀ ਨੂੰ ਉਤਰਾਖੰਡ ਦੇ ਗਵਰਨਰ ਨੂੰ ਦੇਹਰਾਦੂਨ ਵਿਖੇ ਯਾਦ ਪੱਤਰ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ 15 ਜਨਵਰੀ ਤੱਕ ਜੇ ਉਤਰਾਖੰਡ ਦੀ ਸਰਕਾਰ ਨੇ ਕੋਈ ਫ਼ੈਸਲਾ ਨਾ ਕੀਤਾ ਤਾਂ ਵਿਧਾਨ ਸਭਾ ਚੋਣਾਂ ਵਿਚ ਸਿੱਖਾਂ ਨੂੰ ਭਾਜਪਾ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਜਾਵੇਗਾ।

ਸਿੱਖ ਸੰਗਤਾਂ ਨੂੰ ਇਸ ਬਾਰੇ ਜਾਗਰੂਕ ਕਰਨ ਲਈ 14 ਜਨਵਰੀ ਨੂੰ ਮੁਕਤਸਰ ਸਾਹਿਬ ਵਿਖੇ ਮਾਘੀ ਦੀ ਕਾਨਫਰੰਸ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਮੈਂਬਰ ਭਾਈ ਕੁਲਬੀਰ ਸਿੰਘ ਬੜਾ ਪਿੰਡ ਤੇ ਖ਼ਾਲਸਾ ਐਕਸ਼ਨ ਕਮੇਟੀ ਦੇ ਭਾਈ ਮੋਹਕਮ ਸਿੰਘ ਨੇ ਵੀ ਸ਼ਹੀਦਾਂ ਦੀ ਯਾਦਗਾਰ ਬਣਾਉਣ ਤੇ ਹੋਰ ਸਿੱਖ ਮੁੱਦਿਆਂ 'ਤੇ ਕੌਮ ਨੂੰ ਇੱਕਜੁਟ ਹੋ ਜਾਣ ਲਈ ਕਿਹਾ। ਸਟੇਜ ਸਕੱਤਰ ਦੀ ਸੇਵਾ ਸੰਤੋਖ ਸਿੰਘ ਸਲਾਣਾ ਨੇ ਨਿਭਾਈ। ਕਾਨਫਰੰਸ ਵਿੱਚ 7 ਮਤਿਆਂ ਨੂੰ ਸੰਗਤਾਂ ਨੇ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ।

# ਖਿੱਤੇ 'ਚ ਅਮਨ ਚੈਨ ਲਈ ਬਫਰ ਸਟੇਟ ਖਾਲਿਸਤਾਨ ਕਾਇਮ ਹੋਣਾ ਜ਼ਰੂਰੀ:ਮਾਨ

**ਫ਼ਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਇਥੇ ਸ਼ਹੀਦੀ ਜੋੜ ਮੇਲੇ ਮੌਕੇ ਕੀਤੀ ਕਾਨਫਰੰਸ ਵਿਚ ਦੇਸ਼ ਤੇ ਪੰਜਾਬ 'ਤੇ ਹਕੂਮਤ ਕਰਨ ਵਾਲੀਆਂ ਵੱਖ-ਵੱਖ ਸਿਆਸੀ ਪਾਰਟੀਆਂ ਉਪਰ ਪੰਜਾਬ ਦੀ ਜਨਤਾ ਦਾ ਆਰਥਿਕ ਪੱਖੋਂ ਸ਼ੋਸ਼ਣ ਕਰਨ ਦਾ ਦੋਸ਼ ਲਾਉਂਦਿਆਂ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿਚ ਬੇਰੁਜ਼ਗਾਰੀ ਨੂੰ ਖਤਮ ਕਰਨ ਲਈ ਪਾਕਿਸਤਾਨ ਤੇ ਚੀਨ ਨਾਲ ਵਪਾਰ ਦੇ ਰਸਤੇ ਖੋਲ੍ਹੇ ਜਾਣ ਦੀ ਜ਼ਰੂਰਤ ਹੈ।

ਸ. ਮਾਨ ਨੇ ਕਿਹਾ ਕਿ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਜੰਮੂ-ਕਸ਼ਮੀਰ, ਲੇਹ ਤੇ ਲੱਦਾਖ ਦੇ ਖੇਤਰ ਨੂੰ ਮੈਦਾਨੇ ਜੰਗ ਬਣਨ ਤੋਂ ਰੋਕਣ ਲਈ ਹਿੰਦੋਸਤਾਨ, ਪਾਕਿਸਤਾਨ ਤੇ ਚੀਨ ਦੇ ਵਿਚਕਾਰ ਬਫਰ ਸਟੇਟ ਖਾਲਿਸਤਾਨ ਕਾਇਮ ਹੋਣਾ ਚਾਹੀਦਾ ਹੈ ਤਾਂ ਜੋਂ ਇਸ ਖਿਤੇ 'ਚ ਅਮਨ ਚੈਨ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਫਾਂਸੀ ਦੀ ਸਜ਼ਾ ਖਤਮ ਹੋਣੀ ਚਾਹੀਦੀ ਹੈ ਕਿਉਂਕਿ ਸੰਸਾਰ ਦੇ 135 ਦੇਸ਼ਾਂ ਦੀਆਂ ਹਕੂਮਤਾਂ ਨੇ ਕਾਨੂੰਨ ਪਾਸ ਕਰਕੇ ਗੈਰ ਇਨਸਾਨੀ ਤਰੀਕੇ ਨਾਲ ਦਿੱਤੀ ਜਾਣ ਵਾਲੀ ਫਾਂਸੀ ਦੀ ਸਜ਼ਾ ਖਤਮ ਕਰ ਦਿੱਤੀ ਹੈ। ਜਦੋਂ ਸੰਸਾਰ ਮਨੁੱਖੀ ਹੱਕਾਂ ਦੀ ਰਾਖੀ ਵਾਲੀ ਸੋਚ ਵੱਲ ਵਧ ਰਿਹਾ ਹੈ, ਉਸ ਸਮੇਂ ਭਾਰਤੀ ਹਕੂਮਤ ਵੱਲੋਂ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਤੇ ਮੁਸਲਿਮ ਆਗੂ ਅਫਜ਼ਲ ਗੁਰੂ ਤੇ ਬਲਵੰਤ ਸਿੰਘ ਰਾਜੋਆਣਾ ਵਰਗੇ ਆਗੂਆਂ ਨੂੰ ਫਾਂਸੀ ਦੇਣ ਲਈ ਯਤਨ ਕੀਤੇ ਜਾ ਰਹੇ ਹਨ ਜੋ ਮੰਦਭਾਗੀ ਕਾਰਵਾਈ ਹੈ। ਉਨ੍ਹਾਂ ਪਰਿਵਾਰਵਾਦ ਦੇ ਕਬਜ਼ੇ ਵਾਲੀ ਸਿਆਸਤ ਨੂੰ ਵੀ ਰੋਕਣ ਦੀ ਅਪੀਲ ਕੀਤੀ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਫਖ਼ਰ-ਏ-ਕੌਮ ਖਿਤਾਬ ਨਾਲ ਸਨਮਾਨਤ ਕਰਨ ਦੀ ਵੀ ਤਿੱਖੀ ਆਲੋਚਨਾ ਕੀਤੀ।



*ਕਾਨਫਰੰਸ ਦੌਰਾਨ ਸਟੇਜ 'ਤੇ ਬੈਠੇ ਸ. ਮਾਨ ਅਤੇ ਹੋਰ ਆਗੂ*

# ਨਾਨਕ ਪ੍ਰਕਾਸ਼ ਗੁਰੂ ਘਰ ਫਰਿਜ਼ਨੋ 'ਚ ਸ਼ਹੀਦੀ ਜੋੜ ਮੇਲੇ 'ਤੇ ਸਮਾਗਮ

**ਫਰਿਜ਼ਨੋ (ਕੁਲਵੰਤ ਉਭੀ):** ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਵਲੋਂ ਅਨੰਦਪੁਰ ਸਾਹਿਬ ਛੱਡਣ, ਪਰਿਵਾਰ ਵਿਛੋੜੇ, ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਚਮਕੌਰ ਅਤੇ ਸਰਹਿੰਦ ਵਿਚ ਸ਼ਹੀਦੀ ਅਤੇ ਅਨੇਕਾਂ ਹੋਰ ਸਿੰਘਾਂ ਦੀ ਸ਼ਹੀਦੀ



*ਕਥਾਵਾਚਕ ਭਾਈ ਬਲਜੀਤ ਸਿੰਘ*

ਦੀ ਯਾਦ ਵਿਚ ਦਸੰਬਰ ਦਾ ਪਿਛਲਾ ਪੰਦਰਵਾੜਾ ਸਿੱਖ ਪੰਥ ਵਲੋਂ ਸ਼ਹੀਦੀ ਪੰਦਰਵਾੜੇ ਵਜੋਂ ਮਨਾਇਆ ਜਾਂਦਾ ਹੈ। ਇਸੇ ਲੜੀ ਤਹਿਤ ਸਥਾਨਕ ਗੁਰਦੁਆਰਾ ਨਾਨਕ ਪ੍ਰਕਾਸ਼ ਵਿਖੇ ਸ਼ਹੀਦੀ ਸਮਾਗਮ ਪਿਛਲੇ ਐਤਵਾਰ ਮਨਾਇਆ ਗਿਆ।



*ਭਾਈ ਅਵਤਾਰ ਸਿੰਘ ਅਤੇ ਸਾਥੀ ਕੀਰਤਨ ਕਰਦੇ ਹੋਏ*

ਇਸ ਸ਼ਹੀਦੀ ਸਮਾਗਮ ਸਬੰਧੀ ਅਖੰਡ ਪਾਠ ਦਾ ਅਰੰਭ ਸ਼ੁੱਕਰਵਾਰ ਨੂੰ ਹੋਇਆ ਅਤੇ ਤਿੰਨੇ ਦਿਨ ਬਾਣੀ ਦੇ ਪਰਵਾਹ ਗੁਰੂ ਘਰ ਵਿਖੇ ਚਲੇ ਅਤੇ ਸੰਗਤਾਂ ਨੇ ਭਾਰੀ ਗਿਣਤੀ ਵਿਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਐਤਵਾਰ ਸਵੇਰ ਤੋਂ ਹੀ ਸੰਗਤਾਂ ਦੀ ਗਹਿਮਾ ਗਹਿਮੀ ਰਹੀ। ਸ਼ਹੀਦੀ ਜੋੜ ਮੇਲੇ ਸਬੰਧੀ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਮੁਖ ਸੇਵਾਦਾਰ ਭਾਈ ਅਵਤਾਰ ਸਿੰਘ ਦੇ ਕੀਰਤਨੀ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰ ਕੇ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ। ਪੰਥ ਪ੍ਰਸਿਧ ਕਥਾਵਾਚਕ ਭਾਈ ਬਲਜੀਤ ਸਿੰਘ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹੀਦੀ ਦੀ ਦਾਸਤਾਨ ਬਿਆਨ ਕਰ ਕੇ ਸੰਗਤਾਂ ਦੇ ਨੇਤਰ ਸੇਜਲ ਕਰ ਦਿਤੇ।

ਇਸੇ ਸਮਾਗਮ ਦੌਰਾਨ ਦਮਦਮੀ ਟਕਸਾਲ ਦੇ 15ਵੇਂ ਮੁਖੀ ਸੱਚ ਖੰਡ ਵਾਸੀ ਬਾਬਾ ਠਾਕੁਰ ਸਿੰਘ ਦੀ 7ਵੀਂ ਬਰਸੀ ਸਬੰਧੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਉਨ੍ਹਾਂ ਦੇ ਜੀਵਨ ਸਬੰਧੀ ਭਰਪੂਰ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ ਗਈ। ਗੁਰੂ ਕਾ ਲੰਗਰ ਅਤੁਟ ਵਰਤਿਆ।


## Matrimonials

**ਵਰ ਦੀ ਲੋੜ ਹੈ**

Jat Sikh parents seek match for their India born US citizen Engineer daughter 25, 5'-3" working in an engineering corp. Contact:sikh110@yahoo.com

Wanted Sikh Saini US/ Canadian match for Sikh Saini US citizen girl, 24, 5'-0" studying hospital/ medical billing & coding after bachelor in Bussiness Admn. Contact: singhp1@hotmail.com

Seeking a suitable Jatt Sikh US citizen match for a pretty 24, 5'-3" Dentist girl in India. Contact at skgurdeep7@gmail.com.

Wanted US/Canadian/UK/ Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

**ਕੰਨਿਆ ਦੀ ਲੋੜ ਹੈ**

ਜੱਟ ਸਿੱਖ ਗਿੱਲ, 22, 5'-9", BCA ਅਤੇ ਹੁਣ MSc (Comp. Sc.) ਕਰ ਰਹੇ ਇੰਡੀਆ ਰਹਿੰਦੇ ਸੁਨੱਖੇ ਦੁਆਬੀਏ ਲੜਕੇ ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਬਹੁਤਾ ਪਰਿਵਾਰ ਇੰਗਲੈਂਡ ਅਤੇ ਅਮਰੀਕਾ ਵਿਚ। ਸੰਪਰਕ ਕਰੋ, ਫੋਨ:818-835-6415

ਰਵਿਦਾਸੀਆ ਸਿੱਖ ਲੜਕੇ, 36, 5'-7" ਵੈਸ਼ਨੋ ਕਲੀਨਸ਼ੇਵ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਇੰਮੀਗਰਾਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-730-8029, Email: charanjitsingh916@yahoo.com

ਕੰਬੋਜ਼ ਸਿੱਖ ਐਚ ਵਨ ਵੀਜ਼ੇ 'ਤੇ ਚੰਗੀ ਨੌਕਰੀ ਕਰਦੇ ਸਾਫਟਵੇਅਰ ਇੰਜੀਨੀਅਰ, 26, 5'-10" ਲੜਕੇ ਲਈ ਅਮਰੀਕੀ ਇੰਮੀਗਰਾਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ:509-227-9354, 91-98880-16961

Wanted US/Canadian citizen girl for B.D.S. (dentist) Gursikh Khatri boy, 26, 6'-0" in India. Contact Ph. +91-98153-67728.



**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545 London $250



**MRP TRAVEL**

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Air-fare, Cruise and Travel Packages to Asia, Africa, Europe, the Middle East and North America*

408-929-8005

E-mail:mrptravel@gmail.com

2123 Port Way, San Jose, CA 95133

*CST: 2097308-40*

*Passport & Visa services also available*



*India Vacation tour package also available.*

Asiana Airlines · Emirates · KOREAN AIR · SINGAPORE AIRLINES · CATHAY PACIFIC · Lufthansa · CHINA AIRLINES

*Special promotion fare Month of June $1170. Ticket by 9 January.*



**ਰੇਡੀਓ ਚੜ੍ਹਦੀ ਕਲਾ ਸੁਣੋ**

RADIO CHARDI KALA

ਹੁਣ ਦੁਨੀਆਂ ਭਰ ਵਿਚ www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ

ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

*ਰੇਡੀਓ ਤੁਸੀਂ ਫੋਨ 832-551-5038 'ਤੇ ਵੀ ਸੁਣ ਸਕਦੇ ਹੋ*

*ਹੋਰ ਜਾਣਕਾਰੀ ਲਈ ਕਾਲ ਕਰੋ*

ਗੁਰਚਰਨ ਸਿੰਘ ਮਾਨ ਫੋਨ 510-557-0061

ਲਖਬੀਰ ਸਿੰਘ ਫੋਨ 510-760-9882

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*

**Radio CK, PO Box 296, Fremont, CA 94537**






**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

*spkaurus@yahoo.co.in - www.shopherbalife.com/skaur*



FARMERS INSURANCE GROUP Symbol of Superior Service

**FARMERS**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella

*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਅਕਾਲੀ ਦਲ ਦੀਆਂ ਸੀਟਾਂ 'ਚ ਬਾਦਲ ਪਰਿਵਾਰ ਦਾ ਦਬਦਬਾ






**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨੇ ਸਭ ਤੋਂ ਪਹਿਲਾਂ 48 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ। ਇਸ ਸੂਚੀ ਵਿਚ 24 ਮੌਜੂਦਾ ਵਿਧਾਇਕ, 9 ਸਾਬਕਾ ਵਿਧਾਇਕ, ਇਕ ਸਾਬਕਾ ਮੈਂਬਰ ਪਾਰਲੀਮੈਂਟ ਤੇ 11 ਨਵੇਂ ਚਿਹਰੇ ਸ਼ਾਮਲ ਹਨ। ਇਸ ਸੂਚੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲੰਬੀ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਵੱਡੇ ਅਹੁਦਿਆਂ 'ਤੇ ਰਹਿ ਚੁੱਕੇ ਦੋ ਸੀਨੀਅਰ ਅਫਸਰਾਂ ਦਰਬਾਰਾ ਸਿੰਘ ਗੁਰੂ ਤੇ ਪਰਮਦੀਪ ਸਿੰਘ ਗਿੱਲ ਨੂੰ ਵੀ ਕ੍ਰਮਵਾਰ ਭਦੌੜ (ਰਿਜ਼ਰਵ) ਤੇ ਮੋਗਾ ਵਿਧਾਨ ਸਭਾ ਹਲਕਿਆਂ ਤੋਂ ਟਿਕਟਾਂ ਦਿੱਤੀਆਂ ਗਈਆਂ ਹਨ। ਸੂਚੀ ਵਿਚ ਜਿੱਥੇ ਬਾਦਲ ਪਰਿਵਾਰ ਦੇ ਰਿਸ਼ਤੇਦਾਰਾਂ ਬੱਲੇ-ਬੱਲੇ ਹੈ, ਉਥੇ ਕੁਝ ਸੀਨੀਅਰ ਅਕਾਲੀ ਆਗੂਆਂ ਦੇ ਪੁੱਤਰਾਂ ਤੇ ਪਤਨੀਆਂ ਨੂੰ ਟਿਕਟਾਂ ਦੇ ਕੇ ਨਿਵਾਜਿਆ ਗਿਆ ਹੈ।

ਪਾਰਟੀ ਦੇ ਸੀਨੀਅਰ ਆਗੂਆਂ ਬਲਵਿੰਦਰ ਸਿੰਘ ਭੂੰਦੜ ਤੇ ਕੁਲਦੀਪ ਸਿੰਘ ਵਡਾਲਾ ਦੇ ਪੁੱਤਰਾਂ ਨੂੰ ਟਿਕਟ ਨਾਲ ਨਿਵਾਜਿਆ ਗਿਆ ਹੈ। ਨਕੋਦਰ ਤੋਂ ਸ. ਵਡਾਲਾ ਦੇ ਪੁੱਤਰ ਗੁਰਪ੍ਰਤਾਪ ਸਿੰਘ ਵਡਾਲਾ ਤੇ ਸਰਦੂਲਗੜ੍ਹ ਤੋਂ ਸ. ਭੂੰਦੜ ਦੇ ਪੁੱਤਰ ਬਲਰਾਜ ਸਿੰਘ ਭੂੰਦੜ ਨੂੰ ਉਮੀਦਵਾਰ ਬਣਾਇਆ ਹੈ। ਸਵਰਗੀ ਜ਼ੋਰਾ ਸਿੰਘ ਮਾਨ ਦੇ ਪੁੱਤਰ ਵਰਦੇਵ ਸਿੰਘ ਮਾਨ ਨੂੰ ਗੁਰੂ ਹਰਸਹਾਏ ਤੋਂ ਟਿਕਟ ਦਿੱਤੀ ਗਈ ਹੈ। ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪੁੱਤਰੀ ਬੀਬੀ ਕੁਲਦੀਪ ਕੌਰ ਪਟਿਆਲਾ ਦਿਹਾਤੀ ਤੋਂ ਪਾਰਟੀ ਉਮੀਦਵਾਰ ਹੋਣਗੇ। ਬਾਦਲ ਪਰਿਵਾਰ ਦੇ ਰਿਸ਼ਤੇਦਾਰਾਂ ਵਿਚੋਂ ਪੱਟੀ ਤੋਂ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਮਜੀਠਾ ਹਲਕੇ ਤੋਂ ਬਿਕਰਮ ਸਿੰਘ ਮਜੀਠੀਆ, ਮੌੜ ਤੋਂ ਜਨਮੇਜਾ ਸਿੰਘ ਸੇਖੋਂ ਤੇ ਤਲਵੰਡੀ ਸਾਬੋ ਤੋਂ ਅਮਰਜੀਤ ਸਿੰਘ ਸਿੱਧੂ ਟਿਕਟਾਂ ਮਿਲੀਆਂ ਹਨ। ਫਰੀਦਕੋਟ ਹਲਕੇ ਤੋਂ ਸ਼ਰਾਬ ਦੇ ਠੇਕੇਦਾਰ ਦੀਪ ਮਲਹੋਤਰਾ ਨੂੰ ਅਕਾਲੀ ਦਲ ਨੇ ਟਿਕਟ ਦਿੱਤੀ ਹੈ।

ਹਲਕਿਆਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਇਹ ਪਹਿਲੀਆਂ ਵਿਧਾਨ ਸਭਾ ਚੋਣਾਂ ਹਨ। ਇਸ ਲਈ ਸੀਨੀਅਰ ਆਗੂਆਂ ਦੇ ਹਲਕਿਆਂ 'ਚ ਤਬਦੀਲੀ ਕੀਤੀ ਗਈ ਹੈ। ਆਦਮਪੁਰ ਰਾਖਵਾਂ ਹੋਣ ਕਾਰਨ ਵਿਵਾਦਿਤ ਅਕਾਲੀ ਵਿਧਾਇਕ ਸਰਬਜੀਤ ਸਿੰਘ ਮੱਕੜ ਹੁਣ ਕਪੂਰਥਲਾ ਹਲਕੇ ਤੋਂ ਚੋਣ ਲੜਨਗੇ। ਰਿਜ਼ਰਵ ਤੋਂ ਜਨਰਲ ਹੋਏ ਧਰਮਕੋਟ ਤੋਂ ਹੁਣ ਸਾਬਕਾ ਮੰਤਰੀ ਤੋਤਾ ਸਿੰਘ ਕਿਸਮਤ ਅਜ਼ਮਾਉਣਗੇ। ਇਸੇ ਤਰ੍ਹਾਂ ਰਣਜੀਤ ਸਿੰਘ ਬ੍ਰਹਮਪੁਰਾ ਹਲਕਾ ਖਡੂਰ ਸਾਹਿਬ ਤੋਂ, ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਫਤਿਹਗੜ੍ਹ ਚੂੜੀਆਂ ਤੋਂ, ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਸੁਲਤਾਨਪੁਰ ਲੋਧੀ ਤੋਂ, ਸੁੱਚਾ ਸਿੰਘ ਲੰਗਾਹ ਡੇਰਾ ਬਾਬਾ ਨਾਨਕ ਤੋਂ ਪਰਮਿੰਦਰ ਸਿੰਘ ਢੀਂਡਸਾ ਸੁਨਾਮ ਤੋਂ, ਬੀਬੀ ਜਗੀਰ ਕੌਰ ਹਲਕੇ ਭੁਲੱਥ ਤੋਂ ਜਨਮੇਜਾ ਸਿੰਘ ਸੇਖੋਂ ਮੌੜ ਤੋਂ ਤੇ ਅਜੀਤ ਸਿੰਘ ਕੋਹਾੜ ਸ਼ਾਹਕੋਟ ਤੋ ਚੋਣ ਲੜਨਗੇ। ਲੁਧਿਆਣਾ ਵਿਚ ਤਹਿਸੀਲਦਾਰ ਦੀ ਕੁੱਟਮਾਰ ਦਾ ਮੁਕੱਦਮਾ ਭੁਗਤ ਰਹੇ ਯੂਥ ਅਕਾਲੀ ਆਗੂ ਸਿਮਰਜੀਤ ਸਿੰਘ ਬੈਂਸ ਦੇ ਭਰਾ ਬਲਵਿੰਦਰ ਸਿੰਘ ਬੈਂਸ ਨੂੰ ਲੁਧਿਆਣਾ ਦੱਖਣੀ ਤੋਂ ਟਿਕਟ ਦਿੱਤੀ ਗਈ ਹੈ। 1997 ਤੋਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਗੱਠਜੋੜ ਤਹਿਤ ਕ੍ਰਮਵਾਰ 94 ਤੇ 23 ਵਿਧਾਨ ਸਭਾ ਹਲਕਿਆ ਵਿਚ ਆਪੋ-ਆਪਣੇ ਉਮੀਦਵਾਰ ਖੜ੍ਹੇ ਕੀਤੇ ਜਾਂਦੇ ਹਨ।

# ਅਕਾਲੀ ਦਲ 'ਚ ਬਾਗ਼ੀ ਸੁਰਾਂ, ਬਾਦਲ ਵੱਲੋਂ ਭੱਜ-ਦੌੜ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬ) ਨੇ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਸੂਚੀ ਸਭ ਤੋਂ ਪਹਿਲਾਂ ਜਾਰੀ ਕਰਕੇ ਭਾਵੇਂ ਬਾਜ਼ੀ ਮਾਰ ਲਈ ਹੈ ਪਰ ਟਿਕਟਾਂ ਨਾ ਮਿਲਣ ਕਾਰਨ ਕਈ ਆਗੂ ਬਾਗੀ ਹੋ ਗਏ ਹਨ ਜੋ ਦਲ ਲਈ ਮੁਸੀਬਤ ਖੜ੍ਹੀ ਕਰ ਸਕਦੇ ਹਨ। ਇਨ੍ਹਾਂ ਬਾਗੀ ਸੁਰਾਂ ਨੂੰ ਮੱਠੀਆਂ ਕਰਨ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਹਿੰਮ ਆਰੰਭ ਦਿੱਤੀ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਵਿਚ ਆਪਣੀ ਸਰਕਾਰੀ ਰਿਹਾਇਸ਼ 'ਤੇ ਉਨ੍ਹਾਂ ਜ਼ਿਲ੍ਹਿਆਂ ਦੇ ਅਕਾਲੀ ਆਗੂਆਂ ਨਾਲ ਮੀਟਿੰਗਾਂ ਦਾ ਸਿਲਸਿਲਾ ਆਰੰਭ ਕੀਤਾ ਹੈ, ਜਿੱਥੇ ਪਾਰਟੀ ਨੂੰ ਉਮੀਦਵਾਰਾਂ ਦੀ ਚੋਣ ਵਿਚ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਕੜੀ ਵਿਚ ਲੰਘੇ ਦਿਨ ਉਨ੍ਹਾਂ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਸੀਨੀਅਰ ਆਗੂਆਂ ਸਪੀਕਰ ਨਿਰਮਲ ਸਿੰਘ ਕਾਹਲੋਂ, ਖੇਤੀਬਾੜੀ ਮੰਤਰੀ ਸੁੱਚਾ ਸਿੰਘ ਲੰਗਾਹ, ਸੈਨਿਕ ਭਲਾਈ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਤੇ ਦੋ ਵਿਧਾਇਕ ਗੁਰਬਚਨ ਸਿੰਘ ਬੱਬੇਹਾਲੀ ਤੇ ਲਖਬੀਰ ਸਿੰਘ ਲੋਧੀਨੰਗਲ ਨਾਲ ਮੀਟਿੰਗ ਕੀਤੀ।

ਪਾਰਟੀ ਸੂਤਰਾਂ ਮੁਤਾਬਕ ਦੋ ਦਰਜਨ ਤੋਂ ਵਧੇਰੇ ਅਜਿਹੇ ਵਿਧਾਨ ਸਭਾ ਹਲਕੇ ਹਨ ਜਿੱਥੇ ਪਾਰਟੀ ਦੇ ਸੰਭਾਵੀ ਉਮੀਦਵਾਰਾਂ ਨੂੰ ਪਾਰਟੀ ਦੇ ਅੰਦਰੋਂ ਤੇ ਬਾਹਰੋਂ ਹੁਣੇ ਤੋਂ ਹੀ ਤਕੜੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੀਟਿੰਗ ਵਿਚ ਹਾਜ਼ਰ ਸੀਨੀਅਰ ਆਗੂ ਅਨੁਸਾਰ ਮੁੱਖ ਮੰਤਰੀ ਨੇ ਗੁਰਦਾਸੁਪਰ ਜ਼ਿਲ੍ਹੇ ਦੇ ਆਗੂਆਂ ਨੂੰ ਇਕ ਦੂਜੇ ਦਾ ਵਿਰੋਧ ਕਰਨ ਦੀ ਥਾਂ ਮਿਲ ਕੇ ਚੱਲਣ ਦੀ ਨਸੀਹਤ ਦਿੱਤੀ। ਮੁੱਖ ਮੰਤਰੀ ਨੇ ਇਥੋਂ ਤੱਕ ਕਿਹਾ ਕਿ ਜੇਕਰ ਇਕ ਦੂਜੇ ਦੀਆਂ ਲੱਤਾਂ ਖਿੱਚਦੇ ਰਹੇ ਤਾਂ ਪਾਰਟੀ ਦਾ ਨੁਕਸਾਨ ਹੋਵੇਗਾ ਤੇ ਪਹਿਲਾਂ ਵਾਂਗ (ਕਾਂਗਰਸ ਰਾਜ ਦੌਰਾਨ) ਪਰਚੇ ਦਰਜ ਕਰਨ ਦਾ ਸਿਲਸਿਲਾ ਸ਼ੁਰੂ ਹੋ ਜਾਵੇਗਾ।

### ਟਿਕਟਾਂ ਨਾ ਮਿਲਣ ਵਾਲੇ ਆਗੂਆਂ ਵੱਲੋਂ ਵਿਰੋਧ

ਗੁਰਦਾਸਪੁਰ ਜ਼ਿਲ੍ਹੇ ਵਿਚ ਸ਼੍ਰੋਮਣੀ ਅਕਾਲੀ ਦਲ ਅੰਦਰੂਨੀ ਲੜਾਈ ਦਾ ਸ਼ਿਕਾਰ ਹੈ। ਉਸ ਦਾ ਵੱਡਾ ਕਾਰਨ ਇਹ ਹੈ ਕਿ ਹਲਕਿਆਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਗੁਰਦਾਸਪੁਰ ਜ਼ਿਲ੍ਹੇ ਵਿਚ ਇਕ ਵਿਧਾਨ ਸਭਾ ਹਲਕਾ ਪਹਿਲਾਂ ਨਾਲੋਂ ਘਟ ਗਿਆ ਹੈ। ਇੰਜ ਹੀ ਸੈਨਿਕ ਭਲਾਈ ਮੰਤਰੀ ਬਲਬੀਰ ਸਿੰਘ ਬਾਠ ਜਿਸ ਵਿਧਾਨ ਸਭਾ ਹਲਕੇ (ਸ੍ਰੀ ਹਰਗੋਬਿੰਦਪੁਰ) ਤੋਂ ਨੁਮਾਇੰਦਗੀ ਕਰ ਰਹੇ ਹਨ, ਉਹ ਹਲਕਾ ਰਾਖਵਾਂ ਹੋ ਗਿਆ ਹੈ। ਦਲ ਨੇ ਆਪਣੀ ਸਹਿਯੋਗੀ ਪਾਰਟੀ ਭਾਜਪਾ ਨਾਲ ਬਟਾਲਾ ਸੀਟ ਦਾ ਵਟਾਂਦਰਾ ਕਰਕੇ ਇਕ ਆਗੂ ਨੂੰ ਥਾਂ ਦੇਣ ਦਾ ਇੰਤਜ਼ਾਮ ਤਾਂ ਕਰ ਲਿਆ ਹੈ ਪਰ ਅੰਦਰੂਨੀ ਜੰਗ ਮੱਠੀ ਪੈਂਦਿਆਂ ਅਜੇ ਸਮਾਂ ਲੱਗੇਗਾ।

ਪਤਾ ਲੱਗਾ ਹੈ ਕਿ ਗੁਰਦਾਸਪੁਰ ਦੇ ਸਾਰੇ ਆਗੂਆਂ ਨੇ ਇਕੋ ਸੁਰ ਵਿਚ ਸ੍ਰੀ ਹਰਗੋਬਿੰਦਪੁਰ (ਰਾਖਵੇਂ) ਹਲਕੇ ਤੋਂ ਦੇਸ ਰਾਜ ਧੁੱਗਾ ਨੂੰ ਉਮੀਦਵਾਰ ਬਣਾਏ ਜਾਣ ਦਾ ਵਿਰੋਧ ਕੀਤਾ ਤੇ ਕਿਹਾ ਕਿ ਸ੍ਰੀ ਧੁੱਗਾ ਦੀ ਥਾਂ ਕਿਸੇ ਸਥਾਨਕ ਆਗੂ ਨੂੰ ਹੀ ਪਾਰਟੀ ਆਪਣਾ ਉਮੀਦਵਾਰ ਬਣਾਏ ਤਾਂ ਇਹ ਸੀਟ ਆਸਾਨੀ ਨਾਲ ਜਿੱਤੀ ਜਾ ਸਕਦੀ ਹੈ। ਮੁੱਖ ਮੰਤਰੀ ਨੇ ਇਸ ਬਾਰੇ ਕੋਈ ਵਾਅਦਾ ਤਾਂ ਨਹੀਂ ਕੀਤਾ ਪਰ ਨਾਲ ਹੀ ਆਗੂਆਂ ਨੂੰ ਸਪਸ਼ਟ ਕਰ ਦਿੱਤਾ ਕਿ ਟਿਕਟਾਂ ਬਾਰੇ ਫੈਸਲਾ ਪਾਰਟੀ ਦੇ ਵਡੇਰੇ ਹਿਤਾਂ ਨੂੰ ਧਿਆਨ ਵਿਚ ਰੱਖ ਕੇ ਲਿਆ ਜਾਵੇਗਾ।

ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਬਟਾਲਾ ਹਲਕੇ ਤੋਂ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਨੂੰ ਟਿਕਟ ਦਿੱਤੀ ਜਾ ਸਕਦੀ ਹੈ। ਉਂਜ, ਲਖਬੀਰ ਸਿੰਘ ਲੋਧੀਨੰਗਲ ਤੇ ਕੈਪਟਨ ਬਲਬੀਰ ਸਿੰਘ ਬਾਠ ਨੇ ਬਟਾਲਾ ਹਲਕੇ 'ਤੇ ਦਾਅਵੇਦਾਰੀ ਜਤਾਈ ਜਦੋਂਕਿ ਕਾਦੀਆਂ ਹਲਕੇ ਤੋਂ ਚੋਣ ਲੜਨ ਤੋਂ ਜ਼ਿਆਦਾਤਰ ਆਗੂ ਗੁਰੇਜ਼ ਕਰਦੇ ਜਾਪੇ। ਸਿਰਫ਼ ਕੈਪਟਨ ਬਾਠ ਨੇ ਹੀ ਇਸ ਹਲਕੇ ਤੋਂ ਚੋਣ ਲੜਨ ਦੀ ਇੱਛਾ ਪ੍ਰਗਟਾਈ। ਪਾਰਟੀ ਨੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਫਤਿਹਗੜ੍ਹ ਚੂੜੀਆਂ, ਸੁੱਚਾ ਸਿੰਘ ਲੰਗਾਹ ਨੂੰ ਡੇਰਾ ਬਾਬਾ ਨਾਨਕ ਤੇ ਸ੍ਰੀ ਬੱਬੇਹਾਲੀ ਨੂੰ ਗੁਰਦਾਸਪੁਰ ਹਲਕਿਆਂ ਤੋਂ ਟਿਕਟ ਦੇਣ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਸੂਤਰਾਂ ਅਨੁਸਾਰ ਦੋ ਦਰਜਨ ਦੇ ਕਰੀਬ ਹਲਕਿਆਂ ਵਿਚ ਸੰਭਾਵੀ ਉਮੀਦਵਾਰਾਂ ਨੂੰ ਬਾਗੀਆਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਹਲਕਿਆਂ ਵਿਚ ਮੋਗਾ, ਮਹਿਲ ਕਲਾਂ, ਬਾਬਾ ਬਕਾਲਾ, ਬਠਿੰਡਾ, ਮਾਨਸਾ, ਨਕੋਦਰ, ਆਦਮਪੁਰ, ਅਮਲੋਹ, ਸੰਗਰੂਰ ਸ਼ਾਮਲ ਹਨ।

# ਸਾਂਝੇ ਮੋਰਚੇ ਵੱਲੋਂ 41 ਉਮੀਦਵਾਰਾਂ ਨੂੰ ਹਰੀ ਝੰਡੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਚੋਣਾਂ ਲਈ ਸਾਂਝੇ ਮੋਰਚੇ ਨੇ 41 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਵਿਚ 17 ਪੀਪਲਜ਼ ਪਾਰਟੀ ਆਫ਼ ਪੰਜਾਬ ਤੇ 24 ਖੱਬੇ ਪੱਖੀ ਪਾਰਟੀਆਂ ਦੇ ਉਮੀਦਵਾਰ ਸ਼ਾਮਲ ਹਨ। ਗੱਠਜੋੜ ਵਿਚ 117 ਸੀਟਾਂ ਵਿਚੋਂ ਸਿਰਫ ਦੋ ਬਠਿੰਡਾ ਦਿਹਾਤੀ ਤੇ ਤਰਨਤਾਰਨ ਲਈ ਸਹਿਮਤੀ ਹੋਣੀ ਬਾਕੀ ਰਹਿ ਗਈ ਹੈ।



ਹਾਸਲ ਜਾਣਕਾਰੀ ਮੁਤਾਬਕ ਸਾਂਝਾ ਮੋਰਚਾ ਵੱਲੋਂ ਉਮੀਦਵਾਰਾਂ ਦਾ ਜਨਤਕ ਤੌਰ 'ਤੇ ਐਲਾਨ 30 ਜਨਵਰੀ ਦੀ ਮੀਟਿੰਗ ਪਿੱਛੋਂ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਪੀਪਲਜ਼ ਪਾਰਟੀ ਤੇ ਅਕਾਲੀ ਦਲ ਲੌਂਗੋਵਾਲ ਵਿਚ ਵੀ ਸੀਟਾਂ ਦੀ ਵੰਡ ਨੂੰ ਅੰਤਿਮ ਛੋਹ ਦਿੱਤੀ ਜਾਵੇਗੀ। ਦਲ ਨੂੰ ਪੀਪਲਜ਼ ਪਾਰਟੀ ਦੇ ਕੋਟੇ ਵਿਚੋਂ ਹੀ ਸੀਟਾਂ ਦਿੱਤੀਆਂ ਜਾਣਗੀਆਂ ਜਦੋਂਕਿ ਖੱਬੇ ਪੱਖੀਆਂ ਨੂੰ ਪਹਿਲਾਂ ਹੀ 34 ਸੀਟਾਂ ਛੱਡੀਆਂ ਜਾ ਚੁੱਕੀਆਂ ਹਨ।

ਪੀਪਲਜ਼ ਪਾਰਟੀ ਵੱਲੋਂ ਜਿਹੜੇ ਉਮੀਦਵਾਰਾਂ ਨੂੰ ਹਾਲ ਦੀ ਘੜੀ ਹਰੀ ਝੰਡੀ ਦਿੱਤੀ ਗਈ ਹੈ। ਉਨ੍ਹਾਂ ਵਿਚ ਦਲ ਦਾ ਗਗਨਜੀਤ ਬਰਨਾਲਾ ਵੀ ਸ਼ਾਮਲ ਹੈ।ਖੱਬੇ ਪੱਖੀ ਪਾਰਟੀਆਂ ਵਿਚੋਂ ਸੀ.ਪੀ.ਆਈ. ਦੇ 14 ਤੇ ਸੀ.ਪੀ.ਐਮ. ਦੇ 10 ਉਮੀਦਵਾਰਾਂ ਨੂੰ ਚੋਣ ਲੜਣ ਲਈ ਤਿਆਰੀ ਦਾ ਇਸ਼ਾਰਾ ਕਰ ਦਿੱਤਾ ਗਿਆ ਹੈ। ਪੀਪਲਜ਼ ਪਾਰਟੀ ਵੱਲੋਂ ਗੁਰਦਾਸ ਸਿੰਘ ਬਾਦਲ ਨੂੰ ਹਲਕਾ ਲੰਬੀ ਤੋਂ, ਮਨਪ੍ਰੀਤ ਸਿੰਘ ਬਾਦਲ ਨੂੰ ਗਿੱਦੜਬਾਹਾ ਤੋਂ, ਰਘਵੀਰ ਸਿੰਘ ਨੂੰ ਕਪੂਰਥਲਾ ਤੋਂ, ਹਰਨੇਕ ਸਿੰਘ ਘੜੂੰਆਂ ਨੂੰ ਖਰੜ ਤੋਂ, ਗਗਨਜੀਤ ਸਿੰਘ ਬਰਨਾਲਾ ਨੂੰ ਧੂਰੀ ਤੋਂ, ਗੁਰਪ੍ਰੀਤ ਸਿੰਘ ਭੱਟੀ ਨੂੰ ਖੰਨਾ ਤੋਂ, ਰਣਜੀਤ ਕੌਰ ਭੱਟੀ ਨੂੰ ਬੁਢਲਾਡਾ ਤੋਂ, ਕੁਲਦੀਪ ਸਿੰਘ ਧਰਮਕੋਟ ਤੋਂ, ਅਮਰਦੀਪ ਸਿੰਘ ਬਰਾੜ ਰੋਪੜ ਤੋਂ, ਅਰੁਣਜੀਤ ਸਿੰਘ ਸੋਢੀ ਮੁਹਾਲੀ ਤੋਂ ਸੁਖਦੀਪ ਸਿੰਘ ਭਿੰਡਰ ਬਠਿੰਡਾ ਤੋਂ, ਅਭੈ ਸਿੰਘ ਸੰਧੂ ਨੂੰ ਨਵਾਂ ਸ਼ਹਿਰ ਤੋਂ, ਦਲਜੀਤ ਸਿੰਘ ਸਦਰਪੁਰਾ ਦਾਖ਼ਾ ਤੋਂ, ਸੁਖਪਾਲ ਸਿੰਘ ਭੁੱਲਰ ਮੌੜ ਤੋਂ, ਰਵਿੰਦਰ ਸਿੰਘ ਧਾਲੀਵਾਲ ਮੋਗਾ ਤੋਂ, ਨਵਜੋਤ ਸਿੰਘ ਦਾਹੀਆ ਸ਼ਾਹਕੋਟ ਤੋਂ ਤੇ ਸੱਤਪਾਲ ਨੂੰ ਆਦਮਪੁਰ ਤੋਂ ਹਰੀ ਝੰਡੀ ਦੇ ਦਿੱਤੀ ਗਈ ਹੈ।

ਖੱਬੇ ਪੱਖੀ ਪਾਰਟੀਆਂ ਵੱਲੋ ਹਰਦੇਵ ਅਰਸ਼ੀ ਨੂੰ ਮਾਨਸਾ ਤੋਂ, ਬਲਵਿੰਦਰ ਸਿੰਘ ਦੁਧਾਲਾ ਨੂੰ ਮਜੀਠਾ ਤੋਂ, ਹੰਸ ਰਾਜ ਗੋਲਡਨ ਨੂੰ ਜਲਾਲਾਬਾਦ ਤੋਂ, ਚਰਨਜੀਤ ਸ਼ੰਘੂਰਾਏ ਨੂੰ ਗੁਰੂ ਹਰ ਸਹਾਏ ਤੋਂ, ਜਗਰੂਪ ਸਿੰਘ ਨੂੰ ਮੁਕਤਸਰ ਤੋਂ, ਸਤਵੰਤ ਸਿੰਘ ਖੰਡੇਵਾਲ ਨੂੰ ਲਹਿਰਾਗਾਗਾ ਤੋਂ, ਰਘੂਨਾਥ ਗੜ੍ਹਸ਼ੰਕਰ ਤੋਂ ਤੇ ਕੋਟਕਪੂਰਾ ਤੋਂ ਪਵਨਪ੍ਰੀਤ ਇਸ਼ਾਰਾ ਹੋ ਚੁੱਕਾ ਹੈ। ਮਨਪ੍ਰੀਤ ਬਾਦਲ ਦੇ ਪਿਤਾ ਗੁਰਦਾਸ ਸਿੰਘ ਬਾਦਲ ਆਪਣੇ ਭਰਾ ਤੇ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਹਲਕਾ ਲੰਬੀ ਤੋਂ ਚੋਣ ਲੜਣਗੇ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਪਹਿਲਾਂ ਹੀ ਪ੍ਰਕਾਸ਼ ਸਿੰਘ ਬਾਦਲ ਨੂੰ ਲੰਬੀ ਤੋਂ ਉਮੀਦਵਾਰ ਬਣਾਇਆ ਜਾ ਚੁੱਕਾ ਹੈ। ਸਾਂਝਾ ਮੋਰਚਾ ਵੱਲੋਂ ਅਕਾਲੀ ਦਲ ਤੇ ਕਾਂਗਰਸ 'ਚ ਚਿੱਬ ਪਾਉਣ ਲਈ ਬਹੁਜਨ ਸਮਾਜ ਪਾਰਟੀ ਨਾਲ ਚੋਣ ਸਮਝੌਤਾ ਕਰਨ ਦੇ ਵੀ ਯਤਨ ਕੀਤੇ ਗਏ ਹਨ ਪਰ ਬਸਪਾ ਨੇ ਕੋਈ ਦਿਲਚਸਪੀ ਨਹੀਂ ਦਿਖਾਈ। ਪੀਪਲਜ਼ ਪਾਰਟੀ ਤੇ ਅਕਾਲੀ ਦਲ ਲੌਂਗੋਵਾਲ ਇਕ ਚੋਣ ਨਿਸ਼ਾਨ 'ਤੇ ਚੋਣ ਲੜਣਗੇ ਜਦੋਂ ਕਿ ਸੀ.ਪੀ.ਆਈ., ਦਾਤੀ ਸਿੱਟਾ ਤੇ ਸੀ.ਪੀ.ਐਮ. ਦਾਤੀ, ਹਥੌੜਾ ਤੇ ਤਾਰਾ 'ਤੇ ਚੋਣ ਲੜੇਗੀ। ਸੀ.ਪੀ.ਆਈ. ਦੀ ਕੇਂਦਰੀ ਕਮੇਟੀ ਦੇ ਮੈਂਬਰ ਡਾਕਟਰ ਜੁਗਿੰਦਰ ਦਿਆਲ ਨੇ ਕਿਹਾ ਹੈ ਕਿ ਸਾਂਝੇ ਮੋਰਚੇ ਵਿਚ ਸ਼ਾਮਲ ਤਿੰਨ ਪਾਰਟੀਆਂ ਰਲ ਕੇ ਚੋਣ ਲੜਣਗੀਆਂ ਜਿਸ ਲਈ ਹਲਕਾ ਪੱਧਰ 'ਤੇ ਸਾਂਝੀਆਂ ਐਕਸ਼ਨ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ।

## ਅਕਾਲੀ ਉਮੀਦਵਾਰਾਂ ਦੀ ਸੂਚੀ

ਲੰਬੀ: ਪ੍ਰਕਾਸ਼ ਸਿੰਘ ਬਾਦਲ
ਗੁਰਦਾਸਪੁਰ: ਗੁਰਬਚਨ ਸਿੰਘ ਬੱਬੇਹਾਲੀ
ਫਤਿਹਗੜ੍ਹ ਚੂੜੀਆਂ: ਨਿਰਮਲ ਸਿੰਘ ਕਾਹਲੋਂ
ਡੇਰਾ ਬਾਬਾ ਨਾਨਕ: ਸੁੱਚਾ ਸਿੰਘ ਲੰਗਾਹ
ਅਜਨਾਲਾ: ਅਮਰਪਾਲ ਸਿਘ ਬੋਨੀ ਅਜਨਾਲਾ
ਰਾਜਾਸਾਂਸੀ: ਵੀਰ ਸਿੰਘ ਲੋਪੋਕੇ
ਮਜੀਠਾ: ਬਿਕਰਮ ਸਿੰਘ ਮਜੀਠੀਆ
ਅੰਮ੍ਰਿਤਸਰ ਦੱਖਣੀ:ਇੰਦਰਬੀਰ ਸਿੰਘ ਬੁਲਾਰੀਆ
ਅਟਾਰੀ ਐਸ.ਸੀ.: ਗੁਲਜਾਰ ਸਿੰਘ ਰਣੀਕੇ
ਖੇਮਕਰਨ: ਵਿਰਸਾ ਸਿੰਘ ਵਲਟੋਹਾ
ਪੱਟੀ: ਆਦੇਸ਼ਪ੍ਰਤਾਪ ਸਿੰਘ ਕੈਰੋਂ
ਖਡੂਰ ਸਾਹਿਬ: ਰਣਜੀਤ ਸਿੰਘ ਬ੍ਰਹਮਪੁਰਾ
ਭੁਲੱਥ: ਬੀਬੀ ਜਗੀਰ ਕੌਰ
ਕਪੂਰਥਲਾ: ਸਰਬਜੀਤ ਸਿੰਘ ਮੱਕੜ
ਸੁਲਤਾਨਪੁਰ ਲੋਧੀ: ਡਾ. ਉਪਿੰਦਰਜੀਤ ਕੌਰ
ਨਕੋਦਰ: ਗੁਰਪ੍ਰਤਾਪ ਸਿੰਘ ਵਡਾਲਾ
ਸ਼ਾਹਕੋਟ: ਅਜੀਤ ਸਿੰਘ ਕੋਹਾੜ
ਸ਼ਾਮਚੁਰਾਸੀ ਐਸ.ਸੀ.:ਬੀਬੀ ਮਹਿੰਦਰ ਕੌਰ ਜੋਸ਼
ਚੱਬੇਵਾਲ ਐਸ.ਸੀ.: ਸੋਹਣ ਸਿੰਘ ਠੰਡਲ
ਬਲਾਚੌਰ: ਚੌਧਰੀ ਨੰਦ ਲਾਲ
ਸਾਹਨੇਵਾਲ: ਸ਼ਰਨਜੀਤ ਸਿੰਘ ਢਿੱਲੋਂ
ਲੁਧਿਆਣਾ ਦੱਖਣੀ: ਬਲਵਿੰਦਰ ਸਿੰਘ ਬੈਂਸ
ਆਤਮ ਨਗਰ: ਹੀਰਾ ਸਿੰਘ ਗਾਬੜੀਆ
ਗਿੱਲ ਐਸ.ਸੀ.: ਦਰਸ਼ਨ ਸਿੰਘ ਸ਼ਿਵਾਲਿਕ
ਦਾਖਾ: ਮਨਪ੍ਰੀਤ ਸਿੰਘ ਇਯਾਲੀ
ਮੋਗਾ: ਪਰਮਦੀਪ ਸਿੰਘ ਗਿੱਲ
ਗੁਰੂ ਹਰਸਹਾਏ: ਵਰਦੇਵ ਸਿੰਘ ਮਾਨ
ਕੋਟਕਪੂਰਾ: ਮਨਤਾਰ ਸਿੰਘ ਬਰਾੜ
ਰਾਮਪੁਰਾ ਫੂਲ: ਸਿਕੰਦਰ ਸਿੰਘ ਮਲੂਕਾ
ਸਰਦੂਲਗੜ੍ਹ: ਦਿਲਰਾਜ ਸਿੰਘ ਭੂੰਦੜ
ਬਠਿੰਡਾ ਸ਼ਹਿਰੀ: ਸਰੂਪ ਚੰਦ ਸਿੰਗਲਾ
ਤਲਵੰਡੀ ਸਾਬੋ: ਅਮਰਜੀਤ ਸਿੰਘ ਸਿੱਧੂ
ਸੁਨਾਮ: ਪਰਮਿੰਦਰ ਸਿੰਘ ਢੀਂਡਸਾ
ਭਦੌੜ ਐਸ ਸੀ: ਦਰਬਾਰਾ ਸਿੰਘ ਗੁਰੂ
ਬਰਨਾਲਾ: ਮਲਕੀਤ ਸਿੰਘ ਕੀਤੂ
ਪਟਿਆਲਾ ਦਿਹਾਤੀ: ਬੀਬੀ ਕੁਲਦੀਪ ਕੌਰ ਟੌਹੜਾ
ਘਨੌਰ: ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰ
ਸਨੌਰ: ਤਜਿੰਦਰਪਾਲ ਸਿੰਘ ਸੰਧੂ
ਸਮਾਣਾ: ਸੁਰਜੀਤ ਸਿੰਘ ਰੱਖੜਾ
ਮੌੜ: ਜਨਮੇਜਾ ਸਿੰਘ ਸੇਖੋਂ
ਜ਼ੀਰਾ: ਹਰੀ ਸਿੰਘ ਜ਼ੀਰਾ
ਧਰਮਕੋਟ: ਜਥੇਦਾਰ ਤੋਤਾ ਸਿੰਘ
ਖਰੜ: ਜਥੇਦਾਰ ਉਜਾਗਰ ਸਿੰਘ ਬਡਾਲੀ
ਮਲੋਟ: ਹਰਪ੍ਰੀਤ ਸਿੰਘ
ਫਰੀਦਕੋਟ: ਦੀਪ ਮਲਹੋਤਰਾ
ਸ਼ੁਤਰਾਣਾ: ਬੀਬੀ ਵਨਿੰਦਰ ਕੌਰ ਲੂੰਬਾ
ਜਗਰਾਉਂ: ਸ਼ਿਵ ਰਾਮ ਕਲੇਰ
ਜੈਤੋ ਐਸ.ਸੀ.: ਗੁਰਦੇਵ ਸਿੰਘ ਬਾਦਲ
ਅਕਾਲੀ ਦਲ ਦੀ ਦੂਜੀ ਸੂਚੀ
ਜਲਾਲਾਬਾਦ: ਸੁਖਬੀਰ ਸਿੰਘ ਬਾਦਲ
ਗੜ੍ਹਸ਼ੰਕਰ: ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ
ਮੁਹਾਲੀ: ਬਲਵੰਤ ਸਿੰਘ ਰਾਮੂਵਾਲੀਆ
ਖੰਨਾ: ਰਣਜੀਤ ਸਿੰਘ ਤਲਵੰਡੀ
ਪਾਇਲ (ਰਾਖਵਾਂ):ਚਰਨਜੀਤ ਸਿੰਘ ਅਟਵਾਲ
ਰਾਏਕੋਟ (ਰਾਖਵਾਂ):ਬਿਕਰਮਜੀਤ ਸਿੰਘ ਖਾਲਸਾ
ਨਿਹਾਲ ਸਿੰਘ ਵਾਲਾ (ਰਾਖਵਾਂ):ਰਜਵਿੰਦਰ ਕੌਰ
ਬੱਲੂਆਣਾ (ਰਾਖਵਾਂ):ਗੁਰਤੇਜ ਸਿੰਘ ਘੁਡਿਆਣਾ
ਦਿੜ੍ਹਬਾ (ਰਾਖਵਾਂ):ਸੰਤ ਬਲਬੀਰ ਸਿੰਘ ਘੁੰਨਸ
ਮਹਿਲ ਕਲਾਂ (ਰਾਖਵਾਂ):ਗੋਬਿੰਦ ਸਿੰਘ ਕਾਂਝਲਾ
ਆਦਮਪੁਰ (ਰਾਖਵਾਂ):ਪਵਨ ਕੁਮਾਰ ਟੀਨੂੰ
ਚਮਕੌਰ ਸਾਹਿਬ (ਰਾਖਵਾਂ):ਜਗਮੀਤ ਕੌਰ ਸੰਧੂ
ਭੁੱਚੋ ਮੰਡੀ (ਰਾਖਵਾਂ):ਪ੍ਰੀਤਮ ਸਿੰਘ ਕੋਟਭਾਈ
ਅਮਰਗੜ੍ਹ: ਇਕਬਾਲ ਸਿੰਘ ਝੂੰਦਾਂ
ਧੂਰੀ: ਗੋਬਿੰਦ ਸਿੰਘ ਲੌਂਗੋਵਾਲ

## ਨਿਊ ਯਾਰਕ 'ਚ ਰਾਜ ਕਪੂਰ ਦੀਆਂ ਫਿਲਮਾਂ ਦਾ ਮੇਲਾ 6 ਤੋਂ

**ਨਿਊ ਯਾਰਕ:** ਇਥੇ ਮਿਊਜ਼ੀਅਮ ਆਫ ਮਾਡਰਨ ਆਰਟ ਵਿਖੇ 6 ਤੋਂ 16 ਜਨਵਰੀ ਤਕ 'ਰਾਜ ਕਪੂਰ ਐਂਡ ਗੋਲਡਨ ਏਜ ਆਫ ਇੰਡੀਆ ਸਿਨੇਮਾ' ਸਿਰਲੇਖ ਹੇਠ ਪ੍ਰਦਰਸ਼ਨੀ ਲਾਈ ਜਾ ਰਹੀ ਹੈ ਜਿਸ 'ਚ 'ਆਵਾਰਾ' ਤੇ 'ਬੌਬੀ' ਸਣੇ ਰਾਜ ਕਪੂਰ ਦੀਆਂ ਅੱਠ ਫਿਲਮਾਂ ਵਿਖਾਈਆਂ ਜਾਣਗੀਆਂ।

ਪ੍ਰਬੰਧਕਾਂ ਨੇ ਦੱਸਿਆ ਕਿ ਪ੍ਰਦਰਸ਼ਨੀ ਦੀ ਸ਼ੁਰੂਆਤ ਰਾਜ ਕਪੂਰ ਦੀ ਫਿਲਮ 'ਆਵਾਰਾ' ਨਾਲ ਹੋਵੇਗੀ ਤੇ ਇਸ ਤੋਂ ਬਾਅਦ 'ਬਰਸਾਤ', 'ਬੂਟ ਪਾਲਿਸ਼', 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ', 'ਸ੍ਰੀ 420', 'ਮੇਰਾ ਨਾਮ ਜੋਕਰ' ਤੇ 'ਬੌਬੀ' ਫਿਲਮਾਂ ਵਿਖਾਈਆਂ ਜਾਣਗੀਆਂ।

# ਭਾਈ ਖੁਸ਼ਮਿੰਦਰ ਸਿੰਘ ਦਾ ਦਿਹਾਂਤ

**ਫਰੀਮਾਂਟ (ਬਿਊਰੋ):** ਸ. ਖੁਸ਼ਮਿੰਦਰ ਸਿੰਘ, ਜੋ ਕਿ ਪਿਛਲੇ ਕਈ ਸਾਲਾਂ ਤੋਂ ਫਰੀਮਾਂਟ, ਸੈਨ ਹੋਜ਼ੇ ਅਤੇ ਹੋਰ ਗੁਰੂ ਘਰਾਂ ਵਿਚ ਗੁਰਬਾਣੀ ਦੀਆਂ ਸੀਡੀਆਂ ਦੀ ਮੁਫਤ ਸੇਵਾ ਕਰਦੇ ਸਨ, ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ। ਉਹ 58 ਸਾਲਾਂ ਦੇ ਸਨ ਅਤੇ ਪਿਛਲੇ ਕੁਝ ਮਹੀਨਿਆਂ ਤੋਂ ਬਿਮਾਰ ਸਨ। ਉਨ੍ਹਾਂ ਦਾ ਸਸਕਾਰ ਸਨਿਚਰਵਾਰ 31 ਦਸੰਬਰ ਨੂੰ ਹੇਵਰਡ ਦੇ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਵਿਚ ਬਾਅਦ ਦੁਪਹਿਰ 1 ਤੋਂ 3 ਵਜੇ ਤਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਫਰੀਮਾਂਟ ਵਿਖੇ ਬਾਅਦ ਦੁਪਹਿਰ 3.30 ਤੋਂ 5 ਵਜੇ ਤਕ ਹੋਵੇਗੀ।



ਸ. ਖੁਸ਼ਮਿੰਦਰ ਸਿੰਘ ਦੇ ਘਰ ਦੀ ਆਰਥਿਕ ਹਾਲਤ ਅੱਛੀ ਨਹੀਂ ਸੀ ਜਿਸ ਨੂੰ ਮੱਦੇਨਜ਼ਰ ਰੱਖਦਿਆਂ ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੇ ਉਨ੍ਹਾਂ ਦੀਆਂ ਅੰਤਿਮ ਰਸਮਾਂ ਦਾ ਖਰਚਾ ਆਪਣੇ ਸਿਰ ਲਿਆ। ਪਿਛਲੇ ਐਤਵਾਰ ਇਸ ਕਾਰਜ ਲਈ ਫੰਡ ਰੇਜ਼ਿੰਗ ਹੋਇਆ। ਸੁਪਰੀਮ ਕੌਂਸਲ ਮੈਂਬਰ ਭਾਈ ਹਰਜੋਤ ਸਿੰਘ ਖਾਲਸਾ ਨੇ ਭਾਈ ਜਸਵਿੰਦਰ ਸਿੰਘ ਜੰਡੀ ਦਾ ਧੰਨਵਾਦ ਕੀਤਾ ਜਿਨ੍ਹਾਂ ਸਦਕਾ ਫਿਊਨਰਲ ਦਾ ਖਰਚਾ ਘਟਾ ਕੇ 1500 ਡਾਲਰ ਕੀਤਾ ਜਾ ਸਕਿਆ। ਗੁਰੂਘਰ ਫਰੀਮਾਂਟ ਦੀਆਂ ਸੰਗਤਾਂ ਨੇ 8500 ਡਾਲਰ ਮਾਇਆ ਇਕੱਤਰ ਕੀਤੀ। ਸਸਕਾਰ ਦਾ ਖਰਚਾ ਚੈਪਲ ਆਫ ਚਾਈਮਜ਼ ਨੂੰ ਦੇਣ ਤੋਂ ਬਾਅਦ ਬਾਕੀ ਮਾਇਆ ਖੁਸ਼ਮਿੰਦਰ ਸਿੰਘ ਦੇ ਪਰਿਵਾਰ ਨੂੰ ਦੇ ਦਿੱਤੀ ਗਈ ਹੈ। ਭਾਈ ਖੁਸ਼ਮਿੰਦਰ ਸਿੰਘ ਆਪਣੇ ਪਿੱਛੇ ਧਰਮ ਪਤਨੀ ਦਲਜੀਤ ਕੌਰ, ਦੋ ਪੁੱਤਰ-ਸੰਦੀਪ ਸਿੰਘ ਅਤੇ ਮਨਦੀਪ ਸਿੰਘ ਛੱਡ ਗਏ ਹਨ। ਉਹ ਪਿਛੋਂ ਪਿੰਡ ਸ਼ੇਰਮਾਨੀ ਕੋਟ ਜ਼ਿਲ੍ਹਾ ਸੰਗਰੂਰ ਤੋਂ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਫੋਨ 408-274-2764 ਜਾਂ ਸਾਹਿਬ ਸਿੰਘ ਫੋਨ 408-221-2511 ਰਾਹੀਂ ਕੀਤਾ ਜਾ ਸਕਦਾ ਹੈ।

# ਧਰਮ ਸਿੰਘ ਗੋਰਾਇਆ ਦੀ ਪੁਸਤਕ 'ਬੁਲੰਦ ਹਵੇਲੀ' ਰਿਲੀਜ਼

**ਗੁਰਦਾਸਪੁਰ (ਬਿਊਰੋ):** ਪਰਵਾਸੀ ਪੰਜਾਬੀ ਲੇਖਕ ਸ. ਧਰਮ ਸਿੰਘ ਗੋਰਾਇਆ ਦੀ ਲਿਖੀ ਅਤੇ ਹੁਣੇ ਹੁਣੇ ਪ੍ਰਕਾਸ਼ਿਤ ਹੋਈ ਪੁਸਤਕ "ਬੁਲੰਦ ਹਵੇਲੀ" ਜ਼ਿਲ੍ਹਾ ਸਾਹਿਤ ਕੇਂਦਰ, ਗੁਰਦਾਸਪੁਰ ਵਲੋਂ ਪਿਛਲੇ ਦਿਨੀਂ ਇਥੇ ਕਰਵਾਏ ਗਏ ਇਕ ਸਮਾਗਮ ਵਿਚ ਲੋਕ ਅਰਪਿਤ ਕੀਤੀ ਗਈ। ਸ. ਗੋਰਾਇਆ ਅਮਰੀਕਾ ਦੀ ਸਟੇਟ ਮੈਰੀਲੈਂਡ ਵਿਚ ਵਸਦੇ ਹਨ ਅਤੇ ਮੂਲ ਰੂਪ ਵਿਚ ਉਹ ਜ਼ਿਲ੍ਹਾ ਗੁਰਦਾਸਪੁਰ ਦੇ ਹੀ ਵਾਸੀ ਹਨ।

ਜ਼ਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਸ. ਕਿਰਪਾਲ ਸਿੰਘ ਯੋਗੀ ਦੇ ਘਰ ਸ. ਗਿਆਨ ਸਿੰਘ ਸ਼ਾਹੀ ਦੀ ਪ੍ਰਧਾਨਗੀ ਹੇਠ ਹੋਈ ਇਸ ਇਕੱਤਰਤਾ ਵਿਚ ਪੁਸਤਕ ਦੇ ਲੋਕ-ਅਰਪਣ ਸਮਾਗਮ ਤੋਂ ਬਾਅਦ ਬੋਲਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ. ਸੁਲੱਖਣ ਸਿੰਘ ਸਰਹੱਦੀ ਨੇ ਕਿਹਾ ਕਿ ਇਹ ਪੁਸਤਕ ਰਾਵੀ ਦੇ ਕੰਢੇ ਵੱਸੇ ਪਿੰਡਾਂ ਦੇ ਇਤਿਹਾਸ ਉਪਰ ਚਾਨਣਾ ਪਾਉਂਦੀ ਹੈ, ਉਥੇ ਪੰਜਾਬ, ਭਾਰਤ ਅਤੇ ਵਿਸ਼ਵ ਦੇ ਸਿਆਸੀ ਤੇ ਆਰਥਿਕ ਆਧਾਰਾਂ ਦੀ ਗੱਲ ਵੀ ਕਰਦੀ ਹੈ। ਪੁਸਤਕ ਪੰਜਾਬ ਦੇ ਪਿਛਲੇ ਸੌ ਸਾਲਾਂ ਦੀ ਚਸ਼ਮਦੀਦ ਗਵਾਹ ਬਣ ਕੇ ਸਾਹਮਣੇ ਆਉਂਦੀ ਹੈ। ਇਸ ਵਿਚ ਇਸ ਸਮੇਂ ਦੌਰਾਨ ਵਾਪਰੀਆਂ ਮੁਖ ਘਟਨਾਵਾਂ ਦਾ ਬਹੁਤ ਬਾਰੀਕੀ ਨਾਲ ਚਿਤਰਣ ਕੀਤਾ ਗਿਆ ਹੈ।




ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੰਯੋਜਕ ਮੱਖਣ ਸਿੰਘ ਕੋਹਾੜ, ਮੰਗਤ ਚੰਚਲ, ਮੋਹਣ ਸਿੰਘ, ਬਲਦੇਵ ਬੁੱਟਰ, ਸੁਭਾਸ਼ ਦੀਵਾਨਾ, ਐਡਵੋਕੇਟ ਸੁਖਵਿੰਦਰ ਕਾਹਲੋਂ, ਸੁੱਚਾ ਸਿੰਘ ਰੰਧਾਵਾ, ਸੁਖਵਿੰਦਰ ਰੰਧਾਵਾ, ਕਾਮਰੇਡ ਜਗਜੀਤ ਸਿੰਘ ਅਤੇ ਸੋਹਣ ਸਿੰਘ ਹਾਜ਼ਰ ਸਨ।

## ਅਟਾਰਨੀ ਜਸਪ੍ਰੀਤ ਸਿੰਘ ਨੇ 2 ਹੋਰਾਂ ਨੂੰ ਰਾਜਸੀ ਸ਼ਰਨ ਦੁਆਈ

**ਸੈਕਰਾਮੈਂਟੋ (ਬਿਊਰੋ):** ਇਮੀਗ੍ਰੇਸ਼ਨ ਵਕੀਲ ਸ ਜਸਪ੍ਰੀਤ ਸਿੰਘ ਨੇ ਦੋ ਹੋਰ ਵਿਅਕਤੀਆਂ ਨੂੰ ਰਾਜਸੀ ਸ਼ਰਨ ਅਤੇ ਤਿੰਨ ਵਿਅਕਤੀਆਂ ਨੂੰ ਸਿਟੀਜ਼ਨਸ਼ਿਪ ਦੁਆਈ ਹੈ। ਰਾਜਸੀ ਸ਼ਰਨ ਹਰਪ੍ਰੀਤ ਸਿੰਘ ਨੂੰ ਸੈਨ ਫਰਾਂਸਿਸਕੋ ਅਤੇ ਜਗਮਨਪ੍ਰੀਤ ਸਿੰਘ ਨੂੰ ਨਿਊ ਯਾਰਕ ਵਿਚ ਦੁਆਈ ਗਈ ਹੈ ਜਦੋਂਕਿ ਜਸਵੰਤ ਸਿੰਘ ਬਰਾੜ ਨੂੰ ਫਰਿਜ਼ਨੋ, ਜਸਵਿੰਦਰ ਸਿੰਘ ਨੂੰ ਸੈਨ ਫਰਾਂਸਿਸਕੋ ਅਤੇ ਮਨਜੀਤ ਕੌਰ ਨੂੰ ਸੈਕਰਾਮੈਂਟੋ ਵਿਚ ਸਿਟੀਜ਼ਨਸ਼ਿਪ ਮਿਲੀ ਹੈ।

ਅਟਾਰਨੀ ਜਸਪ੍ਰੀਤ ਸਿੰਘ ਅਨੁਸਾਰ ਹਰਪ੍ਰੀਤ ਸਿੰਘ ਅਤੇ ਜਗਮਨਪ੍ਰੀਤ ਸਿੰਘ ਦੇ ਕੇਸ ਬਹੁਤ ਹੀ ਗੁੰਝਲਦਾਰ ਸਨ। ਸਿਟੀਜ਼ਨਸ਼ਿਪ ਦੇ ਕੇਸਾਂ ਸਬੰਧੀ ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨਾਂ ਨੂੰ ਹੀ ਅੰਗਰੇਜ਼ੀ ਦੀ ਲੋੜੀਂਦੀ ਜਾਣਕਾਰੀ ਨਹੀਂ ਸੀ ਜਿਸ ਕਾਰਨ ਉਨ੍ਹਾਂ ਦੇ ਕੇਸਾਂ ਨੂੰ ਬਹੁਤ ਹੀ ਤਕਨੀਕੀ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਉਨ੍ਹਾਂ ਨੂੰ ਸਫਲਤਾ ਮਿਲੀ ਹੈ। ਉਨ੍ਹਾਂ ਦੇ ਫਰੀਮਾਂਟ, ਫਰਿਜ਼ਨੋ, ਸੈਕਰਾਮੈਂਟੋ ਅਤੇ ਨਿਊ ਯਾਰਕ ਵਿਚ ਦਫਤਰ ਹਨ।



ਧਰਮ ਭਾਅ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$5 'ਚ 1000 ਮਿੰਟ 16.5 ਘੰਟੇ

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

24/7 Custmore Service Available

ਟੌਲ ਫਰੀ ਨੰਬਰ 1-888-652-6268

732-983-4332/4333

# ਔਰਤ ਦੇ ਪੇਟ 'ਚੋਂ 25 ਸਾਲ ਪਿਛੋਂ ਪੈਨ ਕੱਢਿਆ

ਲੰਡਨ: ਇਕ ਔਰਤ ਵੱਲੋਂ 25 ਸਾਲ ਪਹਿਲਾਂ ਨਿਗਲਿਆ ਪੈੱਨ ਜਦ ਉਸ ਦੇ ਪੇਟ ਵਿਚੋਂ ਕੱਢਿਆ ਗਿਆ ਤਾਂ ਡਾਕਟਰ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਇਹ ਪੈੱਨ ਅਜੇ ਵੀ ਚੱਲ ਰਿਹਾ ਸੀ। ਇਕ 76 ਸਾਲਾ ਔਰਤ ਭਾਰ ਘਟਣ ਤੇ ਲਗਾਤਾਰ ਦਸਤ ਲੱਗੇ ਰਹਿਣ ਦੀ ਸ਼ਿਕਾਇਤ ਬਾਰੇ ਡਾਕਟਰ ਕੋਲ ਜਾਂਚ ਲਈ ਗਈ ਤਾਂ ਡਾਕਟਰਾਂ ਨੇ ਜਾਂਚ ਤੋਂ ਬਾਅਦ ਦੱਸਿਆ ਕਿ ਉਸ ਦੀ ਵੱਡੀ ਅੰਤੜੀ ਵਿਚ ਸੋਜ਼ਿਸ਼ ਹੈ। ਪੀੜਤ ਔਰਤ ਦੀ ਸੀ.ਟੀ. ਸਕੈਨ ਕੀਤੀ ਗਈ ਤਾਂ ਉਸ ਦੇ ਪੇਟ ਵਿਚ ਪੈੱਨ ਵਰਗੀ ਕੋਈ ਚੀਜ਼ ਹੋਣ ਬਾਰੇ ਪਤਾ ਲੱਗਿਆ।

ਉਸ ਵੇਲੇ ਉਸ ਔਰਤ ਨੂੰ ਯਾਦ ਆਇਆ ਕਿ 25 ਸਾਲ ਪਹਿਲਾਂ ਉਸ ਨੇ ਜਦ ਪੈੱਨ ਨਾਲ ਆਪਣੇ ਟਾਂਸਿਲ ਨੂੰ ਧੱਕਣ ਲਈ ਕੋਸ਼ਿਸ਼ ਕੀਤੀ ਤਾਂ ਉਸ ਦਾ ਪੈਰ ਖਿਸਕਣ ਕਾਰਨ ਪੈੱਨ ਉਸ ਦੇ ਅੰਦਰ ਚਲਾ ਗਿਆ। ਡਾਕਟਰਾਂ ਨੇ ਆਪਰੇਸ਼ਨ ਕਰਕੇ ਜਦ ਇਹ ਪੈੱਨ ਉਸ ਦੇ ਪੇਟ ਵਿਚੋਂ ਕੱਢਿਆ ਤਾਂ ਉਹ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਪੈੱਨ ਅਜੇ ਵੀ ਚੱਲ ਰਿਹਾ ਸੀ।

24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ

Punjabi RADIO USA

ON THE AIR

ਛੋਟੇ ਰੇਡੀਓ ਦੀ ਕੀਮਤ $25 • ਵੱਡੇ ਰੇਡੀਓ ਦੀ ਕੀਮਤ $35 • ਇੰਟਰਨੈਟ ਰੇਡੀਓ $1̶0̶0̶ ਵਾਲਾ ਹੁਣ $99 ਨੂੰ

PUNJABI RADIO USA

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ I-Phone ਤੇ Android Application ਤੁਸੀਂ ਕਿਸੇ ਸਮੇਂ ਵੀ ਮੁਫ਼ਤ ਡਾਊਨਲੋਡ ਕਰ ਸਕਦੇ ਹੋ।

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਵਜੇ ਤੋਂ 9 ਵਜੇ ਤੱਕ ਅੰਮ੍ਰਿਤ ਵੇਲਾ ਸਚੁ ਨਾਉ', ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸਵੇਰੇ 9.20 ਤੋਂ 10 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਸਵੇਰੇ 10 ਤੋਂ 11 ਵਜੇ ਤੱਕ ਆਤਮਿਕ ਆਨੰਦ ਪ੍ਰੋਗਰਾਮ (ਕੁਲਬੀਰ ਸਿੰਘ) (ਸੋਮਵਾਰ-ਸ਼ੁੱਕਰਵਾਰ)
- ਸਵੇਰੇ 11.30 ਤੋਂ ਦੁਪਹਿਰ 1 ਵਜੇ ਤੱਕ 'ਬੌਲੀਵੁੱਡ ਹਿੱਟਸ' (Bollywood Hits) (ਸੋਮਵਾਰ-ਸ਼ੁੱਕਰਵਾਰ)
- 1 ਵਜੇ ਤੋਂ 2 ਵਜੇ ਤੱਕ ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅੰਜੂ ਨਾਰੰਗ)
- 2 ਵਜੇ ਤੋਂ 3 ਵਜੇ ਤੱਕ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' (ਮੰਗਲਵਾਰ)
- ਸੋਮਵਾਰ ਨੂੰ Repeat ਪ੍ਰੋਗਰਾਮ ਖ਼ਬਰ 'ਤੇ ਨਜ਼ਰ (ਪਰਮਿੰਦਰ ਟਿਵਾਣਾ)
- ਬੁੱਧਵਾਰ ਨੂੰ ਖਿਆਲ ਆਪੋ ਆਪਣਾ (ਅਮਰਜੀਤ ਸਿੰਘ ਬੱਲ)
- ਵੀਰਵਾਰ ਨੂੰ Repeat ਪ੍ਰੋਗਰਾਮ 'ਦੋ ਆਰ ਦੀਆਂ-ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਅਤੇ ਸਿਮਰ)
- ਸ਼ੁੱਕਰਵਾਰ ਨੂੰ Repeat ਜੌਬ ਐਂਡ ਬਿਜਨਸ ਸ਼ੋਅ • ਸ਼ਨੀਵਾਰ : ਕਵੀ ਦਰਬਾਰ
- 3 ਵਜੇ ਤੋਂ 5 ਵਜੇ ਤੱਕ ਪ੍ਰੋਗਰਾਮ 'ਕੁਝ ਗੱਲਾਂ ਕੁੱਝ ਗੀਤ'
- ਐਤਵਾਰ : 'ਲਹਿਰੇ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- 5 ਵਜੇ ਤੋਂ 7.30 ਤੱਕ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)




ਪੰਜਾਬ ਤੋਂ ਚੋਣਾਂ ਦੀ ਸਪੈਸ਼ਲ ਕਵਰੇਜ ਹਰ ਰੋਜ਼ 2 ਵਜੇ ਸ਼ਾਮ ਨੂੰ ਅਤੇ 10 ਵਜੇ ਰਾਤ ਨੂੰ ਸੁਸ਼ੀਲ ਦੋਸਾਂਝ ਦੇ ਨਾਲ

ਖ਼ਬਰਾਂ ਤਾਜ਼ੀਆਂ (ਚਾਰ ਵਾਰ ਹਰ ਰੋਜ਼)
09.05 : ਪੰਜਾਬ ਤੋਂ ਸੁਸ਼ੀਲ ਦੁਸਾਂਝ
11.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
08.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
09.05 : ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ

ਬਾਬਾ ਬੰਦਾ ਸਿੰਘ ਬਹਾਦਰ (ਡਰਾਮਾ)
ਸ਼ਨਿੱਚਰਵਾਰ : 10:30 ਤੋਂ 11:00 ਵਜੇ ਸਵੇਰੇ
ਮੰਗਲਵਾਰ : 9:30 ਵਜੇ ਤੋਂ 10:00 ਵਜੇ ਰਾਤ

- ਰਾਤ 8 ਤੋਂ 9 ਵਜੇ ਤੱਕ :

ਸੋਮਵਾਰ ਭਖਦੇ ਮਸਲਿਆਂ 'ਤੇ Live Talk Show (ਸੁਸ਼ੀਲ ਦੁਸਾਂਝ) • ਮੰਗਲਵਾਰ : 'ਇਕ ਸੋਚ' (ਕਮਲ ਗਿੱਲ) • ਬੁੱਧਵਾਰ : ਖ਼ਬਰ 'ਤੇ ਨਜ਼ਰ (ਪਰਮਿੰਦਰ ਸਿੰਘ ਟਿਵਾਣਾ) • ਵੀਰਵਾਰ : ਜੌਬ ਐਂਡ ਬਿਜਨਸ ਸ਼ੋਅ
ਸ਼ੁੱਕਰਵਾਰ : ਸ਼ਾਨ ਪੰਜਾਬ ਦੀ (ਗੁਰਦੀਪ ਸਿੰਘ ਸ਼ੇਰਗਿੱਲ, ਸੋਨੀਆ ਸ਼ੇਰਗਿੱਲ) • ਸ਼ਨੀਵਾਰ : ਝਿਲਮਿਲ ਤਾਰੇ-ਬੱਚਿਆਂ ਲਈ ਪ੍ਰੋਗਰਾਮ • ਐਤਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ, ਪਰਵੀਨ ਮੱਲ੍ਹੀ)

- ਰਾਤ 9 ਤੋਂ 10 ਵਜੇ ਤੱਕ :

ਸੋਮਵਾਰ : ਮਨੋਰੰਜਨ ਪ੍ਰੋਗਰਾਮ 'ਦੋ ਆਰ ਦੀਆਂ, ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਤੇ ਸਿਮਰ) • ਮੰਗਲਵਾਰ : ਬਾਬਾ ਬੰਦਾ ਸਿੰਘ ਬਹਾਦਰ (ਡਰਾਮਾ) • ਬੁੱਧਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
ਵੀਰਵਾਰ : ਖਬਰਸਾਰ-ਜਸਵਿੰਦਰ ਸਿੰਘ ਬਿੱਟਾ • ਸ਼ੁੱਕਰਵਾਰ : (9 ਤੋਂ 11 ਵਜੇ ਤੱਕ) 'ਪਾਣੀ 'ਚ ਮਧਾਣੀ' • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ
• ਸ਼ਨੀਵਾਰ : ਇਕ ਖ਼ਾਸ ਮੁਲਾਕਾਤ • ਐਤਵਾਰ : ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਹਰਪ੍ਰੀਤ ਕੌਰ ਸੰਘਾ, ਡਾ. ਮੀਤਪਾਲ ਸਿੰਘ ਤੇ ਦਿਲਪ੍ਰੀਤ ਸਿੰਘ ਖ਼ਾਲਸਾ)

- ਰਾਤ 10 ਤੋਂ 11 ਵਜੇ ਤੱਕ (ਸੋਮਵਾਰ-ਐਤਵਾਰ) : Repeat ਪ੍ਰੋਗਰਾਮ, ਸੰਗੀਤ

ਹੋਰ ਜਾਣਕਾਰੀ ਲਈ 408.722.7698 Listen LIVE www.punjabiradiousa.com Email: info@punjabiradiousa.com 3750 McKee Road, # B, San Jose CA 95127

ਫੋਨ 'ਤੇ ਸੁਣਨ ਲਈ ਕਾਲ ਕਰੋ • 1-(832) 551.5029

# ਅਕਾਲੀ ਦਲ (ਅ) ਖਾਲਿਸਤਾਨ ਦੇ ਮੁੱਦੇ 'ਤੇ ਹੀ ਚੋਣ ਲੜੇਗਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਵਾਰ ਵੀ ਖ਼ਾਲਿਸਤਾਨ ਦੇ ਮੁੱਦੇ 'ਤੇ ਚੋਣਾਂ ਲੜੇਗੀ। ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਦਾ ਕਿਸੇ ਵੀ ਪਾਰਟੀ ਨਾਲ ਚੋਣ ਗਠਜੋੜ ਕਰਨ ਦਾ ਕੋਈ ਇਰਾਦਾ ਨਹੀਂ ਹੈ ਕਿਉਂਕਿ ਹੋਰ ਕੋਈ ਵੀ ਪਾਰਟੀ ਖ਼ਾਲਿਸਤਾਨ ਦੇ ਹੱਕ ਵਿਚ ਡਟਣ ਲਈ ਤਿਆਰ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਵਾਰ ਵੱਡੀ ਗਿਣਤੀ ਵਿਚ ਸੀਟਾਂ ਜਿੱਤਣ ਦੀ ਸਮਰੱਥਾ ਰੱਖਦਾ ਹੈ। ਸ. ਮਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ 5 ਲੱਖ 75 ਹਜ਼ਾਰ ਵੋਟਾਂ ਮਿਲੀਆਂ ਸਨ ਤੇ ਉਸ ਵੇਲੇ ਗੜਬੜੀ ਹੋਈ ਸੀ। ਇਸ ਵਾਰ ਸ਼੍ਰੋਮਣੀ ਕਮੇਟੀ ਦੇ ਮੁਕਾਬਲੇ ਪਾਰਦਰਸ਼ੀ ਢੰਗ ਨਾਲ ਚੋਣਾਂ ਹੋਣ ਦੀ ਸੂਰਤ ਵਿਚ ਨਤੀਜੇ ਦਲ ਦੇ ਹੱਕ ਵਿਚ ਰਹਿਣਗੇ।



ਸ. ਸਿਮਰਨਜੀਤ ਸਿੰਘ ਮਾਨ ਇਸ ਵਾਰ ਵਿਧਾਨ ਸਭਾ ਦੀ ਚੋਣ ਲੜਣ ਲਈ ਸ਼ਸ਼ੋਪੰਜ ਵਿਚ ਹਨ। ਉਹ ਇਸ ਵਾਰ ਆਪ ਚੋਣ ਲੜਣ ਦੇ ਰੌਂਅ ਵਿਚ ਨਹੀਂ ਹਨ ਪਰ ਉਨ੍ਹਾਂ ਨੇ ਅੰਤਿਮ ਫੈਸਲਾ ਪਾਰਟੀ 'ਤੇ ਛੱਡ ਦਿੱਤਾ ਹੈ। ਸ. ਮਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਵਿਧਾਨ ਸਭਾ ਦੀਆਂ 117 ਸੀਟਾਂ 'ਤੇ ਚੋਣ ਲੜਣ ਦਾ ਪ੍ਰੋਗਰਾਮ ਹੈ। ਪਾਰਟੀ ਵੱਲੋਂ ਪਹਿਲੇ ਗੇੜ ਵਿਚ ਚਾਰ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਬਾਬਾ ਅਮਰਜੀਤ ਸਿੰਘ ਨੂੰ ਮਹਿਲਕਲਾਂ, ਗੁਰਬਚਨ ਸਿੰਘ ਨੂੰ ਮੁਕੇਰੀਆਂ, ਦਰਸ਼ਨ ਸਿੰਘ ਨੂੰ ਨਿਹਾਲ ਸਿੰਘ ਵਾਲਾ ਤੇ ਸੁਰਿੰਦਰ ਸਿੰਘ ਸੰਧੂ ਨੂੰ ਫਰੀਦਕੋਟ ਤੋਂ ਟਿਕਟ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਦਾ ਹੀ ਫੈਸਲਾ ਲਿਆ ਹੈ। ਉਨ੍ਹਾਂ ਦੇ ਬੇਟੇ ਈਮਾਨ ਸਿੰਘ ਮਾਨ ਨੂੰ ਸਰਹਿੰਦ ਵਿਧਾਨ ਸਭਾ ਹਲਕੇ ਤੋਂ ਪਾਰਟੀ ਦਾ ਉਮੀਦਵਾਰ ਬਣਾਏ ਜਾਣ ਦੀ ਸੰਭਾਵਨਾ ਹੈ।

ਸ. ਮਾਨ ਜਿਹੜੇ ਦੋ ਵਾਰ ਲੋਕ ਸਭਾ ਮੈਂਬਰ ਵੀ ਚੁਣੇ ਜਾ ਚੁੱਕੇ ਹਨ, ਨੇ ਵਿਧਾਨ ਸਭਾ ਦੀ ਚੋਣ ਕਈ ਵਾਰ ਲੜੀ ਹੈ ਪਰ ਉਹ ਜੇਤੂ ਨਹੀਂ ਬਣ ਸਕੇ। ਉਨ੍ਹਾਂ ਦੇ ਪੁੱਤਰ ਵੀ ਦੋ ਵਾਰ ਆਪਣੀ ਕਿਸਮਤ ਅਜ਼ਮਾ ਚੁੱਕੇ ਹਨ। ਮਾਨ ਦੇ ਧੜੇ ਦੇ ਇਕ ਉਮੀਦਵਾਰ ਅਜੀਤਇੰਦਰ ਸਿੰਘ ਮੋਫਰ ਨੂੰ ਜਿੱਤ ਪ੍ਰਾਪਤ ਹੋਈ ਸੀ ਪਰ ਪਿੱਛੋਂ ਉਹ ਵੀ ਉਨ੍ਹਾਂ ਦਾ ਸਾਥ ਛੱਡ ਕੇ ਕਾਂਗਰਸ ਵਿਚ ਜਾ ਰਲੇ ਸਨ। ਪਿਛਲੀਆਂ ਚੋਣਾਂ ਵਿਚ ਮਾਨ ਦਲ ਦੇ 37 ਉਮੀਦਵਾਰਾਂ ਨੇ ਚੋਣ ਲੜੀ ਸੀ ਪਰ ਕੋਈ ਵੀ ਆਪਣੀ ਜ਼ਮਾਨਤ ਨਹੀਂ ਬਚਾ ਸਕਿਆ ਸੀ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਆਨ ਤੇ ਸ਼ਾਨ ਦੀ ਬਹਾਲੀ ਲਈ ਖ਼ਾਲਿਸਤਾਨ ਦੀ ਲੜਾਈ ਜ਼ਾਰੀ ਰੱਖਣਾ ਜ਼ਰੂਰੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਲੋਕ ਅਕਾਲੀ ਦਲ (ਬਾਦਲ) ਤੇ ਕਾਂਗਰਸ ਪਾਰਟੀ ਤੋਂ ਅੱਕ ਚੁੱਕੇ ਹਨ। ਇਸ ਦਾ ਇਕੋ-ਇਕ ਬਦਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹੈ। ਉਨ੍ਹਾਂ ਕਿਹਾ ਕਿ ਕਾਂਗਰਸੀਆਂ ਤੇ ਬਾਦਲਕਿਆਂ ਵਿਚ ਕੋਈ ਅੰਤਰ ਨਹੀਂ ਹੈ ਤੇ ਦੋਵੇਂ ਇਕੋ ਸਿੱਕੇ ਦੇ ਦੋ ਪਾਸੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਵਿਧਾਨ ਸਭਾ ਚੋਣਾਂ ਲੜਣ ਦੇ ਰੌਂਅ ਵਿਚ ਨਹੀਂ ਹਨ ਪਰ ਜੇ ਪਾਰਟੀ ਨੇ ਦਬਾਅ ਪਾਇਆ ਤਾਂ ਉਹ ਚੋਣ ਲੜਣ ਤੋਂ ਨਾਂਹ ਨਹੀਂ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਹਲਕਿਆਂ ਬਾਰੇ ਵੀ ਫੈਸਲਾ ਵੀ ਪਾਰਟੀ ਪੱਧਰ 'ਤੇ ਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੋਰ ਉਮੀਦਵਾਰਾਂ ਦੀ ਦੂਜੀ ਸੂਚੀ ਜਨਵਰੀ ਦੇ ਪਹਿਲੇ ਹਫਤੇ ਜਾਰੀ ਕਰ ਦਿੱਤੀ ਜਾਵੇਗੀ।

# ਅਕਾਲੀ ਦਲ (ਪੰਚ ਪ੍ਰਧਾਨੀ) ਨੇ ਮੈਦਾਨ ਛੱਡਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੇ ਵਿਧਾਨ ਸਭਾ ਦੀਆਂ ਚੋਣਾਂ ਨਾ ਲੜਣ ਦਾ ਫੈਸਲਾ ਕੀਤਾ ਹੈ। ਪੰਚ ਪ੍ਰਧਾਨੀ ਇਨ੍ਹਾਂ ਚੋਣਾਂ ਵਿਚ ਕਿਸੇ ਵੀ ਸਿਆਸੀ ਪਾਰਟੀ ਦੀ ਹਮਾਇਤ ਨਹੀਂ ਕਰੇਗੀ। ਇਹ ਫੈਸਲਾ ਪੰਚ ਪ੍ਰਧਾਨੀ ਦੀ ਕੇਂਦਰੀ ਕਮੇਟੀ ਵਿਚ ਲਿਆ ਗਿਆ ਹੈ। ਪੰਚ ਪ੍ਰਧਾਨੀ 30 ਨਵੰਬਰ, 2007 ਨੂੰ ਹੋਂਦ ਵਿਚ ਆਈ ਸੀ ਤੇ ਇਸ ਨੇ ਪੰਥਕ ਮੋਰਚੇ ਨਾਲ ਰਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ 19 ਸੀਟਾਂ ਉੱਤੇ ਲੜੀ ਸੀ ਪਰ ਇਸ ਦਾ ਸਿਰਫ ਇਕੋ ਉਮੀਦਵਾਰ ਕੁਲਬੀਰ ਸਿੰਘ ਫਿਲੌਰ ਹੀ ਸੀਟ ਕੱਢ ਸਕਿਆ ਸੀ। ਇਸ ਤੋਂ ਪਹਿਲਾਂ ਪੰਚ ਪ੍ਰਧਾਨੀ ਦੇ ਪ੍ਰਧਾਨ ਭਾਈ ਦਲਜੀਤ ਸਿੰਘ ਬਿੱਟੂ ਤੇ ਦੂਜੇ ਅਹੁਦੇਦਾਰ ਨੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਾਲ ਰਲ ਕੇ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਸਨ।

ਕੇਂਦਰੀ ਕਮੇਟੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਨੂੰ ਕਿਸੇ ਪਾਰਟੀ ਦੀ ਥਾਂ ਆਪਣੀ ਪਸੰਦ ਦੇ ਉਮੀਦਵਾਰ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਉਂਜ ਪੰਚ ਪ੍ਰਧਾਨੀ ਨੇ ਭਵਿੱਖ ਵਿਚ ਪੰਚਾਇਤ ਦੀਆਂ ਚੋਣਾਂ



ਤੋਂ ਲੈ ਕੇ ਵਿਧਾਨ ਸਭਾ ਦੀਆਂ ਚੋਣਾਂ ਲਈ ਤਿਆਰੀਆਂ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਪੰਚ ਪ੍ਰਧਾਨੀ ਦੇ ਜਥੇਬੰਦਕ ਸਕੱਤਰ ਸੁਰਿੰਦਰ ਸਿੰਘ ਕਿਸ਼ਨਪੁਰਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਇਨ੍ਹਾਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਹਿੱਸਾ ਨਹੀਂ ਲਵੇਗੀ।

ਵਿਧਾਨ ਸਭਾ ਦੀਆਂ ਚੋਣਾਂ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਦਲ ਖਾਲਸਾ ਸਮੇਤ ਦੂਜੀਆਂ ਕਈ ਜਥੇਬੰਦੀਆਂ ਵੀ ਸਰਗਰਮ ਨਹੀਂ ਹਨ। ਸਿਮਰਨਜੀਤ ਸਿੰਘ ਮਾਨ ਨੂੰ ਛੱਡ ਕੇ ਬਾਕੀ ਦੂਜੇ ਸਾਰੇ ਗਰਮ ਖ਼ਿਆਲੀ ਧੜੇ ਇਕ ਤਰ੍ਹਾਂ ਨਾਲ ਚੋਣਾਂ ਤੋਂ ਦੂਰ ਹੋ ਰਹੇ ਹਨ। ਇਨ੍ਹਾਂ ਚੋਣਾਂ ਵਿਚੋਂ ਆਨਦੰਪੁਰ ਸਾਹਿਬ ਦਾ ਮਤਾ ਬਿਲਕੁਲ ਹੀ ਲਾਂਭੇ ਹੋ ਗਿਆ ਲਗਦਾ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਆਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਕਰਨੀ ਬੰਦ ਕਰ ਦਿੱਤੀ ਹੈ।

ਬਾਦਲ ਦਲ ਵੱਲੋਂ ਹਾਲ ਦੀ ਘੜੀ ਜਿਨ੍ਹਾਂ ਮੁੱਦਿਆਂ ਉੱਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ, ਉਨ੍ਹਾਂ ਵਿਚ ਚੰਡੀਗੜ੍ਹ ਪੰਜਾਬ ਹਵਾਲੇ ਕਰਨ, ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਤੇ ਪਾਣੀਆਂ ਦੇ ਮਸਲੇ ਸਮੇਤ ਮਤੇ ਵਿਚਲੇ ਦੂਜੇ ਮਸਲੇ ਸ਼ਾਮਲ ਨਹੀਂ ਕੀਤੇ ਗਏ ਹਨ। ਪੀਪਲਜ਼ ਪਾਰਟੀ ਆਫ਼ ਪੰਜਾਬ ਦਾ ਅਕਾਲੀ ਦਲ ਲੌਂਗੋਵਾਲ ਤੇ ਸੀ.ਪੀ.ਆਈ. ਤੇ ਸੀ.ਪੀ.ਐਮ. ਨਾਲ ਸਮਝੌਤਾ ਹੋ ਚੁੱਕਾ ਹੈ। ਇਸ ਕਰਕੇ ਗਠਜੋੜ ਵਲੋਂ ਵੀ ਪੰਜਾਬ ਦੇ ਪਾਣੀਆਂ ਸਮੇਤ ਦੂਜੇ ਮਸਲਿਆਂ ਦੀ ਗੱਲ ਨਹੀਂ ਕੀਤੀ ਜਾ ਰਹੀ ਹੈ।

ਅਕਾਲੀ ਦਲ 1920 ਅਜੇ ਤਾਈਂ ਚੋਣ ਤਿਆਰੀਆਂ ਦੇ ਪਹਿਲੇ ਦੌਰ 'ਚੋਂ ਅੱਗੇ ਨਹੀਂ ਵਧ ਸਕਿਆ ਹੈ। ਦਲ ਦੇ ਪ੍ਰਧਾਨ ਰਵੀਇੰਦਰ ਸਿੰਘ ਵਲੋਂ ਚੋਣਾਂ ਲਈ ਉਮੀਦਵਾਰਾਂ ਤੇ ਗਠਜੋੜ ਬਾਰੇ ਇਕ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਪਰ ਇਹ ਕਮੇਟੀ ਅਜੇ ਤਾਈਂ ਆਪਣੀ ਰਿਪੋਰਟ ਨਹੀਂ ਦੇ ਸਕੀ ਹੈ, ਜਦੋਂ ਕਿ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਅਕਾਲੀ ਦਲ 1920 ਵਲੋਂ ਪੰਚ ਪ੍ਰਧਾਨੀ ਨਾਲ ਚੋਣ ਗਠਜੋੜ ਦਾ ਵਿਚਾਰ ਬਣਾਇਆ ਜਾ ਰਿਹਾ ਸੀ ਪਰ ਪੰਚ ਪ੍ਰਧਾਨੀ ਨੇ ਇਸ ਵਾਰ ਚੋਣਾਂ ਲੜਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਪੰਚ ਪ੍ਰਧਾਨੀ ਦੇ ਸੁਰਿੰਦਰ ਸਿੰਘ ਕਿਸ਼ਨਪੁਰਾ ਦਾ ਕਹਿਣਾ ਹੈ ਕਿ ਆਨੰਦਪੁਰ ਸਾਹਿਬ ਦੇ ਮਤੇ ਤੋਂ ਲਾਂਭੇ ਜਾਣ ਵਾਲੀ ਕਿਸੇ ਵੀ ਪਾਰਟੀ ਨਾਲ ਚੋਣ ਸਮਝੌਤਾ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਕਿਸੇ ਅਜਿਹੀ ਪਾਰਟੀ ਦੀ ਹਮਾਇਤ ਕੀਤੀ ਜਾਵੇਗੀ।

# ਸਾਬਕਾ ਮੰਤਰੀ ਚਿਰੰਜੀ ਲਾਲ ਬਣੇਗਾ ਅਕਾਲੀਆਂ ਲਈ ਮੁਸੀਬਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਚਿਰੰਜੀ ਲਾਲ ਗਰਗ ਆਪਣੇ ਸਾਥੀਆਂ ਸਮੇਤ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਇਸ ਨਾਲ ਉਹ ਅਕਾਲੀ ਦਲ ਲਈ ਵੱਡੀ ਮੁਸੀਬਤ ਖੜ੍ਹੀ ਕਰਨ ਦੇ ਰੌਂਅ 'ਚ ਹਨ। ਇਸ ਤੋਂ ਇਲਾਵਾ ਭੰਗ ਹੋਈ ਲੋਕ ਭਲਾਈ ਪਾਰਟੀ ਦੇ ਕਲਾ ਤੇ ਵਿਰਾਸਤ ਸੈੱਲ ਦੇ ਕੌਮੀ ਪ੍ਰਧਾਨ ਹਾਕਮ ਸਿੰਘ ਬਖਤੜੀਵਾਲਾ ਪਾਰਟੀ ਦੇ ਦਰਜਨਾਂ ਆਗੂਆਂ ਸਮੇਤ ਕਾਂਗਰਸ ਵਿਚ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਜ਼ਿਲ੍ਹਾ ਬਾਰ ਐਸੋਸੀਏਸ਼ਨ ਬਠਿੰਡਾ ਦੇ ਪ੍ਰਧਾਨ ਤੇ ਚਿਰੰਜੀ ਲਾਲ ਗਰਗ ਦੇ ਪੁੱਤਰ ਰਾਜਨ ਗਰਗ ਤੇ ਨਗਰ ਪੰਚਾਇਤ ਜੰਡਿਆਲਾ ਗੁਰੂ (ਅੰਮ੍ਰਿਤਸਰ) ਦੇ ਪ੍ਰਧਾਨ ਰਾਮ ਕੁਮਾਰ ਮਹਿੰਦੀਰੱਤਾ ਵੀ ਕਾਂਗਰਸ ਵਿਚ ਸ਼ਾਮਲ ਹੋ ਗਏ।

ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਤੇ ਸਾਬਕਾ ਮੰਤਰੀ ਚਿਰੰਜੀ ਲਾਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਹੋਰ ਆਗੂਆਂ ਦੀ ਹਾਜ਼ਰੀ ਵਿਚ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ 'ਚ ਸ਼ਾਮਲ ਹੁੰਦਿਆਂ ਕਿਹਾ ਕਿ ਉਹ ਹੁਣ ਅਥਾਹ ਸਕੂਨ ਮਹਿਸੂਸ ਕਰ ਰਹੇ ਹਨ ਕਿਉਂਕਿ ਕਈ ਦਹਾਕੇ ਅਕਾਲੀ ਦਲ ਦੀ ਸੇਵਾ ਕਰਨ ਤੋਂ ਬਾਅਦ ਉਸ ਦੇ ਪੱਲੇ ਜ਼ਲਾਲਤ ਹੀ ਪਈ ਹੈ।

ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਦੇ ਇਨ੍ਹਾਂ ਪੰਜ ਸਾਲਾਂ ਦੌਰਾਨ ਉਸ ਉਪਰ ਮਾਨਸਿਕ ਤੇ ਸਰੀਰਕ ਤੌਰ 'ਤੇ ਭਾਰੀ ਤਸ਼ੱਦਦ ਕੀਤਾ ਗਿਆ। ਉਸ ਨੂੰ ਥਾਣੇ ਬੰਦ ਕਰਕੇ ਜ਼ਲੀਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ "ਉਹ ਵੱਡੇ ਬਾਦਲ ਬਾਰੇ ਤਾਂ ਕੁਝ ਨਹੀਂ ਕਹਿਣਾ ਚਾਹੁੰਦੇ ਪਰ ਹੋਰਾਂ ਨੇ ਉਸ ਨੂੰ ਬਹੁਤ ਜ਼ਲੀਲ ਕੀਤਾ। ਉਨ੍ਹਾਂ ਕਿਹਾ ਕਿ ਧੱਕੇਸ਼ਾਹੀਆਂ ਦੇ ਖੁਲਾਸੇ ਬਠਿੰਡਾ ਵਿਖੇ ਇਕੱਠ ਕਰਕੇ ਕਰਨਗੇ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਅਕਾਲੀ ਦਲ ਵੱਲੋਂ ਸ੍ਰੀ ਗਰਗ ਨੂੰ ਪਾਰਟੀ ਵਿਚੋਂ ਕੱਢਣ ਦਾ ਬਿਆਨ ਜਾਰੀ ਕਰ ਦਿੱਤਾ ਸੀ ਪਰ ਕੁਝ ਘੰਟਿਆਂ ਬਾਅਦ ਉਨ੍ਹਾਂ ਨੂੰ ਮੁੜ ਪਾਰਟੀ ਵਿਚ ਸ਼ਾਮਲ ਕਰ ਲਿਆ।

ਇਸ ਮੌਕੇ ਭੰਗ ਹੋਈ ਲੋਕ ਭਲਾਈ ਪਾਰਟੀ ਦੇ ਆਗੂ ਯਾਦਵਿੰਦਰ ਸਿੰਘ ਜਵੱਦੀ, ਬਲਵਿੰਦਰ ਸਿੰਘ ਕੁਲਾਰ, ਪ੍ਰਮਿੰਦਰ ਕੁਮਾਰ ਪਾਠਕ, ਦਰਸ਼ਨ ਸਿੰਘ, ਪ੍ਰਮਜੀਤ ਸਿੰਘ ਪੱਪੀ ਕਾਂਗਰਸ ਵਿਚ ਸ਼ਾਮਲ ਹੋਏ। ਪਾਰਟੀ ਦੇ ਕਲਾ ਤੇ ਵਿਰਾਸਤ ਦੇ ਕੌਮੀ ਪ੍ਰਧਾਨ ਹਾਕਮ ਸਿੰਘ ਬਖਤੜੀਵਾਲਾ ਨੇ ਕਿਹਾ ਕਿ ਬਲਵੰਤ ਸਿੰਘ ਰਾਮੂਵਾਲੀਆ ਆਪਣੀ ਮਨਮਰਜ਼ੀ ਨਾਲ ਅਕਾਲੀ ਦਲ ਵਿਚ ਗਏ ਹਨ ਜਦਕਿ ਪਾਰਟੀ ਦਾ ਉਨ੍ਹਾਂ ਨਾਲ ਕੋਈ ਸਰੋਕਾਰ ਨਹੀਂ ਹੈ। ਇਸ ਮੌਕੇ ਸ੍ਰੀ ਗਰਗ ਤੇ ਹੋਰ ਆਗੂਆਂ ਦਾ ਸਵਾਗਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਅਕਾਲੀ ਦਲ ਦੇ ਪੈਰ ਉਖੜ ਜਾਣਗੇ ਕਿਉਂਕਿ ਇਸ ਪਾਰਟੀ ਦੀ ਤਾਨਾਸ਼ਾਹੀ ਤੋਂ ਅੱਕੇ ਆਗੂ ਕਾਂਗਰਸ ਵਿਚ ਆਉਣ ਲਈ ਤਿਆਰ ਬੈਠੇ ਹਨ ਤੇ ਉਹ ਚੋਣ ਜ਼ਾਬਤੇ ਦੀ ਉਡੀਕ ਹੀ ਕਰ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਕਾਂਗਰਸ 'ਚ ਸ਼ਾਮਲ ਹੋਏ ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਜਗਬੀਰ ਸਿੰਘ ਬਰਾੜ ਤੇ ਕੁਸ਼ਲਦੀਪ ਸਿੰਘ ਢਿਲੋਂ ਨਾਲ ਕਾਂਗਰਸ ਕਮਜ਼ੋਰ ਨਹੀਂ, ਮਜ਼ਬੂਤ ਹੋਈ ਹੈ ਤੇ ਕੁਝ ਆਗੂ ਇਸ ਬਾਬਤ ਗਲਤ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੋਰ ਪਾਰਟੀ ਦੇ ਆਗੂਆਂ ਨੂੰ ਕਾਂਗਰਸ ਵਿਚ ਸ਼ਾਮਲ ਕਰਨ ਦਾ ਫੈਸਲਾ ਹਾਈ ਕਮਾਂਡ ਦੀ ਹਰੀ ਝੰਡੀ ਨਾਲ ਕੀਤਾ ਜਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਖੁਲਾਸਾ ਕੀਤਾ ਕਿ ਹਾਈ ਕਮਾਂਡ ਨੇ ਉਨ੍ਹਾਂ ਨੂੰ ਇਸ ਵਾਰ ਚੋਣਾਂ ਵਿਚ ਨੌਜਵਾਨਾਂ ਤੇ ਮਹਿਲਾਵਾਂ ਨੂੰ ਵੱਧ ਤੋਂ ਵੱਧ ਗਿਣਤੀ 'ਚ ਉਤਾਰਨ ਦਾ ਇਸ਼ਾਰਾ ਦਿੱਤਾ ਹੈ।

## ਕਾਂਗਰਸ 'ਚ ਸ਼ਾਮਲ; ਪੋਲ ਖੋਲ੍ਹਣ ਦਾ ਐਲਾਨ



*ਕੈਪਟਨ ਅਮਰਿੰਦਰ ਸਿੰਘ ਨਾਲ ਚਿਰੰਜੀ ਲਾਲ ਗਰਗ (ਐਨ ਸੱਜੇ)*

## ਐਡਵੋਕੇਟ ਫੂਲਕਾ ਨੇ 'ਨਸ਼ਾ ਮੁਕਤ ਪੰਜਾਬ' ਮੁਹਿੰਮ ਛੇੜੀ

**ਚੰਡੀਗੜ੍ਹ:** ਐਡਵੋਕੇਟ ਐਚ.ਐਸ. ਫੂਲਕਾ ਨੇ ਨੇਤਾਵਾਂ ਨੂੰ ਅਪੀਲ ਕੀਤੀ ਕਿ ਪੰਜਾਬ ਵਿਚ ਚੋਣਾਂ ਦੌਰਾਨ ਵੋਟਾਂ ਖਾਤਰ ਕਿਸੇ ਵੀ ਕਿਸਮ ਦਾ ਨਸ਼ਾ ਨਾ ਵੰਡਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਪਾਰਟੀ ਦੀ ਉਮੀਦਵਾਰ ਜਾਂ ਵਰਕਰ ਨਸ਼ੇ ਵੰਡਦਾ ਫੜਿਆ ਗਿਆ ਤਾਂ ਉਸ ਵਿਰੁੱਧ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਜਾਵੇਗੀ।



'ਨਸ਼ਾ ਮੁਕਤ ਪੰਜਾਬ' ਮੁਹਿੰਮ ਦੇ ਕਨਵੀਨਰ ਐਚ.ਐਸ. ਫੂਲਕਾ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿਚ ਨਸ਼ੇ ਵੰਡ ਕੇ ਭਰਮਾਉਣ ਵਾਲੇ ਨੇਤਾਵਾਂ ਖ਼ਿਲਾਫ਼ 'ਨਸ਼ਾ ਮੁਕਤ ਪੰਜਾਬ' ਮੁਹਿੰਮ ਛੇੜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 'ਨਸ਼ਾ ਮੁਕਤ ਪੰਜਾਬ' ਮੁਹਿੰਮ ਦਾ ਮੁੱਖ ਦਫਤਰ ਦਿੱਲੀ ਵਿਖੇ ਹੋਵੇਗਾ ਤੇ ਇਸ ਮੁਹਿੰਮ ਦੀ ਰਹਿਨੁਮਾਈ ਸੀਨੀਅਰ ਪੱਤਰਕਾਰ ਕੁਲਦੀਪ ਨਈਅਰ, ਜਸਟਿਸ ਕੁਲਦੀਪ ਸਿੰਘ ਸਾਬਕਾ ਜੱਜ ਸੁਪਰੀਮ ਕੋਰਟ ਤੇ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ ਰਾਜਿੰਦਰ ਸੱਚਰ ਕਰਨਗੇ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਤੋਂ ਇਸ ਮੁਹਿੰਮ ਨੂੰ ਐਡਵੋਕੇਟ ਨਵਕਿਰਨ ਸਿੰਘ ਚਲਾਉਣਗੇ। ਉਨ੍ਹਾਂ ਕਿਹਾ ਕਿ ਮੁਹਿੰਮ ਨੂੰ ਚਲਾਉਣ ਲਈ ਜ਼ਿਲ੍ਹਿਆਂ ਵਿਚ ਕਮੇਟੀਆਂ ਗਠਿਤ ਕੀਤੀਆਂ ਜਾਣਗੀਆਂ ਜੋ ਨਸ਼ਾ ਵੰਡਣ ਵਾਲੀ ਪਾਰਟੀ ਦਾ ਪਤਾ ਲੱਗਣ 'ਤੇ ਇਸ ਬਾਰੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕਰਨਗੀਆਂ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਨਸ਼ੇ ਵੰਡਣ ਬਾਰੇ ਸੂਚਨਾ ਮਿਲਦੀ ਹੈ ਤਾਂ ਉਹ ਜ਼ਿਲ੍ਹਾ ਕਮੇਟੀ ਨੂੰ ਸੂਚਿਤ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਮੁੱਖ ਚੋਣ ਕਮਿਸ਼ਨਰ ਤੇ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਕੁਸਮਜੀਤ ਸਿੱਧੂ ਨਾਲ ਗੱਲਬਾਤ ਕਰਨਗੇ। ਉਨ੍ਹਾਂ ਕਿਹਾ ਕਿ ਉਹ ਪਾਰਟੀਆਂ ਦੇ ਸੀਨੀਅਰ ਨੇਤਾਵਾਂ ਨੂੰ ਵੀ ਅਪੀਲ ਕਰਨਗੇ ਕਿ ਉਹ ਆਪਣੇ ਪਾਰਟੀ ਵਰਕਰਾਂ ਨੂੰ ਇਨ੍ਹਾਂ ਚੋਣਾਂ ਵਿਚ ਨਸ਼ੇ ਨਾ ਵੰਡਣ ਦੀ ਹਦਾਇਤ ਕਰਨ।

## ਆਬੂਧਾਬੀ ਵਿਚ ਦਸਤਾਰ 'ਤੇ ਪਾਬੰਦੀ ਦਾ ਹੁਕਮ ਵਾਪਸ

**ਚੰਡੀਗੜ੍ਹ:** ਆਬੂਧਾਬੀ ਦੀ 'ਅਲਾਸ ਅਮੀਰਾਤ ਰੈਡੀਮਿਕਸ' ਕੰਪਨੀ ਨੇ ਸਿੱਖ ਡਰਾਈਵਰਾਂ ਵਿਰੁੱਧ ਦਸਤਾਰ ਦੀ ਪਾਬੰਦੀ ਵਾਲਾ ਫਰਮਾਨ ਵਾਪਸ ਲੈ ਲਿਆ ਹੈ। ਕੰਪਨੀ ਦੇ ਜਨਰਲ ਮੈਨੇਜਰ ਨੇ ਅੰਮ੍ਰਿਤਧਾਰੀ ਸਿੱਖ ਡਰਾਈਵਰਾਂ ਨੂੰ ਬੁਲਾ ਕੇ ਆਖਿਆ ਹੈ ਕਿ ਉਨ੍ਹਾਂ ਨੂੰ ਦਸਤਾਰ ਬੰਨ੍ਹ ਕੇ ਕੰਮ ਕਰਨ ਦੀ ਪੂਰੀ ਇਜਾਜ਼ਤ ਹੋਵੇਗੀ। ਇਸ ਦੇ ਨਾਲ ਹੀ ਜਨਰਲ ਮੈਨੇਜਰ ਨੇ ਦੋ ਸਿੱਖ ਡਰਾਈਵਰਾਂ ਵਿਰੁੱਧ ਨੌਕਰੀ ਤੋਂ ਕੱਢਣ ਦਾ ਨੋਟਿਸ ਵੀ ਵਾਪਸ ਲੈ ਲਿਆ ਹੈ।

'ਅਲਾਸ ਅਮੀਰਾਤ ਰੈਡੀਮਿਕਸ' ਕੰਪਨੀ ਵਿਚ ਅੰਮ੍ਰਿਤਧਾਰੀ ਡਰਾਈਵਰ ਰਣਜੀਤ ਸਿੰਘ ਮਲੂਕਪੁਰ ਨੇ ਦੱਸਿਆ ਕਿ ਆਬੂਧਾਬੀ ਸਥਿਤ ਭਾਰਤੀ ਦੂਤਾਵਾਸ ਦੇ ਦਖ਼ਲ ਨਾਲ ਕੰਪਨੀ ਨੇ ਉਨ੍ਹਾਂ ਨੂੰ ਦਸਤਾਰ ਬੰਨ੍ਹਣ ਦੀ ਆਗਿਆ ਦੇ ਦਿੱਤੀ ਹੈ। ਸਿੱਖ ਡਰਾਈਵਰਾਂ ਦਾ ਵਫ਼ਦ ਵੀ ਆਬੂਧਾਬੀ ਸਥਿਤ ਭਾਰਤੀ ਦੂਤਾਵਾਸ ਕੋਲ ਗਿਆ ਸੀ, ਜਿਥੇ ਦੂਤਾਵਾਸ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਨਸਾਫ਼ ਦਾ ਭਰੋਸਾ ਦਿੰਦਿਆਂ ਆਖਿਆ ਸੀ ਕਿ ਪੱਗ ਸਿਰਫ਼ ਸਿੱਖਾਂ ਦੀ ਹੀ ਨਹੀਂ ਸਗੋਂ ਪੂਰੇ ਭਾਰਤ ਦੀ ਸ਼ਾਨ ਦੀ ਪ੍ਰਤੀਕ ਹੈ। ਰਣਜੀਤ ਸਿੰਘ ਨੇ ਦੱਸਿਆ ਕਿ ਦੂਤਾਵਾਸ ਕੋਲ ਸ਼ਿਕਾਇਤ ਦਰਜ ਕਰਵਾਉਣ ਤੋਂ ਤੁਰੰਤ ਬਾਅਦ ਕੰਪਨੀ ਦੇ ਜਨਰਲ ਮੈਨੇਜਰ ਰੋਜ ਫ਼ੋਜ ਤੂ ਨੇ ਸਿੱਖ ਡਰਾਈਵਰਾਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਆਖਿਆ ਕਿ ਉਨ੍ਹਾਂ ਖ਼ਿਲਾਫ਼ ਦਸਤਾਰ 'ਤੇ ਪਾਬੰਦੀ ਦੇ ਹੁਕਮ ਵਾਪਸ ਲੈ ਲਏ ਗਏ ਹਨ। ਉਨ੍ਹਾਂ ਦੋ ਡਰਾਈਵਰਾਂ ਪ੍ਰਭਜੀਤ ਸਿੰਘ ਤੇ ਸੁਰਜੀਤ ਸਿੰਘ ਜਿਨ੍ਹਾਂ ਨੂੰ ਦਸਤਾਰ ਲਾਹੁਣ ਤੋਂ ਇਨਕਾਰ ਕਰਨ ਕਰਕੇ ਨੌਕਰੀ ਤੋਂ ਕੱਢਣ ਦਾ ਨੋਟਿਸ ਜਾਰੀ ਕੀਤਾ ਸੀ, ਨੂੰ ਵੀ ਵਾਪਸ ਲੈ ਲਿਆ ਹੈ। ਹੁਣ ਇਹ ਦੋਵੇਂ ਡਰਾਈਵਰ ਵੀ ਬਾਕੀਆਂ ਵਾਂਗ ਕੰਮ ਕਰ ਸਕਦੇ ਹਨ।

## ਪਰਵਾਸੀ ਭਾਰਤੀ ਦੇ ਕਾਤਲ ਨੂੰ 13 ਸਾਲ ਦੀ ਕੈਦ

**ਮੈਲਬਰਨ:** ਪੱਛਮੀ ਮੈਲਬਰਨ 'ਚ ਤਕਰੀਬਨ ਦੋ ਸਾਲ ਪਹਿਲਾਂ ਕਤਲ ਕੀਤੇ ਗਏ ਪੰਜਾਬੀ ਨੌਜਵਾਨ ਨਿਤਿਨ ਗਰਗ ਦੇ ਕਾਤਲ 17 ਸਾਲਾ ਲੜਕੇ ਨੂੰ ਸਥਾਨਕ ਅਦਾਲਤ ਨੇ 13 ਸਾਲਾਂ ਕੈਦ ਦੀ ਸਜ਼ਾ ਸੁਣਾਈ ਹੈ ਜਿਸ ਵਿਚੋਂ 8 ਸਾਲ ਸਜ਼ਾ ਭੁਗਤਣ ਮਗਰੋਂ ਹੀ ਇਸ ਦੋਸ਼ੀ ਲੜਕੇ ਨੂੰ ਪੈਰੋਲ ਮਿਲ ਸਕੇਗੀ। ਲੜਕਾ ਨਾਬਾਲਗ ਹੋਣ ਕਾਰਨ ਅਦਾਲਤ ਨੇ ਉਸ ਦਾ ਨਾਂ ਜ਼ਾਹਿਰ ਨਹੀਂ ਕੀਤਾ।

ਪੰਜਾਬ ਤੋਂ ਜਗਰਾਉਂ ਨਾਲ ਸਬੰਧਤ ਨੌਜਵਾਨ ਨਿਤਿਨ ਗਰਗ ਜੋ ਆਸਟਰੇਲੀਆ ਅਕਾਊਂਟਿੰਗ ਦੀ ਪੜ੍ਹਾਈ ਕਰਨ ਆਇਆ ਸੀ, 'ਤੇ ਜਨਵਰੀ, 2010 ਵਿਚ ਰਾਤ ਨੂੰ ਕੰਮ 'ਤੇ ਜਾਂਦਿਆਂ ਦੋ ਸਥਾਨਕ ਨੌਜਵਾਨਾਂ ਨੇ ਜਾਨਲੇਵਾ ਹਮਲਾ ਕੀਤਾ ਸੀ। ਅਦਾਲਤੀ ਕਾਰਵਾਈ ਦੌਰਾਨ ਸਾਹਮਣੇ ਆਇਆ ਕਿ ਮੁਲਜ਼ਮ ਜਿਸ ਦੀ ਉਮਰ ਉਸ ਸਮੇਂ 15 ਸਾਲ ਦੀ ਸੀ, ਨੇ ਆਪਣੇ ਦੋਸਤ ਨਾਲ ਨਿਤਿਨ ਨੂੰ ਫੋਨ 'ਤੇ ਗੱਲਬਾਤ ਕਰਦਿਆਂ ਦੇਖਿਆ ਤਾਂ ਉਸ ਨੇ ਨਿਤਿਨ ਦੀ ਗਰਦਨ 'ਤੇ ਚਾਕੂ ਰੱਖ ਕੇ ਫੋਨ ਦੇਣ ਲਈ ਕਿਹਾ।

ਜਿਉਂ ਹੀ ਨਿਤਿਨ ਘੁੰਮਿਆ ਤਾਂ ਇਸ ਮੁੰਡੇ ਨੇ ਚਾਕੂ ਉਸ ਦੇ ਪੇਟ 'ਚ ਮਾਰਿਆ। ਇਸ ਘਟਨਾ ਵਿਚ ਜ਼ਖ਼ਮੀ ਨਿਤਿਨ ਨੇ ਹਸਪਤਾਲ 'ਚ ਪਹੁੰਚ ਕੇ ਦਮ ਤੋੜ ਦਿੱਤਾ। ਸੁਪਰੀਮ ਕੋਰਟ ਵਿਚ ਜਸਟਿਸ ਪਾਲ ਕੋਗਹੈਲਨ ਨੇ ਇਸ ਘਟਨਾ ਨੂੰ ਅਤਿ ਦੁਖਦਾਇਕ ਤੇ ਝੰਜੋੜਨ ਵਾਲੀ ਦੱਸਦਿਆਂ ਕਿਹਾ ਕਿ ਮੁਲਜ਼ਮ ਨੇ ਆਪਣੇ ਇਸ ਜੁਰਮ 'ਚ ਇਕ ਹੋਣਹਾਰ ਨੌਜਵਾਨ ਦੀ ਜਾਨ ਲੈ ਲਈ ਤੇ ਇਸ ਨੂੰ ਇਹ ਸਜ਼ਾ ਭੁਗਤਣੀ ਹੋਵੇਗੀ। ਵਿਕਟੋਰੀਆ ਪੁਲਿਸ ਦੀਆਂ ਵਿਸ਼ੇਸ਼ ਪੜਤਾਲੀਆ ਟੀਮਾਂ ਨੇ ਬਾਅਦ ਵਿਚ ਇਸ ਕਾਤਲ ਨੌਜਵਾਨ ਨੂੰ ਉਸ ਦੇ ਸਾਥੀ ਸਮੇਤ ਗ੍ਰਿਫ਼ਤਾਰ ਕਰ ਲਿਆ ਸੀ। ਇਸ ਕਤਲ ਦੀ ਸਥਾਨਕ ਤੇ ਕੌਮਾਂਤਰੀ ਪੱਧਰ 'ਤੇ ਹੋਈ ਨਿਖੇਧੀ ਮਗਰੋਂ ਪੁਲਿਸ ਨੇ ਜਨਤਕ ਸਥਾਨਾਂ 'ਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਮੁਹਿੰਮ ਵੀ ਸ਼ੁਰੂ ਕੀਤੀ ਸੀ।

# ਵਜ਼ੀਰਾਂ ਦੀਆਂ ਗੱਡੀਆਂ ਨੇ 18.54 ਕਰੋੜ ਦਾ ਤੇਲ ਛਕਿਆ

## ਮੁੱਖ ਮੰਤਰੀ ਕੋਲ 33 ਗੱਡੀਆਂ ਦਾ ਕਾਫਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕੈਬਨਿਟ ਵੱਲੋਂ ਪਿਛਲੇ ਢਾਈ ਵਰ੍ਹਿਆਂ ਦੌਰਾਨ 18.54 ਕਰੋੜ ਦਾ ਤੇਲ ਫੂਕ ਦਿੱਤਾ ਗਿਆ। ਸਰਕਾਰੀ ਖ਼ਜ਼ਾਨੇ ਨੂੰ ਇਕੱਲੇ ਮੁੱਖ ਮੰਤਰੀ ਦੀਆਂ ਕਾਰਾਂ ਦਾ ਕਾਫਲਾ ਪੌਣੇ ਛੇ ਕਰੋੜ ਰੁਪਏ 'ਚ ਪਿਆ। ਮੁੱਖ ਮੰਤਰੀ ਕੋਲ 33 ਗੱਡੀਆਂ ਦਾ ਕਾਫਲਾ ਹੈ ਜਿਨ੍ਹਾਂ ਦਾ ਤੇਲ ਖਰਚ 13 ਮੰਤਰੀਆਂ ਦੀਆਂ ਗੱਡੀਆਂ ਦੇ ਬਰਾਬਰ ਦਾ ਹੈ।

ਪੰਜਾਬ ਕੈਬਨਿਟ ਕੋਲ 119 ਗੱਡੀਆਂ ਦਾ ਕਾਫਲਾ ਹੈ। ਮੁੱਖ ਮੰਤਰੀ ਕੋਲ 33 ਗੱਡੀਆਂ ਹਨ ਜਦੋਂਕਿ ਉਪ ਮੁੱਖ ਮੰਤਰੀ ਕੋਲ 20 ਗੱਡੀਆਂ ਦਾ ਕਾਫਲਾ ਹੈ। 17 ਕੈਬਨਿਟ ਮੰਤਰੀਆਂ ਕੋਲ 34 ਸਰਕਾਰੀ ਗੱਡੀਆਂ ਹਨ। ਇਵੇਂ ਹਰ ਮੁੱਖ ਸੰਸਦੀ ਸਕੱਤਰ ਨੂੰ ਦੋ-ਦੋ ਗੱਡੀਆਂ ਦਿੱਤੀਆਂ ਹੋਈਆਂ ਹਨ। ਵਿਧਾਨ ਸਭਾ ਦੇ ਸਪੀਕਰ ਤੇ ਡਿਪਟੀ ਸਪੀਕਰ ਨੂੰ ਇਕ-ਇਕ ਗੱਡੀ ਦਿੱਤੀ ਗਈ ਹੈ। ਵਿਰੋਧੀ ਧਿਰ ਦੀ ਨੇਤਾ ਨੂੰ ਦੋ ਗੱਡੀਆਂ ਮਿਲੀਆਂ ਹੋਈਆਂ ਹਨ। ਹਰ ਵਿਧਾਇਕ ਨੂੰ ਵੀ ਇਕ ਗੱਡੀ ਮਿਲੀ ਹੋਈ ਹੈ।

ਸੰਗਤ ਦਰਸ਼ਨ ਪ੍ਰੋਗਰਾਮ ਇਸ ਤੇਲ ਖਰਚੇ 'ਚ ਇਜ਼ਾਫ਼ੇ ਦਾ ਮੁੱਖ ਕਾਰਨ ਦੱਸੇ ਜਾ ਰਹੇ ਹਨ। ਇਸ ਤੋਂ ਇਲਾਵਾ ਹੈਲੀਕਾਪਟਰ ਦਾ ਖਰਚਾ ਵੱਖਰਾ ਹੈ। ਤੇਲ ਮਹਿੰਗਾ ਹੋਵੇ ਚਾਹੇ ਸਸਤਾ, ਸਰਕਾਰ ਨੂੰ ਇਸ ਦੀ ਖਪਤ ਤੇ ਕੀਮਤ ਦਾ ਕੋਈ ਫਿਕਰ ਨਹੀਂ ਹੈ। ਨਿਯਮਾਂ 'ਚ ਤੇਲ ਖਰਚ ਦੀ ਕੋਈ ਬੰਦਿਸ਼ ਨਹੀਂ ਹੈ। ਨਤੀਜਾ ਇਹ ਹੈ ਕਿ ਗੱਡੀਆਂ ਦੇ ਕਾਫਲੇ ਸਰਕਾਰੀ ਖ਼ਜ਼ਾਨੇ ਨੂੰ ਰੋਜ਼ਾਨਾ 2.03 ਲੱਖ ਰੁਪਏ ਦੀ ਸੱਟ ਮਾਰ ਦਿੰਦੇ ਹਨ। ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਜੋ ਵੇਰਵੇ ਜਾਰੀ ਕੀਤੇ ਗਏ, ਉਨ੍ਹਾਂ ਤੋਂ ਉਪਰੋਕਤ ਤੱਥ ਸਾਹਮਣੇ ਆਏ ਹਨ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਪਹਿਲੀ ਅਪਰੈਲ, 2009 ਤੋਂ 30 ਸਤੰਬਰ, 2011 ਤੱਕ 5,72,62,301 ਰੁਪਏ ਦਾ ਤੇਲ ਖਰਚ ਹੈ ਜਦੋਂਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਤੇਲ ਖਰਚ 1,02,84,784 ਰੁਪਏ ਹਨ। ਇਹ ਵੱਖਰੀ ਗੱਲ ਹੈ ਕਿ ਦੂਰ ਦਾ ਸਫ਼ਰ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵੱਲੋਂ ਹੈਲੀਕਾਪਟਰ ਰਾਹੀਂ ਤੈਅ ਕੀਤਾ ਜਾਂਦਾ ਹੈ। ਖ਼ਾਲੀ ਗੱਡੀਆਂ ਦੇ ਕਾਫਲੇ ਨੇ ਜ਼ਿਆਦਾ ਤੇਲ ਛਕਿਆ ਹੈ।

ਮੁੱਖ ਮੰਤਰੀ ਦਾ ਸਾਲਾਨਾ ਤੇਲ ਖਰਚ ਔਸਤਨ ਸਵਾ ਦੋ ਕਰੋੜ ਰੁਪਏ ਤੋਂ ਉਪਰ ਦਾ ਹੈ। ਉਨ੍ਹਾਂ ਵੱਲੋਂ ਔਸਤਨ 19 ਲੱਖ ਰੁਪਏ ਦਾ ਤੇਲ ਖਰਚ ਹਰ ਮਹੀਨੇ ਕੀਤਾ ਜਾਂਦਾ ਹੈ। ਮੁੱਖ ਮੰਤਰੀ ਦੀਆਂ ਗੱਡੀਆਂ ਦਾ ਕਾਫਲਾ ਰੋਜ਼ਾਨਾ ਸਰਕਾਰ ਨੂੰ ਔਸਤਨ 63 ਹਜ਼ਾਰ ਰੁਪਏ ਵਿਚ ਪੈਂਦਾ ਹੈ। ਮੁੱਖ ਮੰਤਰੀ, ਉਪ ਮੁੱਖ ਮੰਤਰੀ, ਮੰਤਰੀ ਤੇ ਮੁੱਖ ਸੰਸਦੀ ਸਕੱਤਰਾਂ ਦਾ ਤੇਲ ਖਰਚ ਦੇਖੀਏ ਤਾਂ ਪੰਜਾਬ ਸਰਕਾਰ ਵੱਲੋਂ ਰੋਜ਼ਾਨਾ 2.03 ਲੱਖ ਰੁਪਏ ਇਨ੍ਹਾਂ 'ਤੇ ਖਰਚ ਕੀਤੇ ਜਾਂਦੇ ਹਨ।

17 ਵਜ਼ੀਰਾਂ ਦਾ ਪ੍ਰਤੀ ਮਹੀਨਾ ਤੇਲ ਖਰਚ 24.88 ਲੱਖ ਰੁਪਏ ਹੈ ਜਦੋਂਕਿ ਰੋਜ਼ਾਨਾ ਦਾ ਤੇਲ ਖਰਚ 81 ਹਜ਼ਾਰ ਰੁਪਏ ਬਣਦਾ ਹੈ। 16 ਮੁੱਖ ਸੰਸਦੀ ਸਕੱਤਰਾਂ ਵੱਲੋਂ ਢਾਈ ਵਰ੍ਹਿਆਂ 'ਚ 4.32 ਕਰੋੜ ਰੁਪਏ ਦਾ ਤੇਲ ਖਰਚ ਕੀਤਾ ਗਿਆ ਹੈ। ਤੇਲ ਖਰਚ ਦੇ ਮਾਮਲੇ 'ਚ ਮਾਲ ਮੰਤਰੀ ਅਜੀਤ ਸਿੰਘ ਕੁਹਾੜ ਸਭ ਮੰਤਰੀਆਂ ਨੂੰ ਪਿੱਛੇ ਛੱਡ ਗਏ ਹਨ। ਉਨ੍ਹਾਂ ਦੀਆਂ ਗੱਡੀਆਂ ਨੇ ਢਾਈ ਵਰ੍ਹਿਆਂ 'ਚ 67.33 ਲੱਖ ਰੁਪਏ ਦਾ ਤੇਲ ਫੂਕਿਆ।

ਦੂਸਰੇ ਨੰਬਰ 'ਤੇ ਗੁਲਜ਼ਾਰ ਸਿੰਘ ਰਣੀਕੇ ਰਹੇ ਜਿਨ੍ਹਾਂ ਦੀਆਂ ਗੱਡੀਆਂ ਦਾ ਤੇਲ ਖਰਚ 67.08 ਲੱਖ ਰੁਪਏ ਹੈ। ਮਾਸਟਰ ਮੋਹਨ ਲਾਲ ਦਾ ਵਜ਼ੀਰੀ ਸਮੇਂ ਦਾ ਤੇਲ ਖਰਚ 62.04 ਲੱਖ ਰੁਪਏ ਰਿਹਾ ਹੈ। ਸਭ ਤੋਂ ਘੱਟ ਤੇਲ ਖਰਚ ਕੈਪਟਨ ਬਲਬੀਰ ਸਿੰਘ ਬਾਠ ਦਾ ਹੈ। ਇਹ 6.89 ਲੱਖ ਰੁਪਏ ਹੈ। ਵਜ੍ਹਾ ਸ਼ਾਇਦ ਇਹ ਹੈ ਕਿ ਸ. ਬਾਠ ਕੁਝ ਸਮਾਂ ਪਹਿਲਾਂ ਹੀ ਵਜ਼ੀਰ ਬਣੇ। ਮੁੱਖ ਸੰਸਦੀ ਸਕੱਤਰਾਂ 'ਚੋਂ ਬਿਕਰਮਜੀਤ ਸਿੰਘ ਖਾਲਸਾ ਗੱਡੀਆਂ ਦੇ ਤੇਲ ਖਰਚ ਦੇ ਮਾਮਲੇ 'ਚ ਬਾਜ਼ੀ ਮਾਰ ਗਏ। ਉਨ੍ਹਾਂ ਦਾ ਢਾਈ ਵਰ੍ਹਿਆਂ ਦਾ ਤੇਲ ਖਰਚ 48.10 ਲੱਖ ਰੁਪਏ ਰਿਹਾ। ਦੂਸਰੇ ਨੰਬਰ 'ਤੇ ਬੀਬੀ ਮਹਿੰਦਰ ਕੌਰ ਜੋਸ਼ (ਤੇਲ ਖਰਚ 45.39 ਲੱਖ ਰੁਪਏ) ਰਹੇ। ਉਧਰ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਜ਼ੈੱਡ ਪਲੱਸ ਸੁਰੱਖਿਆ ਮਿਲੀ ਹੋਈ ਹੈ। ਉਸ ਕਾਰਨ ਬਹੁਤ ਸਾਰੀਆਂ ਪੇਸ਼ਬੰਦੀਆਂ ਕਰਨੀਆਂ ਪੈਂਦੀਆਂ ਹਨ। ਉਪ ਮੁੱਖ ਮੰਤਰੀ ਨੂੰ ਇਸ ਦੇ ਬਰਾਬਰ ਦੀ ਸੁਰੱਖਿਆ ਹੈ। ਇਸ ਲਈ ਤੇਲ ਖਰਚ ਵਿਚ ਅਜਿਹਾ ਕੁਝ ਵੀ ਨਹੀਂ ਹੈ ਜਿਸ ਨੂੰ ਵਾਧੂ ਜਾਂ ਬੇਲੋੜਾ ਕਿਹਾ ਜਾ ਸਕੇ।

# ਬੱਬਰ ਖਾਲਸਾ ਦੇ ਦੋ ਕਾਰਕੁੰਨ ਗ੍ਰਿਫ਼ਤਾਰ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਪੁਲਿਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਸਬੰਧਤ ਦੋ ਸ਼ੱਕੀ ਕਾਰਕੁਨਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਉਸ ਨੇ ਇਨ੍ਹਾਂ ਗ੍ਰਿਫਤਾਰੀਆਂ ਰਾਹੀਂ ਬੱਬਰ ਖਾਲਸਾ ਦੀ ਦੇਸ਼ ਵਿਚ ਕੁਝ ਧਾਰਮਿਕ ਤੇ ਸਿਆਸੀ ਆਗੂਆਂ ਨੂੰ ਮਾਰਨ ਦੀ ਸਾਜ਼ਿਸ਼ ਨਾਕਾਮ ਕਰ ਦਿੱਤੀ ਹੈ। ਫੜੇ ਗਏ ਵਿਅਕਤੀਆਂ ਦੀ ਪਛਾਣ ਸਰਬਪ੍ਰੀਤ ਸਿੰਘ ਉਰਫ ਪ੍ਰਿੰਸ (30) ਤੇ ਉਸ ਦੇ ਬਚਪਨ ਦੇ ਦੋਸਤ ਜਸਵਿੰਦਰ ਸਿੰਘ (30) ਵਜੋਂ ਹੋਈ ਹੈ।

ਪੁਲਿਸ ਦਾ ਦਾਅਵਾ ਹੈ ਕਿ ਉਹ ਹਮਲੇ ਕਰਨ ਲਈ ਅਸਾਲਟ ਰਾਈਫਲਾਂ ਤੇ ਰਾਕਟ ਲਾਂਚਰਾਂ ਆਦਿ ਅਸਲੇ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਮੁਤਾਬਕ ਇਨ੍ਹਾਂ ਦੋਹਾਂ ਨੂੰ ਬੀ.ਕੇ.ਆਈ. ਦੇ ਮੁਖੀ ਵਧਾਵਾ ਸਿੰਘ ਤੇ ਇਕ ਹੋਰ ਆਗੂ ਕੁਲਬੀਰ ਸਿੰਘ ਨੇ ਪੰਜਾਬ ਤੇ ਹਰਿਆਣਾ ਵਿਚ ਤਿੰਨ ਧਾਰਮਿਕ ਤੇ ਕੁਝ ਸਿਆਸੀ ਆਗੂਆਂ ਨੂੰ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਮਾਰਨ ਦੀ ਜ਼ਿੰਮੇਵਾਰੀ ਸੌਂਪੀ ਸੀ। ਦਿੱਲੀ ਦੇ ਡਿਪਟੀ ਕਮਿਸ਼ਨਰ ਪੁਲਿਸ (ਕ੍ਰਾਈਮ) ਅਸ਼ੋਕ ਚੰਦ ਨੇ ਕਿਹਾ ਕਿ ਪਹਿਲਾਂ ਵੀਰਵਾਰ ਸ਼ਾਮ ਸਰਬਪ੍ਰੀਤ ਸਿੰਘ ਨੂੰ ਉੱਤਰ ਪੱਛਮੀ ਦਿੱਲੀ ਦੇ ਸ਼ਾਲੀਮਾਰ ਬਾਗ ਵਿਚੋਂ ਗ੍ਰਿਫਤਾਰ ਕੀਤਾ ਗਿਆ ਤੇ ਫੇਰ ਜਸਵਿੰਦਰ ਸਿੰਘ ਨੂੰ ਪੰਜਾਬ ਵਿਚ ਆਨੰਦਪੁਰ ਸਾਹਿਬ ਤੋਂ ਗ੍ਰਿਫਤਾਰ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਤੇ ਕੁਝ ਹੋਰ ਏਜੰਸੀਆਂ ਤੋਂ ਸੂਚਨਾ ਮਿਲੀ ਸੀ ਕਿ ਬੀ.ਕੇ.ਆਈ. ਦੇ ਕੁਝ ਕਾਰਕੁਨ ਧਾਰਮਿਕ ਤੇ ਸਿਆਸੀ ਆਗੂਆਂ ਦੇ ਕਤਲ ਦੀ ਸਾਜ਼ਿਸ਼ ਰਚ ਰਹੇ ਹਨ। ਸੂਹ ਮਿਲੀ ਕਿ ਕੋਈ ਵਿਅਕਤੀ ਇਕ ਆਈਕਨ ਕਾਰ ਰਾਹੀਂ ਸ਼ਾਲੀਮਾਰ ਬਾਗ ਦੇ ਸਿੰਗਲਾਪੁਰਾ ਬਾਜ਼ਾਰ ਵਿਚ ਆਵੇਗਾ। ਉਥੋਂ ਸਰਬਪ੍ਰੀਤ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਉਸ ਕੋਲੋਂ ਤਿੰਨ ਪਿਸਤੌਲਾਂ ਤੇ 45 ਕਾਰਤੂਸ ਮਿਲੇ ਹਨ। ਪੁੱਛਗਿੱਛ ਦੌਰਾਨ ਸਰਬਪ੍ਰੀਤ ਨੇ ਮੰਨਿਆ ਕਿ ਉਸ ਨੂੰ ਕੁਝ ਧਾਰਮਿਕ ਤੇ ਸਿਆਸੀ ਆਗੂਆਂ ਨੂੰ ਮਾਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਉਸ ਨੂੰ ਹਰਿਆਣਾ ਦੇ ਬਾਬਾ ਰਾਮ ਰਹੀਮ (ਸਿਰਸਾ ਡੇਰਾ), ਬਾਬਾ ਪਿਆਰਾ ਸਿੰਘ ਭਨਿਆਰਾਂ ਵਾਲੇ ਤੇ ਬਾਬਾ ਆਸ਼ੂਤੋਸ਼ ਤੇ ਕੁਝ ਸਿਆਸੀ ਆਗੂਆਂ ਨੂੰ ਮਾਰਨ ਲਈ ਕਿਹਾ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਸਰਬਪ੍ਰੀਤ ਦੀ 2001 ਵਿਚ ਹਾਂਗਕਾਂਗ ਵਿਖੇ ਬੀ.ਕੇ.ਆਈ. ਦੇ ਕੁਲਬੀਰ ਸਿੰਘ ਨਾਲ ਮੁਲਾਕਾਤ ਹੋਈ ਸੀ। ਉਦੋਂ ਉਹ 20 ਸਾਲਾਂ ਦਾ ਸੀ। ਪਿਛਲੇ ਸਾਲ ਉਹ ਮੁੜ ਕੁਲਬੀਰ ਸਿੰਘ ਨੂੰ ਮਿਲਿਆ ਤੇ ਉਸ ਨੂੰ ਬੀ.ਕੇ.ਆਈ. ਵਿਚ ਸ਼ਾਮਲ ਕਰ ਲਿਆ ਗਿਆ।

## ਭਾਈ ਹਵਾਰਾ 'ਤੇ ਹਮਲੇ ਬਾਰੇ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਉਮਰ ਕੈਦ ਭੋਗ ਰਹੇ ਜਗਤਾਰ ਸਿੰਘ ਹਵਾਰਾ 'ਤੇ 11 ਨਵੰਬਰ ਨੂੰ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿਚ ਹੋਏ ਹਮਲੇ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਚੰਡੀਗੜ੍ਹ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।



ਆਪਣੀ ਪਟੀਸ਼ਨ ਵਿਚ ਭਾਈ ਹਵਾਰਾ ਨੇ ਕਿਹਾ ਹੈ ਕਿ ਚੰਡੀਗੜ੍ਹ ਪੁਲਿਸ ਉਸ ਦੀ ਸੁਰੱਖਿਆ ਕਰਨ ਵਿਚ ਨਾਕਾਮ ਰਹੀ ਹੈ ਤੇ ਇਸ ਮਾਮਲੇ ਵਿਚ ਦੋਸ਼ੀਆਂ ਵਿਰੁੱਧ ਤੁਰੰਤ ਐਫ.ਆਈ.ਆਰ. ਨਹੀਂ ਦਰਜ ਕੀਤੀ ਗਈ। ਪਟੀਸ਼ਨਰ ਨੇ ਬੇਨਤੀ ਕੀਤੀ ਹੈ ਕਿ ਚੰਡੀਗੜ੍ਹ ਦੇ ਗ੍ਰਿਹ ਸਕੱਤਰ ਨੂੰ ਇਸ ਬਾਰੇ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਜਾਣ। ਪਟੀਸ਼ਨਰ ਨੇ ਕਿਹਾ ਹੈ ਕਿ ਪੰਜਾਬ ਪੁਲੀਸ ਅਖਿਲ ਭਾਰਤੀਆ ਹਿੰਦੂ ਸੁਰਖਸ਼ਾ ਸਮਿਤੀ ਦੇ ਕਾਰਕੁੰਨ ਜੋ ਫਿਰਕੂ ਸਦਭਾਵਨਾ ਨੂੰ ਠੇਸ ਪਹੁੰਚਾ ਰਹੇ ਹਨ, ਖਿਲਾਫ ਕਾਰਵਾਈ ਕਰਨ ਵਿਚ ਨਾਕਾਮ ਰਹੀ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਤਿੰਨ ਫਰਵਰੀ ਨੂੰ ਹੋਵੇਗੀ।

# ਬਲਦੇਵ ਸਿੰਘ ਸੜਕਨਾਮਾ ਨੂੰ ਸਾਹਿਤ ਅਕਾਦਮੀ ਪੁਰਸਕਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਹਿਤ ਅਕਾਦਮੀ ਵੱਲੋਂ ਸਾਲ 2011 ਲਈ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਐਤਕੀਂ ਪੰਜਾਬੀ ਲਈ ਇਹ ਪੁਰਸਕਾਰ ਉਘੇ ਲੇਖਕ ਬਲਦੇਵ ਸਿੰਘ ਸੜਕਨਾਮਾ (ਮੋਗਾ) ਨੂੰ ਉਨ੍ਹਾਂ ਦੇ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਲਈ ਦਿੱਤਾ ਗਿਆ। ਇਸ ਤੋਂ ਇਲਾਵਾ ਇਤਿਹਾਸਕਾਰ ਰਾਮਚੰਦਰ ਗੁਹਾ, ਕਾਸ਼ੀਨਾਥ ਸਿੰਘ (ਹਿੰਦੀ), ਖਲੀਲ ਮੈਮਨ (ਉਰਦੂ), ਨਸੀਮ ਸੈਫਾਈ (ਕਸ਼ਮੀਰੀ) ਸਣੇ 22 ਲੇਖਕਾਂ ਨੂੰ ਇਹ ਕੌਮੀ ਵੱਕਾਰੀ ਪੁਰਸਕਾਰ ਦਿੱਤਾ ਗਿਆ ਹੈ। ਪੁਰਸਕਾਰ ਵਿਚ ਇਕ ਲੱਖ ਰੁਪਏ, ਸ਼ਾਲ ਤੇ ਯਾਦ ਚਿੰਨ੍ਹ ਹੋਵੇਗਾ। ਇਸ ਵਾਰ ਕਵਿਤਾ ਦੀਆਂ 8 ਪੁਸਤਕਾਂ, 7 ਨਾਵਲਾਂ, 3 ਵਾਰਤਕ ਪੁਸਤਕਾਂ, ਤੇ ਕਹਾਣੀ, ਇਤਿਹਾਸ, ਸਵੈ-ਜੀਵਨੀ ਤੇ ਨਾਟਕ ਦੀ ਇਕ-ਇਕ ਪੁਰਸਕਾਰ ਲਈ ਚੁਣੀਆਂ ਗਈਆਂ ਹਨ।




ਬਲਦੇਵ ਸਿੰਘ ਦਾ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' (2009) ਲੋਕ ਨਾਇਕ ਦੁੱਲਾ ਭੱਟੀ ਬਾਰੇ ਹੈ ਜਿਸ ਵਿਚ ਲੇਖਕ ਨੇ ਇਸ ਲੋਕ ਨਾਇਕ ਦੀ ਸੂਰਬੀਰਤਾ ਨੂੰ ਬਿਆਨ ਕੀਤਾ ਹੈ। ਬਲਦੇਵ ਸਿੰਘ ਨੇ ਨਾਇਕਾਂ ਦੇ ਜੀਵਨ ਦੇ ਆਧਾਰ 'ਤੇ ਹੋਰ ਨਾਵਲ ਵੀ ਲਿਖੇ ਹਨ। ਇਨ੍ਹਾਂ ਵਿਚ ਭਾਈ ਜੈਤਾ ਬਾਰੇ 'ਪੰਜਵਾਂ ਸਾਹਿਬਜ਼ਾਦਾ' (2005), ਸ਼ਹੀਦ ਭਗਤ ਸਿੰਘ ਬਾਰੇ 'ਸਤਲੁਜ ਵਹਿੰਦਾ ਰਿਹਾ' (2007) ਤੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ 'ਮਹਾਬਲੀ' (2011) ਸ਼ਾਮਲ ਹਨ। ਉਨ੍ਹਾਂ ਦਾ ਪਹਿਲਾ ਨਾਵਲ 1978 ਵਿਚ 'ਦੂਸਰਾ ਹੀਰੋਸ਼ੀਮਾ' ਛਪਿਆ। ਇਸ ਤੋਂ ਬਾਅਦ ਕੱਲਰੀ ਧਰਤੀ, ਜੀ.ਟੀ. ਰੋਡ, ਕੱਚੀਆਂ ਕੰਧਾਂ, ਸੂਲੀ ਟੰਗੇ ਪਹਿਰ, ਲਾਲ ਬੱਤੀ ਤੇ ਅੰਨਦਾਤਾ ਨਾਵਲ ਛਪੇ।

ਉਨ੍ਹਾਂ ਵੱਲੋਂ ਲਿਖੇ ਕਹਾਣੀ ਸੰਗ੍ਰਹਿਆਂ ਵਿਚ ਗਿੱਲੀਆਂ ਛਿਟੀਆਂ ਦੀ ਅੱਗ, ਚਿਤੀਆਖਾਨਾ, ਸਵੇਰੇ ਦੀ ਲੋਅ, ਛੱਖੜ ਤੇ ਪਰਿੰਦੇ ਤੇ ਦਿਸਹੱਦਿਆਂ ਤੋਂ ਪਾਰ ਸ਼ਾਮਲ ਹਨ। ਉਨ੍ਹਾਂ ਦੀ ਵਧੇਰੇ ਚਰਚਾ ਉਨ੍ਹਾਂ ਦੇ ਕਾਲਮ 'ਸੜਕਨਾਮਾ' ਕਰਕੇ ਹੋਈ ਜੋ ਅੰਮ੍ਰਿਤਾ ਪ੍ਰੀਤਮ ਦੇ ਪਰਚੇ 'ਨਾਗਮਣੀ' ਵਿਚ 1980 ਤੋਂ ਲੈ ਕੇ 'ਨਾਗਮਣੀ' ਬੰਦ ਹੋਣ ਤਕ (1999) ਤਕ ਛਪਦਾ ਰਿਹਾ। ਉਹ ਵੀਹ ਸਾਲ ਕੋਲਕਾਤਾ ਰਹੇ ਪਰ 1984 ਵਿਚ ਸਿੱਖਾਂ ਉੱਤੇ ਹਮਲਿਆਂ ਤੋਂ ਬਾਅਦ ਆਖਰਕਾਰ 1985 ਵਿਚ ਉਹ ਪੰਜਾਬ ਆ ਗਏ। 1942 ਵਿਚ ਜਨਮੇ ਬਲਦੇਵ ਸਿੰਘ ਕੁਝ ਸਮਾਂ ਸਰਕਾਰੀ ਅਧਿਆਪਕ ਵੀ ਰਹੇ। ਉਨ੍ਹਾਂ ਐਮ.ਏ.ਬੀ.ਐੱਡ. ਦੀ ਡਿਗਰੀ ਹਾਸਲ ਕੀਤੀ। ਲੰਮਾ ਸਮਾਂ ਟਰੱਕ ਡਰਾਈਵਰੀ ਕੀਤੀ ਤੇ ਫਿਰ ਟਰਾਂਸਪੋਰਟਰ ਬਣੇ।

ਅੱਜ ਕੱਲ੍ਹ ਉਹ ਕੁਲਵਕਤੀ ਲੇਖਕ ਹਨ। ਨਾਟਕ ਦੇ ਖੇਤਰ ਵਿਚ ਵੀ ਉਨ੍ਹਾਂ ਦਾ ਚੋਖਾ ਯੋਗਦਾਨ ਹੈ। ਉਨ੍ਹਾਂ ਦੇ ਲਿਖੇ ਤੇ ਖੇਡੇ ਨਾਟਕ 'ਮਿੱਟੀ ਰੁਦਨ ਕਰੇ' ਦੇ 2000 ਤੋਂ ਵੱਧ ਸ਼ੋਅ ਹੋ ਚੁੱਕੇ ਹਨ। 400 ਸ਼ੋਅ ਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਥੀਏਟਰ ਵਿਭਾਗ ਨੇ ਕੀਤੇ। ਉਨ੍ਹਾਂ ਦੇ ਹੋਰ ਨਾਟਕਾਂ ਦੇ ਨਾਂ 'ਧੀਆਂ ਵਾਲੇ ਪੁੱਤਾਂ ਵਾਲੇ', ਪੰਡਿਤ ਬਲਾਕੀ ਰਾਮ, ਸਵੇਰੇ ਦੀ ਲੋਅ ਸ਼ਾਮਲ ਹਨ। ਨਾਵਲਾਂ ਵਿਚੋਂ 'ਕੱਲਰੀ ਧਰਤੀ' ਨਾਵਲ ਉਨ੍ਹਾਂ ਨੂੰ ਵਧੇਰੇ ਚੰਗਾ ਲੱਗਦਾ ਹੈ। ਇਸ ਵਿਚ ਉਸ ਕੁੜੀ ਦੀ ਕਥਾ ਹੈ ਜਿਸ ਦੇ ਘਰਵਾਲੇ ਉਹਦੇ ਲਈ ਵਰ ਲੱਭਣ ਵਿਚ ਅਸਫਲ ਰਹਿ ਜਾਂਦੇ ਹਨ ਤੇ ਉਸ ਦੀ ਵਿਆਹ ਦੀ ਉਮਰ ਲੰਘ ਜਾਂਦੀ ਹੈ। ਉਨ੍ਹਾਂ ਮੁਤਾਬਕ ਇਸ ਪਾਤਰ ਦਾ ਦਰਦ ਉਨ੍ਹਾਂ ਦੇ ਜ਼ਿਹਨ ਵਿਚ ਹਰ ਵਕਤ ਖੌਰੂ ਪਾਉਂਦਾ ਰਹਿੰਦਾ ਹੈ।

ਸਾਹਿਤ ਅਕਾਦਮੀ ਇਹ ਪੁਰਸਕਾਰ ਹਰ ਸਾਲ ਦਿੰਦੀ ਹੈ। ਪੁਰਸਕਾਰ ਭਾਵੇਂ ਲੇਖਕ ਦੀ ਸਮੁੱਚੀ ਲੇਖਣੀ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ ਪਰ ਲੇਖਕ ਦੀ ਪਿਛਲੇ ਤਿੰਨ ਸਾਲਾਂ ਦੌਰਾਨ ਛਪੀ ਪੁਸਤਕ ਨੂੰ ਇਸ ਪੁਰਸਕਾਰ ਲਈ ਚੁਣਿਆ ਜਾਂਦਾ ਹੈ। ਹਰ ਭਾਸ਼ਾ ਵਿਚ ਲੇਖਕ ਦੀ ਚੋਣ ਤਿੰਨ ਮੈਂਬਰੀ ਜਿਊਰੀ ਕਰਦੀ ਹੈ। ਪੁਰਸਕਾਰ ਹਾਸਲ ਕਰਨ ਵਾਲੇ ਹੋਰ ਲੇਖਕਾਂ ਵਿਚ ਮਰਹੂਮ ਕਬੀਨ ਫੂਕਨ (ਆਸਾਮੀ), ਮਨਿੰਦਰ ਗੁਪਤਾ (ਬੰਗਾਲੀ), ਪ੍ਰੇਮ ਨੰਦ ਮੋਸ਼ਾਹਰੀ (ਬੋਡੋ), ਲਲਿਤ ਲਗੋਤਰਾ (ਡੋਗਰੀ), ਮੋਹਨ ਪਰਮਾਰ (ਗੁਜਰਾਤੀ), ਮੈਲਵਿਨ ਰੌਡਰਿਗਜ਼ (ਕੋਂਕਨੀ), ਐਮ.ਕੇ. ਸਾਨੂ (ਮਲਿਆਲੀ), ਕਸ਼ੇਤਰੀ ਬੀਰਾ (ਮਨੀਪੁਰੀ), ਗਰੇਸ (ਮਰਾਠੀ), ਕਲਪਨਾ ਕੁਮਾਰੀ ਦੇਵੀ (ਉੜੀਆ), ਅਤੁਲ ਕਨਕ (ਰਾਜਸਥਾਨੀ), ਹਰੇ ਕ੍ਰਿਸ਼ਨਾ ਸਤਪਤੀ (ਸੰਸਕ੍ਰਿਤ), ਅਦਿੱਤਿਆ ਕੁਮਾਰ ਮੰਡੀ (ਸੰਥਾਲੀ), ਮੋਹਨ ਗਹਿਣੀ (ਸਿੰਧੀ), ਐਮ. ਵੈਂਕਟੇਸ਼ਨ (ਤਾਮਿਲ), ਸਾਮਾਲਾ ਸਦਾਸ਼ਿਨ (ਤੇਲਗੂ) ਸ਼ਾਮਲ ਹਨ।

# ਪੰਜਾਬ ਟਾਈਮਜ਼

*ਸਨਿਚਰਵਾਰ, 31 ਦਸੰਬਰ 2011*


## ਪੰਜਾਬ ਟਾਈਮਜ਼ ਤੇ ਪੱਤਰਕਾਰੀ ਦਾ ਜਲੌ

'ਪੰਜਾਬ ਟਾਈਮਜ਼' ਨੇ ਆਪਣੀ ਹੋਂਦ ਦੇ 12 ਵਰ੍ਹੇ ਮੁਕੰਮਲ ਕਰ ਲਏ ਹਨ। ਇਸ ਸਮੇਂ ਦੌਰਾਨ ਜ਼ਿੰਦਗੀ ਦੇ ਹਰ ਪਹਿਲੂ ਵਿਚ ਵੱਡੀਆਂ ਤਬਦੀਲੀਆਂ ਹੋਈਆਂ ਹਨ। 'ਪੰਜਾਬ ਟਾਈਮਜ਼' ਇਨ੍ਹਾਂ ਤਬਦੀਲੀਆਂ ਬਾਰੇ ਗੱਲ ਤੋਰਨ ਲਈ ਸਦਾ ਆਪਣੇ ਪਾਠਕਾਂ ਦੇ ਰੂ-ਬ-ਰੂ ਹੁੰਦਾ ਰਿਹਾ ਹੈ। ਪਾਠਕਾਂ ਤੋਂ ਮਿਲੇ ਭਰਪੂਰ ਹੁੰਗਾਰੇ ਕਰਕੇ ਅਸੀਂ ਵੀ ਦੋ ਕਦਮ ਅਗਾਂਹ ਵਧ ਕੇ ਵਕਤ ਨਾਲ ਅੱਖ ਮਿਲਾਉਣ ਦਾ ਯਤਨ ਕੀਤਾ ਹੈ। ਇਨ੍ਹਾਂ ਸਾਲਾਂ ਦੌਰਾਨ 'ਪੰਜਾਬ ਟਾਈਮਜ਼' ਦਾ ਇਕ ਪੂਰਾ ਕਾਫਲਾ ਤੁਰ ਨਿਕਲਿਆ ਹੈ ਜਿਹੜਾ ਸਮੇਂ-ਸਮੇਂ ਆਏ ਉਤਰਾਵਾਂ-ਚੜ੍ਹਾਵਾਂ ਨੂੰ ਪਾਰ ਕਰਦਾ ਉਸ ਮੁਕਾਮ ਤੱਕ ਅੱਪੜ ਗਿਆ ਹੈ ਜਿੱਥੇ ਪੁੱਜ ਕੇ ਅੱਜ ਅਸੀਂ ਤੁਹਾਡੇ ਨਾਲ ਇਸ ਬਾਰੇ ਗੱਲਾਂ ਕਰ ਰਹੇ ਹਾਂ। ਇਸ ਮਾਮਲੇ ਵਿਚ ਇਕ ਗੱਲ ਉਚੇਚੇ ਤੌਰ 'ਤੇ ਨੋਟ ਕਰਨ ਵਾਲੀ ਹੈ। ਇਹਦੇ ਬਾਰੇ ਅਸੀਂ ਪਰਚੇ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਪਹਿਲਾਂ ਵੀ ਚਰਚਾ ਕਰਦੇ ਰਹੇ ਹਾਂ ਅਤੇ ਪਰਚੇ ਦੇ ਸੁਭਾਅ ਤੋਂ ਵੀ ਇਹ ਗੱਲ ਉਭਰਦੀ ਹੈ ਕਿ ਇਨ੍ਹਾਂ 12 ਵਰ੍ਹਿਆਂ ਦੌਰਾਨ ਪੱਤਰਕਾਰੀ, ਖਾਸ ਕਰਕੇ ਪੰਜਾਬੀ ਪੱਤਰਕਾਰੀ ਦੇ ਖੇਤਰ ਅਤੇ ਸੁਭਾਅ ਵਿਚ ਚੋਖੀ ਤਬਦੀਲੀ ਹੋਈ ਹੈ। ਪੱਤਰਕਾਰੀ ਦਾ ਮੁੱਢ ਅਸਲ ਵਿਚ ਮਿਸ਼ਨ ਨਾਲ ਜੁੜਿਆ ਹੋਇਆ ਹੈ। ਪੰਜਾਬੀ ਪੱਤਰਕਾਰੀ ਵਿਚ ਤਾਂ ਇਹ ਰਿਸ਼ਤਾ ਹੋਰ ਵੀ ਪੀਡਾ ਹੈ। 20ਵੀਂ ਸਦੀ ਦੇ ਅਰੰਭ ਵਿਚ ਪੰਜਾਬੀ ਪੱਤਰਕਾਰੀ ਜਦੋਂ ਅਜੇ ਕਰਵਟਾਂ ਲੈ ਰਹੀ ਸੀ ਤਾਂ ਅਮਰੀਕਾ ਵਿਚ ਦੇਸ਼ ਭਗਤੀ ਦੀ ਚਿਣਗ ਮਘਾਈ ਗਦਰੀ ਯੋਧੇ ਦੇਸ਼ ਭਗਤੀ ਦੇ ਆਪਣੇ ਮਿਸ਼ਨ ਨੂੰ ਪੱਤਰਕਾਰੀ ਰਾਹੀਂ ਲੋਕਾਂ ਵਿਚ ਲਿਜਾ ਰਹੇ ਸਨ। ਬਤੌਰ ਮਿਸ਼ਨ ਪੱਤਰਕਾਰੀ ਦਾ ਇਹ ਜਲੌਅ ਉਦੋਂ ਦੇਖਿਆਂ ਹੀ ਬਣਦਾ ਸੀ। ਪਿੱਛੋਂ ਜਾ ਕੇ ਗਦਰੀ ਬਾਬਿਆਂ ਵਜੋਂ ਦੇਸ-ਪਰਦੇਸ ਵਿਚ ਮਸ਼ਹੂਰ ਹੋਏ ਇਨ੍ਹਾਂ ਦੇਸ਼ ਭਗਤਾਂ ਨੇ ਪੰਜਾਬ ਦੀ ਸਿਆਸਤ ਵਿਚ ਚੋਖਾ ਵੱਢ ਮਾਰਿਆ। ਇਸ ਦੀ ਗੂੰਜ ਅੱਜ ਇਕ ਸਦੀ ਬਾਅਦ ਵੀ ਸਿਆਸਤ ਦੇ ਖੇਤਰ ਵਿਚ ਸੁਣਾਈ ਦਿੰਦੀ ਹੈ। ਸਿਆਸਤ ਤਾਂ ਸਿਆਸਤ, ਪੱਤਰਕਾਰੀ ਦੇ ਖੇਤਰ ਵਿਚ ਵੀ ਇਨ੍ਹਾਂ ਗਦਰੀ ਬਾਬਿਆਂ ਦਾ ਯੋਗਦਾਨ ਬੇਮਿਸਾਲ ਹੋ ਨਿਬੜਿਆ ਹੈ। ਸਾਨੂੰ ਮਾਣ ਹੈ ਕਿ ਅਸੀਂ ਉਸੇ ਧਰਤੀ ਉਤੇ ਖੜ੍ਹੋ ਕੇ ਅੱਜ ਤੁਹਾਡੇ ਰੂ-ਬ-ਰੂ ਹਾਂ। ਇਹ ਦਰਅਸਲ ਪੱਤਰਕਾਰੀ ਦੇ ਮਿਸ਼ਨ ਦਾ ਹੀ ਕੋਈ ਜਲੌਅ ਹੈ।

ਉਂਜ, ਹੁਣ ਮਿਸ਼ਨ ਤੋਂ ਮਾਇਆ ਦਾ ਸਾਧਨ ਬਣੀ ਪੱਤਰਕਾਰੀ ਦਾ ਸਰੂਪ ਪਿਛਲੇ ਕੁਝ ਸਾਲਾਂ ਦੌਰਾਨ ਬਹੁਤ ਤੇਜ਼ੀ ਨਾਲ ਬਦਲਿਆ ਹੀ ਨਹੀਂ, ਸਗੋਂ ਇਕ ਨਵਾਂ ਢਾਂਚਾ ਸਾਡੇ ਸਾਹਵੇਂ ਆਣ ਖਲੋਤਾ ਹੈ। ਮਾਇਆ ਜਿਸ ਤੋਂ ਸਾਡੇ ਗੁਰੂ ਸਾਹਿਬਾਨ ਵੀ ਸਾਨੂੰ ਖਬਰਦਾਰ ਕਰਦੇ ਰਹੇ ਹਨ, ਨੇ ਜਿਸ ਤਰ੍ਹਾਂ ਅਤੇ ਜਿਸ ਪੱਧਰ 'ਤੇ ਇਸ਼ਤਿਹਾਰਬਾਜ਼ੀ ਨੂੰ ਰਾਹ ਦਿੱਤਾ ਹੈ, ਉਸ ਨਾਲ ਪੱਤਰਕਾਰੀ ਦੇ ਮਿਸ਼ਨ ਨੂੰ ਡਾਢੀ ਸੱਟ ਵੱਜੀ ਹੈ। ਇਸ਼ਤਿਹਾਰਬਾਜ਼ੀ ਬੇਸ਼ੱਕ, ਪੱਤਰਕਾਰੀ ਦੀ ਹੋਂਦ ਦਾ ਸਭ ਤੋਂ ਵੱਡਾ ਜ਼ਰੀਆ ਹੈ; ਹੋਰ ਵੀ ਅਜਿਹੀਆਂ ਲੋੜਾਂ ਹਨ ਜਿਨ੍ਹਾਂ ਨੇ ਨਾਲ ਦੀ ਨਾਲ ਚੱਲਣਾ ਹੁੰਦਾ ਹੈ, ਪਰ ਇਸ਼ਤਿਹਾਰਾਂ ਦੇ ਭਾਰ ਥੱਲੇ ਅਤੇ ਇਸ਼ਤਿਹਾਰਾਂ ਦੇ ਘੁੰਢ ਓਹਲੇ ਇੰਨਾ ਕੁਝ ਹੋ ਰਿਹਾ ਹੈ ਕਿ ਪੱਤਰਕਾਰੀ ਦੇ ਮਿਸ਼ਨ ਵਾਲੀ ਤੰਦ ਹੱਥਾਂ ਵਿਚੋਂ ਛੁੱਟਦੀ ਜਾਪਦੀ ਹੈ। ਰਤਾ ਕੁ ਸਖਤ ਸ਼ਬਦਾਂ ਵਿਚ ਬਿਆਨ ਕਰਨਾ ਹੋਵੇ ਤਾਂ ਮਾਇਆ ਨੇ ਪੱਤਰਕਾਰੀ ਦੇ ਮਿਸ਼ਨ ਦੀ ਇਕ ਲਿਹਾਜ ਨਾਲ ਮਿੱਝ ਹੀ ਕੱਢ ਕੇ ਰੱਖ ਦਿੱਤੀ ਹੈ। ਇਸ ਮਿਸ਼ਨ ਵਿਚ ਮਾਇਆ ਦਾ ਦਖਲ ਇੰਨੇ ਵੱਡੇ ਪੱਧਰ 'ਤੇ ਹੋ ਗਿਆ ਹੈ ਕਿ ਇਸ ਨੇ ਮਿਸ਼ਨ ਨੂੰ ਆਪਣੇ ਹਿਸਾਬ ਨਾਲ ਹੱਕਣਾ ਆਰੰਭ ਦਿੱਤਾ ਹੈ, ਇਹ ਫਿਕਰ ਵਾਲੀ ਗੱਲ ਹੈ। ਮਾਇਆ ਨੇ ਸਿਆਸੀ ਚੌਧਰੀਆਂ ਨੂੰ ਆਪਣੇ ਰੰਗ ਵਿਚ ਅਜਿਹਾ ਰੰਗਿਆ ਹੈ ਕਿ ਉਨ੍ਹਾਂ ਦੇ ਸਿੱਧੇ ਦਖਲ ਨਾਲ ਪੱਤਰਕਾਰੀ ਦਾ ਮਿਸ਼ਨ ਇਕ ਵਾਰ ਤਾਂ ਡੋਲ ਗਿਆ ਪ੍ਰਤੀਤ ਹੁੰਦਾ ਹੈ। ਮਾਇਆ ਦੇ ਜੋਰ ਧੜੇਬੰਦੀ ਗੁਰਦੁਆਰਿਆਂ ਤੋਂ ਬਾਹਰ ਹੁਣ ਪੰਜਾਬੀ ਅਖਬਾਰਾਂ ਪਿਛੇ ਵੀ ਆਣ ਖਲੋਤੀ ਹੈ। 'ਪੰਜਾਬ ਟਾਈਮਜ਼' ਅਤੇ ਇਸ ਦੇ ਪਾਠਕਾਂ ਲਈ ਇਹ ਹੁੱਬਣ ਵਾਲੀ ਗੱਲ ਹੈ ਕਿ ਪੱਤਰਕਾਰੀ ਦੀਆਂ ਜੜ੍ਹਾਂ ਖੋਖਲੀਆਂ ਕਰ ਰਹੇ ਇਸ ਝੱਖੜ ਵਿਚ ਵੀ ਇਸ ਨੇ ਆਪਣੇ ਮਿਸ਼ਨ ਦਾ ਦੀਵਾ ਜਗਦਾ ਹੀ ਨਹੀਂ ਰੱਖਿਆ, ਸਗੋਂ ਨਵੀਆਂ ਪੈੜਾਂ ਪਾਉਣ ਦਾ ਯਤਨ ਵੀ ਕੀਤਾ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਅਤੇ ਪੰਥ ਬਾਰੇ ਉਠੇ ਗੰਭੀਰ ਮਸਲਿਆਂ ਬਾਰੇ ਸੰਜੀਦਾ ਅਤੇ ਗਹਿ-ਗੱਡਵੀਆਂ ਬਹਿਸਾਂ 'ਪੰਜਾਬ ਟਾਈਮਜ਼' ਦੇ ਸਫਿਆਂ ਦਾ ਸ਼ਿੰਗਾਰ ਬਣੀਆਂ ਹਨ। ਇਨ੍ਹਾਂ ਬਹਿਸਾਂ ਦੀ ਧਾਰ ਇੰਨੀ ਤਿੱਖੀ ਅਤੇ ਤੀਬਰ ਰਹੀ ਹੈ ਕਿ ਇਸ ਨੇ ਬਹੁਤ ਸਾਰੇ ਓਹਲਿਆਂ ਨੂੰ ਪਾਠਕਾਂ ਦੇ ਸਾਹਮਣੇ ਬੇਲਿਹਾਜ ਹੋ ਕੇ ਬੇਪਰਦ ਕੀਤਾ ਹੈ। ਸਭ ਤੋਂ ਵੱਡੀ ਗੱਲ ਇਨ੍ਹਾਂ ਬਹਿਸਾਂ ਵਿਚ ਹਰ ਧਿਰ ਨੇ ਬਰਾਬਰ ਸ਼ਿਰਕਤ ਕੀਤੀ ਹੈ ਅਤੇ 'ਪੰਜਾਬ ਟਾਈਮਜ਼' ਨੇ ਹਰ ਪੱਖ ਨੂੰ ਬਣਦੀ ਅਹਿਮੀਅਤ ਦੇ ਕੇ ਛਾਪਿਆ। ਇਸੇ ਕਰਕੇ ਹੀ ਇਹ ਬਹਿਸਾਂ ਵਧੇਰੇ ਸਾਰਥਕ ਹੋ ਸਕੀਆਂ ਹਨ। ਸ਼ਾਇਦ ਇਹੀ 'ਪੰਜਾਬ ਟਾਈਮਜ਼' ਦਾ ਹਾਸਲ ਹੈ ਅਤੇ ਪੱਤਰਕਾਰੀ ਦਾ ਵੀ!

'ਪੰਜਾਬ ਟਾਈਮਜ਼' ਦਾ ਮਿਸ਼ਨ ਮੁੱਢ ਤੋਂ ਇਕ ਹੀ ਰਿਹਾ ਹੈ ਅਤੇ ਇਹ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਪੰਥ ਦੀ ਸਦਾ ਸਲਾਮਤੀ ਅਤੇ ਚੜ੍ਹਦੀ ਕਲਾ ਨਾਲ ਜੁੜਿਆ ਹੋਇਆ ਹੈ। ਇਸ ਮਿਸ਼ਨ ਦਾ ਪ੍ਰਬੰਧ ਪਹਿਲਾਂ-ਪਹਿਲ ਭਾਵੇਂ ਇਸ ਅਦਾਰੇ ਨੇ ਕੀਤਾ ਪਰ ਜਿਵੇਂ ਉਪਰ ਜ਼ਿਕਰ ਕੀਤਾ ਹੈ, ਹੁਣ ਇਹ ਮਿਸ਼ਨ ਵੱਡੇ ਕਾਫਲੇ ਦੇ ਰੂਪ ਵਿਚ ਵਿਚਰ ਰਿਹਾ ਹੈ। ਇਸ ਮਿਸ਼ਨ ਨੂੰ ਮਿਸ਼ਨ ਹੀ ਰੱਖਣ ਕਰਕੇ ਵਪਾਰ ਦਾ ਮਸਲਾ ਦੂਜੈਲਾ ਹੋ ਨਿਬੜਿਆ ਹੈ। ਅਸੀਂ ਆਪਣੇ ਸਮਰਥਕਾਂ ਦੇ ਵੀ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਹਮੇਸ਼ਾਂ ਉਸਾਰੂ ਸਹਿਯੋਗ ਦਿਤਾ ਹੈ। ਅਸਲ ਵਿਚ ਮੁੱਖ ਮੁੱਦਾ ਤਾਂ ਪੰਜਾਬੀ ਭਾਈਚਾਰੇ ਦੀ ਖਬਰਸਾਰ ਦਾ ਹੈ। ਇਸ ਖਬਰਸਾਰ ਦੀਆਂ ਤੰਦਾਂ ਹੀ ਸਦਾ ਸਲਾਮਤੀ ਦੀ ਅਰਦਾਸ ਨਾਲ ਜੁੜਦੀਆਂ ਹਨ। ਇਸ ਵਿਚੋਂ ਹੀ ਸਰਬੱਤ ਦੇ ਭਲੇ ਦਾ ਕੋਈ ਰਾਗ ਛਿੜਦਾ ਹੈ। ਇਨ੍ਹਾਂ ਤੰਦਾਂ ਦਾ ਤਾਣਾ ਇੰਨਾ ਪੀਡਾ ਅਤੇ ਆਪਸੀ ਰਿਸ਼ਤਾ ਇੰਨਾ ਮਜ਼ਬੂਤ ਹੈ ਕਿ ਰਾਹ ਵਿਚ ਆਈ ਕੋਈ ਵੀ ਮਸ਼ਕਿਲ ਹੁਣ ਮੁਸ਼ਕਿਲ ਨਹੀਂ ਲਗਦੀ। ਇਸ ਰਾਗ ਦਾ ਆਭਾ-ਮੰਡਲ ਨਿੱਤ ਦਿਨ ਇੰਨਾ ਕੁ ਜ਼ਰੂਰ ਫੈਲ ਰਿਹਾ ਹੈ ਕਿ ਕਾਫਲੇ ਦੇ ਹੱਥੀਂ ਲਗਾਤਾਰ ਹਰਕਤ ਅਤੇ ਪੈਰੀਂ ਸਫਰ ਦੀਆਂ ਸੂਹਾਂ ਮਿਲਦੀਆਂ ਹਨ। ਹੱਥਾਂ ਦੀ ਇਹ ਹਰਕਤ ਅਤੇ ਪੈਰਾਂ ਦਾ ਇਹ ਸਫਰ ਆਪਣੇ ਸਨੇਹੀਆਂ ਨੂੰ ਮੁਬਾਰਕ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਿਆਸੀ ਸੁਰਲੀਆਂ!*

ਪਿਓ 'ਪਾਰਸ' ਤੇ ਬਣ ਗਿਆ ਪੁੱਤ 'ਸੋਨਾ', ਲਈ ਪਾਰਟੀ ਟੱਬਰ ਨੇ ਮੱਲ ਯਾਰੋ।
ਆਖੋ ਏਸ ਨੂੰ 'ਬੀਵੀ' ਹੁਣ ਭਾਜਪਾ ਦੀ, ਕਾਹਦਾ ਰਿਹਾ 'ਸ੍ਰੋਮਣੀ' ਦਲ ਯਾਰੋ।
ਡੌਂਡੀ ਪਿੱਟ ਕੇ ਰੋਜ ਨੀਂਹ-ਪੱਥਰਾਂ ਦੀ, ਪਾਈ ਮੀਡੀਏ ਵਿਚ ਤਰਥੱਲ ਯਾਰੋ।
ਕਹਿੰਦੇ ਰਾਜ ਕਰਨਾ ਪੱਚੀ ਸਾਲ ਆਪਾਂ, ਏਸ ਦਾਅਵੇ ਨੂੰ ਪਾ ਦਿਓ ਠੱਲ੍ਹ ਯਾਰੋ।
ਬਿਨਾ ਦਾਰੂ ਤੋਂ ਪਾਣੀ ਨੇ ਚਾੜ੍ਹਨਾ ਕੀ? ਨਸ਼ਾ ਸੈਂਕੜੇ ਕੀਤੀਆਂ ਕੁਰਲੀਆਂ ਨੇ।
ਡੀਂਗਾਂ ਮਾਰ 'ਵਿਕਾਸ' ਦੇ ਕਰਨ ਦਾਅਵੇ, ਵੋਟਾਂ ਲੈਣ ਲਈ ਛੱਡਦੇ ਸੁਰਲੀਆਂ ਨੇ!

## *ਸਹਿਜਧਾਰੀ ਸਿੱਖ*

# ਸਿਰ ਜੋੜ ਵਿਚਾਰਾਂ ਕਰਨ ਦੀ ਬੇਲਾ

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਕ ਅਹਿਮ ਫ਼ੈਸਲੇ ਰਾਹੀਂ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ 8 ਅਕਤੂਬਰ 2003 ਨੂੰ ਜਾਰੀ ਉਹ ਨੋਟੀਫੀਕੇਸ਼ਨ ਰੱਦ ਕਰ ਦਿੱਤਾ ਹੈ ਜਿਸ ਰਾਹੀਂ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਪਾਉਣ ਤੋਂ ਵਾਂਝਿਆ ਕੀਤਾ ਗਿਆ ਸੀ। ਇਸ ਤਰ੍ਹਾਂ ਉਨ੍ਹਾਂ ਦਾ ਵੋਟ ਪਾਉਣ ਦਾ ਹੱਕ ਬਹਾਲ ਹੋ ਗਿਆ ਹੈ। ਅਦਾਲਤ ਦਾ ਕਹਿਣਾ ਹੈ ਕਿ ਗੁਰਦੁਆਰਾ ਐਕਟ-1925 ਅਨੁਸਾਰ ਮਿਲੇ ਵੋਟ ਦੇ ਅਧਿਕਾਰ ਨੂੰ ਐਕਟ ਵਿਚ ਸੋਧ ਕੀਤੇ ਬਿਨਾਂ ਨੋਟੀਫਿਕੇਸ਼ਨ ਰਾਹੀਂ ਨਹੀਂ ਰੋਕਿਆ ਜਾ ਸਕਦਾ। ਇਹ ਨੋਟੀਫਿਕੇਸ਼ਨ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਇਸ ਸਬੰਧੀ ਸਰਬਸੰਮਤੀ ਨਾਲ ਪਾਸ ਕੀਤੇ ਮਤੇ ਰਾਹੀਂ ਕੇਂਦਰ ਨੂੰ ਭੇਜੇ ਜਾਣ ਪਿੱਛੋਂ ਕੀਤੀ ਗਈ ਸੀ।

ਗੁਰਦੁਆਰਾ ਐਕਟ ਪੰਜਾਬ ਸਰਕਾਰ ਵੱਲੋਂ 1925 ਵਿਚ ਪਾਸ ਕੀਤਾ ਗਿਆ ਸੀ। ਭਾਸ਼ਾ ਦੇ ਆਧਾਰ 'ਤੇ ਪੰਜਾਬ ਦੇ ਪੁਨਰਗਠਨ ਐਕਟ-1966 ਅਧੀਨ ਇਸ ਐਕਟ ਵਿਚ ਸੋਧ ਕਰਨਾ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿਚ ਆ ਗਿਆ ਹੈ। ਇਹ ਤੱਥ ਵੀ ਦਿਲਚਸਪ ਹੈ ਕਿ 1996 ਵਿਚ ਕੇਂਦਰ ਸਰਕਾਰ ਨੇ ਨੋਟੀਫਿਕੇਸ਼ਨ ਰਾਹੀਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਮੇਂ ਸਿੱਖ ਬੀਬੀਆਂ ਲਈ 30 ਸੀਟਾਂ ਰਾਖਵੀਆਂ ਕੀਤੀਆਂ ਸਨ। ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਹ ਕਹਿ ਕੇ ਇਸ ਦਾ ਵਿਰੋਧ ਕੀਤਾ ਸੀ ਕਿ ਸਿੱਖ ਧਰਮ ਵਿਚ ਮਰਦ ਤੇ ਔਰਤ ਬਰਾਬਰ ਹਨ ਪਰ ਉਸ ਸਮੇਂ ਕਿਸੇ ਨੇ ਵੀ ਇਸ ਨੋਟੀਫਿਕੇਸ਼ਨ ਨੂੰ ਅਦਾਲਤ ਵਿਚ ਚੁਣੌਤੀ ਨਹੀਂ ਸੀ ਦਿੱਤੀ; ਨਹੀਂ ਤਾਂ ਸ਼ਾਇਦ ਇਹ ਨੋਟੀਫਿਕੇਸ਼ਨ ਵੀ ਰੱਦ ਹੋ ਜਾਂਦਾ। ਇਸ ਪਿੱਛੋਂ ਕੇਂਦਰ ਸਰਕਾਰ ਵੱਲੋਂ ਹੀ ਇਕ ਹੋਰ ਨੋਟੀਫਿਕੇਸ਼ਨ ਰਾਹੀਂ ਤਖ਼ਤ ਸ੍ਰੀ ਦਮਦਮਾ ਸਾਹਿਬ ਜੋ ਸ਼੍ਰੋਮਣੀ ਕਮੇਟੀ ਵੱਲੋਂ 1963 ਵਿਚ ਸਥਾਪਤ ਕੀਤਾ ਗਿਆ, ਨੂੰ ਗੁਰਦੁਆਰਾ ਐਕਟ ਵਿਚ ਮਾਨਤਾ ਦਿੱਤੀ ਗਈ ਸੀ।

ਹਾਈ ਕੋਰਟ ਦੇ ਹੁਣ ਵਾਲੇ ਫ਼ੈਸਲੇ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਪਹਿਲਾ ਇਹ ਕਿ 18 ਸਤੰਬਰ ਨੂੰ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਾਇਜ਼ ਹਨ ਜਾਂ ਨਹੀਂ? ਦੂਸਰਾ ਮਸਲਾ ਜੋ ਬੜਾ ਹੀ ਨਾਜ਼ੁਕ ਤੇ ਗੰਭੀਰ ਹੈ, ਸਹਿਜਧਾਰੀ ਸਿੱਖ ਦੀ ਪਰਿਭਾਸ਼ਾ ਬਾਰੇ ਹੈ। ਇਸ ਬਾਰੇ ਨਵਾਂ ਵਾਦ-ਵਿਵਾਦ ਸ਼ੁਰੂ ਹੋ ਗਿਆ ਹੈ। ਸਹਿਜਧਾਰੀ ਸਿੱਖ ਦੀ ਪਰਿਭਾਸ਼ਾ ਬਾਰੇ ਕੋਈ ਕਾਨੂੰਨੀ ਜਾਂ ਸੰਵਿਧਾਨਕ ਸਪਸ਼ਟਤਾ ਨਹੀਂ ਹੈ ਜਿਸ ਕਾਰਨ ਸਿੱਖ ਵੰਡੇ ਹੋਏ ਹਨ। ਕਈ ਸਿੱਖ ਵਿਦਵਾਨਾਂ ਤੇ ਆਗੂਆਂ ਦਾ ਕਹਿਣਾ ਹੈ ਕਿ ਸਹਿਜਧਾਰੀਆਂ ਨੂੰ ਵੋਟ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ, ਤੇ ਕਈ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਹ ਅਧਿਕਾਰ ਦੇ ਕੇ ਆਪਣੇ ਕਲਾਵੇ ਵਿਚ ਲੈਣਾ ਚਾਹੀਦਾ ਹੈ।

ਪੰਥਕ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਅਨੁਸਾਰ 'ਸਹਿਜਧਾਰੀ' ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, 'ਸਹਜ (ਗਯਾਨ) ਧਾਰਨ ਵਾਲਾ, ਸੁਖਾਲੀ ਧਾਰਨ ਵਾਲਾ, ਸੌਖੀ ਰੀਤ ਅੰਗੀਕਾਰ ਕਰਨ ਵਾਲਾ, ਸਿੱਖਾਂ ਦਾ ਇਕ ਅੰਗ ਜੋ ਖੰਡੇ ਦਾ ਅੰਮ੍ਰਿਤਪਾਨ ਨਹੀਂ ਕਰਦਾ ਅਤੇ ਕੱਛ ਕ੍ਰਿਪਾਨ ਦੀ ਰਹਿਤ ਨਹੀਂ ਰੱਖਦਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਆਪਣਾ ਧਰਮਪੂਜਯ ਨਹੀਂ ਮੰਨਦਾ।' ਉਹ ਹੇਠਾਂ ਫੁੱਟ-ਨੋਟ ਵਿਚ ਲਿਖਦੇ ਹਨ, 'ਪੰਜਾਬ ਤੇ ਸਿੰਧ ਵਿਚ ਸਹਿਜਧਾਰੀ ਬਹੁਤ ਗਿਣਤੀ ਵਿਚ ਹਨ, ਖਾਸ ਕਰ ਸਿੰਧ ਦੇ ਸਹਿਜਧਾਰੀ ਬੜੇ ਪ੍ਰੇਮੀ ਤੇ ਸ਼ਰਧਾਲੂ ਹਨ। ਜੋ ਸਿੰਘ ਸਹਿਜਧਾਰੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਦੇ ਹਨ, ਉਹ ਸਿੱਖ ਧਰਮ ਤੋਂ ਅਣਜਾਣ ਹਨ।'

ਜਾਪਦਾ ਹੈ ਕਿ ਗੁਰਦੁਆਰਾ ਐਕਟ 1925 ਅਨੁਸਾਰ ਸਿੱਖਾਂ ਅਤੇ ਸਹਿਜਧਾਰੀ ਸਿੱਖਾਂ ਨੂੰ ਪਹਿਲਾਂ ਤਾਂ ਹੀ ਵੋਟ ਪਾਉਣ ਦਾ ਹੱਕ ਪ੍ਰਾਪਤ ਸੀ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਪ੍ਰਸਿੱਧ ਵਿਦਵਾਨ ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਲਿਖੀ ਗਈ ਪੁਸਤਕ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ' ਅਨੁਸਾਰ ਸਾਲ 1939 ਦੌਰਾਨ ਹੋਈਆਂ ਗੁਰਦੁਆਰਾ ਜਨਰਲ ਚੋਣਾਂ ਦੌਰਾਨ ਜ਼ਿਲ੍ਹਾ ਮੁਲਤਾਨ (ਹੁਣ ਪਾਕਿਸਤਾਨ) ਤੋਂ ਭਾਈ ਖੁਸ਼ੀ ਰਾਮ (ਕਮਿਸ਼ਨ ਏਜੰਟ) ਖਾਨੇਵਾਲ ਸ਼੍ਰੋਮਣੀ ਕਮੇਟੀ ਲਈ ਮੈਂਬਰ ਚੁਣੇ ਗਏ ਸਨ। ਹੁਣ ਤੱਕ ਦੇ ਇਤਿਹਾਸ ਵਿਚ ਉਹੋ ਇਕੋ-ਇਕ ਸਹਿਜਧਾਰੀ ਸਿੱਖ ਹਨ ਜੋ ਇਸ ਧਾਰਮਿਕ ਸੰਸਥਾ ਦੇ ਮੈਂਬਰ ਚੁਣੇ ਗਏ।

ਗੁਰਦੁਆਰਾ ਐਕਟ ਅਨੁਸਾਰ ਚੁਣੇ ਹੋਏ ਮੈਂਬਰ 15 ਮੈਂਬਰ ਕੋ-ਆਪਟ ਕਰਦੇ ਹਨ ਤਾਂ ਜੋ ਸਿੱਖ ਵਿਦਵਾਨਾਂ, ਸੰਪਰਦਾਵਾਂ ਤੇ ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਯੋਗ ਨੁਮਾਇੰਦਗੀ ਦਿੱਤੀ ਜਾ

■ ਹਰਬੀਰ ਸਿੰਘ ਭੰਵਰ*

ਸਕੇ। ਹੁਣ ਤੱਕ ਕੋਈ ਵੀ ਸਹਿਜਧਾਰੀ ਸਿੱਖ ਕੋ-ਆਪਟ ਨਹੀਂ ਕੀਤਾ ਗਿਆ। ਦਸ ਕੁ ਸਾਲ ਪਹਿਲਾਂ ਮੈਂ ਗੁਰਦੁਆਰਾ ਐਕਟ-1925 ਦੀ ਸੋਧੀ ਗਈ ਐਡੀਸ਼ਨ ਦਾ ਬਹੁਤ ਬਾਰੀਕੀ ਨਾਲ ਅਧਿਐਨ ਕੀਤਾ ਸੀ। ਜਿਥੋਂ ਤੱਕ ਮੈਨੂੰ ਯਾਦ ਹੈ, ਸਹਿਜਧਾਰੀ ਸਿੱਖ ਦੀ ਪਰਿਭਾਸ਼ਾ ਕੁਝ ਇਸ ਤਰ੍ਹਾਂ ਕੀਤੀ ਗਈ ਸੀ:

'ਸਹਿਜਧਾਰੀ ਸਿੱਖ ਉਹ ਹੈ ਜੋ ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਥਾ ਰੱਖਦਾ ਹੈ, ਜੋ ਆਪਣੇ ਪਰਿਵਾਰ ਦੇ ਸਾਰੇ ਕਾਰਜ (ਜਨਮ ਤੋਂ ਮਰਨ ਤੱਕ) ਸਿੱਖ ਰਵਾਇਤਾਂ ਅਨੁਸਾਰ ਕਰਦਾ ਹੈ, ਜੋ ਕਿਸੇ ਵੀ ਰੂਪ ਵਿਚ ਤੰਬਾਕੂ ਦਾ ਸੇਵਨ ਨਹੀਂ ਕਰਦਾ, ਕੁਠਾ (ਹਲਾਲ ਮਾਸ) ਨਹੀਂ ਖਾਂਦਾ ਤੇ ਸ਼ਰਾਬ ਨਹੀਂ ਪੀਂਦਾ, ਜਿਸ ਨੂੰ ਮੂਲ ਮੰਤਰ ਕੰਠ (ਜ਼ਬਾਨੀ) ਯਾਦ ਹੈ, ਅਤੇ ਜਿਸ ਦਾ ਹੋਰ ਕੋਈ ਧਰਮ ਨਹੀਂ ਹੈ।'

ਗੁਰਦੁਆਰਾ ਸੁਧਾਰ ਲਹਿਰ 1920 ਵਿਚ

> ***ਪੰਥਕ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਅਨੁਸਾਰ 'ਸਹਿਜਧਾਰੀ' ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, 'ਸਹਜ (ਗਯਾਨ) ਧਾਰਨ ਵਾਲਾ, ਸੁਖਾਲੀ ਧਾਰਨ ਵਾਲਾ, ਸੌਖੀ ਰੀਤ ਅੰਗੀਕਾਰ ਕਰਨ ਵਾਲਾ, ਸਿੱਖਾਂ ਦਾ ਇਕ ਅੰਗ ਜੋ ਖੰਡੇ ਦਾ ਅੰਮ੍ਰਿਤਪਾਨ ਨਹੀਂ ਕਰਦਾ ਅਤੇ ਕੱਛ ਕ੍ਰਿਪਾਨ ਦੀ ਰਹਿਤ ਨਹੀਂ ਰੱਖਦਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਆਪਣਾ ਧਰਮਪੂਜਯ ਨਹੀਂ ਮੰਨਦਾ।' ਉਹ ਹੇਠਾਂ ਫੁੱਟ-ਨੋਟ ਵਿਚ ਲਿਖਦੇ ਹਨ, 'ਪੰਜਾਬ ਤੇ ਸਿੰਧ ਵਿਚ ਸਹਿਜਧਾਰੀ ਬਹੁਤ ਗਿਣਤੀ ਵਿਚ ਹਨ, ਖਾਸ ਕਰ ਸਿੰਧ ਦੇ ਸਹਿਜਧਾਰੀ ਬੜੇ ਪ੍ਰੇਮੀ ਤੇ ਸ਼ਰਧਾਲੂ ਹਨ। ਜੋ ਸਿੰਘ ਸਹਿਜਧਾਰੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਦੇ ਹਨ, ਉਹ ਸਿੱਖ ਧਰਮ ਤੋਂ ਅਣਜਾਣ ਹਨ।'***

ਸ਼ੁਰੂ ਹੋਈ। ਉਸ ਸਮੇਂ ਤੱਕ ਹਿੰਦੂ ਤੇ ਸਿੱਖ ਇਕੋ ਹੀ ਸਮਝੇ ਜਾਂਦੇ ਸਨ। ਹਿੰਦੂਆਂ ਨੂੰ ਸਿੱਖੀ (ਸਿੱਖ ਧਰਮ) ਦੀ ਪਨੀਰੀ ਸਮਝਿਆ ਜਾਂਦਾ ਸੀ। ਅਕਸਰ ਹਿੰਦੂ ਪਰਿਵਾਰ ਵਿਸ਼ੇਸ਼ ਕਰ ਖੱਤਰੀ ਅਤੇ ਅਰੋੜੇ ਆਪਣੇ ਵੱਡੇ ਪੁੱਤਰ ਨੂੰ ਸਿੱਖ ਬਣਾ ਦਿੰਦੇ ਸਨ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਹਜ਼ਾਰਾਂ ਹੀ ਹਿੰਦੂ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ। ਉਨ੍ਹਾਂ ਦਿਨਾਂ ਦੌਰਾਨ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ (ਸ਼ਾਇਦ ਮਿਸਟਰ ਮੂਨ) ਨੇ ਪੰਜਾਬ ਸਰਕਾਰ ਨੂੰ ਭੇਜੀ ਆਪਣੀ ਰਿਪੋਰਟ ਵਿਚ ਲਿਖਿਆ ਸੀ, 'ਮੈਂ ਜਦੋਂ ਆਪਣੇ ਕਿਸੇ ਦੌਰੇ ਤੋਂ ਵਾਪਸ ਆਉਂਦਾ ਹਾਂ ਤਾਂ ਦੇਖਦਾ ਹਾਂ ਕਿ ਰਾਮ ਲਾਲ ਹੁਣ ਰਾਮ ਸਿੰਘ ਬਣ ਚੁੱਕਾ ਹੁੰਦਾ ਹੈ ਤੇ ਲਾਲ ਚੰਦ ਲਾਲ ਸਿੰਘ ਬਣ ਕੇ ਬੈਠਾ ਹੁੰਦਾ ਹੈ।'

ਮੇਰੇ ਆਪਣੇ ਵਡੇਰੇ ਹਿੰਦੂ ਸਨ। ਮੇਰੇ ਦਾਦਾ ਜੀ ਸਿੰਘ ਸਭਾ ਲਹਿਰ ਦੌਰਾਨ ਅੰਮ੍ਰਿਤਪਾਨ ਕਰਕੇ ਸਿੰਘ ਸਜੇ। ਮੇਰੇ ਮਰਹੂਮ ਪਿਤਾ ਸ. ਹਰਨਾਮ ਸਿੰਘ ਪਿੰਡ ਪੱਖੋਵਾਲ ਤੇ ਤਾਇਆ ਸ. ਸ਼ੇਰ ਸਿੰਘ ਨੇ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਆਪਣੀ ਗ੍ਰਿਫ਼ਤਾਰੀ ਦੇ ਕੇ ਜੇਲ੍ਹ ਕੱਟੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪੰਥ-ਪਰਵਾਨਿਤ 'ਸਿੱਖ ਰਹਿਤ ਮਰਯਾਦਾ' ਸਾਲ 1945 ਦੌਰਾਨ ਜਾਰੀ ਕੀਤੀ ਗਈ ਜਿਸ ਵਿਚ 'ਸਿੱਖ' ਤੇ 'ਅੰਮ੍ਰਿਤਧਾਰੀ' ਜਾਂ 'ਪਤਿਤ ਸਿੱਖ' ਬਾਰੇ ਤਾਂ ਪਰਿਭਾਸ਼ਾ ਦਿੱਤੀ ਗਈ ਹੈ ਪਰ ਸਹਿਜਧਾਰੀ ਸਿੱਖ ਬਾਰੇ ਕੋਈ ਜ਼ਿਕਰ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਦਾ ਜੋ ਸਭ ਤੋਂ ਪਹਿਲਾ ਸੰਵਿਧਾਨ ਸੀ, ਉਸ ਅਨੁਸਾਰ ਇਸ ਦੀ ਮੈਂਬਰਸ਼ਿਪ ਲੈਣ ਲਈ ਕਿਸੇ ਵੀ ਵਿਅਕਤੀ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੁੰਦਾ ਸੀ। ਵੈਸੇ ਜੂਨ 1984 ਤੱਕ ਇਸ ਪਾਰਟੀ ਦਾ 'ਸਹਿਜਧਾਰੀ ਸਿੱਖ ਵਿੰਗ' ਹੁੰਦਾ ਸੀ ਜਿਸ ਦੇ ਆਖਰੀ ਪ੍ਰਧਾਨ ਡਾ. ਮੋਹਨ ਲਾਲ ਸਾਂਡਲ ਹੁੰਦੇ ਸਨ ਜਿਨ੍ਹਾਂ ਨੇ ਭਾਵੇਂ ਦਾੜ੍ਹੀ ਕੇਸ ਨਹੀਂ ਸਨ ਰੱਖੇ ਪਰ ਸਿਰ 'ਤੇ ਹਰ ਸਮੇਂ ਦਸਤਾਰ ਸਜਾ ਕੇ ਰੱਖਦੇ ਸਨ। ਉਨ੍ਹਾਂ ਦਾ ਕਲੀਨਿਕ ਸ਼੍ਰੋਮਣੀ ਕਮੇਟੀ ਦਫਤਰ ਦੇ ਨੇੜੇ ਹੀ ਸੀ ਜਿਥੇ ਇਸ ਪੱਤਰਕਾਰ ਨੂੰ ਬਹੁਤ ਵਾਰੀ ਜਾਣ ਦਾ ਮੌਕਾ ਮਿਲਿਆ ਸੀ। ਉਹ ਆਪਣੇ ਸਾਰੇ ਪਰਿਵਾਰਕ ਕਾਰਜ ਸਿੱਖ ਰਵਾਇਤਾਂ (ਰੀਤੀ-ਰਿਵਾਜ) ਅਨੁਸਾਰ ਕਰਦੇ ਸਨ। ਸਾਕਾ ਨੀਲਾ ਤਾਰਾ ਪਿੱਛੋਂ ਅਕਾਲੀ ਦਲ ਨੇ ਸਹਿਜਧਾਰੀ ਵਿੰਗ ਸੁਰਜੀਤ ਨਹੀਂ ਕੀਤਾ।

ਸਾਲ 1996 ਦੀਆਂ ਗੁਰਦੁਆਰਾ ਚੋਣਾਂ ਸਮੇਂ ਵੋਟਰ ਲਈ ਫਾਰਮ ਇਸ ਤਰ੍ਹਾਂ ਸੀ:

ਫਾਰਮ -1 ੳ (ਸਹਿਜਧਾਰੀ ਸਿੱਖਾਂ ਲਈ)

ਮੈਂ...ਪੁੱਤਰ/ਪਤਨੀ/ਪੁੱਤਰੀ...ਉਮਰ... ਦਾ ਨਿਵਾਸੀ ਇਹ ਬਿਆਨ ਕਰਦਾ/ਕਰਦੀ ਹਾਂ: ਕਿ...

ਮੈਂ ਸਹਿਜਧਾਰੀ ਸਿੱਖ ਹਾਂ ਅਤੇ ਮੈਂ...

(ੳ) ਸਿੱਖ ਰਵਾਇਤਾਂ ਦੀ ਪਾਲਣਾ ਕਰਦਾ/ਕਰਦੀ ਹਾਂ।

(ਅ) ਕਿਸੇ ਵੀ ਰੂਪ ਵਿਚ ਧੂਮਰਪਾਨ ਨਹੀਂ ਕਰਦਾ/ਕਰਦੀ ਹਾਂ। ਅਤੇ ਨਾ ਹੀ ਕੁਠਾ (ਹਲਾਲ ਮਾਸ) ਦਾ ਪ੍ਰਯੋਗ ਕਰਦਾ/ਕਰਦੀ ਹਾਂ।

(ੲ) ਸ਼ਰਾਬ ਨਹੀਂ ਪੀਂਦਾ/ਪੀਂਦੀ ਹਾਂ।

*(ਸ) ਪਤਿਤ ਨਹੀਂ ਹਾਂ।

(ਹ) ਮੂਲ ਮੰਤਰ ਦਾ ਪਾਠ ਕਰ ਸਕਦਾ ਹਾਂ/ਸਕਦੀ ਹਾਂ।

ਹਸਤਾਖਰ/ਨਿਸ਼ਾਨ ਅੰਗੂਠਾ

(*ਪਤਿਤ ਦਾ ਅਰਥ ਅਜਿਹਾ ਵਿਅਕਤੀ ਹੈ ਜਿਹੜਾ ਕੇਸਧਾਰੀ ਸਿੱਖ ਹੁੰਦੇ ਹੋਏ, ਆਪਣੀ ਦਾੜ੍ਹੀ ਬਣਾਉਂਦਾ ਹੈ ਜਾਂ ਕੇਸ ਕਤਰਦਾ/ਕਤਰਦੀ ਹੈ। ਜਾਂ ਜਿਹੜਾ ਅੰਮ੍ਰਿਤ ਛਕਣ ਮਗਰੋਂ ਚਹੁ ਕੁਰਹਿਤਾਂ ਵਿਚੋਂ ਇਕ ਜਾਂ ਵਧੀਕ ਕੁਰਹਿਤ ਕਰਦਾ/ਕਰਦੀ ਹੈ)

ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਲਈ ਜੇਕਰ ਕੋਈ ਸਹਿਜਧਾਰੀ ਸਿੱਖ ਵੀਜ਼ਾ ਲੈਣ ਲਈ ਅਪਲਾਈ ਕਰਦਾ ਹੈ, ਉਸ ਨੂੰ ਵੀ ਅਜਿਹਾ ਹੀ ਇਹ ਹਲਫੀਆ ਬਿਆਨ ਨਾਲ ਲਗਾਉਣਾ ਪੈਂਦਾ ਹੈ।

ਅਕਾਲੀ ਦਲ ਵੱਲੋਂ ਬੜੇ ਲੰਮੇ ਸਮੇਂ ਤੋਂ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਰਾਜੀਵ-ਲੌਂਗੋਵਾਲ ਅਨੁਸਾਰ ਇਹ ਮੰਗ ਪਰਵਾਨ ਹੋ ਗਈ ਸੀ। ਇਸ ਉਪਰੰਤ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵੱਲੋਂ ਆਲ ਇੰਡੀਆ ਗੁਰਦੁਆਰਾ ਐਕਟ ਲਈ ਡਰਾਫਟ ਤਿਆਰ ਕੀਤਾ ਗਿਆ ਸੀ, ਉਸ ਵਿਚ ਵੀ 'ਸਹਿਜਧਾਰੀ' ਸਿੱਖਾਂ ਨੂੰ ਵੋਟ ਪਾਉਣ ਦਾ ਹੱਕ ਸ਼ਾਮਿਲ ਸੀ। ਇਸ ਵਿਚ ਸਹਿਜਧਾਰੀ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ:

Sehjdhari means a persons who professes Sikh religion, follows the teachings of Sri Guru Granth Sahib and the Ten Gurus, but does not keep unshorn hair and who

(i) performs ceremonies according to the Sikh rites,

(ii) does not use tobacco or kutha (halal meat) in any form,

(iii) is not a 'patit', and

(iv) Can recite 'mul manter'.

ਉਪਰੋਕਤ ਤੱਥਾਂ ਤੋਂ ਵੀ 'ਸਹਿਜਧਾਰੀ ਸਿੱਖ' ਦੀ ਪਰਿਭਾਸ਼ਾ ਬਾਰੇ ਬਹੁਤੀ ਸਪਸ਼ਟਤਾ ਨਹੀਂ ਹੁੰਦੀ। ਕਈ ਵਿਦਵਾਨ ਕਹਿੰਦੇ ਹਨ ਕਿ 'ਕੋਈ ਸਹਿਜਧਾਰੀ ਸਿੱਖ ਨਹੀਂ ਹੁੰਦਾ; ਸਿੱਖ, ਸਿੱਖ ਹੁੰਦਾ ਹੈ ਜਾਂ ਪਤਿਤ ਸਿੱਖ ਹੁੰਦਾ ਹੈ।' ਮੁੱਖ ਸਿੱਖ ਸੰਸਥਾਵਾਂ, ਸਾਰੇ ਅਕਾਲੀ ਧੜਿਆਂ, ਵਿਦਵਾਨਾਂ ਤੇ ਡਾ. ਪਰਮਜੀਤ ਸਿੰਘ ਰਾਣੂ ਸਮੇਤ ਆਪਣੇ ਆਪ ਨੂੰ ਸਹਿਜਧਾਰੀ ਸਿੱਖ ਅਖਵਾਉਣ ਵਾਲਿਆਂ ਨੂੰ ਬੈਠ ਕੇ ਖੁੱਲ੍ਹੇ ਦਿਲ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ ਅਤੇ ਇਸ ਬਾਰੇ ਕੋਈ ਸਰਬ-ਪਰਵਾਨਿਤ ਫ਼ੈਸਲਾ ਕਰਨਾ ਚਾਹੀਦਾ ਹੈ।

*ਫੋਨ:+91-98762-95829

# ਫੇਸਬੁੱਕ, ਸੋਸ਼ਲ ਮੀਡੀਆ, ਖੁੱਲ੍ਹੀ ਮੰਡੀ ਅਤੇ ਸਰਕਾਰ


ਸਵਾਲ ਸੰਵਾਦ

ਦਲਜੀਤ ਅਮੀ



ਫੋਨ:+91-97811-21873


ਪਿਛਲੇ ਦਿਨੀਂ ਕੇਂਦਰੀ ਦੂਰਸੰਚਾਰ ਮੰਤਰੀ ਕਪਿਲ ਸਿੱਬਲ ਨੇ ਫੇਸਬੁੱਕ ਅਤੇ ਸੋਸ਼ਲ ਮੀਡੀਆ ਉਤੇ ਪਾਬੰਦੀਆਂ ਜਾਂ ਝਰਨੇ/ਛਾਣਨੀ ਲਗਾਉਣ ਦੀ ਮੰਗ ਰਾਹੀਂ ਹੌਲੀ-ਹੌਲੀ ਚਲਦੀ ਬਹਿਸ ਨੂੰ ਮਘਾ ਦਿੱਤਾ। ਕਪਿਲ ਸਿੱਬਲ ਨੇ ਬਾਬਰੀ ਮਸਜਿਦ ਢਾਹੁਣ ਦੀ 19ਵੀਂ ਵਰ੍ਹੇਗੰਢ ਮੌਕੇ 'ਕੁਫ਼ਰ' ਦੇ ਪਸਾਰੇ ਨੂੰ ਰੋਕਣ ਲਈ ਫੇਸਬੁੱਕ ਉਤੇ ਪਾਬੰਦੀ ਦੀ ਮੰਗ ਕੀਤੀ। ਜੇ ਕਾਂਗਰਸੀ ਕੇਂਦਰੀ ਮੰਤਰੀ ਦੀ ਧਰਮ ਦੀ ਓਟ ਵਿਚ ਕੀਤੀ ਮੰਗ ਨੂੰ ਮੌਕੇ ਨਾਲ ਜੋੜ ਕੇ ਡੂੰਘੇ ਅਰਥ ਕੱਢਣ ਦਾ ਉਪਰਾਲਾ ਨਾ ਕੀਤਾ ਜਾਵੇ ਤਾਂ ਵੀ ਇਸ ਨੂੰ ਕਪਿਲ ਸਿੱਬਲ ਦੀ ਵਿਵਾਦ ਨੂੰ ਸੱਦਾ ਦੇਣ ਦੀ ਆਦਤ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸਿਓਂ ਫੌਰੀ ਜਵਾਬੀ ਹਮਲਾ ਹੋਇਆ ਹੈ। ਫੇਸਬੁੱਕ ਰਾਹੀਂ ਉਸਰ ਰਹੀ ਆਲਮੀ ਸਾਂਝ ਅਤੇ ਅਹਿਮ ਸਮਾਜਿਕ-ਸਿਆਸੀ ਲਹਿਰਾਂ ਵਿਚ ਇਸ ਦੇ ਯੋਗਦਾਨ ਦੀ ਗੱਲ ਤੁਰੀ ਹੈ। ਇਸ ਨੂੰ ਮਨੁੱਖੀ ਆਜ਼ਾਦੀ ਉਤੇ ਹਮਲਾ ਕਰਾਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਫੇਸਬੁੱਕ ਨੂੰ ਸਰਹੱਦਾਂ ਤੋਂ ਪਾਰ ਵਸਦੇ 'ਵਰਚੂਅਲ' ਮੁਲਕ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਇਸ ਵੇਲੇ ਸੋਸ਼ਲ ਮੀਡੀਆ ਨਾਲ ਜੁੜੀਆਂ ਦੋ ਆਲਮੀ ਖ਼ਬਰਾਂ ਦਾ ਜ਼ਿਕਰ ਲਾਜ਼ਮੀ ਜਾਪਦਾ ਹੈ। ਪਿਛਲੇ ਸਾਲ ਸਤੰਬਰ ਵਿਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੈਵਿਡ ਕੈਮਰੌਨ ਦੀ ਫੇਸਬੁੱਕ ਦੇ ਬਾਨੀ ਤੇ ਮੁਖੀ ਮਾਰਕ ਜ਼ੁਕਰਵਰਗ ਨਾਲ ਮੁਲਾਕਾਤ ਇਸ ਬਹਿਸ ਦੀ ਅਹਿਮ ਕੜੀ ਹੈ। ਇਸ ਸਾਲ ਮਈ ਵਿਚ ਦੁਬਾਰਾ ਇਨ੍ਹਾਂ ਦੀ ਮੁਲਾਕਾਤ ਫਰਾਂਸ ਵਿਚ ਹੋਈ। ਜੀ-8 ਮੁਲਕਾਂ ਦੀ ਕਾਨਫਰੰਸ ਵਿਚ ਮਾਰਕ ਜ਼ੁਕਰਵਰਗ ਨਾਲ ਉਤਰੀ ਅਫ਼ਰੀਕੀ ਮੁਲਕਾਂ ਵਿਚ ਜਾਰੀ ਨਾਟੋ ਦੀ ਅਗਵਾਈ ਵਿਚ ਯੂਰਪੀ ਦਖ਼ਲ ਨਾਲ ਚੱਲ ਰਹੀ ਖ਼ਾਨਾਜੰਗੀ ਨੂੰ ਤਣ-ਪੱਤਣ ਲਾਉਣ ਦੀ ਸਲਾਹ ਕੀਤੀ ਗਈ। ਪਿਛਲੇ ਦਿਨੀਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੀਆਂ ਜਵਾਨ ਹੋ ਰਹੀਆਂ ਧੀਆਂ ਨੂੰ ਫੇਸਬੁੱਕ ਦੀ ਵਰਤੋਂ ਦੀ ਮਨਾਹੀ ਕੀਤੀ ਹੈ। ਡੈਵਿਡ ਕੈਮਰੌਨ ਨੇ ਮਾਰਕ ਜ਼ੁਕਰਵਰਗ ਨਾਲ ਸਰਕਾਰੀ ਖ਼ਰਚਾ ਘਟਾਉਣ ਬਾਬਤ ਸਲਾਹ ਕੀਤੀ ਹੈ। ਜੀ-8 ਨੇ ਲੀਬੀਆ ਵਿਚ ਯੂਰਪੀ ਤਰਜ਼ ਦੇ ਅਮਨ ਦੀ ਬਹਾਲੀ ਬਾਬਤ ਸਲਾਹ ਕੀਤੀ। ਬਰਾਕ ਓਬਾਮਾ ਆਪਣੇ ਘਰ ਦੇ ਭੇਤ ਘਰ ਤੱਕ ਰੱਖਣ ਦੀ ਮਸ਼ਕ ਕਰ ਰਹੇ ਹਨ। ਕਪਿਲ ਸਿੱਬਲ ਆਪਣੇ ਮੁਲਕ ਨੂੰ ਕਲੇਸ਼ ਅਤੇ ਸਿਆਸੀ ਆਗੂਆਂ ਨੂੰ 'ਭੱਦੀ ਪੇਸ਼ਕਾਰੀ' ਤੋਂ ਬਚਾਉਣਾ ਚਾਹੁੰਦੇ ਹਨ।

ਇਨ੍ਹਾਂ ਹਾਲਾਤ ਵਿਚ ਇੰਟਰਨੈਟ ਉਤੇ ਆਪਸੀ ਗੱਲਬਾਤ ਲਈ ਬਣੇ ਥੜ੍ਹਿਆਂ ਬਾਬਤ ਕੋਈ ਠੋਸ ਸਮਝ ਬਣਨ ਤੋਂ ਪਹਿਲਾਂ ਹੀ ਇਨ੍ਹਾਂ ਨੂੰ ਸੋਸ਼ਲ ਮੀਡੀਆ ਕਰਾਰ ਦਿੱਤਾ ਜਾ ਚੁੱਕਿਆ ਹੈ। ਫੇਸਬੁੱਕ ਵਰਤਣ ਵਾਲੇ ਆਪਣੇ-ਆਪ ਨੂੰ ਵੱਖਰਾ ਤਬਕਾ ਮੰਨਦੇ ਹਨ। ਦੂਜੇ ਸ਼ਬਦਾਂ ਵਿਚ ਫੇਸਬੁੱਕ ਨੂੰ ਉਨ੍ਹਾਂ ਦੀ ਪਛਾਣ ਦਾ ਮੁਲਕ, ਬੋਲੀ ਅਤੇ ਸੱਭਿਆਚਾਰ ਤੋਂ ਅਹਿਮ ਨੁਕਤਾ ਮੰਨ ਲਿਆ ਗਿਆ ਹੈ। ਦੋ ਸਾਲਾਂ ਤੋਂ ਇਸ ਬਹਿਸ ਵਿਚ ਨਵਾਂ ਨੁਕਤਾ ਮੁਲਕ ਦੀ ਪਛਾਣ ਨਾਲ ਜੋੜ ਕੇ ਜੁੜਿਆ ਹੈ। ਫੇਸਬੁੱਕ ਵਰਤਣ ਵਾਲਿਆਂ ਦੀ ਗਿਣਤੀ ਕਈ ਮੁਲਕਾਂ ਦੇ ਸ਼ਹਿਰੀਆਂ ਤੋਂ ਵੱਧ ਹੈ। ਮਾਰਕ ਜ਼ੁਕਰਵਰਗ ਨਾਲ ਡੈਵਿਡ ਕੈਮਰੌਨ ਦੀ ਮੁਲਾਕਾਤ ਨੂੰ ਦੋ ਮੁਲਕਾਂ ਦੇ ਨੁਮਾਇੰਦਿਆਂ ਵਜੋਂ ਬਰਾਬਰੀ ਦੀ ਨਿਸ਼ਾਨੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਟੈਂਪਲ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਡੈਵਿਡ ਪੋਸਟ ਦੇ ਹਵਾਲੇ ਨਾਲ 'ਦ ਇਕੋਨੋਮਿਸਟ' ਨੇ ਲਿਖਿਆ ਹੈ, "ਫੇਸਬੁੱਕ ਲੋਕਾਂ ਨੂੰ ਇਕੱਠੇ ਹੋਕੇ ਆਪਣੀ ਕਿਸਮਤ ਦੇ ਫ਼ੈਸਲੇ ਆਪ ਕਰਨ ਦੀ ਸਹੂਲਤ ਦਿੰਦੀ ਹੈ। ਇਸ ਪੱਖੋਂ ਫੇਸਬੁੱਕ ਦਾ ਖ਼ਾਸਾ ਮੁਲਕ ਨਾਲ ਮੇਲ ਖਾਂਦਾ ਹੈ।" ਫੇਸਬੁੱਕ ਦੀ ਇਸ ਪਛਾਣ ਬਾਬਤ ਸੰਜੀਦਾ ਵਿਚਾਰ ਹੋਣੀ ਚਾਹੀਦੀ ਹੈ। ਇਸ ਚਰਚਾ ਦਾ ਅਹਿਮ ਥੜ੍ਹਾ ਫੇਸਬੁੱਕ ਹੈ ਜਿਸ ਕਾਰਨ ਇਸ ਦਾ ਉਲਾਰ ਹੋਣਾ ਲਾਜ਼ਮੀ ਹੈ। ਕਿਸੇ ਥੜੇ ਦੀ ਹੋਂਦ ਅਤੇ ਅਹਿਮੀਅਤ ਬਾਬਤ ਚਰਚਾ ਉਸੇ ਦੇ ਪਿੜ ਵਿਚ ਕਿੰਨੀ ਕੁ ਸੁਹਿਰਦ ਹੋ ਸਕਦੀ ਹੈ? ਜਦੋਂ ਦੂਜੀ ਧਿਰ ਪਾਬੰਦੀਆਂ ਦੀ ਮੰਗ ਕਰਦੀ ਹੈ ਤਾਂ ਮਸਲਾ 'ਵਿਚਾਰ ਦੀ ਆਜ਼ਾਦੀ' ਵਜੋਂ ਪੇਸ਼ ਹੁੰਦਾ ਹੈ। ਦੋ ਧਿਰਾਂ ਦੀ ਬਹਿਸ ਵਿਚ ਜਾਪਦਾ ਹੈ ਕਿ ਸਮੁੱਚਾ ਮਸਲਾ 'ਹਾਂ' ਜਾਂ 'ਨਾਂਹ' ਵਿਚ ਹੀ ਹੱਲ ਹੋ ਸਕਦਾ ਹੈ।

ਫੇਸਬੁੱਕ ਦਾ ਕੋਈ ਕਾਨੂੰਨ, ਜ਼ਮੀਨ, ਜ਼ਿੰਮੇਵਾਰੀ ਅਤੇ ਜਵਾਬਦੇਹੀ ਨਹੀਂ। ਇਸ ਦੇ 'ਸ਼ਹਿਰੀਆਂ' ਦੇ ਹਕੂਕ, ਜ਼ਿੰਮੇਵਾਰੀਆਂ ਅਤੇ ਸੱਭਿਆਚਾਰਕ ਪਛਾਣ ਨਹੀਂ। ਨੈਤਿਕਤਾ, ਸੰਗ-ਸ਼ਰਮ ਅਤੇ ਮਰਿਆਦਾ ਇਸ ਦੇ ਵਿਵਹਾਰ ਵਿਚ ਸ਼ੁਮਾਰ ਨਹੀਂ। ਕਿਸੇ ਮੁਲਕ ਦੇ ਮੁਕਾਬਲੇ ਫੇਸਬੁੱਕ ਦਾ ਹਿੱਸਾ ਹੋਣਾ ਜਾਂ ਇਸ ਨੂੰ ਰੱਦ ਕਰਨਾ ਸੁਖਾਲਾ ਹੈ। ਸ਼ਾਇਦ ਇਹ ਇੱਕੋ ਥਾਂ ਹੈ ਜਿੱਥੇ ਓਪਰੇ (ਬੇਨਾਮ, ਬੇਪਛਾਣ ਅਤੇ ਚਿਹਰਾਹੀਣ) ਬੰਦਿਆਂ ਨੂੰ ਦੋਸਤ ਮੰਨਿਆ ਜਾ ਸਕਦਾ ਹੈ। ਫੇਸਬੁੱਕ ਦੇ ਮਾਲਕਾਂ ਨੂੰ 'ਅਵਾਮ' ਬਦਲ ਨਹੀਂ ਸਕਦਾ। ਮਾਲਕ (ਮੁਖੀ) ਸਿਰਫ਼ ਹਿੱਸੇਦਾਰਾਂ ਲਈ ਜਵਾਬਦੇਹ ਹਨ। ਇਨ੍ਹਾਂ ਤੱਤਾਂ ਦੇ ਹਵਾਲੇ ਨਾਲ ਸਵਾਲ ਪੁੱਛਣਾ ਬਣਦਾ ਹੈ ਕਿ ਕੀ ਇਹ ਕਿਹੋ ਜਿਹੇ ਮੁਲਕ ਦੀ ਨਿਸ਼ਾਨਦੇਹੀ ਕਰਦੇ ਹਨ? ਦੂਜਾ ਮਸਲਾ ਇਹ ਵੀ ਹੈ ਕਿ ਬਹੁ-ਕੌਮੀ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਵੀ ਤਾਂ ਮੁਲਕਾਂ ਦੇ ਮੁਖੀ ਬਰਾਬਰੀ ਦਾ ਰੁਤਬਾ ਦਿੰਦੇ ਹਨ। ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ ਅਤੇ ਅਫ਼ਸਰਸ਼ਾਹੀ ਆਪਣੇ ਅਤੇ ਦੂਜੇ ਮੁਲਕਾਂ ਦੀਆਂ ਬਹੁਕੌਮੀ ਕੰਪਨੀਆਂ ਨੂੰ ਹੱਥੀਂ ਛਾਵਾਂ ਕਰਦੀ ਹੈ। ਉਤਰੀ ਅਮਰੀਕੀ ਅਤੇ ਯੂਰਪੀ ਬਹੁਕੌਮੀ ਕੰਪਨੀਆਂ ਮੁਲਕਾਂ ਦੀਆਂ ਵਿਦੇਸ਼ ਤੋਂ ਘਰੇਲੂ ਨੀਤੀਆਂ ਉਤੇ ਅਸਰਅੰਦਾਜ਼ ਹੁੰਦੀਆਂ ਹਨ। ਉਹ ਜੰਗੀ ਅਤੇ ਮੁੜ-ਬਹਾਲੀ ਮੁਹਿੰਮਾਂ ਦੀ ਵਿਉਂਤਬੰਦੀ ਵਿਚ ਫ਼ੈਸਲਾਕੁਨ ਦਖ਼ਲਅੰਦਾਜ਼ੀ ਕਰਦੀਆਂ ਹਨ। ਇਨ੍ਹਾਂ

***ਇਹ ਸਵਾਲ ਤਾਂ ਪੁੱਛਿਆ ਹੀ ਜਾ ਸਕਦਾ ਹੈ ਕਿ ਫੇਸਬੁੱਕ ਦੀ ਵਰਤੋਂ ਦਾ ਮਨੁੱਖੀ ਕਲਿਆਣ ਨਾਲ ਕੀ ਰਾਬਤਾ ਬਣਦਾ ਹੈ? ਜ਼ਿਆਦਾਤਰ ਫੇਸਬੁੱਕੀ ਬਹਿਸਾਂ ਗਾਲੀ-ਗਲੋਚ ਵਿਚ ਕਿਉਂ ਤਬਦੀਲ ਹੋ ਜਾਂਦੀਆਂ ਹਨ? ਫੇਸਬੁੱਕ ਬੰਦੇ ਨੂੰ ਮਾਹਰ ਹੋਣ ਦਾ ਭਰਮ ਕਿੰਨਾ ਪਾਉਂਦੀ ਹੈ? ਇਸ ਦੀ ਵਰਤੋਂ ਰਾਹੀਂ ਗਿਆਨ ਅਤੇ ਸਮਾਜਿਕ ਘੇਰਾ ਮੋਕਲਾ ਕਰਨ ਵਾਲਿਆਂ ਦੀ ਗਿਣਤੀ ਬਹੁਤ ਨਿਗੂਣੀ ਹੈ। ਇਹੋ ਨਿਗੂਣੀ ਘੱਟਗਿਣਤੀ ਇਸ ਦੇ ਪੱਖ ਵਿਚ 'ਵਿਚਾਰ ਦੀ ਆਜ਼ਾਦੀ' ਦਾ ਮਸਲਾ ਉਭਾਰਦੀ ਹੈ।***




ਤੋਂ ਬਿਨਾਂ ਗਿਰਜਾਘਰ, ਰੈੱਡ ਕਰੌਸ ਅਤੇ 'ਡਾਕਟਰਜ਼ ਵਿਦਾਉਟ ਫਰੰਟੀਅਰ' ਨੂੰ ਆਜ਼ਾਦ ਮੁਲਕ ਵਰਗਾ ਅਖ਼ਤਿਆਰ ਤਾਂ ਨਹੀਂ ਪਰ ਸਤਿਕਾਰ ਤਾਂ ਹਾਸਿਲ ਹੈ। ਬਹੁ-ਕੌਮੀ ਕੰਪਨੀਆਂ ਅਤੇ ਫੇਸਬੁੱਕ ਵਾਂਗ ਰੈਡ ਕਰੌਸ ਅਤੇ 'ਡਾਕਟਰਜ਼ ਵਿਦਾਉਟ ਫਰੰਟੀਅਰ' ਬਾਬਤ ਚਰਚਾ ਕਿਉਂ ਨਹੀਂ ਹੁੰਦੀ? ਫੇਸਬੁੱਕ ਦੀ ਤਰਜ਼ ਉਤੇ ਹੀ ਤਾਂ ਵਿੱਕੀਲੀਕਸ ਨੇ ਖੁਲਾਸੇ ਕੀਤੇ ਸਨ। ਜੂਲੀਅਨ ਅਸਾਂਜ ਦੀ ਘੇਰਾਬੰਦੀ ਮੌਕੇ ਮੁਲਕ ਦੀ ਇਸ 'ਵਰਚੂਅਲ' ਧਾਰਨਾ ਕੰਨੀ ਕਿਉਂ ਕਤਰਾ ਜਾਂਦੀ ਹੈ?

ਫੇਸਬੁੱਕ ਦੀਆਂ ਪ੍ਰਾਪਤੀਆਂ ਵਿਚ ਤਾਨਾਸ਼ਾਹੀ ਖ਼ਿਲਾਫ਼ ਉਤਰੀ ਅਫ਼ਰੀਕੀ ਬਗ਼ਾਵਤਾਂ ਦੀ ਲਾਮਬੰਦੀ ਅਤੇ 'ਵਾਲ ਸਟ੍ਰੀਟ ਆਕੂਪੇਸ਼ਨ' ਮੁਹਿੰਮ ਨੂੰ ਮਿਸਾਲਾਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਦੋਵਾਂ ਮਸਲਿਆਂ ਦੀ ਤਫ਼ਸੀਲ ਨਾਲ ਗੱਲ ਕਰਨੀ ਬਣਦੀ ਹੈ। ਉਤਰੀ ਅਫ਼ਰੀਕੀ ਬਗ਼ਾਵਤਾਂ ਵਿਚ ਉਤਰੀ ਅਮਰੀਕਾ ਅਤੇ ਯੂਰਪ ਦੀ ਦਖ਼ਲਅੰਦਾਜ਼ੀ ਜੱਗ-ਜ਼ਾਹਿਰ ਹੈ। ਲੀਬੀਆ ਵਿਚ ਨਾਟੋ ਦੀ ਬੰਬਾਰੀ ਨੂੰ ਜਾਇਜ਼ ਕਰਾਰ ਦੇਣ ਵਾਲੀ ਮੁਹਿੰਮ ਵਿਚ ਫੇਸਬੁੱਕ ਸਮੇਤ ਸਮੁੱਚੇ ਸੋਸ਼ਲ ਮੀਡੀਆ ਦੀ ਭੂਮਿਕਾ ਹੈ। ਜਦੋਂ ਮਸਲਾ ਓਸਲੋ ਵਿਚ ਬੱਚਿਆਂ ਦੇ ਕਤਲੇਆਮ ਅਤੇ ਲੰਡਨ ਵਿਚ ਨਸਲੀ ਨਫ਼ਰਤ ਦੇ ਹਿੰਸਕ ਪ੍ਰਗਟਾਵੇ ਦਾ ਆਇਆ ਤਾਂ ਜਮਹੂਰੀਅਤ ਨਾਲ ਫੇਸਬੁੱਕੀ ਪਿਆਰ ਨਜ਼ਰ ਨਹੀਂ ਆਇਆ। ਮਿਸਰ ਦਾ ਮੌਜੂਦਾ ਨਿਜ਼ਾਮ ਉਸੇ ਤਹਿਰੀਰ ਚੌਕ ਵਿਚੋਂ ਤਸ਼ੱਦਦਖ਼ਾਨਾ ਚਲਾ ਰਿਹਾ ਹੈ। ਫੇਸਬੁੱਕੀ ਕਾਰਕੁਨ ਹੁਣ ਕਿਸ ਫਰਿਸ਼ਤੇ ਦੇ ਫਰਮਾਨ ਦੀ ਉਡੀਕ ਕਰ ਰਹੇ ਹਨ? ਇਸ ਸਰਗਰਮੀ ਦੀ ਤੰਦ ਨਾਟੋ ਸਾਮਰਾਜ ਦੀਆਂ ਜੰਗੀ ਮੁਹਿੰਮਾਂ ਨਾਲ ਕਿਉਂ ਮਿਲਦੀ ਜਾਪਦੀ ਹੈ?

ਫੇਸਬੁੱਕ ਦੇ ਮੌਜੂਦਾ ਤਾਣੇ-ਬਾਣੇ ਨੂੰ ਰਾਜਤੰਤਰ ਦੇ ਖੁੱਲ੍ਹੀ ਮੰਡੀ ਨਾਲ ਜੁੜੇ ਖ਼ਾਸੇ ਨਾਲ ਮੇਲ ਕੇ ਸਮਝਿਆ ਜਾ ਸਕਦਾ ਹੈ। ਖੁੱਲ੍ਹੀ ਮੰਡੀ ਦਾ ਆਪਹੁਦਰਾ ਖ਼ਾਸਾ ਮੁਨਾਫ਼ੇ ਵਿਚ ਵਾਧਾ ਕਰਦਾ ਹੈ। ਸੱਟਾ ਬਾਜ਼ਾਰ, ਪੈਦਾਵਾਰ ਵਿਚ ਕਮੀ ਤੋਂ ਬਿਨਾਂ ਅਨਾਜ ਵਸਤਾਂ ਦੀ ਕਿੱਲਤ, ਬਿਨਾਂ ਠੋਸ ਕਾਰਨਾਂ ਤੋਂ ਵਧਦੀਆਂ-ਘਟਦੀਆਂ ਤੇਲ ਦੀਆਂ ਕੀਮਤਾਂ ਅਤੇ ਮਹਿੰਗਾਈ ਦੀ ਕਾਲਪਨਿਕ (ਵਰਚੂਅਲ) ਪੜਚੋਲ ਮੁਨਾਫ਼ੇ ਵਿਚ ਲਗਾਤਾਰ ਵਾਧੇ ਦਾ ਸਬੱਬ ਬਣਦੀ ਹੈ। ਇਸ ਰੁਝਾਨ ਦੀਆਂ ਤੰਦਾਂ ਫੇਸਬੁੱਕੀ 'ਵਰਚੂਅਲ' ਤਬਕੇ ਜਾਂ ਮੁਲਕ ਨਾਲ ਜੁੜਦੀਆਂ ਜਾਪਦੀਆਂ ਹਨ। ਇਹ ਬੰਦੇ ਨੂੰ ਹਕੀਕੀ ਆਲਮ ਦੀ ਥਾਂ ਜ਼ਿੰਮੇਵਾਰੀ, ਨੈਤਿਕਤਾ ਅਤੇ ਕਦਰਾਂ-ਕੀਮਤਾਂ ਤੋਂ ਮੁਕਤ 'ਆਲਮੀ' ਬੰਦਾ ਬਣਾਉਣ ਦਾ ਭਰਮ ਸਿਰਜਦੀਆਂ ਹਨ। ਹਕੀਕੀ ਆਲਮ ਵਿਚ ਤਾਂ ਸਰਮਾਇਆ, ਹੁਨਰ, ਮੁਨਾਫ਼ਾ ਅਤੇ ਵਸਤਾਂ ਹੀ ਆਲਮੀ ਸ਼ਹਿਰੀ ਹੋਣ ਦਾ ਰੁਤਬਾ ਮਾਣ ਰਹੀਆਂ ਹਨ। ਮੌਜੂਦਾ ਆਲਮੀ ਪਿੰਡ ਦੀ ਬਹੁਗਿਣਤੀ ਆਪਣੇ ਘੁਰਨਿਆਂ ਵਿਚ ਸੁੰਘੜਦੀਆਂ ਸਹੂਲਤਾਂ ਅਤੇ ਵਧ ਰਹੀਆਂ ਥੁੜ੍ਹਾਂ ਦੀਆਂ ਮੁਕਾਮੀ ਤੰਦਾਂ ਵਿਚ ਉਲਝ ਕੇ ਖ਼ਾਨਾਜੰਗੀ ਵੱਲ ਵਧ ਰਹੀ ਹੈ। ਫੇਸਬੁੱਕੀ ਆਲਮ ਦਾਅਵਾ ਕਰਦਾ ਹੈ ਕਿ ਇਸ ਦੀ ਪਹੁੰਚ ਦੁਨੀਆਂ ਦੇ ਹਰ ਕੋਨੇ ਤੱਕ ਹੈ। ਇਸ ਤਕਨੀਕ ਨੇ ਪਿੰਡ-ਸ਼ਹਿਰ, ਅਮੀਰ-ਗ਼ਰੀਬ, ਬੋਲੀ ਅਤੇ ਸਰਹੱਦਾਂ ਦੇ ਅੜਿੱਕੇ ਬੇ-ਮਾਅਨੇ ਕਰ ਦਿੱਤੇ ਹਨ। ਲਗਾਤਾਰ ਸਖ਼ਤ ਇਮੀਗਰੇਸ਼ਨ ਨੇਮਾਂ ਦੀ ਵਕਾਲਤ ਕਰਨ ਵਾਲੇ ਵਿਕਸਤ ਮੁਲਕ ਕਹਿ ਰਹੇ ਹਨ ਕਿ ਨਿਵੇਸ਼, ਹੁਨਰ, ਉਦਮ ਅਤੇ ਸੈਲਾਨੀ ਲਈ ਕੋਈ ਰੋਕਾਂ ਨਹੀਂ ਹਨ। ਇਨ੍ਹਾਂ ਦੋਵਾਂ ਦਲੀਲਾਂ ਦੇ ਪੱਖ ਵਿਚ ਅੰਕੜੇ ਪੇਸ਼ ਕੀਤੇ ਜਾ ਸਕਦੇ ਹਨ। ਫੇਸਬੁੱਕ ਉਤੇ ਪਿੰਡ, ਗ਼ਰੀਬ, ਅਨਪੜ੍ਹ ਅਤੇ ਅਪਹੁੰਚ ਇਲਾਕਿਆਂ ਦੀ ਨੁਮਾਇੰਦਗੀ ਆਪਣੇ ਸਮਾਜ ਤੋਂ ਟੁੱਟੇ 'ਵਰਚੂਅਲ' ਆਲਮ ਦੇ ਚਾਹਵਾਨ ਰਾਹੀਂ ਹੋਈ ਹੈ। ਸਾਮਰਾਜੀ ਮੁਲਕਾਂ ਨੇ ਹੁਨਰ, ਸਰਮਾਏ, ਮੁਨਾਫ਼ੇ ਅਤੇ ਖ਼ਪਤਕਾਰ ਦੀ ਦਰਾਮਦ ਉਤੇ ਕਦੇ ਰੋਕਾਂ ਨਹੀਂ ਲਗਾਈਆਂ।

ਇਹ ਦਲੀਲ ਫੇਸਬੁੱਕ ਦੀ ਵਰਤੋਂ ਕਰਨ ਵਾਲਿਆਂ ਨੂੰ ਨਾਖ਼ੁਸ਼ਗਵਾਰ ਜਾਪ ਸਕਦੀ ਹੈ। ਇਹ ਸਵਾਲ ਤਾਂ ਉਨ੍ਹਾਂ ਨੂੰ ਪੁੱਛਿਆ ਹੀ ਜਾ ਸਕਦਾ ਹੈ ਕਿ ਫੇਸਬੁੱਕ ਦੀ ਵਰਤੋਂ ਦਾ ਮਨੁੱਖੀ ਕਲਿਆਣ ਨਾਲ ਕੀ ਰਾਬਤਾ ਬਣਦਾ ਹੈ? ਜ਼ਿਆਦਾਤਰ ਫੇਸਬੁੱਕੀ ਬਹਿਸਾਂ ਗਾਲੀ-ਗਲੋਚ ਵਿਚ ਕਿਉਂ ਤਬਦੀਲ ਹੋ ਜਾਂਦੀਆਂ ਹਨ? ਫੇਸਬੁੱਕ ਬੰਦੇ ਨੂੰ ਮਾਹਰ ਹੋਣ ਦਾ ਭਰਮ ਕਿੰਨਾ ਪਾਉਂਦੀ ਹੈ? ਇਸ ਦੀ ਵਰਤੋਂ ਰਾਹੀਂ ਗਿਆਨ ਅਤੇ ਸਮਾਜਿਕ ਘੇਰਾ ਮੋਕਲਾ ਕਰਨ ਵਾਲਿਆਂ ਦੀ ਗਿਣਤੀ ਬਹੁਤ ਨਿਗੂਣੀ ਹੈ। ਇਹੋ ਨਿਗੂਣੀ ਘੱਟਗਿਣਤੀ ਇਸ ਦੇ ਪੱਖ ਵਿਚ 'ਵਿਚਾਰ ਦੀ ਆਜ਼ਾਦੀ' ਦਾ ਮਸਲਾ ਉਭਾਰਦੀ ਹੈ।

ਇੰਟਰਨੈਟ ਵਿਚ ਸਰਕਾਰੀ ਦਖ਼ਲਅੰਦਾਜ਼ੀ ਦੀ ਗੱਲ ਕੀਤੇ ਬਿਨਾਂ ਚਰਚਾ ਪੂਰੀ ਨਹੀਂ ਹੋ ਸਕਦੀ। ਵੱਖ-ਵੱਖ ਸਰਕਾਰਾਂ ਨੇ ਇੰਟਰਨੈਟ ਦਾ ਘੇਰਾ ਤੈਅ ਕਰਨ ਲਈ ਪਾਬੰਦੀਆਂ ਲਗਾਈਆਂ ਹਨ। ਬਹੁਤ ਸਾਰੀਆਂ ਵੈਬਸਾਈਟਾਂ ਉਤੇ ਪਾਬੰਦੀਆਂ ਲਗਾਉਣ ਦੀ ਚਰਚਾ ਚਲਦੀ ਰਹਿੰਦੀ ਹੈ। ਚੀਨ ਵਿਚ ਫੇਸਬੁੱਕ ਉਤੇ ਪਾਬੰਦੀ ਹੈ। ਪਿਛਲੇ ਦਿਨੀਂ ਮਿਆਂਮਾਰ (ਯੰਗੌਨ) ਵਿਚ ਫੇਸਬੁੱਕ ਸਮੇਤ ਕੁਝ ਸਾਇਟਾਂ ਤੋਂ ਪਾਬੰਦੀ ਹਟਾਈ ਗਈ ਹੈ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਫੇਸਬੁੱਕ ਉਤੇ ਪਾਬੰਦੀ ਦੀ ਵਕਾਲਤ ਕਰਨ ਤੋਂ ਬਾਅਦ ਮੋੜਾ ਕੱਟ ਗਏ ਹਨ। ਪੁਲੀਸ, ਫੌਜੀ ਅਤੇ ਖ਼ੁਫ਼ੀਆ ਏਜੰਸੀਆਂ ਦੀਆਂ ਜਾਂਚਾਂ ਵਿਚ ਵੈਬਸਾਇਟਾਂ ਤੋਂ ਹਾਸਿਲ ਜਾਣਕਾਰੀ ਖ਼ਬਰਾਂ ਦਾ ਵਿਸ਼ਾ ਬਣਦੀ ਰਹਿੰਦੀ ਹੈ। ਇਸੇ ਕਾਰਨ ਈਮੇਲ ਨੂੰ ਖੁੱਲ੍ਹੀ ਚਿੱਠੀ ਕਿਹਾ ਜਾਂਦਾ ਹੈ। ਇਰਾਕ ਉਤੇ ਹਮਲੇ ਵੇਲੇ ਅਲ-ਜਜ਼ੀਰਾ ਚੈਨਲ ਦੀ ਵੈਬਸਾਇਟ ਉਤੇ ਅਮਰੀਕਾ ਦਾ ਗ਼ੈਰ-ਕਾਨੂੰਨੀ ਕਬਜ਼ਾ ਸੀ ਅਤੇ ਸਾਰਾ ਦਿਨ ਉਥੇ ਅਮਰੀਕੀ ਝੰਡਾ ਫਹਿਰਾਉਂਦਾ ਸੀ। ਇਨ੍ਹਾਂ ਹਾਲਾਤ ਵਿਚ ਫੇਸਬੁੱਕ ਦੀ 'ਆਕੂਪਾਈ ਵਾਲ ਸਟ੍ਰੀਟ' ਵਿਚ ਭੂਮਿਕਾ ਸਮਝਣੀ ਜ਼ਰੂਰੀ ਹੈ। ਨਿਉਮੀ ਕਲੇਨ ਨੇ ਧਰਨੇ ਵਾਲੀ ਥਾਂ ਦਿੱਤੀ ਤਕਰੀਰ ਵਿਚ ਕਿਹਾ ਸੀ, "ਮੌਜੂਦਾ ਨਵੇਂ ਮੀਡੀਆ ਦੀ ਮੱਦਦ ਨਾਲ ਸ਼ਾਨਦਾਰ ਮੁਹਿੰਮਾਂ ਦੀ ਉਸਾਰੀ ਹੋਈ ਹੈ ਪਰ ਇਹ ਵਕਤੀ ਸਾਬਤ ਹੋਈਆਂ ਹਨ।" ਨਾਕਾਮਯਾਬ ਵਕਤੀ ਮੁਹਿੰਮਾਂ ਨਿਜ਼ਾਮ ਦੀ ਤਾਕਤ ਨੂੰ ਫ਼ੈਸਲਾਕੁਨ ਖੋਰਾ ਨਹੀਂ ਲਗਾਉਂਦੀਆਂ ਪਰ ਚਿਰਕਾਲੀ ਤਬਦੀਲੀ-ਪਸੰਦ ਸਿਆਸਤ ਲਈ ਘਾਤਕ ਸਾਬਤ ਹੁੰਦੀਆਂ ਹਨ। ਰਾਜਤੰਤਰ ਨੂੰ ਸ਼ਾਨਦਾਰ ਵਕਤੀ ਮੁਹਿੰਮਾਂ ਤੋਂ ਨਹੀਂ ਸਗੋਂ ਜਥੇਬੰਦ ਵਿਵੇਕਸ਼ੀਲ ਲਹਿਰਾਂ ਤੋਂ ਖ਼ਤਰਾ ਹੁੰਦਾ ਹੈ। ਵਕਤੀ ਮੁਹਿੰਮਾਂ ਦੀ ਆਪਣੀ ਅਹਿਮੀਅਤ ਹੈ ਪਰ ਇਨ੍ਹਾਂ ਉਤੇ ਵਕਤੀ ਉਬਾਲ ਤਾਰੀ ਨਹੀਂ ਹੋਣਾ ਚਾਹੀਦਾ। ਬੇ-ਆਗੂ ਮੁਹਿੰਮਾਂ ਰਾਜਤੰਤਰ ਦੀ ਕਰੂਰਤਾ ਅਤੇ ਅਵਾਮ ਦੀ ਬੇਚੈਨੀ ਨੂੰ ਪੇਸ਼ ਕਰਦੀਆਂ ਹਨ ਪਰ ਇਸ ਦੇ ਹੱਲ ਤੱਕ ਨਿਭਣ ਦਾ ਵਾਅਦਾ ਨਹੀਂ ਕਰਦੀਆਂ। ਇਹੋ ਖ਼ਾਸਾ ਫੇਸਬੁੱਕੀ ਸੋਸ਼ਲ ਮੀਡੀਆ ਦਾ ਹੈ। ਜਦੋਂ ਕੋਈ ਮਾਲਕ ਫੇਸਬੁੱਕੀ ਆਲਮ ਦੇ ਨੁਮਾਇੰਦੇ ਵਜੋਂ ਸਰਕਾਰਾਂ ਨਾਲ ਗੱਲਬਾਤ ਕਰਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਦੋਵਾਂ ਧਿਰਾਂ ਦੀ ਸੌਦੇਬਾਜ਼ੀ ਵਿਚ ਆਵਾਮ ਦੇ ਹਿੱਸੇ ਕੀ ਆਉਣਾ ਹੈ? ਫੇਸਬੁੱਕ ਦੀ ਬੋਲੀ ਸਮਾਜ ਅਤੇ ਮੁਲਕ ਵਾਲੀ ਹੈ ਪਰ ਇਸ ਦਾ ਖ਼ਾਸਾ ਬਹੁਕੌਮੀ ਕੰਪਨੀਆਂ ਨਾਲ ਮੇਲ ਖਾਂਦਾ ਹੈ।

ਹੁਣ ਸਵਾਲ ਕਪਿਲ ਸਿੱਬਲ ਦੀ ਔਖ ਅਤੇ ਪਾਬੰਦੀ ਦੀ ਮੰਗ ਨਾਲ ਜੁੜਦਾ ਹੈ। ਸੋਸ਼ਲ ਮੀਡੀਆ ਅਤੇ ਕਪਿਲ ਸਿੱਬਲ ਦੇ ਖ਼ਾਸੇ ਦੀ ਇਕ ਤੰਦ ਖੁੱਲ੍ਹੀ ਮੰਡੀ ਨਾਲ ਜੁੜਦੀ ਹੈ। ਇਹ ਆਪਹੁਦਰਾਪਣ ਹੈ। ਖੁੱਲ੍ਹੀ ਮੰਡੀ ਦੀ ਵਕਾਲਤ ਕਰਨ ਵਾਲੀ ਸਰਕਾਰ ਨੂੰ ਕਦੇ-ਕਦਾਈ ਮੂੰਹਜ਼ੋਰ ਪੂੰਜੀਪਤੀਆਂ, ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਤੋਂ ਔਖ ਹੁੰਦੀ ਹੈ। ਮੌਜੂਦਾ ਸਰਕਾਰਾਂ ਦਾ ਖ਼ਾਸਾ ਤਾਨਾਸ਼ਾਹੀ ਵੱਲ ਨੂੰ ਵਧ ਰਿਹਾ ਹੈ। ਇਹ ਹੁਣ ਮਸ਼ਕਰੀ ਜਾਂ ਮਜ਼ਾਕ ਜਾਂ ਸਵਾਲ ਬਰਦਾਸ਼ਤ ਨਹੀਂ ਕਰ ਸਕਦੀਆਂ। ਇਹ ਸਫ਼ੈਦਪੋਸ਼ੀ ਸੋਚ ਅਵਾਮ ਦੀਆਂ ਦੁਸ਼ਵਾਰੀਆਂ ਲਈ ਕਸੂਰਵਾਰ ਹੋਣ ਦੇ ਬਾਵਜੂਦ ਆਪਣੀ 'ਬੇਦਾਗ਼ੀ' ਦੀ ਹਮਲਾਵਰ ਨੁਮਾਇਸ਼ ਕਰਦੀ ਹੈ। ਮੌਜੂਦਾ ਈਮਾਨਦਾਰ ਪ੍ਰਧਾਨ ਮੰਤਰੀ ਦੀ ਪਾਕੀਜ਼ਗੀ ਇਸੇ ਸੋਚ ਦੀ 'ਚਿੱਟੀ' ਚਾਦਰ ਵਿਚ ਲਿਪਟੀ ਹੋਈ ਹੈ। ਪੰਜਾਬ ਸਰਕਾਰ ਦੀ ਇਸ਼ਤਿਹਾਰਬਾਜ਼ੀ ਵਿਚ ਕੰਪਿਊਟਰ ਰਾਹੀਂ ਪੇਸ਼ ਕੀਤੀਆਂ ਪ੍ਰਾਪਤੀਆਂ 'ਵਰਚੂਅਲ' ਦੁਨੀਆਂ ਦੀ ਨੁਮਾਇੰਦਗੀ ਕਰਦੀਆਂ ਜਾਪਦੀਆਂ ਹਨ।

ਇਸ ਪਾਬੰਦੀ ਦਾ ਅਹਿਮ ਨੁਕਤਾ ਤਕਨੀਕ ਬਾਬਤ ਸਮਝ ਨਾਲ ਜੁੜਦਾ ਹੈ। ਤਕਨੀਕ ਦਾ ਬੁਨਿਆਦੀ ਖ਼ਾਸਾ ਨਿਰਪੱਖ ਹੈ। ਇਹ ਕਦਰਾਂ-ਕੀਮਤਾਂ ਤੋਂ ਮੁਕਤ ਹੈ। ਵੰਡ ਅਤੇ ਪ੍ਰਬੰਧ ਨਾਲ ਇਸ ਦਾ ਵਿਹਾਰਕ ਖ਼ਾਸਾ ਤੈਅ ਹੁੰਦਾ ਹੈ। ਇੰਟਰਨੈਟ ਨਾਲ ਆਲਮੀ ਪੱਧਰ ਉਤੇ ਬੋਲੀ, ਸਰਹੱਦਾਂ, ਕਾਨੂੰਨ ਅਤੇ ਸੱਭਿਆਚਾਰ ਦੀਆਂ ਵੰਡੀਆਂ ਨੂੰ ਬੇ-ਮਾਅਨਾ ਕਰਕੇ ਸੰਵਾਦ ਸਹਿਲ ਹੋਇਆ ਹੈ। ਫੇਸਬੁੱਕ ਰਾਹੀਂ ਦਹਾਕਿਆਂ ਤੋਂ ਵਿਛੜੇ ਲੋਕਾਂ ਦਾ ਆਪਸੀ ਰਾਬਤਾ ਕਾਇਮ ਹੋਇਆ ਹੈ। ਇਸ ਦੇ ਬਾਵਜੂਦ ਫੇਸਬੁੱਕ ਮੌਜੂਦਾ ਆਲਮ ਦਾ ਅੰਤਿਮ ਸੱਚ ਨਹੀਂ ਹੈ। ਫੇਸਬੁੱਕ ਰਾਹੀਂ ਅਫ਼ਵਾਹਾਂ ਫੈਲਦੀਆਂ ਹਨ। ਅਧਿਐਨ ਸਾਬਤ ਕਰ ਚੁੱਕੇ ਹਨ ਕਿ ਇੰਟਰਨੈਟ ਉਤੇ ਚਲਦੀਆਂ ਬਹਿਸਾਂ ਨੂੰ ਮੋੜਾ ਦੇਣ ਲਈ ਵੰਨ-ਸਵੰਨੇ ਬੁਨਿਆਦਪ੍ਰਸਤ, ਮੁਨਾਫ਼ਾਖ਼ੋਰ ਅਤੇ ਸਰਕਾਰਾਂ ਕਿੰਨੀਆਂ ਸਰਗਰਮ ਹਨ। ਅਮਰੀਕਾ ਵਿਚ 2001 ਦੌਰਾਨ ਸਤੰਬਰ ਗਿਆਰਾਂ ਨੂੰ ਹੋਏ ਹਮਲੇ ਤੋਂ ਬਾਅਦ ਖ਼ੁਫ਼ੀਆ ਏਜੰਸੀ ਸੀ.ਆਈ.ਏ. ਨੇ ਬਦਨਾਮ ਹੈਕਰਾਂ ਦੀ ਭਰਤੀ ਕੀਤੀ ਸੀ। ਉਨ੍ਹਾਂ ਨੂੰ ਵੈਬਸਾਈਟਾਂ ਅਤੇ ਹੋਰ ਜਾਣਕਾਰੀ ਵਿਚ ਅਮਰੀਕੀ ਦਖ਼ਲਅੰਦਾਜ਼ੀ ਦਾ ਕੰਮ ਦਿੱਤਾ ਗਿਆ ਸੀ। ਨਤੀਜੇ ਵਜੋਂ ਅਲ-ਜ਼ਜ਼ੀਰਾ ਦੀ ਵੈਬਸਾਇਟ ਉਤੇ ਅਮਰੀਕੀ ਝੰਡਾ ਝੁੱਲਿਆ। ਇਸ ਤੋਂ ਬਿਨਾਂ ਫ਼ਿਲਮਾਂ, ਕਿਤਾਬਾਂ, ਸੰਗੀਤ ਅਤੇ ਹੋਰ ਕਲਾ ਵੰਨਗੀਆਂ ਦੀ ਰਾਏਸ਼ੁਮਾਰੀ ਲਈ ਕੰਪਨੀਆਂ ਸਰਗਰਮ ਹਨ ਜੋ ਆਪਣੇ ਵਿਚਾਰ ਅਤੇ ਵਸਤ ਦੀ ਪਹੁੰਚ ਵਧਾਉਣ ਲਈ ਖ਼ਬਰ ਤੋਂ ਪੜਚੋਲ ਤੱਕ ਵਿਚ ਦਖ਼ਲਅੰਦਾਜ਼ੀ ਕਰਦੀਆਂ ਹਨ। ਦੂਜਾ ਪੱਖ ਇਹ ਵੀ ਹੈ ਕਿ ਜਦੋਂ ਸਰਕਾਰਾਂ ਨੇ ਵਿੱਕੀਲੀਕਸ ਉਤੇ ਪਾਬੰਦੀ ਲਗਾਉਣ ਅਤੇ ਜੂਲੀਅਨ ਅਸਾਂਜ ਨੂੰ ਫਸਾਉਣ ਲਈ ਪੇਸ਼ਬੰਦੀਆਂ ਕੀਤੀਆਂ ਤਾਂ ਜਵਾਬੀ ਕਾਰਵਾਈ ਵਿਚ ਹਾਕਰਾਂ ਨੇ ਸਰਕਾਰੀ ਵੈਬਸਾਇਟਾਂ ਉਤੇ ਹਮਲੇ ਕੀਤੇ। ਭਾਰਤ ਸਰਕਾਰ ਨੇ ਅੰਨਾ ਹਜ਼ਾਰੇ ਦੇ ਦੁਆਲੇ ਜੁੜੀ ਭੀੜ ਵਿਚ ਫੇਸਬੁੱਕ ਦੀ ਭੂਮਿਕਾ ਤੋਂ ਨਾਖ਼ੁਸ਼ੀ ਜ਼ਾਹਿਰ ਕੀਤੀ। ਪਿਛਲੇ ਦਿਨੀਂ 'ਇੰਡੀਆ ਟੂਡੇ' ਵਿਚ ਅਸਿਤ ਜੌਲੀ ਨੇ ਵੈਬਸਾਇਟਾਂ ਰਾਹੀਂ ਹੁੰਦੇ ਖ਼ਾਲਿਸਤਾਨ ਦੇ ਪ੍ਰਚਾਰ ਬਾਬਤ ਲੇਖ ਲਿਖਿਆ ਸੀ। ਅਤਿਵਾਦ ਦੇ ਹਉਐ ਅਤੇ ਮੁਲਕ ਅੰਦਰ ਕਲੇਸ਼ ਦੀ ਦਲੀਲ ਦੇਕੇ ਪਾਬੰਦੀਆਂ ਦੀ ਮੰਗ ਕਰਨਾ ਮੌਜੂਦਾ ਹਾਲਾਤ ਤੋਂ ਅੱਖਾਂ ਮੀਚਣ ਵਾਲੀ ਗੱਲ ਹੈ। ਇਕ ਪਾਸੇ ਮੁਲਕ ਦੇ ਹਿੱਤਾਂ ਵਿਚ ਪਾਬੰਦੀਆਂ ਦੀ ਮੰਗ ਹੈ ਅਤੇ ਦੂਜੇ ਪਾਸੇ ਜ਼ਿੰਮੇਵਾਰੀ, ਜਵਾਬਦੇਹੀ ਅਤੇ ਜਵਾਬਤਲਬੀ ਤੋਂ ਮੁਕਤ 'ਵਿਚਾਰ ਦੀ ਆਜ਼ਾਦੀ' ਦੀ ਮੰਗ ਹੈ। ਜਦੋਂ ਮੀਡੀਆ ਸਵਾਲਾਂ ਦੇ ਘੇਰੇ ਵਿਚ ਘਿਰਿਆ ਹੋਇਆ ਹੈ ਤਾਂ ਸਮੁੱਚੀ ਬਹਿਸ ਦਾ 'ਵਰਚੂਅਲ' ਸੋਸ਼ਲ ਮੀਡੀਆ ਤੱਕ ਮਹਿਦੂਦ ਹੋ ਜਾਣਾ ਨਜ਼ਰਸਾਨੀ ਦੀ ਮੰਗ ਕਰਦਾ ਹੈ। ਇਸ ਵੇਲੇ ਫੇਸਬੁੱਕ ਦੀ ਵਰਤੋਂ ਕਰਨ ਵਾਲੀ ਘੱਟਗਿਣਤੀ ਸਮਾਜਿਕ-ਸਿਆਸੀ ਮਸਲਿਆਂ ਦੀ ਬਹਿਸ ਉਤੇ ਅਸਰਅੰਦਾਜ਼ ਜਾਪਦੀ ਹੈ। ਆਪਣੇ 'ਵਰਚੂਅਲ' ਹਕੂਕ ਦੀ ਰਾਖੀ ਕਰ ਰਿਹਾ ਮੱਧਵਰਗ ਖੁੱਲ੍ਹੀ ਮੰਡੀ ਦੇ ਸੀਲ ਖ਼ਪਤਕਾਰ ਵਜੋਂ ਕਾਰਪੋਰੇਟ ਦੀ ਰਜ਼ਾ ਵਿਚ ਰਾਜ਼ੀ ਹੈ। ਬੇਆਵਾਜ਼ਾਂ ਦੀ ਆਵਾਜ਼ ਬਣਨ ਦੀ ਜ਼ਿੰਮੇਵਾਰੀ ਤੋਂ ਮੁਨਕਰ ਹੋਣਾ ਇਨ੍ਹਾਂ ਨੂੰ 'ਵਿਚਾਰ ਦੀ ਆਜ਼ਾਦੀ' ਉਤੇ ਹਮਲਾ ਨਹੀਂ ਲੱਗਦਾ।

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

# ਲੱਜ ਪਾਲੀ ਰਾਜਪਾਲ ਨੇ

ਅਸਲ ਮਜ਼ਮੂਨ ਵੱਲ ਵੱਧਣ ਤੋਂ ਪਹਿਲਾਂ ਉਥਾਨਕਾ ਹਿਤ ਕੁਝ ਸਤਰਾਂ ਵਾਧੂ ਲਿਖ ਰਿਹਾਂ। ਦੋ ਕੁ ਸਾਲ ਪਹਿਲਾਂ ਦੀ ਗੱਲ ਹੈ-ਮੈਂ ਅਮਰੀਕਾ ਤੋਂ ਪੰਜਾਬ ਰਹਿੰਦੇ ਆਪਣੇ ਇਕ ਦੋਸਤ ਨੂੰ ਫੋਨ ਕੀਤਾ। ਮੋਹਰਿਉਂ ਉਸ ਨੇ ਰਵਾਇਤੀ ਹੈਲੋ ਜਾਂ ਸਤਿ ਸ੍ਰੀ ਅਕਾਲ ਕਹਿਣ ਦੀ ਥਾਂ, ਸਿੱਧਾ ਇਉਂ ਬੋਲਣਾ ਸ਼ੁਰੂ ਕਰ ਦਿੱਤਾ ਜਿਵੇਂ ਕਿਤੇ ਉਹ ਮੇਰਾ ਹੀ ਫੋਨ ਉਡੀਕ ਰਿਹਾ ਸੀ। ਖ਼ੁਸ਼ੀ ਉਹਦੇ ਬੁੱਲ੍ਹਾਂ 'ਤੇ ਕਿੱਕਲੀ ਪਾਉਂਦੀ ਜਾਪ ਰਹੀ ਸੀ। ਨਿਹਾਲੋ-ਨਿਹਾਲ ਹੋਇਆ ਉਹ ਚਹਿਕਦਿਆਂ ਕਹਿਣ ਲੱਗਾ,

"ਆ-ਹਾ-ਹਾ, ਭਾਜੀ ਅੱਜ ਤਾਂ ਨਜ਼ਾਰਾ ਆ ਗਿਆ, ਰੂਹਾਂ ਖ਼ੁਸ਼ ਹੋ ਗਈਆਂ। ਬੜੇ ਈ ਚਿਰਾਂ ਪਿਛੋਂ ਅੱਜ ਵਾਲਾ ਨਜ਼ਾਰਾ ਦੇਖਣ ਨੂੰ ਮਿਲਿਆ। ਬਹਿ ਜਾ ਬਹਿ ਜਾ ਕਰਾ 'ਤੀ ਸਰਦਾਰ ਨੇ!...ਜੇ ਤੁਸੀਂ ਇਥੇ ਹੁੰਦੇ ਤਾਂ ਤੁਸੀਂ ਵੀ ਮੰਨ ਜਾਂਦੇ 'ਕੇਰਾਂ...!!"

ਮੇਰੇ ਪੱਲੇ ਤਾਂ ਕੁਝ ਨਾ ਪਿਆ ਪਰ ਫੋਨ ਵਿਚ ਸੁਣਦੀ ਪਿਛੋਕੜ ਤੋਂ ਆ ਰਹੀ ਬੈਂਡ-ਵਾਜਾ ਵੱਜਣ ਦੀ ਆਵਾਜ਼ ਤੋਂ ਮੈਂ ਅਨੁਮਾਨ ਲਾਇਆ ਕਿ ਉਹ ਕਿਸੇ ਵਿਆਹ ਵਿਚ ਪਹੁੰਚਿਆ ਹੋਇਆ ਹੈ। ਉਹਦੇ ਮੂੰਹੋਂ ਡੁੱਲ੍ਹ-ਡੁੱਲ੍ਹ ਪੈਂਦੀ ਖ਼ੁਸ਼ੀ ਦੇ ਲਫ਼ਜ਼ ਸੁਣਦਿਆਂ, ਮੈਂ ਅੰਦਾਜ਼ਾ ਲਾਉਂਦਿਆਂ ਸੋਚਿਆ ਕਿ ਵਿਆਹ-ਸ਼ਾਦੀਆਂ ਮੌਕੇ ਪਰੋਸੇ ਜਾਂਦੇ ਵੰਨ-ਸੁਵੰਨੇ ਖੁਰਾਕ ਪਦਾਰਥ ਜਾਂ ਰੰਗ-ਬਰੰਗੀ ਸ਼ਰਾਬ ਦੇਖ ਕੇ ਅਕਸਰ ਲੋਕੀ 'ਬੱਲੇ-ਬੱਲੇ' ਕਰਨ ਲੱਗ ਪੈਂਦੇ ਹਨ; ਪਰ ਦੂਜੇ ਪਲ ਹੀ ਮੈਨੂੰ ਚੇਤਾ ਆ ਗਿਆ ਕਿ ਇਹ ਦੋਸਤ ਤਾਂ ਜਮਾਂਦਰੂ ਵੈਸ਼ਨੋ ਹੈ, ਤੇ ਖਾਣ-ਸੂਰੇ ਸੁਭਾਅ ਦਾ ਬਿਲਕੁਲ ਨਹੀਂ। ਇਸ ਨੇ ਵਿਆਹ ਵਿਚ ਕਿਹੜਾ ਅਲੋਕਾਰ ਨਜ਼ਾਰਾ ਦੇਖ ਲਿਆ ਹੋਵੇਗਾ? ਮੇਰੇ ਪੁੱਛਣ 'ਤੇ ਉਸ ਨੇ ਦੱਸਿਆ,

"ਭਾਅ ਜੀ, ਵਿਆਹੁੰਦੜ ਮੁੰਡਾ ਦੇਖ ਕੇ ਰੂਹ ਖਿੜ ਗਈ। ਸਾਬਤ-ਸੂਰਤ, ਖੁੱਲ੍ਹੀ ਦਾੜ੍ਹੀ, ਸਿਰ 'ਤੇ ਫੱਬ-ਫੱਬ ਪੈਂਦੀ ਦਸਤਾਰ ਮੁੰਡੇ ਦੀ ਪਰਸਨੈਲਿਟੀ ਨੂੰ ਚਾਰ ਚੰਨ ਲਾ ਰਹੀ ਹੈ। ਬੜੀ ਦੇਰ ਬਾਅਦ ਇਸ ਰੂਪ ਵਾਲੇ ਮੁੰਡੇ ਦਾ ਵਿਆਹ ਦੇਖਣ ਨੂੰ ਮਿਲਿਆ ਹੈ, ਨਹੀਂ ਤਾਂ ਸਾਰੇ ਥਾਈਂ ਹੁਣ...।"

ਅਸਲ ਵਿਚ ਇਹ ਵਿਆਹ ਹੋ ਰਿਹਾ ਸੀ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਵਿਚ ਉਹਦੇ ਸਾਥੀ ਰਹੇ ਕਮਾਂਡਰ ਬਚਨ ਸਿੰਘ ਥਾਂਦੀ ਵਾਸੀ ਪਿੰਡ ਦੌਲਤਪੁਰ ਦੀ ਪੋਤਰੀ ਦਾ। ਇਸ ਗੁਰਸਿੱਖ ਖਾਨਦਾਨ ਨੇ ਆਪਣੀ ਬੇਟੀ ਦੇ ਵਿਆਹ ਮੌਕੇ ਸਿੱਖ ਰਹੁ-ਰੀਤਾਂ ਦਾ ਪਾਲਣ ਕਰਦਿਆਂ ਸਾਬਤ-ਸੂਰਤ ਲੜਕਾ ਤਲਾਸ਼ਿਆ। ਵਿਆਹ ਵਿਚ ਪਹੁੰਚੇ ਆਪਣੇ ਦੋਸਤ ਵਾਂਗ ਮੈਨੂੰ ਵੀ ਦਿਲੀ ਪ੍ਰਸੰਨਤਾ ਹੋਈ ਕਿਉਂਕਿ ਹਾਲੇ ਥੋੜ੍ਹੇ



*ਰਾਜਪਾਲ ਸਿੰਘ ਤੇ ਅਵਨੀਤ ਕੌਰ ਸਿੱਧੂ*

ਦਿਨ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਨ੍ਹਾਂ ਦੋ ਮੈਂਬਰਾਂ ਦੀ ਅਖ਼ਬਾਰਾਂ ਵਿਚ ਕਰੜੀ ਨੁਕਤਾਚੀਨੀ ਹੁੰਦੀ ਰਹੀ ਸੀ ਜਿਨ੍ਹਾਂ ਨੇ ਆਪਣੀਆਂ ਧੀਆਂ ਕਲੀਨ ਸ਼ੇਵ ਮੁੰਡਿਆਂ ਨਾਲ ਵਿਆਹ ਕੇ ਪੰਥਕ ਅਸੂਲਾਂ 'ਤੇ ਕਾਲਖ ਹੀ ਪੋਚ ਦਿੱਤੀ ਸੀ। ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਉਘੀਆਂ ਧਾਰਮਿਕ ਸ਼ਖ਼ਸੀਅਤਾਂ ਵਲੋਂ ਉਨ੍ਹਾਂ ਦੋਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਕਈ ਦਿਨ ਲਗਾਤਾਰ ਲਾਹਣਤਾਂ ਪੈਂਦੀਆਂ ਰਹੀਆਂ ਸਨ। ਉਲਾਂਭੇ 'ਚ ਕਿਹਾ ਗਿਆ ਸੀ ਕਿ ਜੇ ਸਿੱਖ ਸਿਧਾਂਤ ਦੇ ਰਾਖਿਆਂ ਨੇ ਹੀ ਗੁਰਮਤਿ ਨੂੰ ਪਿੱਠ ਦੇਈ ਜਾਣੀ ਹੈ ਤਾਂ ਸਾਡੇ ਫਲਸਫੇ ਦੀ ਪਾਲਣਾ ਕੌਣ ਕਰੇਗਾ?

ਜਿਵੇਂ ਕਮਾਂਡਰ ਸਾਹਿਬ ਦੀ ਪੋਤਰੀ ਦੇ ਉਕਤ ਵਿਆਹ ਵਿਚ ਦਾੜ੍ਹੀ ਕੇਸਾਂ ਵਾਲਾ ਵਿਆਹੁੰਦੜ ਲੜਕਾ ਦੇਖ ਕੇ ਮੇਰਾ ਦੋਸਤ ਖ਼ੁਸ਼ੀ ਵਿਚ ਖੀਵਾ ਹੋ ਰਿਹਾ ਸੀ, ਇਵੇਂ ਮੈਂ ਵੀ ਇਸੇ ਦਸੰਬਰ 2011 ਦੇ ਦੂਜੇ ਹਫ਼ਤੇ ਦੀਆਂ ਕਈ ਅਖ਼ਬਾਰਾਂ ਵਿਚ ਛਪੀ, ਨਵ-ਵਿਆਹੀ ਸੁਭਾਗੀ ਜੋੜੀ ਦੀ ਉਹ ਫੋਟੋ ਦੇਖ ਕੇ ਬਾਗੋ-ਬਾਗ ਹੋ ਗਿਆ ਜਿਸ ਵਿਚ ਖੁੱਲ੍ਹੀ ਦਾੜ੍ਹੀ ਵਾਲਾ ਖ਼ੂਬਸੂਰਤ ਨੌਜਵਾਨ ਗੁਲਾਬੀ ਦਸਤਾਰ ਸਜਾਈ ਬੈਠਾ ਸੀ। ਆਪਣੇ ਧਰਮ ਕੌਮ ਦਾ ਨਾਂ ਰੁਸ਼ਨਾਉਣ ਵਾਲੀ ਇਸ ਮਾਣ-ਮੱਤੀ ਜੋੜੀ ਦੇ ਬਾਕੀ ਵੇਰਵੇ ਦੇਣ ਤੋਂ ਪਹਿਲਾਂ ਪਾਠਕਾਂ ਦੇ ਮਨਾਂ ਵਿਚ ਬਣਨ ਵਾਲੇ ਕੁਝ ਸੰਭਾਵੀ ਤੌਖਲਿਆਂ ਨੂੰ ਦੂਰ ਕਰ ਦਿਆਂ...

ਦੋ ਜੀਆਂ ਨੂੰ ਗ੍ਰਿਹਿਸਥ ਬੰਧਨ ਵਿਚ ਬੰਨ੍ਹਣ ਵਾਲੇ ਸਾਰੇ ਵਿਆਹ ਸੁਭਾਗੇ ਹੀ ਹੁੰਦੇ ਹਨ। ਕੋਈ ਕਿਸੇ ਵੀ ਧਰਮ ਦਾ ਪੈਰੋਕਾਰ ਹੋਵੇ ਜਾਂ ਧਰਮ ਤੋਂ ਮੁਨਕਰ, ਸਭ ਦਾ ਵਿਆਹ ਰੀਝਾਂ ਤੇ ਚਾਅਵਾਂ ਭਰਪੂਰ ਹੁੰਦਾ ਹੈ ਪਰ ਸਮੇਂ ਦੇ ਤੇਜ਼ ਵਹਾ ਨੇ ਵਿਆਹ ਪਰੰਪਰਾ ਨੂੰ ਵੀ ਬੁਰੀ ਤਰ੍ਹਾਂ ਲਤਾੜ ਕੇ ਰੱਖ ਦਿੱਤਾ ਹੈ। ਆਲੇ-ਦੁਆਲੇ ਝਾਤੀ ਮਾਰ ਕੇ ਦੇਖ ਲਉ, ਬਹੁਤ ਸਾਰੇ ਐਸੇ ਵਿਆਹਾਂ ਦੇ ਦਰਸ਼ਨ ਹੋਣਗੇ ਜਿਥੇ ਲੜਕੇ ਜਾਂ ਲੜਕੀ ਦੇ ਮਾਂ-ਬਾਪ ਆਪਣੇ ਧੀ ਜਾਂ ਪੁੱਤ ਦੀ ਮਰਜ਼ੀ ਅੱਗੇ ਰਬੜ ਦੇ ਗੁੱਡੇ-ਗੁੱਡੀਆਂ ਵਾਂਗ ਸਿਰ ਨਿਵਾ ਕੇ ਖੜ੍ਹੇ ਹੁੰਦੇ ਹਨ। ਸਮਾਜਿਕ ਮਜਬੂਰੀਆਂ ਦੀ ਚੱਕੀ ਵਿਚ ਦਰੜ ਹੋ ਰਹੇ ਮਾਪੇ ਕੰਨਾਂ ਵਿਚ ਕੌੜਾ ਤੇਲ ਪਾ ਕੇ, ਢਿੱਡੋਂ ਜੰਮੀ ਔਲਾਦ ਦੇ ਫਰਮਾਂਬਰਦਾਰ ਬਣੇ ਦੇਖੇ ਜਾ ਸਕਦੇ ਹਨ। 'ਮਰਦੀ ਨੇ ਅੱਕ ਚੱਬਿਆ' ਦੇ ਅਖਾਣ ਮੂਜਬ ਉਨ੍ਹਾਂ ਨੂੰ ਕੌੜਾ ਅੱਕ ਵੀ ਮਿਸ਼ਰੀ ਸਮਝ ਕੇ ਚੱਬਣਾ ਪੈਂਦਾ ਹੈ। ਅਜਿਹੀ ਕੁੜਿੱਕੀ 'ਚ ਫਸੇ ਮਾਪੇ ਆਲੇ-ਦੁਆਲੇ ਹੋ ਰਹੇ ਅਣਗਿਣਤ ਬੇਜੋੜ ਵਿਆਹਾਂ ਵੱਲ ਦੇਖ ਕੇ ਸਬਰ-ਸਬੂਰੀ ਕਰ ਲੈਂਦੇ ਹਨ।

ਇਸ ਪੱਖੋਂ ਉਹ ਸਿੱਖ ਮਾਪੇ ਦੋਹਰੀ ਮਾਰ ਝੱਲ ਰਹੇ ਹੁੰਦੇ ਹਨ ਜਿਹੜੇ ਆਪਣੇ ਬੱਚਿਆਂ ਦੇ ਵਿਆਹ ਸਿੱਖ ਰਹੁ-ਰੀਤਾਂ ਨੂੰ ਪ੍ਰਣਾਏ ਹੋਏ ਮੁੰਡੇ-ਕੁੜੀਆਂ ਨਾਲ ਕਰਨਾ ਲੋਚਦੇ ਹਨ; ਖ਼ਾਸ ਕਰਕੇ ਉਨ੍ਹਾਂ ਧੀਆਂ ਦੇ ਮਾਪਿਆਂ ਨੂੰ ਪੁੱਛਿਆ ਹੀ ਜਾਣੀਏ ਜਿਹੜੇ ਅੱਜ-ਕਲ੍ਹ ਆਪਣੀਆਂ ਬੇਟੀਆਂ ਲਈ ਸਾਬਤ-ਸੂਰਤ ਵਰ ਲੱਭ ਰਹੇ ਹੋਣ! ਉਨ੍ਹਾਂ ਦੇ ਜ਼ਿਹਨ ਵਿਚ ਘੁੰਮ ਰਹੇ ਹੁੰਦੇ ਨੇ ਸਾਹਿਬ ਦਸਵੇਂ ਪਾਤਸ਼ਾਹ ਦੇ ਦਰਬਾਰੀ ਸਿੱਖ ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਾਲੇ ਬੋਲ,

ਸਿੱਖ ਕੋ ਸਿੱਖ ਪੁੱਤਰੀ ਦਈ
ਸੁਧਾ ਸੁਧਾ ਮਿਲ ਜਾਯ॥
ਦਈ ਭਾਦਨੀ ਕੋ ਸੁਤਾ
ਅਹਿਮੁਖ ਅਮੀਂ ਚੁਆਯ॥

ਉਨ੍ਹਾਂ ਨੂੰ ਸਿੱਖੀ ਫ਼ਰਜ਼ ਪਾਲਣ ਲਈ ਪ੍ਰੇਰਨਾ ਦੇ ਰਹੀਆਂ ਹੁੰਦੀਆਂ ਨੇ, ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਦੀਆਂ ਲਿਖੀਆਂ ਇਹ ਪੰਕਤੀਆਂ,

ਨਾਲ ਸਿੰਘ ਦੇ ਸਿੰਘ ਨੇ ਸਾਕ ਕਰਨਾ,
ਨਾਤਾ ਮੋਨਿਆਂ ਨਾਲ ਚਲਾਵਨਾ ਨਹੀਂ।
ਬੇਟੀ ਦੇਵਣੀ ਸਿੱਖ ਨੂੰ ਸੋਧ ਕਰਕੇ,
ਲੜ ਮੋਨੇ ਦਾ ਮੂਲ ਫੜਾਵਨਾ ਨਹੀਂ।
(ਸ੍ਰੀ ਦਸਮੇਸ਼ ਪ੍ਰਕਾਸ਼, ਸਫ਼ਾ 235)

ਲੇਕਿਨ ਉਹ ਦੇਖ ਰਹੇ ਹੁੰਦੇ ਹਨ ਸਿੱਖ ਮੁੰਡਿਆਂ ਵਲੋਂ ਬਣਾਈ ਹੋਈ 'ਨਵੀਂ ਮਰਯਾਦਾ' ਜਿਹਦੇ ਅਨੁਸਾਰ ਸਿੱਖੀ ਸਰੂਪ ਨੂੰ ਤਿਲਾਂਜਲੀ ਦੇ ਚੁੱਕੇ ਮੁੰਡੇ ਵਿਆਹ ਤੋਂ ਹਫ਼ਤਾ ਕੁ ਪਹਿਲਾਂ ਆਪਣੀ ਦਾੜ੍ਹੀ ਦੀ ਸ਼ੇਵ ਕਰਨੀ ਬੰਦ ਕਰ ਦਿੰਦੇ ਹਨ। ਵਿਆਹ ਵਾਲੇ ਦਿਨ ਕਿਸੇ ਪ੍ਰੋਫੈਸ਼ਨਲ ਪੱਗਾਂ ਬੰਨ੍ਹਣ ਵਾਲੇ ਤੋਂ ਖ਼ੂਬਸੂਰਤ ਪੱਗ ਬੰਨ੍ਹਵਾ ਕੇ ਬਣਦੇ-ਫੱਬਦੇ ਸਰਦਾਰ ਜੀ ਦਾ ਰੂਪ ਧਾਰ ਲੈਂਦੇ ਨੇ। ਇਸੇ ਰੂਪ ਵਿਚ ਕਾਕਾ ਜੀ ਦਾ ਅਨੰਦ ਕਾਰਜ ਸੰਪੂਰਨ ਹੋ ਜਾਂਦਾ ਹੈ, ਫੇਰੇ ਕਰਵਾਉਣ ਵਾਲੇ ਭਾਈ ਜੀ ਸਮਾਪਤੀ ਦੀ ਅਰਦਾਸ ਮੌਕੇ '...ਜਿਨ੍ਹਾਂ ਸਿੰਘਾਂ ਸਿੰਘਣੀਆਂ ਧਰਮ ਹੇਤ ਸੀਸ ਦਿੱਤੇ...ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ...' ਦਾ ਹਵਾਲਾ ਦੇ ਕੇ ਹਾਲੇ ਜੈਕਾਰਾ ਹੀ ਛੱਡ ਰਹੇ ਹੁੰਦੇ ਹਨ ਕਿ ਬਾਹਰ ਫੁੱਲਾਂ ਵਾਲੀ ਕਾਰ ਤਿਆਰ-ਬਰ-ਤਿਆਰ ਖੜ੍ਹੀ ਹੁੰਦੀ ਹੈ। ਕਾਕਾ ਜੀ ਤਿੰਨ ਫੁੱਟੀ ਕ੍ਰਿਪਾਨ ਫੜੀ ਮੰਦ-ਮੰਦ ਮੁਸਕਾਉਂਦੇ ਹੋਏ ਕਾਰ ਵਿਚ ਸਜ ਜਾਂਦੇ ਨੇ। ਸ਼ੂਟ ਵੱਟੀ ਕਾਰ ਸਿੱਧੀ ਨਾਈ ਦੀ ਦੁਕਾਨ 'ਤੇ ਜਾਂਦੀ ਹੈ। ਸਿਰ ਦੇ ਬੋਦਿਆਂ ਨੂੰ ਜੈਲ-ਜੁੱਲ ਲਾ ਕੇ ਅਤੇ ਮੂੰਹ 'ਤੇ ਲੋਸ਼ਨਾਂ ਦੀ ਲੇਪ ਕਰਕੇ ਕਾਕਾ ਜੀ ਅਸਲ ਰੂਪ ਧਾਰ ਲੈਂਦੇ ਨੇ। ਦੂਜੇ ਦਿਨ ਇਸ ਸ਼ੁੱਭ ਅਨੰਦ ਕਾਰਜ ਦੀ ਫ਼ੋਟੋ ਅਖ਼ਬਾਰ 'ਚ ਛਪੀ ਹੁੰਦੀ ਹੈ। ਕੈਪਸ਼ਨ ਲਿਖੀ ਹੁੰਦੀ ਹੈ: 'ਪੂਰਨ ਗੁਰ ਮਰਯਾਦਾ ਅਨੁਸਾਰ ਅਨੰਦ ਕਾਰਜ ਹੋਇਆ।'

ਇਹ ਤਾਂ ਹੋਇਆ ਮੁੰਡਿਆਂ ਦਾ ਹਾਲ। ਇਧਰ ਸਿੱਖ ਮਾਪਿਆਂ ਦੀਆਂ ਬਹੁਤੀਆਂ ਵਰ ਪ੍ਰਾਪਤ ਧੀਆਂ ਦੀ ਇੱਛਾ ਵੀ ਸੁਣ ਲਉ (ਜੋ ਦੰਦਾਂ ਹੇਠ ਜੀਭ ਲੈ ਕੇ ਸੁਣਨ ਵਾਲੀ ਹੈ), ਉਹ 'ਮੂੰਹ ਭਰ ਕੇ' ਕਹਿੰਦੀਆਂ ਨੇ ਕਿ ਸਾਨੂੰ ਕਲੀਨ ਸ਼ੇਵ ਮੁੰਡਾ ਹੀ ਪਸੰਦ ਹੈ!...ਪਿਛੇ ਜਿਹੇ ਇਕ ਗੀਤ ਬੜਾ ਪਾਪੂਲਰ ਹੋਇਆ ਸੀ ਜਿਸ ਵਿਚ ਕੁੜੀ ਕਹਿੰਦੀ ਏ,

ਮੇਰਾ ਤੇ ਮਾਹੀ ਸੋਹਣਾ ਸਰਦਾਰ ਏ...
ਨੀ ਏ ਰੋਡਾ-ਭੋਡਾ ਕੌਣ? ਨਣਦੇ ਬੱਤੀ ਜਗਾ।

ਦਿਲ ਕਰਦੈ, ਇਹ ਸਤਰਾਂ ਗਾਉਣ ਵਾਲੀ ਬੀਬੀ ਦੇ ਪੈਰ ਫੜ ਲਾਂ!

ਆਪਣੀ ਕੌਮ ਦੇ ਇਹੋ ਜਿਹੇ ਵਿਆਹਾਂ ਦਾ ਰੰਗ-ਰੂਪ ਦੇਖ ਕੇ ਮੇਰੇ ਵਰਗਾ ਸ਼੍ਰੋਮਣੀ ਕਮੇਟੀ ਦਾ ਨਿਮਾਣਾ ਜਿਹਾ ਸਾਬਕਾ ਮੈਂਬਰ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸਾਬਤ-ਸੂਰਤ ਸ. ਰਾਜਪਾਲ ਸਿੰਘ ਦੇ ਵਿਆਹ ਦੀ ਫੋਟੋ ਦੇਖ ਕੇ ਕਿੰਦਾਂ ਨਾ ਹੁੱਬ-ਹੁੱਬ ਕੇ ਲੇਖ ਲਿਖੇ! ਦੇਸ਼-ਵਿਦੇਸ਼ ਵਿਚ ਖੁੱਲ੍ਹੀ ਦਾੜ੍ਹੀ ਅਤੇ ਜੂੜੇ 'ਤੇ ਚਿੱਟਾ ਰੁਮਾਲ ਬੰਨ੍ਹ ਕੇ ਹਾਕੀ ਦੇ ਜੌਹਰ ਦਿਖਾਉਣ ਵਾਲੇ ਰਾਜਪਾਲ ਸਿੰਘ ਨੇ ਵਿਆਹ ਕਰਵਾਉਣ ਵੇਲੇ ਵੀ ਆਪਣੇ ਧਰਮ ਦੀ ਲੱਜ ਪਾਲ ਕੇ ਦਿਖਾਈ ਹੈ। ਇਸ ਦਰਸ਼ਨੀ ਸਰਦਾਰ ਦੀ ਅਰਧਾਂਗਣੀ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ-ਪ੍ਰਸਿੱਧ ਕੌਮਾਂਤਰੀ ਨਿਸ਼ਾਨੇਬਾਜ਼ ਖਿਡਾਰਨ ਬੀਬਾ ਅਵਿਨੀਤ ਕੌਰ ਸਿੱਧੂ ਨੂੰ। ਗੁਰੂ ਵਲੋਂ ਬਖ਼ਸ਼ਿਸ਼ ਕੀਤੇ ਗਏ ਉਪ ਨਾਮ ਸਿੰਘ ਅਤੇ ਕੌਰ ਦੇ ਇਸ ਸੁਭਾਗੇ ਵਿਆਹ ਬਾਰੇ ਲਿਖਦਿਆਂ ਮੈਨੂੰ ਇਕ ਹੋਰ ਨਿੱਕੀ ਜਿਹੀ ਗੱਲ ਦਾ ਚੇਤਾ ਆ ਗਿਆ ਜੋ ਬੀਬਾ ਅਵਿਨੀਤ ਕੌਰ ਸਿੱਧੂ ਵਲੋਂ ਸਿੱਖਾਂ ਦੀ ਧੀ ਹੋਣ ਨਾਤੇ, ਆਪਣੇ ਵਿਆਹ ਲਈ ਸਿੱਖ ਸਰਦਾਰ ਮੁੰਡੇ ਦੀ ਚੋਣ ਕਰਨ ਤੋਂ ਐਨ ਉਲਟ ਹੈ!

ਪੇਂਡੂ ਪਿਛੋਕੜ ਵਾਲਾ ਮੇਰਾ ਇਕ ਦੋਸਤ ਕਿਸੇ ਯੂਰਪੀ ਦੇਸ਼ ਵਿਚ ਚਲਾ ਗਿਆ। ਵਿਹਲਾ ਹੋਣ ਕਾਰਨ ਗੁਰਦੁਆਰੇ ਪਾਠਾਂ ਦੀਆਂ ਰੌਲਾਂ ਲਾਉਣ ਲੱਗ ਪਿਆ। ਐਤਵਾਰ ਵਾਲੇ ਦਿਨ ਗੁਰਦੁਆਰੇ ਵਾਲਿਆਂ ਨੇ ਉਸ ਨੂੰ ਕਿਸੇ ਸਿੱਖ ਪਰਿਵਾਰ ਦੀ ਮੰਗ 'ਤੇ ਉਨ੍ਹਾਂ ਦੀ ਬੇਟੀ ਦਾ ਅਨੰਦ ਕਾਰਜ ਕਰਵਾਉਣ ਭੇਜ ਦਿੱਤਾ। ਸਾਰੀ ਰਸਮ ਵਧੀਆ ਢੰਗ ਨਾਲ ਹੋ ਗਈ। ਜਦੋਂ ਸਮਾਪਤੀ ਦੀ ਅਰਦਾਸ ਹੋਣ ਲੱਗੀ ਤਾਂ ਲੜਕੀ ਦੇ ਪਿਤਾ ਨੇ ਮਾਪਿਆਂ ਦੀ ਵਲਦੀਦ ਸਮੇਤ ਵਿਆਹੁੰਦੜ ਮੁੰਡੇ-ਕੁੜੀ ਦੇ ਨਾਂ ਲਿਖ ਕੇ ਉਸ ਪੇਂਡੂ ਭਾਈ ਦੇ ਹੱਥ ਚਿੱਟ ਫੜਾ ਦਿੱਤੀ। ਭਾਈ, ਸਾਰੀ ਅਰਦਾਸ ਤਾਂ ਵਧੀਆ ਕਰਦਾ ਗਿਆ ਪਰ ਸੁਭਾਗੀ ਜੋੜੀ ਦੇ ਨਾਂ ਬੋਲਣ ਲੱਗਿਆਂ ਉਹ ਵਿਚਾਰਾ ਘੋਰ ਸੰਕਟ ਵਿਚ ਫਸ ਗਿਆ...

"...ਸੱਚੇ ਪਾਤਸ਼ਾਹ ਜੀ, ਫਲਾਣਾ ਸਿੰਘ ਦੀ ਸਪੁੱਤਰੀ ਬੀਬੀ...ਕੌਰ ਦਾ ਸ਼ੁੱਭ ਅਨੰਦ ਕਾਰਜ ਸ੍ਰੀ...ਕੁੱਟਾ...ਰਾਮਾ...ਭਾਸਕਰਾ...ਪਦਮਾ...ਮੁੱਥੂ...।" ਕੁੜੀ ਸਿੱਖਾਂ ਦੀ ਵਿਆਹ ਕਰਵਾ ਰਹੀ ਸੀ ਸਾਊਥ ਇੰਡੀਅਨ ਨਾਲ ਜਿਨ੍ਹਾਂ ਦੇ ਨਾਂ ਲਿਖਣ ਲੱਗਿਆਂ ਸਾਰੀ 'ਏ-ਬੀ-ਸੀ' ਹੀ ਮੁੱਕ ਜਾਂਦੀ ਹੈ। ਗਜ਼ ਭਰ ਲੰਮੇ ਇਸ ਅਜੀਬੋ-ਗਰੀਬ ਨਾਂ ਦੇ ਖਲਜਗਣ ਵਿਚ ਫਸੇ ਹੋਏ ਪੇਂਡੂ ਭਾਈ ਨੂੰ ਲਾੜੇ ਦੇ ਨਾਂ ਵਿਚ ਕਿਤੇ ਸੁਆਮੀ ਸ਼ਬਦ ਲਿਖਿਆ ਨਜ਼ਰੀਂ ਪੈ ਗਿਆ। ਵਿਚਾਰੇ ਨੇ "...ਦਾ ਸ਼ੁੱਭ ਅਨੰਦ ਕਾਰਜ ਸ੍ਰੀ ਕਾਕਾ...ਸਵਾਮੀ ਨਾਲ ਹੋਇਆ" ਕਹਿ ਕੇ ਫਟਾ-ਫਟ ਜੈਕਾਰਾ ਛੱਡ ਦਿੱਤਾ। ਭਰੀ ਸਭਾ ਵਿਚ 'ਸਿੱਖ ਬਾਪ' ਨੀਵੀਂ ਪਾ ਕੇ ਖੜ੍ਹਾ ਰਿਹਾ। ਅਖੇ, 'ਧੀ ਘਰਾਣੇ ਦੀ, ਬਲਦ ਲਾਣੇ ਦਾ!!'

ਚਲੋ ਖ਼ੈਰ! ਜਿਵੇਂ ਰਾਜਪਾਲ ਸਿੰਘ ਨੇ ਖੇਡਦਿਆਂ ਵੀ, ਤੇ ਹੁਣ ਵਿਆਹ ਕਰਾਉਣ ਲੱਗਿਆਂ ਵੀ ਸਿੱਖੀ ਦੀ ਲੱਜ ਪਾਲ ਕੇ ਦਿਖਾਈ ਹੈ, ਉਮੀਦ ਹੈ ਕਿ ਹੋਰ ਸਿੱਖ ਨੌਜਵਾਨ ਵੀ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਪਣੇ ਸਿੱਖੀ ਸਰੂਪ 'ਤੇ ਮਾਣ ਕਰਨਗੇ।

## ਕਾਵਿ-ਮੰਚ

### ਨਵੇਂ ਸਾਲ ਦੀਆਂ ਵਧਾਈਆਂ

ਪੂਰੀਆਂ ਹੋਣ ਅਰਦਾਸਾਂ
ਜਿਨ੍ਹਾਂ ਵੀ ਕਰਵਾਈਆਂ,
ਨਵੇਂ ਸਾਲ ਦੀਆਂ ਸਭ ਨੂੰ
ਲੱਖ ਲੱਖ ਹੋਣ ਵਧਾਈਆਂ।

ਬ੍ਰਹਮ ਗਿਆਨੀ ਸੰਤ ਨਾ ਨਿੰਦੀਏ
ਆਖੇ ਧੁਰ ਕੀ ਬਾਣੀ।
ਕਹਿਣ ਸਿਆਣੇ ਸਮਾਂ ਜਿਹੋ ਜਿਹਾ
ਬਣ ਜਾਈਏ ਉਹਦੇ ਹਾਣੀ।
ਲਹਿਰਾਂ ਆਉਣ ਨਾ ਉਚੀਆਂ,
ਨਾ ਹੋਣ ਤਬਾਹੀਆਂ...

ਬੀਚ, ਲੇਕ 'ਤੇ ਕਰੋ ਵੋਕੇਸ਼ਨ
ਜ਼ਿੰਦਗੀ ਨੂੰ ਰੁਸ਼ਨਾ ਲਓ।
ਬੀਵੀ ਰੁੱਸੀ ਕਰੇ ਅਦਾਵਾਂ,
ਸੌਰੀ ਆਖ ਮਨਾ ਲਓ।
ਚਾਪਲੂਸੀਆਂ ਕਾਹਦੇ ਲਈ
ਜੇ ਕੰਮ ਨਾ ਆਈਆਂ...

ਕੀ ਕਰਨੇ ਆ ਡਾਲਰ,
ਕਿਹੜਾ ਨਾਲ ਲਿਜਾਣੇ।
ਵਿਚ ਵਿਦੇਸ਼ਾਂ ਰੁਲ ਨਾ ਜਾਵਣ
ਆਪਣੇ ਕਿਤੇ ਨਿਆਣੇ।
ਪਰਉਪਕਾਰੀ ਦੂਜਿਆਂ ਲਈ
ਜੋ ਕਰੇ ਭਲਾਈਆਂ...

ਰੌਲਾ-ਗੌਲਾ ਸੁਣ ਲੈਂਦੇ
ਜਦ ਠੱਗ ਸਿਆਣੇ।
ਥੋੜ੍ਹੀ ਦੇਰ ਲਈ
ਬਣ ਜਾਂਦੇ ਬੀਬੇ ਰਾਣੇ।
ਪਰ ਧਰਮ ਰਾਜ ਦੇ ਮੂਹਰੇ
ਕਿਹੜਾ ਭਰੂ ਗਵਾਹੀਆਂ...

ਦਯਾ, ਤਰਸ ਵਿਚ ਹੈ ਤਾਂ,
ਉਹ ਇਨਸਾਨ ਕਹਾਉਂਦਾ।
'ਚੀਮਨੇ' ਵਾਲਿਆ ਹੁਣ ਤਾਂ ਹਰ ਕੋਈ
ਖ਼ੁਦ ਭਗਵਾਨ ਕਹਾਉਂਦਾ।
'ਰਾਜ' ਲਿਖੀ ਚੱਲ,
ਕਲਮ ਤੇਰੀ ਵਿਚ ਬਹੁਤ ਸਫਾਈਆਂ।
ਨਵੇਂ ਸਾਲ ਦੀਆਂ ਸਭ ਨੂੰ
ਲੱਖ ਲੱਖ ਹੋਣ ਵਧਾਈਆਂ।

*-ਰਾਜ ਧਾਲੀਵਾਲ*
*ਟੈਫਟ, ਕੈਲੀਫੋਰਨੀਆ।*

***

### ਭਗਤ ਸਿੰਘ ਨੂੰ ਮੁੜ ਫਾਂਸੀ

ਭਗਤ ਸਿੰਘ ਦੀ ਮਾਂ ਯਾਰੋ,
ਅੱਜ ਫਿਰ ਤੋਂ ਰੋਈ ਹੈ।
ਪੰਜਾਬ ਦੀ ਮਿੱਟੀ ਅੱਜ,
ਬੜੀ ਸ਼ਰਮਸ਼ਾਰ ਹੋਈ ਹੈ।

ਹਰ ਸ਼ਹੀਦ ਦੀ ਰੂਹ,
ਅੱਜ ਫਿਰ ਤੋਂ ਕੁਰਲਾਈ ਹੈ।
ਬਰਾੜ ਤੇ ਢਿੱਲੋਂ ਨੇ (ਭਗਤ ਸਿੰਘ ਨੂੰ),
ਫਾਂਸੀ ਫਿਰ ਲਾਈ ਹੈ।

ਅੱਜ ਹਵਾਵਾਂ ਪੰਜਾਬ ਦੀਆਂ ਵੀ,
ਸਿੱਲੀਆਂ ਸਿੱਲੀਆਂ ਨੇ।
ਅੱਜ ਸੱਚੇ ਹਰ ਦਿਲ ਦੀਆਂ
ਅੱਖੀਆਂ ਗਿੱਲੀਆਂ ਗਿੱਲੀਆਂ ਨੇ।

ਫਰੰਗੀਆਂ ਤੋਂ ਬਾਅਦ,
ਇਹ ਕੌਣ ਫਰੰਗੀ ਪੈਦਾ ਹੋਏ ਨੇ।
ਇਤਿਹਾਸ ਦੇ ਪੰਨਿਆਂ 'ਤੇ,
ਆਪਣੇ ਵਿਹੜੇ ਕੰਢੇ ਬੋਏ ਨੇ।

ਬੇਗੈਰਤ ਤੇ ਬੇਅਣਖੇ,
ਜੋ ਲੀਡਰ ਅੱਜ ਦੇ ਨੇ।
ਪੀ ਕੇ ਖ਼ੂਨ ਇਹ ਲੋਕਾਂ ਦਾ,
ਨਾ ਯਾਰੋ ਰੱਜਦੇ ਨੇ।

ਚਲੋ ਵਾਰਸੋ ਸ਼ਹੀਦਾਂ ਦਿਓ,
ਸੁੱਕੇ ਹਰੇ ਰੁੱਖ ਕਰ ਲਈਏ।
'ਸੁਖਵਿੰਦਰ' ਆਖੇ ਇਨ੍ਹਾਂ ਦੀ ਧੌਣ 'ਤੇ,
ਹੁਣ ਗੋਡੇ ਧਰ ਦਈਏ।

*-ਸੁਖਵਿੰਦਰ ਬੋਦਲਾਂਵਾਲਾ*
*ਫੋਨ:360-281-2624*

## ਗੁਰਬਾਣੀ ਗਿਆਨ

# ਕਰ ਬਿਨੰਤੀ ਮਾਨੁ ਤਿਆਗਉ

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਸਗਲ ਸੰਤਨ ਪਹਿ ਵਸਤੁ ਇਕ ਮਾਂਗਉ॥
ਕਰ ਬਿਨੰਤੀ ਮਾਨੁ ਤਿਆਗਉ॥
ਵਾਰਿ ਵਾਰਿ ਜਾਈ ਲਖ ਵਰੀਆ
ਦੇਹੁ ਸੰਤਨ ਕੀ ਧੂਰਾ ਜੀਉ॥1॥
ਤੁਮ ਦਾਤੇ ਤੁਮ ਪੁਰਖ ਬਿਧਾਤੇ॥
ਤੁਮ ਸਮਰਥ ਸਦਾ ਸੁਖਦਾਤੇ॥
ਸਭ ਕੋ ਤੁਮ ਹੀ ਤੇ ਵਰਸਾਵੈ
ਅਉਸਰੁ ਕਰਹੁ ਹਮਾਰਾ ਪੂਰਾ ਜੀਉ॥2॥
ਦਰਸਨਿ ਤੇਰੈ ਭਵਨ ਪੁਨੀਤਾ॥
ਆਤਮ ਗੜੁ ਬਿਖਮੁ ਤਿਨਾ ਹੀ ਜੀਤਾ॥
ਤੁਮ ਦਾਤੇ ਤੁਮ ਪੁਰਖ ਬਿਧਾਤੇ
ਤੁਧੁ ਜੇਵਡੁ ਅਵਰੁ ਨ ਸੂਰਾ ਜੀਉ॥3॥
ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ॥
ਦੁਰਮਤਿ ਬਿਨਸੀ ਕੁਬੁਧਿ ਅਭਾਗੀ॥
ਸਚ ਘਰਿ ਬੈਸਿ ਰਹੇ ਗੁਣ ਗਾਏ
ਨਾਨਕ ਬਿਨਸੇ ਕੂਰਾ ਜੀਉ॥4॥

ਗੁਰਦੇਵ ਪਿਤਾ ਬਖ਼ਸ਼ਿਸ਼ ਕਰਦੇ ਹਨ ਕਿ ਮੇਰੇ ਪ੍ਰਭ ਜੀਉ! ਆਪ ਜੀ ਦਾ ਸਿਮਰਨ ਕਰਨ ਵਾਲੇ ਆਪ ਦੇ ਪਿਆਰਿਆਂ ਤੋਂ ਜੋ ਵਸਤੂ ਮੰਗਦਾ ਹਾਂ, ਉਹ ਆਪ ਦਾ ਨਾਮ ਸਿਮਰਨ ਹੀ ਹੈ ਤੇ ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਅੰਦਰੋਂ ਹੰਕਾਰ ਵੀ ਦੂਰ ਹੋ ਜਾਵੇ। ਹੇ ਪ੍ਰਭੂ ਜੀਉ! ਮੈਂ ਲੱਖ ਵਾਰੀ ਤੇਰੇ ਪਿਆਰਿਆਂ ਤੋਂ ਸਦਕੇ ਜਾਂਦਾ ਹਾਂ। ਮੈਨੂੰ ਆਪਣੇ ਪਿਆਰੇ ਭਗਤਾਂ ਦੀ ਚਰਨ ਧੂੜ ਦੇਹ।

ਹੇ ਪ੍ਰਭੂ ਜੀ! ਆਪ ਹੀ ਸਾਰੇ ਜੀਵਾਂ ਨੂੰ ਪੈਦਾ ਕਰਨ ਵਾਲੇ ਹੋ ਅਤੇ ਸਭ ਵਿਚ ਵਿਆਪਕ ਭੀ ਹੋ। ਆਪ ਹੀ ਸਭ ਜੀਵਾਂ ਨੂੰ ਦਾਤਾਂ ਦੇਣ ਵਾਲੇ ਹੋ। ਹੇ ਪ੍ਰਭੂ ਜੀਉ! ਆਪ ਸਮਰਥ ਸਵਾਮੀ ਹੋ, ਸਾਰੇ ਸੁੱਖਾਂ ਦੇ ਦਾਤੇ ਹੋ। ਸੰਸਾਰ ਦੇ ਸਾਰੇ ਜੀਵ ਆਪ ਜੀ ਪਾਸੋਂ ਵਰਸਾਵੇ ਮੰਗਾਂ ਮੰਗਦੇ ਹਨ। ਹੇ ਪ੍ਰਭੂ। ਮੈਂ ਭੀ ਇਹ ਮੰਗ ਮੰਗਦਾ ਹਾਂ ਕਿ ਮੈਨੂੰ ਆਪਣਾ ਨਾਮ ਦੇ ਕੇ ਮੇਰਾ ਜੀਵਨ ਸਫ਼ਲਾ ਕਰੋ।

ਦਰਸਨਿ ਤੇਰੈ ਭਵਨ ਪੁਨੀਤਾ॥
ਆਤਮ ਗੜੁ ਬਿਖਮੁ ਤਿਨਾ ਹੀ ਜੀਤਾ॥
ਤੁਮ ਦਾਤੇ ਤੁਮ ਪੁਰਖ ਬਿਧਾਤੇ
ਤੁਧੁ ਜੇਵਡੁ ਅਵਰੁ ਨ ਸੂਰਾ ਜੀਉ॥3॥

ਹੇ ਪ੍ਰਭੂ ਜੀਉ! ਜਿਨ੍ਹਾਂ ਜੀਵਾਂ ਨੇ ਆਪ ਦੇ ਦਰਸ਼ਨ ਕਰਕੇ ਆਪਣੇ ਸਰੀਰ ਰੂਪੀ ਨਗਰ ਪਵਿੱਤਰ ਕਰ ਲਏ, ਉਨ੍ਹਾਂ ਹੀ ਜੀਵਾਂ ਨੇ ਇਸ ਬਿਖਮ, ਭਾਵ ਔਖੇ ਮਨ ਦੇ ਕਿਲੇ ਨੂੰ ਵੱਸ ਵਿਚ ਕਰ ਲਿਆ ਹੈ। ਹੇ ਮੇਰੇ ਪ੍ਰਭੂ ਜੀਉ! ਆਪ ਜੈਸਾ ਹੋਰ ਕੋਈ ਸੂਰਮਾ ਹੈ ਹੀ ਨਹੀਂ।

ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ॥
ਦੁਰਮਤਿ ਬਿਨਸੀ ਕੁਬੁਧਿ ਅਭਾਗੀ॥
ਸਚ ਘਰਿ ਬੈਸਿ ਰਹੇ ਗੁਣ ਗਾਏ
ਨਾਨਕ ਬਿਨਸੇ ਕੂਰਾ ਜੀਉ॥4॥

ਗੁਰਦੇਵ ਕਹਿੰਦੇ ਹਨ ਕਿ ਹੇ ਮਿਹਰਵਾਨ ਪ੍ਰਭੂ ਜੀਉ! ਜਦੋਂ ਤੇਰੇ ਪਿਆਰਿਆਂ ਦੀ ਚਰਨ ਧੂੜ ਮੇਰੇ ਮੱਥੇ ਉਤੇ ਲੱਗੀ ਹੈ, ਮੇਰੀ ਦੁਰਮਤਿ ਦਾ ਨਾਸ ਹੋ ਗਿਆ ਹੈ ਤੇ ਕੁਬੁਧਿ ਭੈੜੀ ਮਨਮਤਿ ਭੀ ਮੁੱਕ ਗਈ ਹੈ। ਹੇ ਨਾਨਕ, ਜੋ ਜੀਵ ਉਸ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਹਨ, ਬਿਨਸੈ ਕੂਰਾ, ਭਾਵ ਉਨ੍ਹਾਂ ਜੀਵਾਂ ਦੇ ਜੀਵਨ 'ਚੋਂ ਮਾਇਆ ਦੇ ਝੂਠੇ ਸੰਸਕਾਰ ਖ਼ਤਮ ਹੋ ਜਾਂਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

# ਜਦ ਤੱਕ ਧਰਤੀ ਅਸਮਾਨ ਰਹੇਗਾ, ਮਾਣਕ ਦਾ ਵੀ ਨਾਮ ਰਹੇਗਾ

**ਸੰਨੀਵੇਲ (ਐਸ. ਅਸ਼ੋਕ ਭੌਰਾ):** ਕਲੀਆਂ ਤੇ ਲੋਕ ਗਾਥਾਵਾਂ ਦੇ ਬਾਦਸ਼ਾਹ ਅਤੇ ਪੰਜਾਬੀ ਗਾਇਕੀ ਦੇ ਸਿਰਮੌਰ ਹਸਤਾਖ਼ਰ ਕੁਲਦੀਪ ਮਾਣਕ ਦੇ ਸ਼ਰਧਾਂਜਲੀ ਸਮਾਗਮ ਦਾ ਪ੍ਰਬੰਧ ਸਥਾਨਕ ਸੰਨੀਵੇਲ ਮੰਦਰ ਵਿਖੇ ਸੰਗੀਤ ਘਰਾਣੇ ਦੇ ਸਰਦਾਰ ਮੁਹੰਮਦ ਤੇ ਗੁਲਜ਼ਾਰ ਮੁਹੰਮਦ ਦੇ ਪਰਿਵਾਰ ਵਲੋਂ ਸਰਦਾਰ ਮੁਹੰਮਦ ਦੇ ਪੁੱਤਰ ਦਿਲਬਰ ਬੱਲੀ ਅਤੇ ਇੰਡੀਆ ਵਸਦੇ ਬੂਟਾ ਮੁਹੰਮਦ ਦੇ ਯਤਨਾਂ ਸਦਕਾ ਕੀਤਾ ਗਿਆ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਹ ਸਾਰਾ ਪਰਿਵਾਰ ਮਾਣਕ ਨੂੰ ਚਾਚਾ ਕਹਿ ਕੇ ਬੁਲਾਉਂਦਾ ਆਇਆ ਹੈ।

ਇਸ ਸ਼ਰਧਾਂਜਲੀ ਸਮਾਗਮ ਵਿਚ ਮਰਹੂਮ ਕੁਲਦੀਪ ਮਾਣਕ ਦੇ ਸਭ ਤੋਂ ਵੱਡੇ ਉਪਾਸ਼ਕ ਅਤੇ ਉਸ ਦਾ ਸਮੁੱਚਾ ਰਿਕਾਰਡ ਸਾਂਭੀ ਬੈਠੇ ਸਰਬਜੀਤ ਮਾਹਿਲ ਨੇ ਕਿਹਾ ਕਿ ਮਾਣਕ ਦਾ ਤੁਰ ਜਾਣਾ ਬਹੁਤ ਵੱਡਾ ਘਾਟਾ ਹੈ ਜਿਸ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਸਰੀਰਕ ਤੌਰ 'ਤੇ ਉਹ ਸਾਡੇ ਦਰਮਿਆਨ ਨਹੀਂ ਪਰ ਜਦ ਤੱਕ ਧਰਤੀ ਆਸਮਾਨ ਰਹੇਗਾ, ਮਾਣਕ ਦਾ ਵੀ ਨਾਮ ਰਹੇਗਾ। ਇਸ ਵਕਤ ਗਾਇਕਾਂ ਨਾਲ ਅਤਿ ਦੀ ਨੇੜਤਾ ਰੱਖਣ ਵਾਲੇ ਜਗਤਾਰ ਗਿੱਲ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਮਾਣਕ ਨਾਲ ਉਹਦੀਆਂ ਦੋ ਅਹਿਮ ਲੰਬੀਆਂ ਮੁਲਾਕਾਤਾਂ ਉਹਦੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਪੰਜਾਬ ਦੇ ਲੋਕ-ਕਾਵਿ ਨੂੰ ਜਿਹੜੀ ਦੇਣੀ ਮਾਣਕ ਦੀ ਹੈ, ਉਹ ਹਵਾਲਾ ਹੀ ਰਹੇਗੀ। 'ਪਰਦੇਸ ਟਾਈਮਜ਼' ਦੇ ਸੰਪਾਦਕ ਬਲਵੀਰ ਸਿੰਘ ਐਮ.ਏ. ਨੇ ਕਿਹਾ ਕਿ ਰੇਡੀਓ ਚੜ੍ਹਦੀ ਕਲਾ ਨੇ ਮਾਣਕ ਪਰਿਵਾਰ ਦੀ ਮਾਲੀ ਮਦਦ ਕਰ ਕੇ ਬਣਦਾ ਫਰਜ਼ ਪੂਰਾ ਕੀਤਾ ਹੈ। ਉਨ੍ਹਾਂ ਹੋਰ ਦੱਸਿਆ ਕਿ ਉਨ੍ਹਾਂ ਦਾ ਬੇਟਾ ਮਾਣਕ ਦੀ ਸਮੁੱਚੀ ਗਾਇਨ ਸ਼ੈਲੀ ਨੂੰ ਸੰਭਾਲਣ ਦਾ ਕਾਰਜ ਕਰ ਰਿਹਾ ਹੈ। ਪ੍ਰੋ. ਜਸਪਾਲ ਸਿੰਘ ਸੈਣੀ ਨੇ ਕਿਹਾ ਕਿ ਚਿਰਾਂ ਪਿੱਛੋਂ ਹੀ ਕਿਤੇ ਅਜਿਹੀਆਂ ਸੁਰਾਂ ਜਨਮ ਲੈਂਦੀਆਂ ਹਨ।

ਪੰਜਾਬੀ ਸਾਹਿਤ ਸਭਾ, ਬੇ ਏਰੀਆ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ ਨੇ ਸ਼ਮ੍ਹਾਂ ਬਾਲ ਕੇ ਆਪਣੀ ਸੰਖੇਪ ਤਕਰੀਰ ਵਿਚ ਆਖਿਆ ਕਿ ਮਾਣਕ ਨੂੰ ਹਰ ਪੰਜਾਬੀ ਆਪਣਾ ਕਹਿ ਕੇ ਮਾਣ ਮਹਿਸੂਸ ਕਰਦਾ ਹੈ। ਦੁਆ ਕਰੀਏ ਕਿ ਉਸ ਦਾ ਪੁੱਤਰ ਯੁੱਧਵੀਰ ਛੇਤੀ ਤੰਦਰੁਸਤ ਹੋਵੇ। ਅਤਿ ਭਾਵੁਕ ਮੁਦਰਾ ਤੇ ਭਰੀਆਂ ਅੱਖਾਂ ਨਾਲ ਪਲਵਿੰਦਰ ਸਿੰਘ ਗੁਰਾਇਆ ਨੇ ਮਾਣਕ ਨੂੰ ਸ਼ਰਧਾਂਜਲੀ ਵਜੋਂ ਕਵਿਤਾ ਪੇਸ਼ ਕੀਤੀ। ਪ੍ਰੀਤਇੰਦਰ ਸਿੰਘ ਪੋਪੀ ਅਤੇ ਬਲਜੀਵਨ ਨੇ ਵੀ ਇਸ ਮਹਾਨ ਸੁਰ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਗਾਇਕ ਰਾਜੇਸ਼ ਰਾਜੂ ਨੇ ਮਾਣਕ ਦੀਆਂ ਅਮਰ ਰਚਨਾਵਾਂ 'ਮਾਂ ਹੁੰਦੀ ਏ ਮਾਂ', ਅਕਾਸ਼ਦੀਪ ਨੇ 'ਇਹ ਦੁਨੀਆਂ ਧੋਖੇਬਾਜ਼ਾਂ ਦੀ', 'ਤੇਰੀ ਆਂ ਮੈਂ ਤੇਰੀ ਰਾਂਝਾ', ਜੀਤਾ ਗਿੱਲ ਨੇ 'ਸਾਹਿਬਾਂ ਬਣੀ ਭਰਾਵਾਂ ਦੀ', 'ਤੇਰੇ ਟਿਲੇ ਤੋਂ ਅਹੁ ਸੂਰਤ ਦੀਹਦੀ ਐ ਹੀਰ ਦੀ' ਆਦਿ ਨੂੰ ਆਪਣੀ ਆਵਾਜ਼ ਦੇ ਕੇ ਆਪਣੇ ਹੀ ਅੰਦਾਜ਼ ਵਿਚ ਸ਼ਰਧਾ ਦੇ ਫੁੱਲ ਭੇਟ ਕੀਤੇ। ਨਰਿੰਦਰ ਬੱਗਾ ਦੇ ਸੰਗੀਤ ਨਿਰਦੇਸ਼ਨ ਹੇਠ ਜਵਾਲਾ, ਸੋਨੂੰ ਅਤੇ ਅਮਰੀਕ ਨੇ ਧੁਨਾਂ ਨੂੰ ਅੰਜ਼ਾਮ ਦਿੱਤਾ।

ਪੰਜਾਬੀ ਭਾਈਚਾਰੇ ਦੀ ਨਾਮੀ ਹਸਤੀ ਰਾਜ ਭਨੋਟ ਨੇ ਇਸ ਸਮਾਰੋਹ ਵਿਚ ਲੰਬੀ ਹਾਜ਼ਰ ਭਰੀ ਅਤੇ ਕਿਹਾ ਕਿ ਮਾਣਕ ਵਰਗੇ ਗਾਇਕ ਅਸਲ ਵਿਚ ਸਮੁੱਚੇ ਪੰਜਾਬ ਦੀ ਤਸਵੀਰ ਹਨ। ਹਰਬੰਸ ਸਿੰਘ, ਮਨਜੀਤ ਸੈਣੀ, ਘੋਲੀ ਬਾਜਵਾ ਨੇ ਇਸ ਸਮਾਰੋਹ ਦੀ ਕਾਮਯਾਬੀ ਵਿਚ ਪੂਰਾ ਸਹਿਯੋਗ ਦਿੱਤਾ।





ਆਖ਼ਰ ਵਿਚ ਦਿਲਬਰ ਬੱਲੀ ਨੇ ਆਪਣੀ ਪਤਨੀ ਜ਼ੀਨਤ ਕਰ੍ਹਤਾ ਨਾਲ ਹਾਜ਼ਰ ਸਭ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਚਾਚਾ ਮਾਣਕ ਦੇ ਚਲੇ ਜਾਣ ਨਾਲ ਉਨ੍ਹਾਂ ਦਾ ਸਮੁੱਚਾ ਪਰਿਵਾਰ ਅਸਹਿ ਸਦਮੇ ਵਿਚ ਹੈ, ਤੇ ਜਦੋਂ ਤੱਕ ਉਨ੍ਹਾਂ ਦਾ ਸੰਗੀਤ ਵੰਸ਼ ਚੱਲਦਾ ਰਹੇਗਾ, ਪਰਿਵਾਰ 'ਚੋਂ ਮਾਣਕ ਮਨਫੀ ਨਹੀਂ ਹੋਵੇਗਾ। ਜਦੋਂ ਮਾਣਕ ਦੀ ਤਸਵੀਰ ਤੋਂ ਪਰਦਾ ਉਤਾਰਿਆ ਜਾ ਰਿਹਾ ਸੀ ਤਾਂ ਜਿਉਂ ਹੀ ਉਹਦੇ ਨਿੱਕੇ ਨਿੱਕੇ ਬੱਚਿਆਂ-ਸ਼ਹਿਦ, ਮੰਨਤ ਤੇ ਆਰੀਅਨ, ਨੇ 'ਸਾਡਾ ਬਾਬਾ ਸਾਡਾ ਬਾਬਾ' ਕਿਹਾ ਤਾਂ ਮਾਹੌਲ ਹੋਰ ਵੀ ਭਾਵੁਕ ਅਤੇ ਗਮਗੀਨ ਹੋ ਗਿਆ।

ਸਮੁੱਚੇ ਪ੍ਰੋਗਰਾਮ ਦੀ ਵੀਡੀਓ ਤੇ ਸਟਿੱਲ ਫੋਟੋਗ੍ਰਾਫ਼ੀ ਮੀਕਾ ਸਟੂਡੀਓ ਨੇ ਕੀਤੀ। ਰੇਡੀਓ 'ਚੜ੍ਹਦੀ ਕਲਾ' ਤੋਂ ਇਸ ਸ਼ਰਧਾਂਜਲੀ ਸਮਾਗਮ ਦਾ ਸਿੱਧਾ ਪ੍ਰਸਾਰਨ ਕੀਤਾ ਗਿਆ। ਸਾਰਿਆਂ ਵਲੋਂ ਯੁੱਧਵੀਰ ਮਾਣਕ ਦੀ ਛੇਤੀ ਤੰਦਰੁਸਤੀ ਲਈ ਦੁਆਵਾਂ ਹੁੰਦੀਆਂ ਰਹੀਆਂ।

## ਰੇਡੀਓ 'ਚੜ੍ਹਦੀ ਕਲਾ' ਵਲੋਂ ਸਰਬਜੀਤ ਮਾਣਕ ਨੂੰ 2,67,515 ਰੁਪਏ ਦਾ ਚੈਕ ਭੇਟ



*ਸ. ਗੁਰਦੀਪ ਸਿੰਘ ਅਤੇ ਸ. ਕੁਲਦੀਪ ਸਿੰਘ ਮਾਨ ਚੈਕ ਭੇਟ ਕਰਦੇ ਹੋਏ*

**ਫਰੀਮਾਂਟ (ਐਸ. ਅਸ਼ੋਕ ਭੌਰਾ):** ਰੇਡੀਓ 'ਚੜ੍ਹਦੀ ਕਲਾ' ਦੀ ਸਾਰੀ ਟੀਮ ਵਲੋਂ ਸਿਰਮੌਰ ਗਾਇਕ ਕੁਲਦੀਪ ਮਾਣਕ ਦੀ ਬੇਵਕਤੀ ਮੌਤ 'ਤੇ ਮਾਣਕ ਪਰਿਵਾਰ ਨਾਲ ਇਸ ਡੂੰਘੇ ਦੁੱਖ ਵਿਚ ਸ਼ਰੀਕ ਹੁੰਦਿਆਂ ਮਾਣਕ ਨੂੰ ਸ਼ਰਧਾਂਜਲੀ ਵਜੋਂ ਪੇਸ਼ ਕੀਤੇ ਗਏ ਦੋ ਦਿਨ (ਕਰੀਬ 9 ਘੰਟਿਆਂ) ਦੇ ਪ੍ਰੋਗਰਾਮ ਵਿਚ ਪਰਿਵਾਰ ਲਈ ਫੰਡ ਇਕੱਠਾ ਕੀਤਾ ਗਿਆ। ਰੇਡੀਓ 'ਚੜ੍ਹਦੀ ਕਲਾ' ਨੇ ਪਿੰਡ ਜਲਾਲ ਤੋਂ ਮਾਣਕ ਨੂੰ 'ਸਪੁਰਦ-ਏ-ਖਾਕ' ਕਰਨ ਦੀਆਂ ਸਾਰੀਆਂ ਰਸਮਾਂ ਨੂੰ ਰੇਡੀਓ ਤੋਂ ਸਿੱਧਾ ਪ੍ਰਸਾਰਿਤ ਕਰਕੇ ਹਜ਼ਾਰਾਂ ਮਾਣਕ ਪ੍ਰੇਮੀਆਂ ਨੂੰ ਨਾਲ ਜੋੜੀ ਰੱਖਿਆ।

ਇਨ੍ਹਾਂ ਪ੍ਰੋਗਰਾਮਾਂ ਵਿਚ ਰੇਡੀਓ 'ਚੜ੍ਹਦੀ ਕਲਾ' ਦੇ ਪੇਸ਼ਕਾਰਾਂ, ਖਾਸ ਤੌਰ 'ਤੇ ਰੇਡੀਓ ਦੇ ਮੁੱਖ ਸੰਚਾਲਕ ਗੁਰਚਰਨ ਸਿੰਘ ਮਾਨ, ਲਖਵੀਰ ਸਿੰਘ, ਬਲਵੀਰ ਸਿੰਘ ਐਮ.ਏ., ਜਸਪਾਲ ਸੈਣੀ, ਮੋਨਿਕਾ ਉਪਲ ਹੋਠੀ, ਨੇ ਸ਼ਿਰਕਤ ਕੀਤੀ। ਸਮੂਹ ਪੰਜਾਬੀਆਂ ਵਲੋਂ ਇਹ ਫੰਡ ਇਕੱਠਾ ਕਰਨ ਵਿਚ ਪਾਈ ਤਿਲ-ਫੁਲ ਭੇਟਾ 2,67,515 ਰੁਪਏ ਦਾ ਕੈਸ਼ੀਅਰ ਚੈਕ ਗੁਰਚਰਨ ਸਿੰਘ ਮਾਨ ਦੇ ਛੋਟੇ ਭਰਾ ਕੁਲਦੀਪ ਸਿੰਘ ਮਾਨ ਅਤੇ ਲਖਵੀਰ ਸਿੰਘ ਦੇ ਪਿਤਾ ਸ. ਗੁਰਦੀਪ ਸਿੰਘ ਨੇ ਉਚੇਚੇ ਤੌਰ 'ਤੇ ਲੁਧਿਆਣੇ ਪੁੱਜ ਕੇ ਮਾਣਕ ਦੀ ਪਤਨੀ ਸਰਬਜੀਤ ਮਾਣਕ ਨੂੰ ਦਿੱਤਾ। ਪਰਿਵਾਰ ਵੱਲੋਂ ਮਾਣਕ ਦੀ ਬੇਟੀ ਸ਼ਕਤੀ ਨੇ ਇਸ ਅਤਿ ਲੋੜੀਂਦੇ ਵਕਤ ਵਿਚ ਕੀਤੀ ਮਾਲੀ ਮਦਦ ਲਈ ਸਭ ਦਾ ਧੰਨਵਾਦ ਕੀਤਾ।

## ਐਨ ਆਰ ਆਈ ਕੌਂਸਲ ਵਲੋਂ ਪੰਜਾਬ ਚੋਣਾਂ ਦਾ ਸਵਾਗਤ

**ਸ਼ਿਕਾਗੋ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵਲੋਂ ਗਠਿਤ ਕੀਤੀ ਗਈ ਐਨ ਆਰ ਆਈ ਜਥੇਬੰਦੀ-ਐਨ ਆਰ ਆਈ ਕੌਂਸਲ ਅਮਰੀਕਾ ਨੇ ਪੰਜਾਬ ਵਿਚ ਚੋਣਾਂ ਦੇ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਪੰਜਾਬ ਦੇ ਲੋਕ ਚੋਣ ਜਾਬਤੇ ਦੇ ਲਾਗੂ ਹੋਣ ਨੂੰ ਬੜੀ ਬੇਸਬਰੀ ਨਾਲ ਉਡੀਕ ਰਹੇ ਸਨ ਤਾਂਕਿ ਉਨ੍ਹਾਂ ਨੂੰ ਹੁਕਮਰਾਨ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਦੇ ਭ੍ਰਿਸ਼ਟਾਚਾਰ, ਲਾਕਾਨੂੰਨੀ ਅਤੇ ਧਿੰਗੋਜੋਰੀ ਤੋਂ ਨਿਜ਼ਾਤ ਮਿਲ ਸਕੇ।



*ਬਾਬ ਹੁੰਦਲ*

ਇਥੇ ਜਾਰੀ ਇਕ ਬਿਆਨ ਵਿਚ ਕੌਂਸਲ ਦੇ ਚੀਫ ਕੋਆਰਡੀਨੇਟਰ ਭੁਪਿੰਦਰ (ਬਾਬ) ਸਿੰਘ ਹੁੰਦਲ ਨੇ ਕਿਹਾ ਕਿ ਐਨ ਆਰ ਆਈ ਕੌਂਸਲ ਵਲੋਂ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਦੇ ਹੱਕ ਵਿਚ ਪਿਛਲੇ ਕੁਝ ਮਹੀਨਿਆਂ ਤੋਂ ਚਲਾਈ ਜਾ ਰਹੀ ਮੁਹਿੰਮ ਨੂੰ ਪ੍ਰਵਾਸੀ ਪੰਜਾਬੀਆਂ ਤੋਂ ਬਹੁਤ ਹੀ ਹਾਂਪੱਖੀ ਹੁੰਗਾਰਾ ਮਿਲਿਆ ਹੈ ਜੋ ਕਿ ਆਪਣੀ ਹਮਾਇਤ ਫੋਨ, ਈਮੇਲ ਜਾਂ ਵੈਬਸਾਈਟ ਰਾਹੀਂ ਰਜਿਸਟਰ ਕਰਵਾ ਰਹੇ ਹਨ। ਬਹੁਤ ਸਾਰੇ ਪ੍ਰਵਾਸੀ ਪੰਜਾਬੀ ਬਹੁਤ ਜਲਦ ਹੀ ਕਾਂਗਰਸ ਦੀ ਹਮਾਇਤ ਲਈ ਪੰਜਾਬ ਪਹੁੰਚਣਗੇ।

ਸ੍ਰੀ ਹੁੰਦਲ ਨੇ ਕਿਹਾ ਕਿ ਕੌਂਸਲ ਦਾ ਫੋਨ 847-557-0558 ਹੈ ਤੇ ਇਸ ਦੀ ਵੈਬਸਾਈਟ www.punjabnricouncilusa.com ਹੈ।



# ਸਿੱਖ ਪੰਥ, ਸਿਆਸਤ ਤੇ ਸਹਿਜਧਾਰੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਵੋਟ ਪਾਉਣ ਦੇ ਹੱਕ ਬਾਰੇ 2003 'ਚ ਜਾਰੀ ਹੋਏ ਨੋਟੀਫਿਕੇਸ਼ਨ ਦੇ ਕੇਸ ਦਾ ਨਿਬੇੜਾ ਕਰਦਿਆਂ ਸਹਿਜਧਾਰੀਆਂ ਦੇ ਹੱਕ 'ਚ ਫੈਸਲਾ ਸੁਣਾਉਣ ਦੇ ਨਾਲ ਹੀ ਸਿੱਖ ਪੰਥ ਸਾਹਮਣੇ ਇਕ ਹੋਰ ਗੰਭੀਰ ਮਸਲਾ ਖੜ੍ਹਾ ਹੋ ਗਿਆ ਹੈ। ਇਹ ਮਸਲਾ

**ਵਿਸ਼ੇਸ਼ ਰਿਪੋਰਟ**

**ਪਰਤਾਪ ਸਿੰਘ ਵਿਰਕ**

ਇਨ੍ਹਾਂ ਨਾਜ਼ੁਕ ਹੈ ਕਿ ਇਸ ਬਾਰੇ ਦੋ ਹਰਫ਼ੀ ਫੈਸਲਾ ਲੈਣਾ ਸੌਖਾ ਕੰਮ ਨਹੀਂ। ਬੇਸ਼ੱਕ ਸ਼੍ਰੋਮਣੀ ਕਮੇਟੀ ਨੇ ਇਸ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ 'ਚ ਜਾਣ ਦਾ ਫੈਸਲਾ ਕੀਤਾ ਹੈ ਪਰ ਸਿੱਖਾਂ ਦੀ ਇਸ ਸਰਵਉੱਚ ਸੰਸਥਾ ਦੇ ਇਸ ਰੁਖ਼ ਨਾਲ ਉਨ੍ਹਾਂ ਲੱਖਾਂ ਲੋਕਾਂ ਦੇ ਪੱਲੇ ਨਿਰਾਸ਼ਾ ਪਵੇਗੀ ਜੋ ਸਾਬਤ ਸੂਰਤ ਤਾਂ ਨਹੀਂ ਪਰ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹਨ।

ਸਹਿਜਧਾਰੀ ਸ਼ਬਦ ਸਿੱਖ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਵਿਚ ਵਰਤਿਆ ਨਹੀਂ ਮਿਲਦਾ। ਸਿੱਖਾਂ ਵਿਚ ਇਸ ਸ਼ਬਦ ਦੀ ਵਰਤੋਂ 1925 ਦੇ ਗੁਰਦੁਅਰਾ ਐਕਟ ਬਣਨ ਤੋਂ ਬਾਅਦ ਹੋਣ ਲੱਗੀ। ਸਹਿਜਧਾਰੀ ਸ਼ਬਦ ਦੀ ਵਰਤੋਂ ਕਰਨ ਵਾਲਿਆਂ ਦਾ ਵਿਚਾਰ ਹੈ ਕਿ ਸਹਿਜਧਾਰੀ ਸਿੱਖ ਉਸ ਨੂੰ ਕਿਹਾ ਜਾਂਦਾ ਹੈ ਜੋ ਸਿੱਖ ਸਿਧਾਂਤ ਦਾ ਅਧਿਐਨ ਇਸ ਨੂੰ ਅਪਨਾਉਣ ਦੇ ਖਿਆਲ ਨਾਲ ਕਰਦਾ ਹੈ ਪਰ ਕਦੇ ਕਿਸੇ ਹਿੰਦੂ, ਮੁਸਲਮਾਨ, ਵਿਦਿਆਰਥੀ ਜਾਂ ਕਿਸੇ ਪੇਸ਼ਾ ਸਿੱਖਣ ਵਾਲੇ ਨੂੰ



ਸਹਿਜਧਾਰੀ ਦਾ ਦਰਜਾ ਨਹੀਂ ਦਿੱਤਾ ਗਿਆ।

ਸਹਿਜਧਾਰੀ ਮਸਲੇ ਦਾ ਰੇੜਕਾ 1930ਵਿਆਂ ਦੇ ਅਖੀਰ ਤੋਂ ਚਲਿਆ ਆ ਰਿਹਾ ਹੈ। ਗੈਰ ਸਿੱਖ ਪਰਿਵਾਰਾਂ 'ਚ ਜਨਮੇ ਤੇ ਬਾਅਦ ਵਿਚ ਸਿੱਖ ਧਰਮ ਧਾਰਨ ਕਰਨ ਵਾਲਿਆਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਲੈਣ ਦੇ ਹੱਕ ਬਾਰੇ ਲਗਾਤਾਰ ਚਰਚਾ ਚੱਲਦੀ ਆ ਰਹੀ ਹੈ। 1939 'ਚ ਪਹਿਲੀ ਵਾਰ ਸਹਿਜਧਾਰੀ ਸਿੱਖ ਭਾਈ ਖੁਸ਼ੀ ਰਾਮ ਮੁਲਤਾਨ ਤੋਂ ਸ਼੍ਰੋਮਣੀ ਕਮੇਟੀ ਲਈ ਚੁਣਿਆ ਗਿਆ।

ਸ਼੍ਰੋਮਣੀ ਕਮੇਟੀ ਦੇ ਇਤਿਹਾਸ 'ਤੇ ਸਰਸਰੀ ਨਜ਼ਰ ਮਾਰੀਏ ਤਾਂ ਹੁਣ ਤੱਕ ਹੋਈਆਂ 14 'ਚੋਂ 12 ਚੋਣਾਂ 'ਚ ਸਹਿਜਧਾਰੀ ਵੋਟ ਭੁਗਤਦੇ ਆਏ ਹਨ। ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਭਾਈਵਾਲ ਐਨ.ਡੀ.ਏ. ਦੀ ਵਜਾਰਤ ਵੇਲੇ ਸਹਿਜਧਾਰੀਆਂ ਨੂੰ ਵੋਟ ਦੇ ਹੱਕ ਤੋਂ ਮਹਿਰੂਮ ਕਰਨ ਲਈ 8 ਅਕਤੂਬਰ, 2003 ਨੂੰ ਨੋਟੀਫਿਕੇਸ਼ਨ ਜਾਰੀ ਕਰਵਾ ਦਿੱਤਾ। ਇਸ ਤੋਂ ਬਾਅਦ ਅਦਾਲਤ ਨੇ ਪਾਣੀ 'ਚ ਮਧਾਣੀ ਪਾਈ ਰੱਖੀ ਤੇ ਅੱਠ ਸਾਲਾਂ ਬਾਅਦ ਫੈਸਲਾ ਸਹਿਜਧਾਰੀਆਂ ਦੇ ਹੱਕ 'ਚ ਸੁਣਾਇਆ। ਹੁਣ ਇਸ ਫੈਸਲਾ ਨਾਲ ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਦੀ ਨੈਤਿਕ ਵੈਧਤਾ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਅਜੋਕੇ ਸਮੇਂ ਵਿਚ ਸਹਿਜਧਾਰੀ ਸਿੱਖਾਂ ਨੂੰ ਸਿੱਧੇ/ਅਸਿੱਧੇ ਢੰਗ ਨਾਲ ਗੁਰਦੁਆਰਾ ਪ੍ਰਬੰਧ ਵਿਚ ਸ਼ਾਮਲ ਕਰਨ ਦੇ ਮੁੱਦੇ ਵਿਚਾਰਣਯੋਗ ਹਨ। ਸਹਿਜਧਾਰੀ ਸਿੱਖਾਂ ਬਾਰੇ ਮਹਤਵਪੂਰਨ ਪਹਿਲੂ ਇਹ ਹਨ ਕਿ ਸਿੱਖ ਧਰਮ ਵਿਚ ਸਹਿਜਧਾਰੀ ਸਿੱਖਾਂ ਦਾ ਕੀ ਦਰਜਾ ਹੈ।

## ਕੌਣ ਹਨ ਸਹਿਜਧਾਰੀ ਸਿੱਖ?

ਸਿੱਖ ਵਿਸ਼ਵਕੋਸ਼ ਅਨੁਸਾਰ ਸਹਿਜਧਾਰੀ ਸਿੱਖ ਉਹ ਹੈ ਜੋ ਸਹਿਜੇ-ਸਹਿਜੇ ਸਿੱਖ ਧਰਮ ਦੀ ਮਰਿਯਾਦਾ ਧਾਰਨ ਕਰਦਾ ਹੈ। ਉਹ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਸ਼ਰਧਾ ਤੇ ਆਪਣੇ ਸਾਰੇ ਸੰਸਕਾਰ ਗੁਰਮਤਿ ਅਨੁਸਾਰ ਕਰਦਾ ਹੈ। ਸਾਬਤ-ਸੂਰਤ ਹੋਣਾ ਤੇ ਅੰਮ੍ਰਿਤ ਛਕਣਾ ਇਨ੍ਹਾਂ ਦੀ ਇੱਛਾ 'ਤੇ ਨਿਰਭਰ ਹੈ ਜਿਹੜੀ ਇਹ ਆਪਣੇ ਜੀਵਨ ਦੌਰਾਨ ਆਪਣੀ ਸੰਤਾਨ ਵੱਲੋਂ ਪੂਰੀ ਕਰਨ ਦੀ ਆਸ ਜ਼ਰੂਰ ਰਖਦੇ ਹਨ। ਸਮਾਜਿਕ ਪ੍ਰਭਾਵ ਤਹਿਤ ਇਹ ਆਪਣੇ ਨਾਮ ਪਿੱਛੇ 'ਸਿੰਘ' ਜਾਂ 'ਕੌਰ' ਨਹੀਂ ਲਾਉਂਦੇ। ਜਿਨ੍ਹਾਂ ਨੇ ਖੰਡੇ ਦੀ ਪਾਹੁਲ ਹਾਸਲ ਕਰ ਲਈ, ਉਹ ਖ਼ਾਲਸਾ ਸਜ ਗਏ ਤੇ ਜਿਹੜੇ ਖੰਡੇ ਦੀ ਪਾਹੁਲ ਨਹੀਂ ਛਕ ਸਕੇ, ਉਹ ਸਹਿਜਧਾਰੀ ਸਿੱਖ ਅਖਵਾਏ।

ਇਤਿਹਾਸਕ 'ਤੇ ਝਾਤ ਮਾਰਿਆਂ ਇਸ ਦੇ ਦੋ ਕਾਰਨ ਸਾਹਮਣੇ ਆਉਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਵਿਧੀ ਰਾਹੀਂ ਇਕੋ ਸਮੇਂ ਦੂਰ-ਦੁਰਾਡੇ ਸਾਰੇ ਸਿੱਖਾਂ ਨੂੰ ਖੰਡੇ ਦੀ ਪਾਹੁਲ ਛਕਾਉਣੀ ਸੰਭਵ ਨਹੀਂ ਸੀ। ਦੂਜਾ ਇਹ ਕਿ ਪਿੱਛੋਂ ਛੇਤੀ ਹੀ ਸਿੱਖਾਂ ਤੇ ਪਹਾੜੀ ਰਾਜਿਆਂ ਤੇ ਮੁਸਲਿਮ ਸਾਸ਼ਕਾਂ ਵਿਚਾਲੇ ਸੰਘਰਸ਼ ਸ਼ੁਰੂ ਹੋ ਗਿਆ। ਇਸ ਦੌਰਾਨ ਖੰਡੇ ਦੀ ਪਾਹੁਲ ਛਕਾਉਣ ਦਾ ਕੰਮ ਪਛੜ ਗਿਆ। ਇਸ ਸਮੇਂ ਸਹਿਜਧਾਰੀ ਸਿੱਖਾਂ ਨੇ ਹੀ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਕਾਰਜ ਤਨਦੇਹੀ ਨਾਲ ਸੰਭਾਲਿਆ ਸੀ। ਸਹਿਜਧਾਰੀ ਸਿੱਖਾਂ ਦੀ ਗੁਰਮਤਿ ਵਿਚਾਰਧਾਰਾ ਪ੍ਰਤੀ ਵਚਨਬੱਧਤਾ ਕਿਸੇ ਪੱਖੋਂ ਵੀ ਊਣੀ ਨਹੀਂ ਸੀ। ਜਦੋਂ 1905 ਈ. ਵਿਚ ਸ੍ਰੀ ਦਰਬਾਰ ਸਾਹਿਬ 'ਚੋਂ ਠਾਕਰ ਬੁੱਤ ਚੁਕਵਾਏ ਗਏ ਤਾਂ ਜਿਥੇ ਸਹਿਜਧਾਰੀ ਸਿੱਖਾਂ ਨੇ ਇਸ ਦਾ ਪੁਰਜ਼ੋਰ ਸਵਾਗਤ ਕੀਤਾ, ਉਥੇ ਆਪਣੇ ਬੁੱਤਪ੍ਰਸਤ ਨਾ ਹੋਣ ਦੇ ਵਿਚਾਰ ਨੂੰ ਮੁੜ ਦੁਹਰਾਇਆ। ਨਸ਼ਾਖੋਰੀ ਦਾ ਇਨ੍ਹਾਂ ਵਿਚ ਬਿਲਕੁੱਲ ਰੁਝਾਨ ਨਹੀਂ ਸੀ ਪਰ ਇਨ੍ਹਾਂ ਦੇ ਨਾਂ ਪਿੱਛੇ 'ਸਿੰਘ' ਜਾਂ 'ਕੌਰ' ਨਹੀ ਲੱਗੀ ਹੁੰਦਾ ਸੀ । ਇਸ ਦੀ ਮਿਸਾਲ ਸਹਿਜਧਾਰੀ ਸਿੱਖਾਂ ਵੱਲੋਂ ਕਰਵਾਈ ਜਾਂਦੀ 'ਸਰਬ ਹਿੰਦ ਸਹਿਜਧਾਰੀ ਕਾਨਫਰੰਸ' ਦੇ ਤਿੰਨ ਪ੍ਰਧਾਨਾਂ ਮਹੰਤ ਕਰਮ ਚੰਦ, ਭਾਈ ਸੰਤ ਰਾਮ ਤੇ ਭਾਈ ਰਾਮ ਲਾਲ ਰਾਹੀ ਦੀ ਲਈ ਜਾ ਸਕਦੀ ਹੈ ਜੋ ਪਿੱਛੋਂ ਅੰਮ੍ਰਿਤ ਛਕ ਕੇ ਕ੍ਰਮਵਾਰ ਗੁਰਦਰਸ਼ਨ ਸਿੰਘ, ਸੰਤ ਰਾਮ ਸਿੰਘ ਤੇ ਰਾਮ ਲਾਲ ਸਿੰਘ ਰਾਹੀ ਬਣੇ। ਸਹਿਜਧਾਰੀ ਸਿੱਖਾਂ ਦਾ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਕਾਫ਼ੀ ਯੋਗਦਾਨ ਹੈ।

## ਸਹਿਜਧਾਰੀ ਸਿੱਖਾਂ ਨੂੰ ਕਿਸੇ ਨਾ ਸੰਭਾਲਿਆ

ਸਿੰਘ ਸਭਾ ਲਹਿਰ ਤੋਂ ਬਾਅਦ ਸਹਿਜਧਾਰੀ ਸਿੱਖਾਂ ਦੀ ਗਿਣਤੀ ਲਗਾਤਾਰ ਘਟਦੀ ਗਈ। 1891 ਦੀ ਜਨਗਣਨਾ ਅਨੁਸਾਰ ਪੰਜਾਬ ਵਿਚ ਸਹਿਜਧਾਰੀ ਸਿੱਖਾਂ ਦੀ ਗਿਣਤੀ 397,000 (ਕੁੱਲ ਸਿੱਖਾਂ ਦਾ 20 ਫੀਸਦੀ), 1901 ਵਿਚ 297,000 (ਕੁੱਲ ਸਿੱਖਾਂ ਦਾ 13 ਫੀਸਦੀ), 1911 ਵਿਚ 451,000 (ਕੁੱਲ ਸਿੱਖਾਂ ਦਾ 14.9 ਫੀਸਦੀ), 1921 ਵਿਚ 229,000 (ਕੁੱਲ ਸਿੱਖਾਂ ਦਾ 7 ਫੀਸਦੀ), 1931 ਵਿਚ 282,000 (ਕੁੱਲ ਸਿੱਖਾਂ ਦਾ 6.5 ਫੀਸਦੀ) ਸੀ। ਪੰਜਾਬ ਵਿਚ ਸਹਿਜਧਾਰੀ ਸਿਖਾਂ ਦੀ ਗਿਣਤੀ ਘਟਣ ਦਾ ਕਾਰਨ ਇਹ ਵੀ ਸੀ ਕਿ ਦੇਸ਼ ਦੀ ਵੰਡ ਤੋਂ ਬਾਅਦ ਇਹ ਜਿਥੇ ਸਾਰੇ ਦੇਸ਼ ਵਿਚ ਖਿੰਡ-ਪੁੰਡ ਗਏ, ਉਥੇ ਹਿੰਦੂ ਤੇ ਇਸਲਾਮ ਧਰਮ ਵਿਚਲੇ ਸਹਿਜਧਾਰੀਆਂ ਦੀ ਸੰਤਾਨ ਆਪਣੇ-ਆਪਣੇ ਧਰਮਾਂ ਵੱਲ ਪਰਿਵਰਤਿਤ ਹੋਣ ਲੱਗੀ। ਪੰਜਾਬ ਤੋਂ ਬਾਹਰ ਦੱਖਣ-ਪੱਛਮ ਫਰੰਟੀਅਰ ਸੂਬੇ ਤੇ ਸਿੰਧ ਵਿਚ ਸਹਿਜਧਾਰੀ ਸਿੱਖਾਂ ਦੀ ਗਿਣਤੀ ਅਜੇ ਵੀ ਕਾਫ਼ੀ ਹੈ ਜਿਨ੍ਹਾਂ ਨੂੰ ਸੰਭਾਲਣ ਦੀ ਲੋੜ ਹੈ।

## ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਨਾ ਦੇਣ ਦੀ ਅਪੀਲ

ਸਹਿਜਧਾਰੀ ਸਿੱਖ ਪਾਰਟੀ ਦੇ ਕੌਮੀ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂੰ ਨੇ ਕਿਹਾ ਹੈ ਕਿ ਹਾਈ ਕੋਰਟ ਵੱਲੋਂ ਸਹਿਜਧਾਰੀ ਸਿੱਖਾਂ ਦੇ ਹੱਕ ਵਿਚ ਦਿੱਤਾ ਫ਼ੈਸਲਾ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਕਿਉਂਕਿ ਸਹਿਜਧਾਰੀ ਸਿੱਖ ਵੀ ਧਰਮ ਦਾ ਅਨਿੱਖੜਵਾਂ ਅੰਗ ਹਨ।

ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਨਾ ਦੇਵੇ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਸ਼੍ਰੋਮਣੀ ਕਮੇਟੀ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਵੇਗੀ ਤਾਂ ਇਸ ਲਈ ਉਨ੍ਹਾਂ ਵੱਲੋਂ ਪਹਿਲਾਂ ਹੀ ਸੁਪਰੀਮ ਕੋਰਟ ਵਿਚ ਕੈਵਿਟ ਦਾਇਰ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹਾਈ ਕੋਰਟ ਵਿਚ ਰਿੱਟ ਲਾ ਕੇ ਇਸ ਫ਼ੈਸਲੇ ਤੋਂ ਬਾਅਦ ਰੱਦ ਹੋ ਚੁੱਕੀਆਂ ਸ਼੍ਰੋਮਣੀ ਕਮੇਟੀ ਚੋਣਾਂ ਤੋਂ ਬਾਅਦ ਪ੍ਰਸ਼ਾਸਕ ਲਾਉਣ ਦੀ ਵੀ ਮੰਗ ਕੀਤੀ ਗਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਹਿਜਧਾਰੀ ਸਿੱਖ ਪਾਰਟੀ ਗੁਰਦੁਆਰਾ ਪ੍ਰਬੰਧਾਂ ਵਿਚ ਹਿੱਸੇਦਾਰ ਬਣਨ ਦੀ ਚਾਹਵਾਨ ਨਹੀਂ ਹੈ।

# ਸਿੱਖ ਕੌਮ ਵਿਚ ਕੋਈ ਸਹਿਜਧਾਰੀ ਨਹੀਂ: ਮੱਕੜ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸਿੱਖ ਕੌਮ ਵਿਚ ਕੋਈ ਸਹਿਜਧਾਰੀ ਨਹੀਂ ਹੈ ਜੋ ਵਿਅਕਤੀ ਗੁਰੂ ਸਾਹਿਬਾਨਾਂ ਦੇ ਦਰਸਾਏ ਮਾਰਗਾਂ 'ਤੇ ਚੱਲ ਕੇ ਸਾਬਤ ਸੂਰਤ ਰਹਿੰਦਾ ਹੈ, ਉਹ ਗੁਰੂ ਦਾ ਸਿੱਖ ਹੈ ਤੇ ਜੋ ਆਪਣੇ ਕੇਸ ਕਤਲ ਕਰਵਾ ਲੈਂਦਾ ਹੈ, ਉਹ ਪਤਿਤ ਸਿੱਖ ਹੈ। ਇਸ ਲਈ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਦੀ ਵੋਟ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।



ਜਥੇਦਾਰ ਮੱਕੜ ਨੇ ਕਿਹਾ ਕਿ ਅਦਾਲਤ ਵੱਲੋਂ ਜੋ ਫੈਸਲਾ ਲਿਆ ਗਿਆ ਹੈ, ਉਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਰੱਦ ਕਰਨ ਬਾਰੇ ਕੋਈ ਪ੍ਰਤੀਕਿਰਿਆ ਨਹੀਂ ਕੀਤੀ ਗਈ ਪਰ ਕੁਝ ਲੋਕ ਇਸ ਬਾਰੇ ਪ੍ਰਚਾਰ ਕਰਕੇ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਹਾਈ ਕੋਰਟ ਵੱਲੋਂ ਸਹਿਜਧਾਰੀਆਂ ਬਾਰੇ ਨੋਟੀਫਿਕੇਸ਼ਨ ਰੱਦ ਕਰਨ ਦੇ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਦੇ ਨਵੇਂ ਬਣੇ ਸਦਨ ਨੂੰ ਕੋਈ ਵਿਧਾਨਕ ਸੰਕਟ ਨਹੀਂ ਹੈ। ਦੁਜੇ ਪਾਸੇ ਸ਼੍ਰੋਮਣੀ ਕਮੇਟੀ ਵੱਲੋਂ ਸਹਿਜਧਾਰੀਆਂ ਬਾਰੇ ਰੱਦ ਕੀਤੇ ਨੋਟੀਫਿਕੇਸ਼ਨ ਦੇ ਫੈਸਲੇ ਨੂੰ ਸਰਵ ਉੱਚ ਅਦਾਲਤ ਵਿਚ ਚੁਣੌਤੀ ਦੇਣ ਲਈ ਕਾਨੂੰਨੀ ਮਾਹਰਾਂ ਨਾਲ ਸਲਾਹ ਮਸ਼ਵਰੇ ਦਾ ਸਿਲਸਿਲਾ ਜਾਰੀ ਹੈ। ਅਦਾਲਤੀ ਫੈਸਲੇ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਮਾਹਰਾਂ ਨੇ ਹਾਈ ਕੋਰਟ ਦੇ ਜੱਜਾਂ ਵੱਲੋਂ ਕੀਤੇ 128 ਸਫਿਆਂ ਦੇ ਫੈਸਲੇ ਨੂੰ ਵਾਚਣ ਤੋਂ ਬਾਅਦ ਦਾਅਵਾ ਕੀਤਾ ਕਿ ਇਸ ਫੈਸਲੇ ਵਿਚ ਸਿਰਫ 2003 'ਚ ਜਾਰੀ ਹੋਏ ਸਹਿਜਧਾਰੀਆਂ ਨੂੰ ਵੋਟ ਪਾਉਣ ਤੋਂ ਰੋਕਣ ਬਾਰੇ ਨੋਟੀਫਿਕੇਸ਼ਨ ਨੂੰ ਰੱਦ ਕੀਤਾ ਗਿਆ ਹੈ ਤੇ ਸ਼੍ਰੋਮਣੀ ਕਮੇਟੀ ਦੀਆਂ ਹਾਲ ਹੀ 'ਚ ਹੋਈਆਂ ਚੋਣਾਂ ਤੇ ਨਵੇਂ ਬਣੇ ਸਦਨ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ। ਜਿਸ ਤੋਂ ਸਪੱਸ਼ਟ ਹੈ ਕਿ ਨਵੇਂ ਬਣੇ ਸਦਨ ਨੂੰ ਕੋਈ ਵਿਧਾਨਕ ਸੰਕਟ ਨਹੀਂ ਹੈ।

# ਅਜੋਕੇ ਦੌਰ 'ਚ ਸਹਿਜਧਾਰੀ ਸਿੱਖਾਂ ਦਾ ਮਸਲਾ

**ਚੰਡੀਗੜ੍ਹ:** ਅਜੋਕੇ ਸਮੇਂ ਵਿਚ ਇਹ ਮੁੱਦਾ ਗ਼ੈਰ-ਸਿੱਖ ਸਹਿਜਧਾਰੀਆਂ ਦਾ ਨਹੀਂ ਬਲਕਿ ਸਿੱਖ ਧਰਮ ਤੇ ਸਿੱਖ ਪਰਿਵਾਰਾਂ ਵਿਚ ਪੈਦਾ ਹੋਏ ਉਨ੍ਹਾਂ ਲੋਕਾਂ ਵੱਲੋਂ ਉਠਾਇਆ ਗਿਆ ਹੈ ਜੋ ਪੂਰਨ ਰੂਪ ਵਿਚ ਸਾਬਤ-ਸੂਰਤ ਨਹੀਂ ਹਨ ਪਰ ਇਨ੍ਹਾਂ ਦੀ ਸ਼ਰਧਾ-ਭਾਵਨਾ ਗੁਰੂ ਗ੍ਰੰਥ ਸਾਹਿਬ ਵਿਚ ਹੈ ਤੇ ਆਪਣੇ ਸਮੂਹਿਕ ਸੰਸਕਾਰ ਵੀ ਸਿਰਫ ਸਿੱਖ ਧਰਮ ਅਨੁਸਾਰ ਕਰਦੇ ਹਨ।

ਇਹ ਨੁਕਤਾ ਸੰਵੇਦਨਸ਼ੀਲ ਵੀ ਹੈ ਕਿਉਂਕਿ ਇਹ ਲੋਕ ਕਿਸੇ ਹੋਰ ਧਰਮ ਦੇ ਪੈਰੋਕਾਰ ਵੀ ਨਹੀਂ ਹਨ ਪਰ ਸਿੱਖ ਰਹਿਤ ਮਰਿਯਾਦਾ ਅਨੁਸਾਰ 'ਸਿਖ' ਦੀ ਪਰਿਭਾਸ਼ਾ 'ਤੇ ਵੀ ਪੂਰੇ ਨਹੀਂ ਉਤਰਦੇ। ਇਹ ਮਸਲਾ ਸਿਰਫ਼ ਸ਼੍ਰੋਮਣੀ ਕਮੇਟੀ ਚੋਣਾਂ ਤਕ ਹੀ ਸੀਮਤ ਨਹੀਂ ਰੱਖਣਾ ਚਾਹੀਦਾ। ਇਹ ਮਸਲਾ ਸਿੱਖ ਸਮਾਜ ਦੇ ਆਪਸੀ ਭਾਈਚਾਰੇ ਤੇ ਸਦਭਾਵਨਾ ਨਾਲ ਜੁੜਿਆ ਹੈ। ਇਨ੍ਹਾਂ ਵੱਲੋਂ ਆਪਣੇ ਆਪ ਨੂੰ ਸਹਿਜਧਾਰੀ ਅਖਵਾਉਣਾ ਸਿੱਖ ਇਤਿਹਾਸ ਦੀ ਦ੍ਰਿਸ਼ਟੀ ਤੋਂ ਨਾਵਾਜ਼ਿਬ ਹੀ ਨਹੀਂ ਬਲਕਿ ਸਿੱਖ ਰਹਿਤ ਮਰਿਯਾਦਾ ਤੇ ਅਰਦਾਸ ਦੀ ਵੀ ਉਲੰਘਣਾ ਹੈ।

ਸਿੱਖ ਰਹਿਤ ਮਰਿਯਾਦਾ ਵਿਚ ਕੇਸਾਂ ਦੀ




ਬੇਅਦਬੀ ਨੂੰ ਬੱਜਰ ਕੁਰਹਿਤ ਦਰਸਾਉਂਦਿਆਂ ਕੁਰਹਿਤੀਏ ਨੂੰ 'ਸਿਰਗੁੰਮ' ਅਥਵਾ 'ਪਤਿਤ' ਕਿਹਾ ਗਿਆ ਹੈ। ਅਰਦਾਸ ਵਿਚ 'ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ' ਯਾਦ ਕਰਵਾਉਂਦਿਆਂ 'ਕੇਸ ਦਾਨ' ਮੰਗਿਆ ਗਿਆ ਹੈ। ਇਕ ਵੱਡਾ ਮਸਲਾ ਇਹ ਵੀ ਹੈ ਕਿ ਸਿੱਖ ਪਰਿਵਾਰਾਂ ਵਿਚ ਸਹਿਜਧਾਰੀਆਂ ਦਾ ਦਰਜਾ ਕਾਇਮ ਹੋਣ ਨਾਲ ਪਤਿਤਪੁਣੇ ਤੋਂ ਜਾਗਰੂਕ ਕਰਨ ਲਈ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਦੀ ਪ੍ਰਥਾ ਪ੍ਰਭਾਵਿਤ ਹੋਵੇਗੀ। ਕੁਝ ਸਾਲ ਪਹਿਲਾਂ ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਦੀ ਸਿੱਖ ਵਿਦਿਆਰਥਣ ਦੀ ਆਪਣੇ ਆਪ ਨੂੰ ਸਹਿਜਧਾਰੀ ਸਿੱਖ ਪੇਸ਼ ਕਰਨ ਵਾਲੀ ਪਟੀਸ਼ਨ ਦੀ ਸੁਣਵਾਈ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਹਦਾਇਤ 'ਤੇ ਸ਼੍ਰੋਮਣੀ ਕਮੇਟੀ ਨੇ 'ਸਿੱਖ' ਨੂੰ ਪੁਨਰ-ਪਰਿਭਾਸ਼ਤ ਕੀਤਾ ਸੀ ਕਿ ਪਟੀਸ਼ਨਰ ਦਾ ਦਾਅਵਾ ਸਿੱਖ ਇਤਿਹਾਸ ਤੇ ਮਰਿਯਾਦਾ ਦੇ ਨੁਕਤੇ ਤੋਂ ਗ਼ੈਰ-ਪ੍ਰਾਸੰਗਿਕ ਹੈ ਤੇ ਅਜੋਕੇ ਸਮੇਂ ਵਿਚ ਸਹਿਜਧਾਰੀ ਦੀ ਵਿਵਸਥਾ ਨਹੀਂ। ਅਦਾਲਤ ਨੇ ਸ਼੍ਰੋਮਣੀ ਕਮੇਟੀ ਦੀ ਇਸ ਮਨਸ਼ਾ ਅਨੁਸਾਰ ਫ਼ੈਸਲਾ ਸੁਣਾਇਆ ਤੇ ਪਟੀਸ਼ਨ ਖ਼ਾਰਜ ਹੋ ਗਈ ਸੀ।

7 ਜੁਲਾਈ, 1925 ਈ. ਨੂੰ ਹੋਂਦ ਵਿਚ ਆਏ 'ਸਿਖ ਗੁਰਦੁਆਰਾ ਐਕਟ' ਵਿਚ ਸ਼੍ਰੋਮਣੀ ਕਮੇਟੀ ਚੋਣਾਂ ਲਈ ਸਹਿਜਧਾਰੀ ਸਿੱਖਾਂ ਨੂੰ ਵੋਟ ਤੇ ਮੈਂਬਰ ਬਣਨ ਦਾ ਅਧਿਕਾਰ ਹਾਸਲ ਹੋਇਆ ਸੀ। ਉਸ ਤੋਂ ਬਾਅਦ ਸਹਿਜਧਾਰੀ ਸਿਖਾਂ ਦੀ ਗਿਣਤੀ ਘਟਣ ਕਾਰਨ ਤੇ ਇਸ ਐਕਟ ਵਿਚ ਹੋਈਆਂ ਤਰਮੀਮਾਂ ਨਾਲ ਸਹਿਜਧਾਰੀ ਸਿੱਖ ਦੀ ਪਰਿਭਾਸ਼ਾ ਤੇ ਉਨ੍ਹਾਂ ਦੇ ਇਸ ਅਧਿਕਾਰ ਪ੍ਰਤੀ ਅਨਿਸ਼ਚਿਤਤਾ ਬਣੀ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਬਾਰੇ ਕੋਈ ਵੀ ਫ਼ੈਸਲਾ ਸਿੱਖ ਪੰਥ ਕੋਲ ਨਾ ਹੋ ਕੇ ਕੇਂਦਰ ਸਰਕਾਰ ਦੇ ਹੱਥ ਵਿਚ। ਕੇਂਦਰ ਦੀ ਇਸ ਮਸਲੇ ਬਾਰੇ ਗੰਭੀਰਤਾ ਤੇ ਸੰਵੇਦਨਸ਼ੀਲਤਾ ਬਿੱਲਕੁਲ ਸਿਆਸੀ ਹੈ। ਇਹ ਮਸਲਾ ਨਿਰੋਲ ਸਿੱਖਾਂ ਦਾ ਹੈ ਤੇ ਇਸ ਲਈ ਸਮੁੱਚੇ ਸਿੱਖ ਪੰਥ ਨੂੰ ਧੜੇਬੰਦੀ ਤੋਂ ਉਪਰ ਉਠ ਕੇ ਇਸ ਮਸਲੇ ਦੇ ਠੋਸ ਹੱਲ ਲਈ ਕਾਰਗਰ ਯਤਨ ਕਰਨੇ ਚਾਹੀਦੇ ਹਨ।

## ਸ਼੍ਰੋਮਣੀ ਕਮੇਟੀ ਦੀ ਚੋਣ ਨੂੰ ਚੁਣੌਤੀ

**ਚੰਡੀਗੜ੍ਹ:** ਸਹਿਜਧਾਰੀ ਸਿੱਖ ਫੈਡਰੇਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਲਈ ਪ੍ਰਸ਼ਾਸਕ ਨਿਯੁਕਤ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਪਟੀਸ਼ਨ ਦੀ ਸੁਣਵਾਈ 3 ਜਨਵਰੀ ਤਕ ਮੁਲਤਵੀ ਕਰ ਦਿੱਤੀ ਗਈ ਹੈ। ਪਟੀਸ਼ਨਰ ਨੇ ਕਿਹਾ ਹੈ ਕਿ ਹਾਈ ਕੋਰਟ ਵੱਲੋਂ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣ ਦੇ ਫੈਸਲੇ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੀ 18 ਸਤੰਬਰ ਨੂੰ ਹੋਈ ਚੋਣ 'ਗੈਰਕਾਨੂੰਨੀ' ਹੋ ਗਈ ਹੈ। ਇਸ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਲਈ ਪ੍ਰਸ਼ਾਸਕ ਦੀ ਨਿਯੁਕਤੀ ਕੀਤੀ ਜਾਵੇ। ਪਟੀਸ਼ਨਰ ਨੇ ਆਪਣੀ ਪਟੀਸ਼ਨ ਵਿਚ ਹਾਈ ਕੋਰਟ ਦੇ 31 ਮਈ 2009 ਤੇ 3 ਅਗਸਤ 2011 ਦੇ ਆਦੇਸ਼ਾਂ ਦਾ ਹਵਾਲਾ ਵੀ ਦਿੱਤਾ ਹੈ ਜਿਨ੍ਹਾਂ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਚੋਣ ਪ੍ਰਕਿਰਿਆ ਇਸ ਪਟੀਸ਼ਨ ਦੇ ਸਿੱਟੇ 'ਤੇ ਨਿਰਭਰ ਕਰੇਗੀ। ਇਹ ਵੀ ਕਿਹਾ ਗਿਆ ਹੈ ਕਿ 1949 ਤੋਂ 2003 ਤਕ 59 ਸਾਲ ਸਹਿਜਧਾਰੀ ਸਿੱਖ ਵੋਟ ਪਾਉਣ ਦੇ ਹੱਕਦਾਰ ਰਹੇ ਹਨ।



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
$25
2,200 Minutes
$50-$100 Plans Available
✓ ਇਕ ਮਿੰਟ ਗੱਲ ਕਰੋ ਤੇ ਇਕ ਮਿੰਟ ਦੇ ਪੈਸੇ ਦਿਉ
✓ ਵਧੀਆ, ਸਾਫ਼ ਆਵਾਜ਼
✓ No Pin Needed
✓ No Connection Fee
✓ No Monthly Fee
USE FROM HOME OR CELL PHONE
LIMITED TIME OFFER. RESTRICTIONS & FEES APPLY.
GlobeTel Comm.
www.011india.com
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
800.914.1013 • 408.726.6103




MERIDIAN
LUXURY APARTMENT HOMES
ਬਿਲਕੁਲ ਨਵੇਂ ਨਕੋਰ
1, 2 ਤੇ 3 ਬੈਡਰੂਮ
Gated Luxury Homes
Pet Friendly
ਕੰਪਲੈਕਸ ਦੀਆਂ ਖੂਬਸੂਰਤੀਆਂ
ਅੰਦਰੋਂ ਖੁੱਲ੍ਹੇ-ਡੁੱਲ੍ਹੇ
ਗਰੇਨਾਈਟ ਕਾਊਂਟਰ ਟਾਪ
ਵਾਸ਼ਰ ਤੇ ਡਰਾਇਰ
ਗਰਾਜ ਵੀ ਉਪਲਬਧ
24 ਘੰਟੇ ਸਕਿਉਰਿਟੀ
ਸ਼ਾਹਾਨਾ ਕਲੱਬ ਹਾਊਸ
ਸਵਿਮਿੰਗ ਪੂਲ
ਬਾਜ਼ਾਰ ਦੇ ਬਿਲਕੁਲ ਕਰੀਬ
ਗੈਸ ਇਨਰਜੀ ਸਟਾਰ ਅਪਲਾਇੰਸ
Ask about our
"MOVE IN SPECIALS"
ਸਪੈਸ਼ਲ ਡੀਲ ਲਈ ਅੱਜ ਹੀ ਕਾਲ ਕਰੋ
559-276-1700
www.meridianfresno.com
3661 W. Shields Avenue Fresno, CA




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# Union Trucking Inc.

## Wanted Owner Operators Immediately



ਬੇਏਰੀਆ ਅਤੇ ਸਟਾਕਟਨ ਏਰੀਏ ਵਿਚ
ਲੋਕਲ ਕੰਮ ਕਰਨ ਲਈ

**ਓਨਰ ਅਪਰੇਟਰਾਂ ਦੀ ਤੁਰੰਤ ਲੋੜ ਹੈ**

- ਪੈਸੇ ਦਾ ਭੁਗਤਾਨ ਸਮੇਂ ਸਿਰ
- ਤੁਸੀਂ ਸਾਡੇ ਟਰੇਲਰ ਵੀ ਵਰਤ ਸਕਦੇ ਹੋ।



ਜੇ ਤੁਸੀਂ ਅਮਰੀਕਾ ਦੀਆਂ 48 ਸਟੇਟਾਂ ਵਿਚ ਕੰਮ ਕਰਨਾ ਚਾਹੁੰਦੇ ਹੋ ਤਾਂ ਵੀ ਸਾਡੇ ਨਾਲ ਸੰਪਰਕ ਕਰ ਸਕਦੇ ਹੋ

**ਫੋਨ:510-324-2700**

**ਯੂਨੀਅਨ ਟਰੱਕਿੰਗ ਇੰਕ**

3995 ਸਮਿਥ ਸਟਰੀਟ, #4 ਯੂਨੀਅਨ ਸਿਟੀ, ਕੈਲੀਫੋਰਨੀਆ
Email: uniontruckinginc@gmail.com



ਸੁੱਖ ਸੰਧੂ
ਫੋਨ:510-673-4537

ਹਰਜੋਗ ਪੂਨੀਆ
ਫੋਨ:510-714-6039

# GLOBAL EAGLE TRANSPORTATION INC.

## Wanted Owner Operator and Drivers Immediately

**From Oakland Port and Rail to Red Bluff, Woodland & Sacramento area**

- ➔Loads available from Oakland to Tracy and Stockton area.
- ➔Dedicated Local Container work from Oakland Port and Rail
- ➔Hook and Drop in Red Bluff, Woodland & Sac.
- ➔Paid Weekly
- ➔24 Hours Dispatch Available.



**Hook & Drop Available**

*Contact :Bobby Thiara, Jas Gill*
Toll Free Phone # 1-800-788-2993
Phone: 510-832-4444, Fax : 510-832-4445

*web site : www.globaleagletrans.com*

# ਰਾਜਾ ਸਵੀਟਸ ਦਾ ਮਾਲਕ ਮੱਖਣ ਬੈਂਸ ਬਣਿਆ ਯੂਨੀਅਨ ਸਿਟੀ ਦਾ ਨਾਇਕ

**ਫਰੀਮਾਂਟ (ਐਸ. ਅਸ਼ੋਕ ਭੌਰਾ):** ਸਫ਼ਲ ਹੋਣ ਦੇ ਇਰਾਦੇ ਨਾਲ ਹੀ ਸਫ਼ਲ ਹੋਇਆ ਜਾ ਸਕਦਾ ਹੈ। ਜੇ ਤੁਹਾਡੇ ਕੋਲ ਇਹ ਯੋਗਤਾ ਨਹੀਂ ਤਾਂ ਮੰਨ ਲਵੋ ਕਿ ਸੰਸਾਰ ਤੁਹਾਡੇ ਰਾਹ ਵਿਚ ਅਸਫ਼ਲਤਾਵਾਂ ਦੀ ਕੰਡਿਆਲੀ ਤਾਰ ਵਿਛਾਉਂਦਾ ਹੀ ਰਹੇਗਾ। ਕਈ ਸ਼ਖ਼ਸੀਅਤਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਸਲਾਮ ਤੇ ਪ੍ਰਣਾਮ ਕਰਨ ਲੱਗਿਆਂ ਮਨ ਸੋਚਦਾ ਹੈ, ਇਨ੍ਹਾਂ ਬੌਣੇ ਸ਼ਬਦਾਂ ਦੀ ਥਾਂ ਕੋਈ ਹੋਰ ਮੁਹਾਵਰਾ ਨਹੀਂ ਲੱਭਦਾ। ਸੰਪੂਰਨ ਮਨੁੱਖ ਤਾਂ ਇਸ ਦੁਨੀਆਂ ਵਿਚ ਕੋਈ ਵੀ ਨਹੀਂ ਪਰ ਮੇਰੀ ਨਜ਼ਰ ਵਿਚ ਰਾਜਾ ਸਵੀਟਸ ਦਾ ਮਾਲਕ ਮੱਖਣ ਬੈਂਸ ਪੂਰਨ ਮਨੁੱਖ ਜ਼ਰੂਰ ਹੈ। ਉਹਨੂੰ ਜਦੋਂ ਵੀ ਮਿਲੋਗੇ ਤਾਂ ਇਕਵੰਜਾ ਵਰ੍ਹਿਆਂ ਦਾ ਬੈਂਸ ਤੁਹਾਨੂੰ ਚੁਪ-ਚੁਪੀਤੇ ਬੁੱਲ੍ਹਾਂ ਵਿਚ ਮੁਸਕਰਾ ਕੇ 'ਜੀ ਆਇਆਂ ਨੂੰ' ਕਹੇਗਾ। ਉਹ ਸਿਰਫ਼ ਕਾਰੋਬਾਰ ਕਰ ਕੇ ਢਿੱਡ ਭਰਨ ਅਤੇ ਪਰਿਵਾਰ ਪਾਲਣ ਵਾਲਿਆਂ ਦੀ ਕਤਾਰ ਵਿਚ ਨਹੀਂ, ਸਗੋਂ ਅਮਰੀਕਾ ਦੇ ਪੰਜਾਬੀ ਭਾਈਚਾਰੇ ਵਾਲੀ



ਸਮਾਜਿਕ ਵਿਵਸਥਾ ਵਿਚ ਸਤਿਕਾਰ ਤੇ ਅਦਬ ਭਰਿਆ ਨਾਂ ਹੈ। ਬੀਤੇ ਦਿਨੀਂ ਜਦੋਂ ਉਨ੍ਹਾਂ ਨੂੰ ਸਮਾਜਿਕ ਤੇ ਭਾਈਚਾਰਕ ਸੇਵਾਵਾਂ ਲਈ ਅਸੈਂਬਲੀਮੈਨ ਬਾਬਾ ਵਾਇਸਕੀ ਨੇ ਐਲਾਮੀਡਾ ਕਾਊਂਟੀ ਵਲੋਂ 'ਹੀਰੋ ਆਫ਼ ਦਾ ਯੂਨੀਅਨ ਸਿਟੀ' ਸਨਮਾਨ ਨਾਲ ਨਿਵਾਜਿਆ ਤਾਂ ਪੰਜਾਬੀ ਭਾਈਚਾਰੇ ਦਾ ਇਸ ਇਨਸਾਨ ਨੂੰ ਸਿਜਦਾ ਕਰਨਾ ਸੁਭਾਵਿਕ ਸੀ।

ਮੱਖਣ ਸਿੰਘ ਬੈਂਸ ਨੂੰ 'ਸਾਡਾ' ਕਹਿਣ ਵਿਚ ਮੈਂ ਇਸ ਕਰਕੇ ਝਿਜਕ ਮਹਿਸੂਸ ਨਹੀਂ ਕਰਦਾ ਕਿਉਂਕਿ ਇਹ ਨਾਇਕ ਮੇਰੇ ਹੀ ਜ਼ਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਮੱਲ੍ਹਾ ਬੇਦੀਆਂ ਦਾ ਜੰਮਪਲ ਹੈ।

ਜ਼ਿਕਰਯੋਗ ਹੈ ਕਿ ਉਕਤ ਐਵਾਰਡ ਉਸ ਨੂੰ ਬਾਕਾਇਦਾ ਕੈਲੀਫੋਰਨੀਆ ਅਸੈਂਬਲੀ ਵਲੋਂ ਸੈਕਰਾਮੈਂਟੋ 'ਚ ਸਰਬਸੰਮਤੀ ਨਾਲ ਪਾਸ ਕੀਤੇ ਮਤੇ ਉਪਰੰਤ ਦਿੱਤਾ ਗਿਆ ਹੈ। ਐਲਾਮੀਡਾ ਕਾਊਂਟੀ ਲਈ ਹਾਊਸਿੰਗ ਅਤੇ ਕਮਿਊਨਿਟੀ ਡਿਵੈਲਪਮੈਂਟ ਕਮਿਸ਼ਨਰ ਅਤੇ ਯੂਨੀਅਨ ਸਿਟੀ ਹਿਊਮਨ ਰਿਲੇਸ਼ਨਜ਼ ਕਮਿਸ਼ਨਰ ਰਹਿ ਚੁੱਕੇ ਮੱਖਣ ਬੈਂਸ ਨੂੰ ਪੰਜਾਬੀ ਭਾਈਚਾਰੇ ਦੇ ਹਰ ਖੇਤਰ ਵਿਚ ਵੀ ਅਦਬੀ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਖੇਡਾਂ ਵਿਚ ਭਾਵੇਂ ਉਹ ਹਰ ਸੰਸਥਾ ਨੂੰ ਵਿਤੀ ਅਤੇ ਹੋਰ ਸਹਿਯੋਗ ਦੇਣ ਵਿਚ ਕਦੇ ਵੀ ਪਿੱਛੇ ਨਹੀਂ ਰਿਹਾ ਪਰ ਯੁਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਲਈ ਸਰਗਰਮ ਭੂਮਿਕਾ ਨਿਭਾਉਂਦਾ ਆਇਆ ਹੈ।

ਯੂਨੀਅਨ ਸਿਟੀ ਦੀ ਜਦੋਂ 50ਵੀਂ ਵਰ੍ਹੇਗੰਢ ਮਨਾਈ ਗਈ ਤਾਂ ਉਹ ਇਸ ਦੇ ਬੋਰਡ ਦਾ ਡਾਇਰੈਕਟਰ ਸੀ। ਚੈਂਬਰ ਆਫ਼ ਕਾਮਰਸ ਦੇ ਬੋਰਡ ਆਫ਼ ਡਾਇਰੈਕਟਰ ਰਹਿ ਚੁੱਕੇ ਮੱਖਣ ਬੈਂਸ ਨੂੰ ਮਾਣ ਹੈ ਕਿ ਉਹ ਕੈਲੀਫੋਰਨੀਆ ਸਟੇਟ ਦੇ 90 ਹਜ਼ਾਰ ਤੋਂ ਵੱਧ ਰੈਸਟੋਰੈਂਟਾਂ ਦੀ ਜਥੇਬੰਦੀ 'ਕੈਲੀਫੋਰਨੀਆ ਰੈਸਟੋਰੈਂਟਸ ਐਸੋਸੀਏਸ਼ਨ' ਦੇ 'ਬੋਰਡ ਆਫ਼ ਡਾਇਰੈਕਟਰਜ਼' ਦਾ ਮੈਂਬਰ ਵੀ ਹੈ।

ਮੱਖਣ ਸਿੰਘ ਬੈਂਸ ਸਾਧਾਰਨ ਪਰਿਵਾਰ ਵਿਚ ਪਿਤਾ ਸ. ਮੇਜਰ ਸਿੰਘ ਬੈਂਸ ਤੇ ਮਾਤਾ ਚਰਨ ਕੌਰ ਬੈਂਸ ਦੇ ਘਰ ਵਿਚ ਜਨਮ ਲੈ ਕੇ 1985 ਵਿਚ ਅਮਰੀਕਾ ਆਇਆ ਸੀ ਤੇ ਇਸ ਵਕਤ ਆਪਣੇ ਭਰਾਵਾਂ ਵਰਗੇ ਰਿਸ਼ਤੇਦਾਰ ਗਿਆਨੀ ਰਵਿੰਦਰ ਸਿੰਘ ਨਾਲ ਮਿਲ ਕੇ ਰਾਜਾ ਸਵੀਟਸ ਦਾ ਸੰਸਥਾ ਵਰਗਾ ਅਦਾਰਾ ਚਲਾ ਰਿਹਾ ਹੈ। ਉਹ ਹੋਣਹਾਰ ਪੁੱਤਰ ਰਣਜੋਤ ਬੈਂਸ, ਬੇਟੀ ਗੁਰਸ਼ਰਨ ਬੈਂਸ ਦਾ ਬਾਪ ਅਤੇ ਭਾਗਭਰੀ ਪਤਨੀ ਬਲਜੀਤ ਕੌਰ ਦਾ ਖਾਵੰਦ ਹੈ।

ਜ਼ਿੰਦਗੀ ਨੂੰ ਮਾਨਣ ਦਾ ਅਨੁਭਵ ਇਕ ਵਾਰ ਮੱਖਣ ਬੈਂਸ ਨੂੰ ਮਿਲ ਕੇ ਜ਼ਰੂਰ ਹਾਸਲ ਕਰਨਾ ਚਾਹੀਦੈ ਜਦੋਂ ਉਹ ਆਖਦੈ, 'ਹਨੇਰੀ ਰਾਤ ਤਾਰਿਆਂ ਨੇ ਵੱਧ ਹੀ ਚਮਕਣਾ ਹੁੰਦਾ ਹੈ।' 'ਯੂਨੀਅਨ ਸਿਟੀ ਦਾ ਨਾਇਕ' ਬਣਨ 'ਤੇ ਉਸ ਨੂੰ ਮੁਬਾਰਕਾਂ।


## ਕੋਠੀ ਤੁਰੰਤ ਵਿਕਾਊ ਹੈ

ਬੰਗਾ (ਨਵਾਂ ਸ਼ਹਿਰ) ਦੀ ਮੇਨ ਰੋਡ ਉਤੇ ਸਥਿਤ ਮਹਿਲਨੁਮਾ ਕੋਠੀ ਵਿਕਾਊ ਹੈ। 10 ਬੈਡਰੂਮ+6 ਬਾਥਰੂਮ+ਕਾਰ ਪਾਰਕਿੰਗ ਅਤੇ ਕਮਰਸ਼ੀਅਲ ਏਰੀਆ
ਕੁਲ ਰਕਬਾ 100 ਮਰਲੇ ਦੇ ਕਰੀਬ
ਬਹੁਤ ਹੀ ਵਾਜ਼ਬ ਕੀਮਤ 3 ਲੱਖ ਅਮਰੀਕੀ ਡਾਲਰ



ਹੋਰ ਜਾਣਕਾਰੀ ਲਈ ਕਾਲ ਕਰੋ
847-845-6827 ਜਾਂ ਬਿੱਲਾ ਨਵਾਂ ਸ਼ਹਿਰ +91-99880-03838








## M.K. Nijjar DDS
## Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

**WWW.DRNIJJAR.COM**

*(Across From Washigton Hospital & Bart)*
*1895 Mowry Ave. Ste 104 Fremont*



## Noble Dental Care



Shital Shah, DDS

**Family and Cosmetic Dentistry**

ਸਪੈਸ਼ਲ ਆਫਰ **Special Offer**

**$50** **Dental X-Rays, Examination Consultation and Cleaning** (Cash Patients Only)* *Conditions Apply*

Up to **50% off** Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

**Invisalign**
**Starting at $2,550***
*Limitided time offer may end without notice. Restrictions apply. Not valid with any other offer.*

Emergency Patients Welcome
Evening/Saturday Appointments Available

*State of the Art Dental Technology*
*Most Dental PPO Plans Accepted*
*Interest Free Payment Plans Available*

**Ph:510-493-2130**
www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)

# ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ (ਕੈਲੀਫੋਰਨੀਆ) ਵਲੋਂ

## ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਪੰਜਾਬੀ ਭਾਈਚਾਰੇ ਨੂੰ

# ਨਵਾਂ ਸਾਲ ਬਹੁਤ ਬਹੁਤ ਮੁਬਾਰਕ!

ਉਤਰੀ ਅਮਰੀਕਾ ਦੀ ਪੰਜਾਬੀ ਪੱਤਰਕਾਰੀ ਵਿਚ ਆਪਣੀ ਇਕ ਨਿਵੇਕਲੀ ਪਹਿਚਾਣ ਬਣਾ ਚੁੱਕੇ ਬੇਲਾਗ, ਬੇਬਾਕ ਤੇ ਨਿਧੜਕ ਪੱਤਰਕਾਰੀ ਦੇ ਮੁੱਦਈ **ਪੰਜਾਬ ਟਾਈਮਜ਼** ਨੂੰ ਬਿਲਾਨਾਗਾ ਪ੍ਰਕਾਸ਼ਨ ਦੇ 12 ਵਰ੍ਹੇ ਪੂਰੇ ਕਰਨ 'ਤੇ ਤਹਿ ਦਿਲੋਂ ਨਿੱਘੀ ਵਧਾਈ

***23ਵਾਂ ਸਾਲਾਨਾ ਵਿਸਾਖੀ ਮੇਲਾ ਐਸ ਈ ਐਸ ਹਾਲ, ਐਲਕ ਗਰੂਵ ਵਿਚ 21 ਅਪਰੈਲ 2012 ਨੂੰ ਅਤੇ ਤੀਆਂ ਦਾ ਮੇਲਾ 12 ਅਗਸਤ 2012 ਨੂੰ ਹੋਵੇਗਾ***

**ਪ੍ਰਬੰਧਕ ਕਮੇਟੀ:** ਰਛਪਾਲ ਸਿੰਘ ਫਰਵਾਲਾ, ਜਸਵੰਤ ਸਿੰਘ ਸ਼ਾਦ, ਰਾਜਿੰਦਰਪਾਲ ਸਿੰਘ, ਅਮਰੀਕ ਸਿੰਘ, ਹਰਜਿੰਦਰ ਬਸਰਾ, ਤੀਰਥ ਸਹੋਤਾ, ਸਤਵਿੰਦਰ ਰੰਗੀ, ਪਰਮਜੀਤ ਢਿੱਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਜਰਨੈਲ ਸਰਪੰਚ, ਹਰਿੰਦਰ ਸਿੰਘ, ਦੇਬੀ ਗਿੱਲ, ਸੁਖਰਾਜ ਸਿੰਘ, ਜਸਵੰਤ ਲੱਖਾ, ਸੁਖਚੈਨ ਸਿੰਘ, ਭੁਪਿੰਦਰ ਰਿਹਾਲ, ਕੁਲਦੀਪ ਬੈਂਸ, ਜਸਵਿੰਦਰ ਪੂਨੀ, ਅਰਜਿੰਦਰ ਕੁੱਕੀ, ਐਮ ਐਸ ਚਾਹਲ, ਪਵਿਤਰ ਨਾਹਲ, ਵਰਿੰਦਰ ਸੰਘੇੜਾ, ਕਮਲ ਬੰਗਾ, ਪਮਿੰਦਰ ਵਿਰਕ, ਬਲਬੀਰ ਜੌਹਲ, ਅਵਤਾਰ ਸਿੰਘ ਡੋਡ, ਚਰਨ ਬਡਵਾਲ, ਜੱਸੀ, ਪਿਆਰਾ ਸਿੰਘ ਪਰਹਾਰ ਅਤੇ ਕਮਲ ਸਿੰਘ









HAPPY NEW YEAR 2012

HAPPY NEW YEAR 2012

ਸਾਲ 2012 ਮੁਬਾਰਕ ਸਾਲ 2012 ਮੁਬਾਰਕ ਸਾਲ 2012 ਮੁਬਾਰਕ ਸਾਲ 2012 ਮੁਬਾਰਕ ਸਾਲ 2012 ਮੁਬਾਰਕ

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ

ਭਾਰਤ ਦੀ ਆਜ਼ਾਦੀ ਦੇ ਪਰਵਾਨੇ ਗਦਰੀ ਬਾਬਿਆਂ ਦੇ ਸੁਨੇਹੇ ਨੂੰ ਕਾਇਮ ਰੱਖਣ ਅਤੇ ਨਵੀਂ ਪੀੜ੍ਹੀ ਨੂੰ ਇਸ ਨਾਲ ਜੋੜੀ ਰੱਖਣ ਲਈ ਸਰਗਰਮ ਸੰਸਥਾ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਦੇ ਸਮੂਹ ਮੈਂਬਰਾਂ ਅਤੇ ਹਮਦਰਦਾਂ ਵਲੋਂ

# ਸਭਨਾਂ ਨੂੰ ਸਾਲ 2012 ਮੁਬਾਰਕ

ਅਸੀਂ ਕਾਮਨਾ ਕਰਦੇ ਹਾਂ ਕਿ ਨਵਾਂ ਸਾਲ ਸਮੂਹ ਲੋਕਾਈ ਲਈ ਅਮਨ, ਖੁਸ਼ਹਾਲੀ, ਬਰਾਬਰੀ ਅਤੇ ਨਿਆਂ ਭਰਿਆ ਸਾਬਤ ਹੋਵੇ।
ਬਿਲਾਨਾਗਾ ਪ੍ਰਕਾਸ਼ਨ ਦੇ 12 ਵਰ੍ਹੇ ਪੂਰੇ ਹੋਣ 'ਤੇ ਬੇਲਾਗ, ਬੇਬਾਕ ਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ

## ਪੰਜਾਬ ਟਾਈਮਜ਼ ਨੂੰ ਬਹੁਤ ਬਹੁਤ ਵਧਾਈ






ਚਰਨ ਸਿੰਘ ਜੱਜ (ਪ੍ਰਧਾਨ), ਡਾ. ਗੁਰੂਮੇਲ ਸਿੰਘ ਸਿੱਧੂ (ਮੁੱਖ ਸਲਾਹਕਾਰ), ਜਰਨੈਲ ਸਿੰਘ ਮੁੰਡੇਰ (ਚੇਅਰਮੈਨ), ਕੁਲਦੀਪ ਸਿੰਘ ਅਟਵਾਲ (ਵਾਈਸ ਚੇਅਰਮੈਨ), ਸੁਰਜੀਤ ਸਿੰਘ ਅਟਵਾਲ (ਮੀਤ ਪ੍ਰਧਾਨ), ਜਨਕ ਰਾਜ ਸਿੰਧਰਾ (ਡਾਇਰੈਕਟਰ), ਜਗਜੀਤ ਸਿੰਘ ਕੰਦੋਲਾ (ਸਕੱਤਰ), ਸੁਖਵਿੰਦਰ ਸਿੰਘ ਕੰਬੋਜ (ਮੀਡੀਆ ਇੰਚਾਰਜ), ਕੰਵਰ ਕਸ਼ਮੀਰ ਸਿੰਘ (ਖਜ਼ਾਨਚੀ), ਬਲਕਾਰ ਸਿੰਘ ਨਿਊ ਟੈਕ (ਕਮੇਟੀ ਮੈਂਬਰ), ਹਰਵਿੰਦਰ ਸਿੰਘ ਚੰਦੀ, ਨਿਰਮਲ ਸਿੰਘ ਚੰਦੀ, ਮੁਖਤਿਆਰ ਸਿੰਘ ਕੰਬੋਜ, ਪਰਸ਼ੋਤਮ ਸਿੰਘ ਕੰਬੋਜ, ਰਣਜੀਤ ਸਿੰਘ ਰਾਣਾ, ਲਖਵਿੰਦਰ ਸਿੰਘ ਲੱਖੀ, ਡਾ. ਦਲਜੀਤ ਸਿੰਘ, ਪ੍ਰਿਥੀਪਾਲ ਸਿੰਘ, ਨਿਰਮਲ ਸਿੰਘ, ਜਸਬੀਰ ਸਿੰਘ, ਗੁਰਦੀਸ਼ ਸਿੰਘ ਮੋਮੀ, ਗੁਰਦੀਪ ਸਿੰਘ ਫਰਿਜ਼ਨੋ, ਬਲਵਿੰਦਰ ਸਿੰਘ, ਗੁਰਮੀਤ ਸਿੰਘ ਸ਼ਾਰਟਰ, ਸੁੱਚਾ ਸਿੰਘ ਕੰਬੋਜ, ਤਰਲੋਚਨ ਸਿੰਘ, ਕਰਨੈਲ ਸਿੰਘ ਲੰਮਾਪਿੰਡ, ਅਜੀਤ ਸਿੰਘ ਜੱਜ, ਅਮਰੀਕ ਸਿੰਘ ਟਰਲਕ, ਜਗਮੋਹਨ ਸਿੰਘ, ਬਲਬੀਰ ਸਿੰਘ, ਜਸਬੀਰ ਸਿੰਘ ਟੁਲਹਿਰੀ, ਤਰਲੋਚਨ ਸਿੰਘ ਨਾਗਰਾ, ਮਹਿੰਦਰ ਸਿੰਘ ਦੁਸਾਂਝ, ਬਲਰਾਜ ਸਿੰਘ ਦੁਸਾਂਝ, ਗੁਰਇਕਬਾਲ ਸਿੰਘ ਕੰਗ, ਸਰਬਜੀਤ ਸਿੰਘ ਕੇ ਟੀ ਐਕਸ, ਬੋਲੀਨਾ ਬ੍ਰਦਰਜ਼, ਸੁਖਦੇਵ ਸਿੰਘ ਗਿੱਲ, ਬਲਰਾਜ ਸਿੰਘ ਪੰਨੂ ਕੋਜਿਵ ਗਰੋਜ਼, ਬਹਾਦਰ ਸਿੰਘ ਸੇਲਮ, ਦਿਲਜੀਤ ਸਿੰਘ ਸੇਲਮ, ਦਿਲਬਾਗ ਸਿੰਘ ਮਰੋਕ, ਗੁਲਜ਼ਾਰ ਸਿੰਘ ਐਵਰੈਟ, ਜਥੇਦਾਰ ਬਲਬੀਰ ਸਿੰਘ, ਹਰਪਾਲ ਸਿੰਘ ਮਾਨ, ਯਾਦਵਿੰਦਰ ਸਿੰਘ ਹੈਪੀ, ਸਤਿੰਦਰਪਾਲ ਸਿੰਘ ਸਰਹੱਦੀ, ਸਤਬੀਰ ਸਿੰਘ, ਰਮਨਦੀਪ ਸਿੰਘ ਸੰਧੂ, ਹਰਜਿੰਦਰ ਸਿੰਘ ਮੱਟੂ, ਅਵਤਾਰ ਸਿੰਘ ਡੋਡ, ਅਮਰੀਕ ਸਿੰਘ ਲੋਡਾਈ, ਸੁਖਦੇਵ ਸਿੰਘ ਗਿੱਲ, ਸਰਪੰਚ ਕੁਲਦੀਪ ਸਿੰਘ, ਕੁਲਵਿੰਦਰ ਸਿੰਘ ਸੰਨੀ, ਕੁਲਵੰਤ ਸਿੰਘ, ਜਸਪਾਲ ਸਿੰਘ, ਦਰਸ਼ਨ ਸਿੰਘ ਢੋਟ, ਸੰਤੋਖ ਜੱਜ, ਸੁਰਜੀਤ ਸਿੰਘ ਜੱਜ, ਦਵਿੰਦਰ ਸਿੰਘ, ਸੁਖਜਿੰਦਰ ਸਿੰਘ, ਮੱਖਣ ਸਿੰਘ ਜੱਜ, ਦੀਦਾਰ ਸਿੰਘ ਜੱਜ, ਬਲਬੀਰ ਸਿੰਘ, ਅਜੀਤ ਸਿੰਘ, ਸਵਰਨ ਸਿੰਘ, ਮੋਹਣ ਸਿੰਘ ਖਿੰਡਾ, ਮਾਸਟਰ ਮੁਖਤਿਆਰ ਸਿੰਘ, ਜਰਨੈਲ ਸਿੰਘ ਮਨਟੀਕਾ, ਹਰੀ ਸਿੰਘ, ਗੁਰਮੀਤ ਸਿੰਘ, ਬਲਵਿੰਦਰ ਸਿੰਘ, ਕਸ਼ਮੀਰ ਸਿੰਘ, ਅਜੀਤ ਸਿੰਘ, ਬਲਜਿੰਦਰ ਸਿੰਘ, ਗੁਰਚਰਨ ਸਿੰਘ ਮੁੱਤੀ, ਬਖਸ਼ੀਸ਼ ਸਿੰਘ, ਕੁਲਦੀਪ ਸਿੰਘ, ਬਲਜੀਤ ਸਿੰਘ ਮੁੱਤੀ, ਪ੍ਰੋ. ਹਰਪਾਲ ਸਿੰਘ ਅਤੇ ਕੁਲਵਿੰਦਰ ਸਿੰਘ ਸੰਨੀ।

## Ghadar Memorial Foundation of America, Sacramento

# ਦੇਸ਼-ਵਿਦੇਸ਼ 'ਚ ਵੱਸਦੇ ਸਮੂਹ ਪੰਜਾਬੀ ਭਾਈਚਾਰੇ ਨੂੰ

# ਨਵਾਂ ਵਰ੍ਹਾ 2012 ਬਹੁਤ ਬਹੁਤ ਮੁਬਾਰਕ

*ਸ਼ਾਲਾ! ਇਹ ਵਰ੍ਹਾ ਸਭ ਲਈ ਭਾਗਾਂ ਭਰਿਆ ਚੜ੍ਹੇ*

## ਬਿਲਾਨਾਗਾ ਪ੍ਰਕਾਸ਼ਨ ਦੇ 12 ਸ਼ਾਨਦਾਰ ਸਾਲ ਪੂਰੇ ਹੋਣ ਅਤੇ ਤੇਰਵੇਂ ਵਰ੍ਹੇ 'ਚ ਪੈਰ ਧਰਨ 'ਤੇ

# ਪੰਜਾਬ ਟਾਈਮਜ਼ ਨੂੰ ਬਹੁਤ ਬਹੁਤ ਵਧਾਈ


*ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ*

ਵਲੋਂ

**ਪ੍ਰੀਤਮ ਸਿੰਘ ਗਰੇਵਾਲ**
**ਦੇਵ ਗਰੇਵਾਲ**
**ਅਤੇ ਸਮੂਹ ਪਰਿਵਾਰ**

## Grewal Enterprises

**San Jose, CA**

**Ph:408-406-0703**






# ਸਮੂਹ ਸਿੱਖ ਜਗਤ ਨੂੰ ਨਵੇਂ ਸਾਲ ਦੀ ਲੱਖ-ਲੱਖ ਵਧਾਈ ਹੋਵੇ

ਵਲੋਂ :-

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਲੀਫੋਰਨੀਆ)

**ਅੱਜ ਜਦੋਂ ਦੁਨੀਆ ਦੀਆਂ ਸਮੁੱਚੀਆਂ ਕੌਮਾਂ ਆਪਣੀ ਅਜ਼ਾਦੀ ਦਾ ਰੰਗ ਮਾਣ ਰਹੀਆਂ ਹਨ ਸਿੱਖ ਕੌਮ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੀ ਹੋਈ ਹੈ ਅਤੇ ਇਸ ਗੁਲਾਮੀ ਦੇ ਸੰਗਲ ਨੂੰ ਤੋੜਨ ਲਈ ਡੇਢ ਲੱਖ ਦੇ ਕਰੀਬ ਸਿੰਘ-ਸਿੰਘਣੀਆਂ ਬੱਚੇ ਅਤੇ ਬਜ਼ੁਰਗ ਆਪਣੀਆਂ ਸ਼ਹਾਦਤਾਂ ਪਾ ਚੁੱਕੇ ਹਨ। ਆਓ ਨਵੇਂ ਸਾਲ ਤੇ ਆਪਣਾ ਕੌਮੀ ਆਜ਼ਾਦੀ ਦਾ ਸੰਕਲਪ ਦਹੁਰਾਈਏ ਅਤੇ ਕੌਮੀ ਆਜ਼ਾਦੀ ਲਈ ਜੇਲ੍ਹਾਂ ਅਤੇ ਤਸੀਹਾ ਕੇਂਦਰਾਂ ਵਿਚ ਕੌਮ ਦੀ ਖਾਤਰ ਸੰਘਰਸ਼ ਕਰ ਰਹੇ ਉਨ੍ਹਾਂ ਜੋਧਿਆਂ ਨੂੰ ਆਜ਼ਾਦ ਕਰਵਾਉਣ ਲਈ ਆਪਣਾ ਸੰਘਰਸ਼ ਤੇਜ਼ ਕਰੀਏ**

ਸ. ਰੇਸ਼ਮ ਸਿੰਘ (ਸੀਨੀਅਰ ਮੀਤ ਪ੍ਰਧਾਨ ਯੂ.ਐਸ.ਏ.), ਸ. ਅਜੀਤ ਸਿੰਘ ਆਲੋਵਾਲ (ਨੈਸ਼ਨਲ ਸਕੱਤਰ ਯੂ.ਐਸ.ਏ.), ਸ. ਦਰਸ਼ਨ ਸਿੰਘ (ਨੈਸ਼ਨਲ ਪੈਨਲ ਮੈਂਬਰ ਯੂ.ਐਸ.ਏ.), ਸ. ਮੰਟੂ ਸੰਧੂ (ਨੈਸ਼ਨਲ ਪੈਨਲ ਮੈਂਬਰ ਯੂ.ਐਸ.ਏ.), ਸ. ਕੁਲਜੀਤ ਸਿੰਘ ਨਿੱਜਰ (ਪ੍ਰਧਾਨ ਕੈਲੀਫੋਰਨੀਆ), ਸ. ਜਸਬੀਰ ਸਿੰਘ ਤੱਖੜ (ਸੀਨੀਅਰ ਮੀਤ ਪ੍ਰਧਾਨ) , ਸ. ਕਸ਼ਮੀਰ ਸਿੰਘ (ਮੀਤ ਪ੍ਰਧਾਨ ਫਰਿਜ਼ਨੋ), ਸ. ਸਵਰਨ ਸਿੰਘ ਮੰਟੀਕਾ (ਸੀਨੀਅਰ ਮੈਂਬਰ) ਸ. ਭੁਪਿੰਦਰ ਸਿੰਘ ਚੀਮਾ, ਸ. ਬਲਵਿੰਦਰ ਸਿੰਘ (ਮਿੰਠੂ), ਸ. ਸਤਨਾਮ ਸਿੰਘ, ਸ. ਜੋਗਾ ਸਿੰਘ ਬਾਠ (ਸੀਨੀਅਰ ਆਗੂ), ਸ. ਹਰਨੇਕ ਸਿੰਘ ਅਟਵਾਲ (ਮੁੱਖ ਸਲਾਹਕਾਰ), ਸ. ਅਵਤਾਰ ਸਿੰਘ (ਐਲ.ਏ.), ਸ. ਇਕਬਾਲ ਸਿੰਘ (ਬੇਕਰਸਫੀਲਡ), ਸ. ਕਮਲਜੀਤ ਸਿੰਘ (ਫ੍ਰੀਮੋਂਟ)

# ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਸਾਲ 2012 ਬਹੁਤ ਬਹੁਤ ਮੁਬਾਰਕ

*ਪਰਮਾਤਮਾ ਕਰੇ ਨਵਾਂ ਸਾਲ 2012 ਸਭ ਲਈ ਖੁਸ਼ਹਾਲੀ ਤੇ ਅਮਨ ਭਰਿਆ ਸਾਬਤ ਹੋਵੇ*

**ਪੰਜਾਬ ਨੂੰ ਵਿਕਾਸ ਦੀ ਇਕ ਨਵੀਂ ਦਿਸ਼ਾ ਦੇਣ ਲਈ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਓ ਸਾਰੇ ਪੀਪਲਜ਼ ਪਾਰਟੀ ਆਫ ਪੰਜਾਬ ਦਾ ਡਟ ਕੇ ਸਮਰਥਨ ਕਰੀਏ**



ਸ. ਨਰਿੰਦਰ ਸਿੰਘ ਮੁੰਦਰ, ਫੋਨ:269-615-0216

**ਪੀਪਲਜ਼ ਪਾਰਟੀ ਆਫ ਪੰਜਾਬ, ਮਿਸ਼ੀਗਨ**

# ਢਿੱਲੋਂ ਤੇ ਬਰਾੜ ਦੇ ਪੀਪਲਜ਼ ਪਾਰਟੀ ਛੱਡਣ ਦੀ ਤਿੱਖੀ ਆਲੋਚਨਾ

**ਫਰਿਜ਼ਨੋ (ਕੁਲਵੰਤ ਉਭੀ):** ਪੀਪਲਜ਼ ਪਾਰਟੀ ਆਫ ਪੰਜਾਬ ਦੀ ਸਥਾਨਕ ਇਕਾਈ ਵਲੋਂ ਇਥੇ ਤਾਜ ਇੰਡੀਆ ਰੈਸਟੋਰੈਂਟ ਵਿਚ ਕਰਵਾਈ ਗਈ ਇਕ ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਪਾਰਟੀ ਦੇ ਦੋ ਮੋਢੀ ਆਗੂਆਂ ਜਗਬੀਰ ਸਿੰਘ ਬਰਾੜ ਅਤੇ ਕੁਸ਼ਲਦੀਪ ਸਿੰਘ ਢਿੱਲੋਂ ਦੇ ਪਾਰਟੀ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਜਾਣ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕਰਦਿਆਂ ਆਖਿਆ ਕਿ ਇਨ੍ਹਾਂ ਦੋਹਾਂ ਆਗੂਆਂ ਨੇ ਅਖੀਰ ਆਪਣਾ ਕਿਰਦਾਰ ਦਿਖਾ ਹੀ ਦਿੱਤਾ ਕਿ ਉਹ ਪੀਪਲਜ਼ ਪਾਰਟੀ ਆਫ ਪੰਜਾਬ ਵਿਚ ਸਿਰਫ ਤੇ ਸਿਰਫ ਕੁਰਸੀ ਲੈਣ ਦੀ ਖਾਤਰ ਹੀ ਸ਼ਾਮਲ ਹੋਏ ਸਨ ਅਤੇ ਜਦੋਂ ਉਨ੍ਹਾਂ ਨੂੰ ਕੁਰਸੀ ਦੀ ਇਸ ਬੁਰਕੀ ਦਾ ਕਾਂਗਰਸ ਵਲੋਂ ਭਰੋਸਾ ਦਿੱਤਾ ਗਿਆ ਤਾਂ ਇਹ ਖੁਦਗਰਜ਼ ਲੋਕ ਝੱਟ ਉਧਰ ਜਾ ਸ਼ਾਮਲ ਹੋਏ। ਬੁਲਾਰਿਆਂ ਨੇ ਕਿਹਾ ਕਿ ਪਾਰਟੀ ਮੁਖੀ ਸ. ਮਨਪ੍ਰੀਤ ਸਿੰਘ ਬਾਦਲ ਦਾ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਇਨ੍ਹਾਂ ਖੁਦਗਰਜ਼ ਸਿਆਸਤਦਾਨਾਂ ਨੂੰ ਪੰਜਾਬ ਦੇ ਲੋਕ ਕਦੇ ਮੁਆਫ ਨਹੀਂ ਕਰਨਗੇ।

ਬੁਲਾਰਿਆਂ ਨੇ ਕੁਸ਼ਲਦੀਪ ਸਿੰਘ ਢਿੱਲੋਂ ਅਤੇ ਜਗਬੀਰ ਸਿੰਘ ਬਰਾੜ ਵਲੋਂ ਪਾਰਟੀ ਮੁਖੀ ਉਤੇ ਤਾਨਾਸ਼ਾਹ ਤੇ ਪਰਿਵਾਰਪ੍ਰਸਤ ਹੋਣ ਅਤੇ ਨਾਰਥ ਅਮੈਰਿਕਾ ਦੌਰੇ ਦੌਰਾਨ 50 ਹਜ਼ਾਰ ਡਾਲਰ ਇਕੱਠੇ ਕਰਨ ਤੇ ਉਨ੍ਹਾਂ ਦਾ ਹਿਸਾਬ ਨਾ ਦੇਣ ਦੇ ਦੋਸ਼ਾਂ ਨੂੰ ਝੂਠ ਦਾ ਪੁਲੰਦਾ ਕਰਾਰ ਦਿੰਦਿਆਂ ਆਖਿਆ ਕਿ ਸੱਚ ਤਾਂ ਇਹ ਹੈ ਕਿ ਕੁਸ਼ਲਦੀਪ ਖੁਦ ਆਪਣੇ ਨਾਰਥ ਅਮੈਰਿਕਾ ਦੌਰੇ ਦੌਰਾਨ ਕਾਂਗਰਸੀਆਂ ਨਾਲ ਗਿੱਟਮਿੱਟ ਕਰਦਾ ਰਿਹਾ ਅਤੇ ਹੋ ਸਕਦਾ ਹੈ ਉਸ ਨੇ ਪੈਸੇ ਵੀ ਇਕੱਠੇ ਕੀਤੇ ਹੋਣ। ਪਿਛਲੇ ਕੁਝ ਸਮੇਂ ਵਿਚ ਕਈ ਪਾਰਟੀ ਆਗੂਆਂ ਵਲੋਂ ਪਾਰਟੀ ਛੱਡੇ ਜਾਣ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਪੀਪਲਜ਼ ਪਾਰਟੀ ਆਫ ਪੰਜਾਬ ਲਈ ਤਾਂ ਇਹ ਚੰਗਾ ਹੀ ਹੋਇਆ ਹੈ ਕਿ ਖੁਦਗਰਜ਼ੀ ਨਾਲ ਪ੍ਰਣਾਏ ਸਿਆਸਤਦਾਨਾਂ ਤੋਂ ਖਹਿੜਾ ਛੁਟਿਆ ਜਿਨ੍ਹਾਂ ਦਾ ਭਵਿੱਖ ਵਿਚ ਪਾਰਟੀ ਨੂੰ ਨੁਕਸਾਨ ਹੀ ਹੋਣਾ ਸੀ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਮਨਪ੍ਰੀਤ ਸਿੰਘ ਨੂੰ ਆਪਣੇ ਅਸੂਲਾਂ ਉਤੇ ਡਟੇ ਰਹਿਣਾ ਚਾਹੀਦਾ ਹੈ, ਭਾਵੇਂ ਕਿੰਨੇ ਵੀ ਥੋੜ੍ਹੇ ਲੋਕ ਉਨ੍ਹਾਂ ਦੇ ਨਾਲ ਕਿਉਂ ਨਾ ਰਹਿ ਜਾਣ। ਪੰਜਾਬ ਦੇ ਲੋਕ ਇੰਨੇ ਵੀ ਮੂਰਖ ਨਹੀਂ ਹਨ ਕਿ ਉਨ੍ਹਾਂ ਨੂੰ ਇਹ ਵੀ ਨਾ ਪਤਾ ਲੱਗੇ ਕਿ ਕੌਣ ਅਸੂਲਾਂ 'ਤੇ ਖੜ੍ਹਾ ਹੈ ਅਤੇ ਕੌਣ ਸਿਰਫ ਸਿਆਸੀ ਕੁਰਸੀ ਦਾ ਭੁੱਖਾ ਹੈ।



ਮੀਟਿੰਗ ਦੀ ਸ਼ੁਰੂਆਤ ਕਰਦਿਆਂ ਪਾਲ ਸਿੰਘ ਧਾਲੀਵਾਲ ਨੇ ਆਖਿਆ ਕਿ ਆਪਣੀ ਅਮਰੀਕਾ ਫੇਰੀ ਦੌਰਾਨ ਪਾਰਟੀ ਆਗੂ ਭਗਵੰਤ ਮਾਨ ਨੇ ਹਰ ਥਾਂਈਂ ਇਹ ਗੱਲ ਬੜੀ ਠੋਕ ਕੇ ਕਹੀ ਸੀ ਕਿ ਅਸੀਂ ਡਾਲਰ ਲੈਣ ਨਹੀਂ ਸਗੋਂ ਪੰਜਾਬ ਦੇ ਭਲੇ ਲਈ ਤੁਹਾਡਾ ਸਾਥ ਲੈਣ ਆਏ ਹਾਂ। ਡਾਲਰ ਇਕੱਠੇ ਕਰਨ ਬਾਰੇ ਦੋਸ਼ ਝੂਠ ਦੇ ਪੁਲੰਦੇ ਤੋਂ ਵੱਧ ਕੁਝ ਵੀ ਨਹੀਂ। ਬੇਕਰਜ਼ਫੀਲਡ ਤੋਂ ਆਏ ਬਲਵਿੰਦਰ ਸਿੰਘ ਬਰਾੜ, ਜਿਨ੍ਹਾਂ ਮਨਪ੍ਰੀਤ ਦੀ ਬੇਕਰਜ਼ਫੀਲਡ ਫੇਰੀ ਦੇ ਪ੍ਰਬੰਧ ਵਿਚ ਮੋਹਰੀ ਭੂਮਿਕਾ ਨਿਭਾਈ ਸੀ, ਨੇ ਬੋਲਦਿਆਂ ਆਖਿਆ ਕਿ ਮਨਪ੍ਰੀਤ ਬਾਦਲ ਪੰਜਾਬ ਨੂੰ ਇਕ ਨਵਾਂ ਸਿਆਸੀ ਪ੍ਰਬੰਧ ਦੇਣ ਲਈ ਤੁਰੇ ਹਨ ਅਤੇ ਅਸੀਂ ਉਨ੍ਹਾਂ ਦੇ ਨਾਲ ਹਾਂ।

ਸ. ਸਾਧੂ ਸਿੰਘ ਸੰਘਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬ ਦੇ ਲੋਕਾਂ ਦੀ ਇਹ ਖੁਸ਼ਕਿਸਮਤੀ ਹੈ ਕਿ ਉਨ੍ਹਾਂ ਨੂੰ ਮਨਪ੍ਰੀਤ ਵਰਗਾ ਪੜ੍ਹਿਆ-ਲਿਖਿਆ ਸੂਝਵਾਨ ਅਤੇ ਇਮਾਨਦਾਰ ਆਗੂ ਮਿਲਿਆ ਹੈ। ਉਸ ਵਿਚੋਂ ਪੰਜਾਬ ਦੇ ਲੋਕਾਂ ਨੂੰ ਆਸ ਦੀ ਇਕ ਨਵੀਂ ਕਿਰਨ ਦਿਸ ਰਹੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪੰਜਾਬ ਦੇ ਲੋਕ ਉਨ੍ਹਾਂ ਦਾ ਭਰਵਾਂ ਸਾਥ ਦੇਣਗੇ। ਸ. ਰਣਜੀਤ ਸਿੰਘ ਗਿੱਲ ਨੇ ਆਖਿਆ ਕਿ ਪੰਜਾਬ ਦਾ ਭਵਿੱਖ ਸੁਧਾਰਨ ਲਈ ਅਸੀਂ ਮਨਪ੍ਰੀਤ ਸਿੰਘ ਦੇ ਨਾਲ ਖੜ੍ਹੇ ਹਾਂ। ਇਹ ਪਹਿਲੀ ਵਾਰ ਸੀ ਕਿ ਪੰਜਾਬ ਤੋਂ ਆਉਂਦੇ ਸਿਆਸਤਦਾਨਾਂ ਦੇ ਉਲਟ ਮਨਪ੍ਰੀਤ ਸਿੰਘ ਲੋਕਾਂ ਤੋਂ ਉਨ੍ਹਾਂ ਦੇ ਨੋਟ ਨਹੀਂ, ਵੋਟ ਦੀ ਮੰਗ ਕਰ ਰਿਹਾ ਸੀ। ਮਨਪ੍ਰੀਤ ਉਤੇ ਡਾਲਰ ਇਕੱਠੇ ਕਰਨ ਦੇ ਦੋਸ਼ ਨੂੰ ਮੂਲੋਂ ਹੀ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਮਨਪ੍ਰੀਤ ਨੂੰ ਪੈਸੇ ਦੀ ਹੀ ਭੁੱਖ ਹੁੰਦੀ ਤਾਂ ਉਹ ਆਪਣੇ ਤਾਏ ਪ੍ਰਕਾਸ਼ ਸਿੰਘ ਬਾਦਲ ਨਾਲ ਹੀ ਰਲਿਆ ਰਹਿੰਦਾ। ਅਜਿਹੇ ਹੀ ਵਿਚਾਰ ਪ੍ਰਗਟ ਕਰਦਿਆਂ ਮਹਿੰਦਰ ਸਿੰਘ ਸੰਧਾਵਾਲੀਆ ਨੇ ਕਿਹਾ ਕਿ ਪੰਜਾਬ ਦੀ ਰਾਜਨੀਤੀ ਵਿਚ ਜੇ ਇਮਾਨਦਾਰੀ ਦੀ ਮਿਸਾਲ ਲੱਭਣੀ ਹੋਵੇ ਤਾਂ ਮਨਪ੍ਰੀਤ ਇਕ ਉਘੀ ਮਿਸਾਲ ਹੈ ਜਿਸ ਨੇ ਖਜ਼ਾਨਾ ਮੰਤਰੀ ਹੁੰਦਿਆਂ ਆਪਣੇ ਆਪ ਨੂੰ ਬੇਦਾਗ ਰੱਖਿਆ।

ਮਨਪ੍ਰੀਤ ਸਿੰਘ ਬਾਦਲ ਅਤੇ ਉਸ ਦੀ ਪਾਰਟੀ ਦੀ ਵੱਖਰੀ ਰਾਜਨੀਤੀ ਦੀ ਸ਼ਲਾਘਾ ਕਰਦਿਆਂ ਸ੍ਰੀ ਹੈਰੀ ਮਾਨ ਨੇ ਆਖਿਆ ਕਿ ਮੈਂ ਭਾਵੇਂ ਪਾਰਟੀ ਦਾ ਮੈਂਬਰ ਨਹੀਂ ਹਾਂ ਪਰ ਮਨਪ੍ਰੀਤ ਦੀ ਦੂਰ-ਅੰਦੇਸ਼ੀ ਅਤੇ ਉਸ ਦੀ ਇਮਾਨਦਾਰ ਰਾਜਨੀਤੀ ਤੋਂ ਬੇਹਦ ਪ੍ਰਭਾਵਿਤ ਹਾਂ। ਸ. ਸੁਰਿੰਦਰ ਸਿੰਘ ਮੰਡਾਲੀ ਨੇ ਆਖਿਆ ਕਿ ਪੀਪਲਜ਼ ਪਾਰਟੀ ਆਫ ਪੰਜਾਬ ਸਿਧਾਂਤਾਂ ਉਤੇ ਖੜ੍ਹੀ ਹੈ, ਆਪਣੇ ਸਵਾਰਥ ਖਾਤਰ ਲੋਕ ਪਾਰਟੀਆਂ ਵਿਚ ਆਉਂਦੇ-ਜਾਂਦੇ ਰਹਿੰਦੇ ਹਨ ਪਰ ਹੱਕ, ਸੱਚ ਲਈ ਲੜ ਰਹੀਆਂ ਪਾਰਟੀਆਂ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਮਨਪ੍ਰੀਤ ਦੀ ਅਮਰੀਕਾ ਫੇਰੀ ਦੌਰਾਨ ਫਰਿਜ਼ਨੋ ਵਿਚ ਹੋਈ ਪਾਰਟੀ ਮੀਟਿੰਗ ਦੀ ਕਾਮਯਾਬੀ ਲਈ ਉਘੀ ਭੂਮਿਕਾ ਨਿਭਾਉਣ ਵਾਲੇ ਡਾ. ਅਜੀਤ ਸਿੰਘ ਖਹਿਰਾ ਨੇ ਸ. ਮਨਪ੍ਰੀਤ ਸਿੰਘ ਬਾਦਲ ਉਤੇ ਡਾਲਰ ਇਕੱਠੇ ਕਰਨ ਦੇ ਇਲਜ਼ਾਮ ਨੂੰ ਬਹੁਤ ਹੀ ਘਟੀਆ ਪੱਧਰ ਦੀ ਰਾਜਨੀਤੀ ਕਰਾਰ ਦਿੱਤਾ। ਕੁਝ ਅਜਿਹੇ ਹੀ ਵਿਚਾਰ ਪ੍ਰਗਟ ਕਰਦਿਆਂ ਪ੍ਰਿੰ. ਪ੍ਰੀਤਮ ਸਿੰਘ ਨਾਹਲ ਨੇ ਆਖਿਆ ਕਿ ਪੀਪਲਜ਼ ਪਾਰਟੀ ਨਿੱਗਰ ਬੁਨਿਆਦ ਉਤੇ ਖੜ੍ਹੀ ਹੈ ਅਤੇ ਇਸ ਨੂੰ ਖੁਦਗਰਜ਼ ਲੋਕਾਂ ਦੇ ਆਉਣ-ਜਾਣ ਨਾਲ ਕੋਈ ਫਰਕ ਨਹੀਂ ਪੈਣ ਲੱਗਾ। ਉਨ੍ਹਾਂ ਪਾਰਟੀ ਨਾਲ ਹਮਦਰਦੀ ਰੱਖਣ ਵਾਲੇ ਲੋਕਾਂ ਨੂੰ ਇਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਦਿਨ-ਰਾਤ ਇਕ ਕਰਨ ਦਾ ਸੱਦਾ ਦਿੱਤਾ। ਬਹੁਤੇ ਬੁਲਾਰਿਆਂ ਨੇ ਇਹ ਸਵਾਲ ਕੀਤਾ ਕਿ ਕਿੱਥੇ ਗਈਆਂ ਬਰਾੜ ਅਤੇ ਢਿੱਲੋਂ ਦੀਆਂ ਉਹ ਸਹੁੰਆਂ ਜੋ ਉਨ੍ਹਾਂ ਸ਼ਹੀਦ ਭਗਤ ਸਿੰਘ ਦੀ ਸੋਚ ਉਤੇ ਪਹਿਰਾ ਦੇਣ ਲਈ ਉਠਾਈਆਂ ਸਨ?

ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ ਦੌਧਰ, ਅਮਰਜੀਤ ਸਿੰਘ ਘੋਲੀਆਂ, ਜਗਰੂਪ ਸਿੰਘ ਬਰਾੜ, ਨਾਜਰ ਸਿੰਘ ਸਹੋਤਾ, ਸੰਤੋਖ ਸਿੰਘ ਢਿੱਲੋਂ, ਸ਼ਰਨਦੀਪ ਸਿੰਘ ਢਿੱਲੋਂ, ਜੈਕ ਸੰਘੇੜਾ, ਲਵਦੀਪ ਸਿੰਘ ਧਾਲੀਵਾਲ, ਦੀਪਾ ਬਲਡੋਗ, ਮਨਜੀਤ ਸਿੰਘ ਕੁਲਾਰ, ਬਿੱਟਾ ਕੁੱਸਾ, ਜਸਵਿੰਦਰ ਸਿੰਘ, ਲਾਲੀ ਸੰਧੂ, ਕੇਵਲ ਸਿੰਘ ਬਾਸੀ, ਸ਼ੇਰ ਸਿੰਘ, ਕੁਲਵੰਤ ਸਿੰਘ ਰੋਮਾਣਾ ਤੇ ਨਿਰਮਲ ਸਿੰਘ ਕਰਦਰਜ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਨਿੱਕੀ ਹੈਲੀ 'ਤੇ ਫੰਡਾਂ ਦੀ ਦੁਰਵਰਤੋਂ ਦਾ ਦੋਸ਼

**ਵਾਸ਼ਿੰਗਟਨ:** ਅਮਰੀਕੀ ਸੈਨੇਟਰ ਟੌਮ ਹਰਕਿਨ ਨੇ ਭਾਰਤੀ ਮੂਲ ਦੀ ਗਵਰਨਰ ਨਿੱਕੀ ਹੈਲੀ 'ਤੇ ਫੰਡਾਂ ਦੀ ਦੁਰਵਰਤੋਂ ਦਾ ਦੋਸ਼ ਲਾਉਂਦਿਆਂ ਉਸ ਖ਼ਿਲਾਫ਼ ਫੈਡਰਲ ਜਾਂਚ ਦੀ ਮੰਗ ਕੀਤੀ ਹੈ। ਦੂਜੇ ਪਾਸੇ ਹੈਲੀ ਦੇ ਬੁਲਾਰੇ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ।

ਸੈਨੇਟਰ ਟੌਮ ਹਰਕਿਨ ਨੇ ਸਿਹਤ ਤੇ ਮਨੁੱਖੀ ਸੇਵਾਵਾਂ ਦੇ ਸੰਘੀ ਵਿਭਾਗ ਦੇ ਇੰਸਪੈਕਟਰ ਜਨਰਲ ਡੈਨੀਅਲ ਆਰ. ਲੇਵਿਨਸਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦੱਖਣੀ ਕੈਰੋਲਾਈਨਾ ਦੀ ਗਵਰਨਰ ਨਿੱਕੀ ਹੈਲੀ ਵੱਲੋਂ ਵਰਤੇ ਗਏ ਫੰਡਾਂ ਦੀ ਜਾਂਚ ਕੀਤੀ ਜਾਵੇ। ਸ੍ਰੀ ਟੌਮ ਨੇ ਦੋਸ਼ ਲਾਇਆ ਹੈ ਕਿ ਗਵਰਨਰ ਹੈਲੀ ਨੇ 'ਪੇਸ਼ੈਂਟ ਪ੍ਰੋਟੈਕਸ਼ਨ ਐਂਡ ਅਫੋਡੇਬਲ ਕੇਅਰ ਐਕਟ ਤਹਿਤ ਹਾਸਲ ਹੋਈ ਗਰਾਂਟ ਦੀ ਦੁਰਵਰਤੋਂ ਕੀਤੀ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722
Ph: 559-271-5511

44790 S. Grimmer Blvd. #204 Fremont CA-94538
Ph:510-657-6444
Fax: 510-657-6443

2945 W. Capitol Ave, Sacramento CA-95691
Ph: 916-372-4448
Fax: 916-372-4440



Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

Call for free initial consultation

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

99% approved same day. We specialize in high risk businesses.

ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)

Need Money? We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com




www.GoldCoastATM.com



ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਚੋਣ ਕਮਿਸ਼ਨ ਵੱਲੋਂ ਸਖ਼ਤੀ ਸ਼ੁਰੂ




## ਪੰਜ ਜ਼ਿਲ੍ਹਿਆਂ ਦੇ ਪੁਲਿਸ ਮੁਖੀ ਤਬਦੀਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚੋਣ ਕਮਿਸ਼ਨ ਨੇ ਪੰਜ ਜ਼ਿਲ੍ਹਿਆਂ ਪਟਿਆਲਾ, ਮੁਕਤਸਰ, ਬਰਨਾਲਾ, ਮੋਗਾ ਤੇ ਮਾਨਸਾ ਦੇ ਐਸ.ਐਸ.ਪੀਜ਼. ਤੇ ਪਟਿਆਲਾ ਦੇ ਐਸ.ਪੀ. (ਸਥਾਨਕ) ਨੂੰ ਤਬਦੀਲ ਕਰਨ ਦਾ ਫੈਸਲਾ ਕਰ ਲਿਆ ਹੈ। ਸੂਤਰਾਂ ਅਨੁਸਾਰ ਚੋਣ ਕਮਿਸ਼ਨ ਵੱਲੋਂ ਉਕਤ ਜ਼ਿਲ੍ਹਿਆਂ ਦੇ ਪੁਲਿਸ ਮੁਖੀਆਂ ਦੀ ਕਾਰਗੁਜ਼ਾਰੀ ਨੂੰ ਸ਼ੱਕੀ ਮੰਨਿਆ ਜਾ ਰਿਹਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਦੇ ਐਸ.ਐਸ.ਪੀ. ਇੰਦਰਮੋਹਨ ਸਿੰਘ, ਮੋਗਾ ਦੇ ਸਨੇਹਦੀਪ ਸ਼ਰਮਾ, ਬਰਨਾਲਾ ਦੇ ਸੁਰਜੀਤ ਸਿੰਘ, ਪਟਿਆਲਾ ਦੇ ਗੁਰਪ੍ਰੀਤ ਸਿੰਘ ਗਿੱਲ ਤੇ ਮਾਨਸਾ 'ਚ ਸੁਖਦੇਵ ਸਿੰਘ ਚਾਹਲ ਦੀ ਥਾਂ 'ਤੇ ਪੰਜਾਬ ਪੁਲਿਸ ਵੱਲੋਂ ਨਵੇਂ ਅਧਿਕਾਰੀਆਂ ਦਾ ਪੈਨਲ ਤਿਆਰ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਫਤਿਹਗੜ੍ਹ ਸਾਹਿਬ ਦੇ ਰਣਬੀਰ ਸਿੰਘ ਖੱਟੜਾ ਨੂੰ ਤਬਦੀਲ ਕਰਨ ਬਾਰੇ ਵੀ ਚਰਚਾ ਹੈ।

ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਚੋਣ ਜ਼ਾਬਤਾ ਲੱਗਣ ਦੇ ਤਿੰਨ ਦਿਨਾਂ ਦੇ ਅੰਦਰ ਹੀ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਨੂੰ ਦੂਜਾ ਵੱਡਾ ਝਟਕਾ ਦਿੱਤਾ ਗਿਆ ਹੈ। ਐਤਵਾਰ ਨੂੰ ਕਪੂਰਥਲਾ, ਮਾਨਸਾ ਤੇ ਮੋਗਾ ਦੇ ਡੀ.ਸੀ. ਬਦਲਣ ਦਾ ਫੈਸਲਾ ਲਿਆ ਗਿਆ ਸੀ।

ਚੋਣ ਕਮਿਸ਼ਨ ਵੱਲੋਂ ਨਵੇਂ ਜ਼ਿਲ੍ਹਾ ਪੁਲਿਸ ਮੁਖੀ ਨਿਯੁਕਤ ਕਰਨ ਲਈ ਰਾਜ ਦੇ ਗ੍ਰਹਿ ਵਿਭਾਗ ਨੂੰ ਪੁਲਿਸ ਅਧਿਕਾਰੀਆਂ ਦਾ ਪੈਨਲ ਤਿਆਰ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ। ਗ੍ਰਹਿ ਵਿਭਾਗ ਦੇ ਅਧਿਕਾਰੀ ਨੇ ਛੇ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਕਮਿਸ਼ਨ ਦੀਆਂ ਹਦਾਇਤਾਂ 'ਤੇ ਹੋਣ ਦੀ ਪੁਸ਼ਟੀ ਕੀਤੀ ਹੈ।

ਮੁੱਖ ਚੋਣ ਅਫਸਰ ਦੇ ਦਫ਼ਤਰ ਵੱਲੋਂ ਇਸ ਬਾਰੇ ਭਾਰਤ ਦੇ ਚੋਣ ਕਮਿਸ਼ਨ ਨੂੰ ਵੀ ਪੱਤਰ ਵਿਹਾਰ ਕੀਤਾ ਗਿਆ ਹੈ। ਰਾਜ ਦੀ ਮੁੱਖ ਚੋਣ ਅਧਿਕਾਰੀ ਕੁਸੁਮਜੀਤ ਸਿੱਧੂ ਨੇ ਉਕਤ ਜ਼ਿਲ੍ਹਿਆਂ ਦੇ ਐਸ.ਐਸ.ਪੀ. ਤਬਦੀਲ ਕਰਨ ਤੋਂ ਪਹਿਲਾਂ ਡੀ.ਜੀ.ਪੀ. ਅਨਿਲ ਕੌਸ਼ਿਕ ਤੇ ਏ.ਡੀ.ਜੀ.ਪੀ. (ਚੋਣਾਂ) ਸੀ.ਐਸ.ਆਰ. ਰੈਡੀ ਨਾਲ ਮੀਟਿੰਗ ਕੀਤੀ। ਚੋਣ ਅਧਿਕਾਰੀ ਨੇ ਸ੍ਰੀ ਰੈਡੀ ਨੂੰ ਨਵੇਂ ਪੁਲਿਸ ਅਧਿਕਾਰੀਆਂ ਦਾ ਪੈਨਲ ਤਿਆਰ ਕਰਨ ਦੀਆਂ ਹਦਾਇਤਾਂ ਦਿੱਤੀਆਂ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਕਈ ਜ਼ਿਲ੍ਹਾ ਪੁਲਿਸ ਮੁਖੀ ਚੋਣ ਕਮਿਸ਼ਨ ਦੇ ਨਿਸ਼ਾਨੇ 'ਤੇ ਸਨ। ਮੋਗਾ ਦੇ ਐਸ.ਐਸ.ਪੀ. ਸਨੇਹਦੀਪ ਸ਼ਰਮਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਮੋਗਾ ਤੋਂ ਉਮੀਦਵਾਰ ਪਰਮਦੀਪ ਸਿੰਘ ਗਿੱਲ ਦੇ ਡੀ.ਜੀ.ਪੀ. ਹੁੰਦਿਆਂ ਮੋਗਾ ਹਲਕੇ ਵਿਚਲੀਆਂ ਸਰਗਰਮੀਆਂ ਬਾਰੇ ਜੋ ਵੀ ਰਿਪੋਰਟਾਂ ਭੇਜੀਆਂ ਗਈਆਂ, ਉਨ੍ਹਾਂ ਨੂੰ ਗੁੰਮਰਾਹਕੁਨ ਮੰਨਿਆ ਸੀ। ਬਰਨਾਲਾ ਦੇ ਐਸ.ਐਸ.ਪੀ. ਸੁਰਜੀਤ ਸਿੰਘ ਬਾਰੇ ਕਮਿਸ਼ਨ ਨੂੰ ਸ਼ਿਕਾਇਤਾਂ ਮਿਲੀਆਂ ਸਨ ਕਿ ਇਹ ਪੁਲਿਸ ਅਫਸਰ ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਤੇ ਭਦੌੜ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦਰਬਾਰਾ ਸਿੰਘ ਗੁਰੂ ਦਾ ਕਰੀਬੀ ਹੈ।

ਚੋਣ ਕਮਿਸ਼ਨ ਵੱਲੋਂ ਕੁਝ ਪੁਲਿਸ ਅਧਿਕਾਰੀਆਂ ਦਾ ਪਿਛੋਕੜ ਕਿਸੇ ਅਪਰਾਧਿਕ ਸਰਗਰਮੀ ਨਾਲ ਜੁੜਿਆ ਹੋਣ ਕਾਰਨ ਵੀ ਤਬਾਦਲੇ ਦਾ ਫੈਸਲਾ ਲਿਆ ਗਿਆ ਹੈ। ਪਟਿਆਲਾ ਦੇ ਐਸ.ਪੀ. ਹੈੱਡਕੁਆਰਟਰ ਗੁਰਦੀਪ ਸਿੰਘ ਪੰਨੂ ਨੂੰ ਵੀ ਤਬਦੀਲ ਕਰਨ ਫੈਸਲਾ ਕੀਤਾ ਗਿਆ ਹੈ। ਪਟਿਆਲਾ ਦੇ ਐਸ.ਐਸ.ਪੀ. ਬਾਰੇ ਕਿਹਾ ਜਾ ਰਿਹਾ ਹੈ ਕਿ ਉਸ ਦੀ ਨਿੱਜੀ ਰਿਹਾਇਸ਼ ਪਟਿਆਲਾ ਸ਼ਹਿਰ ਵਿਚ ਹੀ ਹੈ। ਮੁਕਤਸਰ ਦੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਮੁੱਖ ਮੰਤਰੀ ਦੇ ਪਰਿਵਾਰ ਦੇ ਨਜ਼ਦੀਕ ਸਮਝਿਆ ਜਾਂਦਾ ਹੈ ਤੇ ਉਹ ਲੰਮਾ ਸਮਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਤਾਇਨਾਤ ਨਿੱਜੀ ਸੁਰੱਖਿਆ ਅਮਲੇ ਵਿਚ ਰਹੇ ਹਨ।

ਜ਼ਿਕਰਯੋਗ ਹੈ ਕਿ ਫਤਿਹਗੜ੍ਹ ਸਾਹਿਬ ਦੇ ਐਸ.ਐਸ.ਪੀ. ਰਣਬੀਰ ਸਿੰਘ ਖੱਟੜਾ ਨੂੰ ਚੋਣ ਕਮਿਸ਼ਨ ਨੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ 'ਚ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਅੰਮ੍ਰਿਤਸਰ ਦਿਹਾਤੀ ਪੁਲਿਸ ਜ਼ਿਲ੍ਹੇ ਤੋਂ ਤਬਦੀਲ ਕੀਤਾ ਸੀ ਤੇ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਵਿਧਾਨ ਸਭਾ ਚੋਣਾਂ ਦਾ ਜ਼ਾਬਤਾ ਲੱਗਣ ਤੋਂ ਪਹਿਲਾਂ ਅਜਿਹੇ ਪੁਲਿਸ ਤੇ ਸਿਵਲ ਅਫਸਰਾਂ ਨੂੰ ਚੋਣ ਡਿਊਟੀ ਤੋਂ ਲਾਂਭੇ ਕੀਤਾ ਜਾਵੇ ਜਿਨ੍ਹਾਂ ਅਫਸਰਾਂ ਨੂੰ ਪਹਿਲਾਂ ਕਦੇ ਚੋਣ ਕਮਿਸ਼ਨ ਨੇ ਤਬਦੀਲ ਕੀਤਾ ਸੀ। ਸਰਕਾਰ ਨੇ ਕਮਿਸ਼ਨ ਦੀਆਂ ਹਦਾਇਤਾਂ ਨੂੰ ਅੱਖੋਂ ਪਰੋਖੇ ਕਰਦਿਆਂ ਸ. ਖੱਟੜਾ ਸਮੇਤ ਕਈਆਂ ਨੂੰ ਤਬਦੀਲ ਨਹੀਂ ਕੀਤਾ।

# ਵੱਡੇ ਆਗੂਆਂ ਦੇ ਹਲਕੇ ਸੰਵੇਦਨਸ਼ੀਲ ਕਰਾਰ

**ਚੰਡੀਗੜ੍ਹ:** ਪੰਜਾਬ ਦੇ ਦਿੱਗਜ ਸਿਆਸਦਾਨਾਂ ਦੀ ਨੁਮਾਇੰਦਗੀ ਵਾਲੇ ਵਿਧਾਨ ਸਭਾ ਹਲਕਿਆਂ ਨੂੰ ਚੋਣ ਕਮਿਸ਼ਨ ਨੇ ਹਰ ਪੱਖੋਂ ਸੰਵੇਦਨਸ਼ੀਲ ਐਲਾਨਿਆ ਹੈ। ਚੋਣ ਅਧਿਕਾਰੀਆਂ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਦੇ ਹਲਕੇ ਸੁਰੱਖਿਆ ਤੇ ਖਰਚੇ ਦੇ ਪੱਖ ਤੋਂ ਸੰਵੇਦਨਸ਼ੀਲ ਕਰਾਰ ਦਿੱਤੇ ਗਏ ਹਨ। ਚੋਣ ਕਮਿਸ਼ਨ ਦੇ ਅਧਿਕਾਰੀਆਂ ਦੇ ਅੰਦਾਜ਼ੇ ਮੁਤਾਬਕ ਉਕਤ ਆਗੂ ਜਿਨ੍ਹਾਂ ਹਲਕਿਆਂ ਦੀ ਨੁਮਾਇੰਦਗੀ ਕਰਦੇ ਹਨ, ਉੱਥੇ ਪੈਸਾ ਪਾਣੀ ਵਾਂਗ ਵਹਾਏ ਜਾਣ ਦਾ ਹੀ ਖ਼ਦਸ਼ਾ ਨਹੀਂ ਸਗੋਂ ਚੋਣਾਂ ਦੌਰਾਨ ਗੜਬੜ ਵੀ ਹੋ ਸਕਦੀ ਹੈ।

ਸੰਵੇਦਨਸ਼ੀਲ ਹਲਕਿਆਂ ਵਿਚ ਗੁਰਦਾਸਪੁਰ, ਕਾਦੀਆਂ, ਬਟਾਲਾ, ਫਤਹਿਗੜ੍ਹ ਚੂੜੀਆਂ, ਡੇਰਾ ਬਾਬਾ ਨਾਨਕ, ਅਜਨਾਲਾ, ਮਜੀਠਾ, ਤਰਨਤਾਰਨ, ਭੁਲੱਥ, ਜਲੰਧਰ ਕੈਂਟ, ਮੁਹਾਲੀ, ਡੇਰਾਬਸੀ, ਲੁਧਿਆਣਾ ਦੱਖਣੀ, ਮੋਗਾ, ਧਰਮਕੋਟ, ਜ਼ੀਰਾ, ਜਲਾਲਾਬਾਦ ਫਾਜ਼ਿਲਕਾ ਸ਼ਾਮਲ ਹਨ। ਇਸੇ ਤਰ੍ਹਾਂ ਲੰਬੀ, ਗਿੱਦੜਬਾਹਾ, ਮੁਕਤਸਰ, ਫਰੀਦਕੋਟ, ਕੋਟਕਪੂਰਾ, ਰਾਮਪੁਰਾ ਫੂਲ, ਤਲਵੰਡੀ ਸਾਬੋ, ਮਾਨਸਾ, ਭਦੌੜ, ਬਰਨਾਲਾ, ਰਾਜਪੁਰਾ ਤੇ ਪਟਿਆਲਾ ਵੀ ਸੰਵੇਦਨਸ਼ੀਲ ਮੰਨੇ ਗਏ ਹਨ। ਜਿਨ੍ਹਾਂ ਹਲਕਿਆਂ ਨੂੰ ਖਰਚੇ ਦੇ ਪੱਖ ਤੋਂ ਸੰਵੇਦਨਸ਼ੀਲ ਮੰਨਿਆ ਹੈ ਉਨ੍ਹਾਂ ਵਿਚ ਅਜਨਾਲਾ, ਰਾਜਾਸਾਂਸੀ, ਮਜੀਠਾ, ਅੰਮ੍ਰਿਤਸਰ ਉੱਤਰੀ, ਅਟਾਰੀ, ਰੂਪਨਗਰ, ਚਮਕੌਰ ਸਾਹਿਬ, ਫਤਹਿਗੜ੍ਹ ਸਾਹਿਬ, ਲੁਧਿਆਣਾ ਪੂਰਬੀ, ਲੁਧਿਆਣਾ ਦੱਖਣੀ, ਬਾਘਾ ਪੁਰਾਣਾ, ਮੋਗਾ, ਧਰਮਕੋਟ, ਲੰਬੀ, ਗਿੱਦੜਬਾਹਾ, ਫਰੀਦਕੋਟ, ਰਾਮਪੁਰਾ ਫੂਲ, ਬਠਿੰਡਾ ਸ਼ਹਿਰੀ ਤੇ ਪਟਿਆਲਾ ਹਲਕੇ ਸ਼ਾਮਲ ਹਨ।

ਚੋਣ ਕਮਿਸ਼ਨ ਮੁਤਾਬਕ ਕਮਿਸ਼ਨ ਨੂੰ ਪਿਛਲੇ ਦੋ ਦਿਨਾਂ ਦੌਰਾਨ 15 ਦੇ ਕਰੀਬ ਸ਼ਿਕਾਇਤਾਂ ਸੂਬੇ ਦੇ ਵੱਖ-ਵੱਖ ਹਿੱਸਿਆਂ 'ਚੋਂ ਚੋਣਾਂ ਨਾਲ ਸਬੰਧਤ ਮਿਲੀਆਂ ਹਨ। ਉਨ੍ਹਾਂ ਦੱਸਿਆ ਕਿ ਨੌਂ ਸ਼ਿਕਾਇਤਾਂ 'ਤੇ ਸਰਕਾਰ ਤੋਂ ਜਵਾਬ ਤਲਬ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਮੀਡੀਆ ਵਿੱਚ ਪ੍ਰਕਸ਼ਿਤ ਹੋਈ ਰਿਪੋਰਟ ਦੇ ਅਧਾਰ 'ਤੇ ਖੁਦ-ਬ-ਖੁਦ ਨੋਟਿਸ ਲਿਆ ਜਾਵੇ।

# ਬਸਪਾ ਇਕੱਲੀ ਹੀ ਮੈਦਾਨ 'ਚ ਡਟੀ

**ਚੰਡੀਗੜ੍ਹ:** ਬਹੁਜਨ ਸਮਾਜ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ 'ਚ ਕਿਸੇ ਵੀ ਪਾਰਟੀ ਨਾਲ ਸਮਝੌਤਾ ਕਰਨ ਤੋਂ ਇਨਕਾਰਨ ਕਰਦਿਆਂ ਇਕੱਲਿਆਂ ਹੀ ਮੈਦਾਨ 'ਚ ਡਟਣ ਦਾ ਫੈਸਲਾ ਕੀਤਾ ਗਿਆ ਹੈ। ਬਸਪਾ ਨੇ ਬਿਨਾਂ ਕਿਸੇ ਦੀ ਉਡੀਕ ਕੀਤਿਆਂ 90 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਬਸਪਾ ਦੀ ਪੰਜਾਬ ਇਕਾਈ ਦੇ ਇੰਚਾਰਜ ਨਰਿੰਦਰ ਕਸ਼ਿਅਪ ਨੇ ਬਸਪਾ ਵੱਲੋਂ ਆਪਣੇ ਤੌਰ 'ਤੇ ਚੋਣ ਲੜਨ ਦਾ ਐਲਾਨ ਕਰਦਿਆਂ ਕਿਸੇ ਵੀ ਪਾਰਟੀ ਨਾਲ ਸਮਝੌਤੇ ਦੀ ਸੰਭਾਵਨਾ ਰੱਦ ਕਰ ਦਿੱਤੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵਾਰ ਪੰਜਾਬ ਵਿਚ ਚਹੁਕੋਨਾ ਮੁਕਾਬਲਾ ਹੋਵੇਗਾ।

ਉਂਜ ਬਸਪਾ ਨੇ ਉੱਤਰ ਪ੍ਰਦੇਸ਼ ਵਾਲਾ ਫੰਡਾਂ ਵਰਤਿਆਂ 'ਉੱਚ ਜਾਤੀਆਂ' ਦੇ ਉਮੀਦਵਾਰਾਂ ਨੂੰ ਵੀ ਟਿਕਟਾਂ ਦਿੱਤੀਆਂ ਹਨ। ਬਸਪਾ ਦੇ 11 ਉਮੀਦਵਾਰ ਜਨਰਲ ਵਰਗ ਵਿਚੋਂ ਹਨ। ਇਸ ਵਾਰ ਇਕ ਬ੍ਰਾਹਮਣ, ਦੋ ਸੈਣੀ ਤੇ ਅੱਠ ਜੱਟ ਭਾਈਚਾਰੇ ਨਾਲ ਸਬੰਧਤ ਉਮੀਦਵਾਰਾਂ ਨੂੰ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।

# ਦਾਸ ਤੇ ਪਾਸ਼ ਵਿਚਾਲੇ ਹੋਵੇਗੀ ਟੱਕਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੇ ਰਵਾਇਤੀ ਵਿਧਾਨ ਸਭਾ ਹਲਕੇ ਲੰਬੀ ਤੋਂ ਉਮੀਦਵਾਰ ਐਲਾਨੇ ਜਾਣ ਨਾਲ ਇਸ ਹਲਕੇ ਤੋਂ ਮੁੱਖ ਮੰਤਰੀ ਤੇ ਉਨ੍ਹਾਂ ਦੇ ਭਰਾ ਗੁਰਦਾਸ ਸਿੰਘ ਬਾਦਲ ਵਿਚਾਲੇ ਸਿਆਸੀ ਮੈਚ ਖੇਡੇ ਜਾਣ ਦੀ ਸੰਭਾਵਨਾ ਹੈ।



ਪ੍ਰਕਾਸ਼ ਸਿੰਘ ਬਾਦਲ



ਗੁਰਦਾਸ ਸਿੰਘ ਬਾਦਲ

ਮੁੱਖ ਮੰਤਰੀ ਦੇ ਭਤੀਜੇ ਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵੱਲੋਂ ਕਈ ਵਾਰ ਐਲਾਨ ਕੀਤਾ ਜਾ ਚੁੱਕਾ ਹੈ ਕਿ ਲੰਬੀ ਹਲਕੇ ਤੋਂ ਉਨ੍ਹਾਂ ਦੇ ਪਿਤਾ ਗੁਰਦਾਸ ਸਿੰਘ ਬਾਦਲ ਪੀ.ਪੀ.ਪੀ. ਦੇ ਉਮੀਦਵਾਰ ਹੋਣਗੇ।

ਇਥੋਂ ਤੱਕ ਕਿ ਮਨਪ੍ਰੀਤ ਬਾਦਲ ਨੇ ਮੁੱਖ ਮੰਤਰੀ ਨੂੰ ਆਪਣਾ ਹਲਕਾ ਐਲਾਨਣ ਬਾਰੇ ਕਈ ਵਾਰ ਵੰਗਾਰਿਆ ਵੀ ਹੈ। ਗੁਰਦਾਸ ਬਾਦਲ ਵੀ ਇਸ ਹਲਕੇ ਤੋਂ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। ਰੌਚਕ ਪੱਖ ਇਹ ਵੀ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਇਸ ਹਲਕੇ ਦੀ ਨੁਮਾਇੰਦਗੀ ਕਰਦੇ ਸਨ ਪਰ ਗੁਰਦਾਸ ਸਿੰਘ ਬਾਦਲ ਲੰਬੀ ਵਿਧਾਨ ਸਭਾ ਹਲਕੇ ਵਿਚ ਨਿਗਰਾਨ ਦੇ ਤੌਰ 'ਤੇ ਵਿਚਰਦੇ ਸਨ। ਇਹ ਪਹਿਲੀ ਵਾਰੀ ਹੋਵੇਗਾ ਕਿ ਜਦੋਂ ਦੋ ਸਕੇ ਭਰਾ ਆਹਮੋ ਸਾਹਮਣੇ ਚੋਣ ਮੈਦਾਨ ਵਿਚ ਹੋਣਗੇ।

# ਈ. ਟੀ. ਓ. ਖੁਦਕੁਸ਼ੀ ਕੇਸ:ਐਸ.ਪੀ. ਫਸੀ

**ਚੰਡੀਗੜ੍ਹ:** ਪੰਜਾਬ ਦੇ ਕਰ ਤੇ ਆਬਕਾਰੀ ਵਿਭਾਗ ਦੇ ਈ.ਟੀ.ਓ. ਰਣਜੀਤ ਸਿੰਘ ਦੀ ਖੁਦਕੁਸ਼ੀ ਦੇ ਮਾਮਲੇ ਵਿਚ ਵਿਜੀਲੈਂਸ ਬਿਊਰੋ ਦੀ ਐਸ.ਪੀ. ਅਮਨਦੀਪ ਕੌਰ ਤੇ ਆਬਕਾਰੀ ਤੇ ਕਰ ਵਿਭਾਗ ਦੀ ਏ.ਈ.ਟੀ.ਸੀ. ਹਰਿੰਦਰ ਕੌਰ ਨੂੰ ਜਾਂਚ ਕਮੇਟੀ ਨੇ ਕਟਿਹਰੇ 'ਚ ਲਿਆ ਖੜ੍ਹਾ ਕੀਤਾ ਹੈ। ਸੀਨੀਅਰ ਪੁਲਿਸ ਅਧਿਕਾਰੀ ਹਰਪ੍ਰੀਤ ਸਿੰਘ ਸਿੱਧੂ ਤੇ ਆਈ.ਏ.ਐਸ. ਅਧਿਕਾਰੀ ਮਨਸਵੀ ਕੁਮਾਰ 'ਤੇ ਅਧਾਰਿਤ ਦੋ ਮੈਂਬਰੀ ਪੜਤਾਲੀਆ ਕਮੇਟੀ ਨੇ ਆਪਣੀ ਰਿਪੋਰਟ ਮੁੱਖ ਸਕੱਤਰ ਐਸ.ਸੀ. ਅਗਰਵਾਲ ਨੂੰ ਸੌਂਪ ਦਿੱਤੀ ਹੈ ਤੇ ਮੁੱਖ ਸਕੱਤਰ ਨੇ ਕਥਿਤ ਦੋਸ਼ੀ ਠਹਿਰਾਈਆਂ ਗਈਆਂ ਦੋਹਾਂ ਅਧਿਕਾਰੀਆਂ ਖਿਲਾਫ਼ ਅਗਲੀ ਕਾਰਵਾਈ ਲਈ ਸਬੰਧਤ ਵਿਭਾਗਾਂ ਨੂੰ ਲਿਖ ਦਿੱਤਾ ਹੈ।

ਸੂਤਰਾਂ ਅਨੁਸਾਰ ਸਬੰਧਤ ਵਿਭਾਗਾਂ ਨੇ ਮੁੱਖ ਸਕੱਤਰ ਦੀ ਹਦਾਇਤ ਨੂੰ ਫਿਲਹਾਲ ਅਣਗੌਲਿਆਂ ਕੀਤਾ ਹੋਇਆ ਹੈ ਤੇ ਕੋਈ ਕਾਰਵਾਈ ਨਹੀਂ ਕੀਤੀ। ਇਸ ਰਿਪੋਰਟ ਦਾ ਅਹਿਮ ਪੱਖ ਇਹ ਹੈ ਕਿ ਵਿਜੀਲੈਂਸ ਵੱਲੋਂ ਮ੍ਰਿਤਕ ਈ.ਟੀ.ਓ. ਰਣਜੀਤ ਸਿੰਘ 'ਤੇ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਫੜ੍ਹੇ ਜਾਣ ਦਾ ਦੋਸ਼ ਲਾਇਆ ਗਿਆ ਸੀ ਪਰ ਇਸ ਦੇ ਉਲਟ ਪੜਤਾਲੀਆ ਅਫਸਰਾਂ ਨੇ ਮ੍ਰਿਤਕ ਅਧਿਕਾਰੀ ਨੂੰ ਬੇਦੋਸ਼ਾ ਕਰਾਰ ਦਿੱਤਾ ਹੈ।

ਪੜਤਾਲੀਆ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਲੁਧਿਆਣਾ ਦੀ ਐਸ.ਪੀ. ਵਿਜੀਲੈਂਸ ਅਮਨਦੀਪ ਕੌਰ, ਉਸ ਦੇ ਰੀਡਰ ਹੌਲਦਾਰ ਹਰਮਿੰਦਰ ਸਿੰਘ ਤੇ ਮ੍ਰਿਤਕ ਈ.ਟੀ.ਓ. ਦੇ ਵਿਰੁੱਧ ਦਰਜ ਮਾਮਲੇ ਦੇ ਮੁਦੱਈ ਵਿਪਨ ਕਾਂਸਲ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਇਸ ਦੀ ਜਾਂਚ ਕਿਸੇ ਨਿਰਪੱਖ ਏਜੰਸੀ ਜਾਂ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪੀ ਜਾਵੇ।

ਪੜਤਾਲੀਆ ਅਫਸਰਾਂ ਮੁਤਾਬਕ ਐਸ.ਪੀ. ਵਿਜੀਲੈਂਸ ਅਮਨਦੀਪ ਕੌਰ ਤੇ ਹੌਲਦਾਰ ਹਰਮਿੰਦਰ ਸਿੰਘ ਵੱਲੋਂ ਮ੍ਰਿਤਕ ਈ.ਟੀ.ਓ. ਨੂੰ ਹੋਰ ਕੇਸਾਂ ਦਾ ਡਰਾਵਾ ਦੇ ਕੇ ਉਸ ਤੋਂ 8 ਲੱਖ ਰੁਪਏ ਮੰਗਣ ਦੇ ਤੱਥ ਸਾਹਮਣੇ ਆਏ ਹਨ। ਜਾਂਚ ਕਮਟੀ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਵਿਜੀਲੈਂਸ ਅਫਸਰ ਤੇ ਹੌਲਦਾਰ ਨੇ ਮ੍ਰਿਤਕ ਅਧਿਕਾਰੀ ਤੋਂ 50 ਲੱਖ ਰੁਪਏ ਤੱਕ ਦੀ ਮੰਗ ਕੀਤੀ ਹੋ ਸਕਦੀ ਹੈ। ਇਸ ਲਈ ਇਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰਨੀ ਬਣਦੀ ਹੈ।

ਆਬਕਾਰੀ ਤੇ ਕਰ ਵਿਭਾਗ ਦੀ ਏ.ਈ.ਟੀ.ਸੀ. ਹਰਿੰਦਰ ਕੌਰ ਬਰਾੜ 'ਤੇ ਪੜਤਾਲੀਆ ਕਮੇਟੀ ਨੇ ਕਮੇਟੀ ਅੱਗੇ ਝੂਠਾ ਬਿਆਨ ਦੇਣ ਦੇ ਦੋਸ਼ ਲਾਏ ਹਨ ਤੇ ਇਸ ਅਧਿਕਾਰੀ ਨੂੰ ਮਅੱਤਲ ਕਰਕੇ ਵਿਭਾਗੀ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਹੈ। ਪੜਤਾਲੀਆ ਅਧਿਕਾਰੀਆਂ ਮੁਤਾਬਕ ਰਣਜੀਤ ਸਿੰਘ ਈ.ਟੀ.ਓ. ਦੀ ਸਬੰਧਤ ਮਾਮਲੇ ਵਿਚ ਦਿਆਨਤਦਾਰੀ 'ਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਤੇ ਤੱਥਾਂ ਮੁਤਾਬਕ ਉਹ ਇਕ ਮਿਹਨਤੀ ਅਧਿਕਾਰੀ ਸੀ। ਮ੍ਰਿਤਕ ਈ.ਟੀ.ਓ. ਦੇ ਪਰਿਵਾਰ ਨੂੰ ਪੈਨਸ਼ਨਰੀ ਲਾਭ ਤੇ ਪਰਿਵਾਰ ਦੇ ਇਕ ਮੈਂਬਰ ਨੂੰ ਤਰਸ ਦੇ ਅਧਾਰ 'ਤੇ ਨੌਕਰੀ ਦੇਣ ਲਈ ਵੀ ਕਿਹਾ ਹੈ।

ਪੰਜਾਬ ਵਿਜੀਲੈਂਸ ਬਿਊਰੋ ਨੇ ਆਬਕਾਰੀ ਤੇ ਕਰ ਵਿਭਾਗ ਦੇ ਈ.ਟੀ.ਓ. ਰਣਜੀਤ ਸਿੰਘ ਨੂੰ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਸੀ। ਉਸ ਤੋਂ ਬਾਅਦ ਰਣਜੀਤ ਸਿੰਘ ਨੇ ਜੇਲ੍ਹ 'ਚੋਂ ਬਾਹਰ ਆਉਂਦਿਆਂ 22 ਅਪਰੈਲ ਨੂੰ ਖੁਦਕੁਸ਼ੀ ਕਰ ਲਈ ਸੀ ਤੇ ਖੁਦਕੁਸ਼ੀ ਨੋਟ ਵਿਚ ਵਿਜੀਲੈਂਸ ਅਫਸਰਾਂ 'ਤੇ ਝੂਠਾ ਮਾਮਲਾ ਦਰਜ ਕਰਨ ਤੇ ਜ਼ਲੀਲ ਕਰਨ ਦੇ ਦੋਸ਼ ਲਾਏ ਸਨ।

ਆਬਕਾਰੀ ਤੇ ਕਰ ਵਿਭਾਗ ਦੇ ਕਮਿਸ਼ਨਰ ਏ.ਵੇਣੂ ਪ੍ਰਸਾਦ ਦੀ ਅਗਵਾਈ ਵਿਚ ਵਿਭਾਗ ਦੇ ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਮਿਲ ਕੇ ਮਾਮਲੇ ਦੀ ਜਾਂਚ ਕਰਾਉਣ ਲਈ ਕਿਹਾ ਸੀ ਤੇ ਮੁੱਖ ਮੰਤਰੀ ਦੇ ਹੁਕਮਾਂ 'ਤੇ ਹੀ ਇਸ ਮਾਮਲੇ ਦੀ ਜਾਂਚ ਹਰਪ੍ਰੀਤ ਸਿੰਘ ਸਿੱਧੂ ਤੇ ਮਨਸਵੀ ਕੁਮਾਰ ਨੂੰ ਸੌਂਪੀ ਗਈ ਸੀ।

# ਬੱਸਾਂ ਤੋਂ ਬਾਦਲ ਦੀ ਫੋਟੋ ਲੁਹਾਈ



**ਬਠਿੰਡਾ:** ਚੋਣਾਂ ਦੇ ਐਲਾਨ ਤੋਂ ਬਾਅਦ ਜ਼ਾਬਤਾ ਲੱਗਦਿਆਂ ਹੀ ਚੋਣ ਕਮਿਸ਼ਨ ਵੱਲੋਂ ਪੰਜਾਬ 'ਚ ਸਖ਼ਤੀ ਸ਼ੁਰੂ ਕਰ ਦਿੱਤੀ ਗਈ ਹੈ। ਕਮਿਸਨ ਨੇ ਸਰਕਾਰੀ ਬੱਸਾਂ ਤੋਂ ਬਾਦਲ ਦੀ ਫੋਟੋ ਲਾਹੁਣ ਦੇ ਹੁਕਮ ਦਿੱਤੇ ਹਨ। ਚੋਣ ਜ਼ਾਬਤੇ ਮਗਰੋਂ ਬੱਸਾਂ 'ਤੇ ਬਾਦਲ ਦੀ ਫੋਟੋ ਵਾਲੇ ਬੋਰਡ ਕਾਇਮ ਸਨ। ਚੋਣ ਕਮਿਸ਼ਨ ਨੇ ਇਸ ਦਾ ਸਖ਼ਤ ਨੋਟਿਸ ਲਿਆ।

ਪੰਜਾਬ ਸਰਕਾਰ ਵੱਲੋਂ ਸਰਬ ਸਿੱਖਿਆ ਅਭਿਆਨ ਸਕੀਮ ਦੇ ਬੋਰਡ ਪੀ.ਆਰ.ਟੀ.ਸੀ. ਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਉਪਰ ਲਾਏ ਹੋਏ ਸਨ ਜਿਨ੍ਹਾਂ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਦੀ ਫੋਟੋ ਵੀ ਲਾਈ ਹੋਈ ਸੀ। ਇਨ੍ਹਾਂ ਬੋਰਡਾਂ 'ਤੇ ਪੰਜਾਬ ਸਰਕਾਰ ਦੀਆਂ ਸਿੱਖਿਆ ਦੇ ਖੇਤਰ ਵਿਚ ਪ੍ਰਾਪਤੀਆਂ ਨੂੰ ਉਭਾਰਿਆ ਹੋਇਆ ਸੀ। ਸਰਕਾਰੀ ਬੱਸਾਂ ਦੇ ਦੋਵੇਂ ਪਾਸੇ ਇਹ ਬੋਰਡ ਲੱਗੇ ਹੋਏ ਸਨ। ਪੀ.ਆਰ.ਟੀ.ਸੀ. ਵੱਲੋਂ ਇਸ਼ਤਿਹਾਰਬਾਜ਼ੀ ਲਈ ਉਂਜ ਕਿਸੇ ਪ੍ਰਾਈਵੇਟ ਕੰਪਨੀ ਨੂੰ ਠੇਕਾ ਦਿੱਤਾ ਹੋਇਆ ਹੈ ਪਰ ਇਹ ਬੋਰਡ ਸਰਕਾਰੀ ਤੌਰ 'ਤੇ ਹੀ ਲਾਏ ਹੋਏ ਸਨ। ਮਾਲਵਾ ਖਿੱਤੇ ਵਿਚ ਲਾਏ ਆਰ.ਓ. ਪਲਾਂਟਾਂ 'ਤੇ ਵੀ ਬਾਦਲ ਦੀ ਫੋਟੋ ਵਾਲੇ ਬੋਰਡ ਲੱਗੇ ਹੋਏ ਹਨ ਤੇ ਇਨ੍ਹਾਂ ਤੋਂ ਵੀ ਇਹ ਬੋਰਡ ਉਤਾਰੇ ਜਾ ਰਹੇ ਹਨ।

# ਇਸਰਾਇਲ ਵੱਲੋਂ ਸ਼ਾਂਤੀ ਵਾਰਤਾ ਰੋਕਣ ਦੀ ਧਮਕੀ

**ਜੇਰੂਸ਼ਲਮ:** ਇਸਰਾਇਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਬਾਹੂ ਨੇ ਧਮਕੀ ਦਿੱਤੀ ਹੈ ਕਿ ਵਫ਼ਦ 'ਚ ਹਮਾਸ ਦੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਗਿਆ ਤਾਂ ਫਲਸਤੀਨ ਨਾਲ ਸ਼ਾਂਤੀ ਵਾਰਤਾ ਨਹੀਂ ਕੀਤੀ ਜਾਵੇਗੀ। ਹਮਾਸ ਦਾ ਮੁਖੀ ਖਾਲਿਦ ਮੇਸ਼ਾਲ ਪਿਛਲੇ ਹਫਤੇ ਕਾਹਿਰਾ 'ਚ ਫਲਸਤੀਨੀ ਰਾਸ਼ਟਰਪਤੀ ਤੇ ਫਤਹੇ ਦੇ ਮੁਖੀ ਮਹਿਮੂਦ ਅੱਬਾਸ ਨੂੰ ਮਿਲੇ ਸਨ ਤੇ ਹਮਾਸ ਨੂੰ ਵਾਰਤਾ 'ਚ ਸ਼ਾਮਲ ਕਰਨ ਬਾਰੇ ਵਿਚਾਰ ਕੀਤੀ ਸੀ।

# Desi Cuts Yuba City

**440 N. Palora Ave.#B, Yuba City, CA 95991 (Near LA Merchandise)**

## ਬੇਏਰੀਆ, ਕੈਲੀਫੋਰਨੀਆ ਤੋਂ ਬਾਅਦ ਹੁਣ ਯੂਬਾ ਸਿਟੀ ਵਿਚ

**For Men & Children** **ਫੋਨ:530–673–1455**

## ਸਮੂਹ ਗਾਹਕਾਂ ਅਤੇ ਸਰਪ੍ਰਸਤਾਂ ਨੂੰ ਨਵਾਂ ਸਾਲ

## 2012 ਮੁਬਾਰਕ

## Happy New Year



*Tony*

- *Hair cut
- *Beard Perm
- *Hair styler
- *Color
- *Threading

**ਵਾਜਿਬ ਰੇਟ ਵਧੀਆ ਸਰਵਿਸ**



ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

**Monday to Friday 9:00-7:30 (Tuesday Closed)**
**Saturday 9:00-7:00, Sunday 10:00-6:00**

# ਪਾਕਿਸਤਾਨੀ ਸਰਕਾਰ ਅਤੇ ਫੌਜ ਵਿਚਾਲੇ 'ਟਕਰਾਅ' ਵਧਿਆ

**ਇਸਲਾਮਾਬਾਦ:** ਪਾਕਿਸਤਾਨੀ ਸਰਕਾਰ ਤੇ ਫੌਜ ਵਿਚਾਲੇ 'ਟਕਰਾਅ' ਲਗਾਤਾਰ ਵਧ ਰਿਹਾ ਹੈ ਤੇ ਪਾਕਿ ਸਰਕਾਰ ਫੌਜ ਦੇ ਮੁਖੀ ਜਨਰਲ ਅਸ਼ਫਾਕ ਪ੍ਰਵੇਜ਼ ਕਿਆਨੀ ਤੇ ਆਈ.ਐਸ.ਆਈ. ਦੇ ਮੁਖੀ ਲੈਫਟੀਨੈਂਟ ਜਨਰਲ ਅਹਿਮਦ ਸ਼ੂਜਾ ਪਾਸ਼ਾ ਨੂੰ ਹਟਾਉਣ ਲਈ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਫੌਜ ਵੱਲੋਂ ਰਾਜ ਪਲਟਾ ਕਰਨ ਦੇ ਖਦਸ਼ਿਆਂ ਬਾਰੇ ਇਕ ਮੀਮੋ ਨੂੰ ਲੈ ਕੇ ਛਿੜੇ ਕਲੇਸ਼ ਦੇ ਪਿਛੋਕੜ 'ਚ ਸਰਕਾਰ ਅਜਿਹਾ ਕਰਨਾ ਚਾਹ ਰਹੀ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਦਾ 'ਮੈਮੋਗੇਟ ਸਕੈਂਡਲ' ਦੇਸ਼ ਦੇ ਸਿਆਸੀ ਹਾਲਾਤ ਨੂੰ ਦਿਨ-ਬ-ਦਿਨ ਹੋਰ ਅਸਥਿਰ ਕਰਦਾ ਜਾ ਰਿਹਾ ਹੈ। ਸੁਪਰੀਮ ਕੋਰਟ ਵਿਚ ਪਾਕਿਸਤਾਨ ਮੁਸਲਿਮ ਲੀਗ-ਐਨ ਦੇ ਮੁਖੀ ਨਵਾਜ਼ ਸ਼ਰੀਫ ਤੇ ਹੋਰਾਂ ਵੱਲੋਂ ਇਸ ਸਕੈਂਡਲ ਦੀ ਜਾਂਚ ਲਈ ਪਾਈਆਂ ਪਟੀਸ਼ਨਾਂ ਉਪਰ ਸੁਣਵਾਈ ਦੌਰਾਨ ਰੱਖਿਆ ਮੰਤਰਾਲੇ ਨੇ ਹਲਫੀਆ ਬਿਆਨ ਦਾਖਲ ਕਰਕੇ ਮੰਨਿਆ ਹੈ ਕਿ ਉਸ ਦਾ ਫੌਜ ਤੇ ਆਈ.ਐਸ.ਆਈ. ਦੀਆਂ ਅਪਰੇਸ਼ਨ ਸਰਗਰਮੀਆਂ ਉਪਰ ਕੰਟਰੋਲ ਨਹੀਂ ਹੈ।

'ਦਿ ਨਿਊਜ਼' ਨੇ ਖਾਸ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਸਰਕਾਰ ਕਿਆਨੀ ਤੇ ਪਾਸ਼ਾ ਨਾਲ ਬੇਹੱਦ ਖਫਾ ਹੈ ਤੇ ਇਹ ਗੱਲ ਕੋਈ ਗੁੱਝੀ ਨਹੀਂ ਹੈ। ਕਿਆਨੀ ਦੇ ਕਾਰਜਕਾਲ 'ਚ ਤਿੰਨ ਸਾਲ ਦਾ ਵਾਧਾ ਕੀਤਾ ਗਿਆ ਸੀ ਤੇ ਪਾਸ਼ਾ ਨੂੰ ਪਿਛਲੇ ਸਾਲ ਇਕ ਸਾਲ ਹੋਰ ਸੇਵਾ ਕਰਨ ਲਈ ਮਿਲਿਆ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਪਿਛਲੇ ਮਹੀਨੇ ਨਾਟੋ ਦੇ ਹਵਾਈ ਹਮਲੇ ਮਗਰੋਂ ਅਮਰੀਕਾ ਵਿਰੁੱਧ ਪਾਕਿਸਤਾਨ ਨੂੰ ਬੇਹੱਦ ਸਖਤ ਰੁੱਖ ਅਖਤਿਆਰ ਅਪਣਾਉਣ ਨੂੰ ਮਜਬੂਰ ਕਰਨ ਲਈ ਵੀ ਦੋਵੇਂ ਜਰਨੈਲਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਨ੍ਹਾਂ ਦੋਵਾਂ ਨੇ ਮੀਮੋ ਬਾਰੇ ਵੀ ਸਰਕਾਰ ਦੇ ਐਨ ਉਲਟ ਸਟੈਂਡ ਲਿਆ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਜੇਕਰ ਇਸ ਮੀਮੋ ਦੀ ਸਹੀ ਢੰਗ ਨਾਲ ਜਾਂਚ ਕਰਾਈ ਜਾਵੇ ਤਾਂ ਇਹ ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਲਈ ਤੇ ਕੁਝ ਚੋਟੀ ਦੇ ਲੀਡਰਾਂ ਲਈ ਵਿਅਕਤੀਗਤ ਤੌਰ 'ਤੇ ਬੜੇ ਗੰਭੀਰ ਸੰਕਟ ਖੜੇ ਕਰ ਸਕਦਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਅਮਰੀਕਾ ਲਈ ਵਿਦੇਸ਼ ਨੀਤੀ ਤੇ ਫੌਜੀ ਨੀਤੀ ਘੜਨ 'ਚ ਸ਼ਾਮਲ ਅਹਿਮ ਆਗੂ ਇਸਲਾਮਾਬਾਦ ਨੂੰ ਇਨ੍ਹਾਂ ਦੋਵਾਂ ਜਰਨੈਲਾਂ ਨੂੰ ਚਲਦੇ ਕਰਨ ਲਈ ਉਤਸ਼ਾਹਤ ਕਰ ਰਹੇ ਹਨ ਤੇ ਪਾਕਿਸਤਾਨ ਦੀ ਸਿਆਸੀ ਲੀਡਰਸ਼ਿਪ ਨੂੰ ਅਜਿਹਾ ਕਰਨ 'ਤੇ ਅਮਰੀਕੀ ਆਗੂਆਂ ਵੱਲੋਂ ਪੂਰੀ ਇਮਦਾਦ ਦੇਣ ਦੇ ਭਰੋਸੇ ਦਿੱਤੇ ਜਾ ਰਹੇ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਇਹ ਅਖਤਿਆਰ ਹੈ ਕਿ ਉਹ ਦੋਵੇਂ ਜਰਨੈਲਾਂ ਨੂੰ ਕਿਸੇ ਵੀ ਸਮੇਂ ਚੱਲਦਾ ਕਰ ਸਕਦੇ ਹਨ।



## ਕਿਆਨੀ ਤੇ ਪਾਸ਼ਾ ਦੀ ਛੁੱਟੀ ਦੀ ਤਿਆਰੀ



## ਫ਼ੌਜ ਅਤੇ ਖੁਫੀਆ ਏਜੰਸੀ ਆਈ.ਐਸ.ਆਈ. ਹੋਈ ਬੇਲਗਾਮ

**ਇਸਲਾਮਾਬਾਦ:** ਪਾਕਿਸਤਾਨ ਦਾ 'ਮੈਮੋਗੇਟ ਸਕੈਂਡਲ' ਬਾਰੇ ਸੁਪਰੀਮ ਕੋਰਟ ਵਿਚ ਹਲਫੀਆ ਬਿਆਨ ਦਾਖਲ ਕਰਕੇ ਰੱਖਿਆ ਮੰਤਰਾਲੇ ਨੇ ਮੰਨਿਆ ਹੈ ਕਿ ਉਸ ਦਾ ਫੌਜ ਤੇ ਆਈ.ਐਸ.ਆਈ. ਦੀਆਂ ਅਪਰੇਸ਼ਨ ਸਰਗਰਮੀਆਂ ਉਪਰ ਕੰਟਰੋਲ ਨਹੀਂ ਹੈ। ਮੰਤਰਾਲਾ ਸਿਰਫ ਸਾਧਾਰਨ ਪ੍ਰਸ਼ਾਸਕੀ ਮਾਮਲਿਆਂ ਨਾਲ ਨਜਿੱਠਦਾ ਹੈ। ਹਲਫੀਆ ਬਿਆਨ ਵਿਚ ਇਹ ਵੀ ਕਿਹਾ ਹੈ ਕਿ ਉਸ ਨੂੰ ਇਹ ਜਾਣਕਾਰੀ ਨਹੀਂ ਕਿ ਮੈਮੋਗੇਟ ਸਕੈਂਡਲ ਵਿਚ ਫੌਜ ਤੇ ਆਈ.ਐਸ.ਆਈ. ਦਾ ਕੀ ਸਟੈਂਡ ਹੈ। ਇਸ ਲਈ ਰੱਖਿਆ ਮੰਤਰਾਲਾ ਇਸ ਪੁਜ਼ੀਸ਼ਨ ਵਿਚ ਨਹੀਂ ਕਿ ਉਹ ਫੌਜ ਤੇ ਆਈ.ਐਸ.ਆਈ. ਦੀ ਤਰਫੋਂ ਕੋਈ ਜੁਆਬ ਦਾਖਲ ਕਰ ਸਕੇ। ਇਸ ਹਲਫੀਆ ਬਿਆਨ ਨੇ ਜਿੱਥੇ ਪਾਕਿਸਤਾਨ ਦੇ ਰੱਖਿਆ ਮੰਤਰਾਲੇ ਦੀ ਬੇਵਸੀ ਜ਼ਾਹਿਰ ਕੀਤੀ ਹੈ, ਉਥੇ ਇਹ ਸੱਚ ਵੀ ਸਾਹਮਣੇ ਲੈ ਆਂਦਾ ਹੈ ਕਿ ਫੌਜ ਤੇ ਆਈ.ਐਸ.ਆਈ. ਦੀ ਉਸ ਦੇਸ਼ ਵਿੱਚ ਕਿੰਡੀ ਵੱਡੀ ਤਾਕਤ ਹੈ ਤੇ ਉਹ ਉਥੋਂ ਦੇ ਰਾਜਸੀ ਹਾਲਾਤ ਉਪਰ ਕਿਵੇਂ ਭਾਰੂ ਹਨ।

ਉਧਰ ਫੌਜ ਤੇ ਆਈ.ਐਸ.ਆਈ. ਨੇ ਸੁਪਰੀਮ ਕੋਰਟ ਵਿਚ ਵੱਖਰੇ ਹਲਫੀਆ ਬਿਆਨ ਦੇ ਕੇ ਮੰਗ ਕੀਤੀ ਹੈ ਕਿ ਮੈਮੋਗੇਟ ਸਕੈਂਡਲ ਦੀ ਬਾਰੀਕੀ ਨਾਲ ਜਾਂਚ ਕਰਾਈ ਜਾਵੇ ਕਿਉਂਕਿ ਇਸ ਨੇ ਫੌਜ ਤੇ ਸਰਕਾਰ ਦੇ ਸਬੰਧਾਂ ਵਿਚ ਵੱਡਾ ਭੁਚਾਲ ਲਿਆਂਦਾ ਹੋਇਆ ਹੈ। ਫੌਜ ਦੇ ਮੁਖੀ ਕਿਆਨੀ ਅਨੁਸਾਰ ਫੌਜੀ ਜਵਾਨਾਂ ਦਾ ਮਨੋਬਲ ਕਮਜ਼ੋਰ ਹੋ ਰਿਹਾ ਹੈ। ਕਿਆਨੀ ਅਨੁਸਾਰ ਆਈ.ਐਸ.ਆਈ. ਮੁਖੀ ਪਾਸ਼ਾ ਨੇ ਪਾਕਿਸਤਾਨੀ ਮੂਲ ਦੇ ਅਮਰੀਕਨ ਕਾਰੋਬਾਰੀ ਮਨਸੂਰ ਇਜਾਜ਼ ਵੱਲੋਂ ਜੋ ਜਾਣਕਾਰੀ ਜਨਤਕ ਕੀਤੀ ਗਈ ਹੈ, ਉਸ ਦੀ ਜਾਂਚ ਕਰਕੇ ਤੱਥ ਸਾਹਮਣੇ ਲਿਆਂਦੇ ਹਨ ਜੋ ਸੱਚੇ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਮੁੜ ਦੋਸ਼ ਲਾਇਆ ਹੈ ਕਿ ਉਸ ਦੀ ਲੋਕਤਾਂਤਰਿਕ ਢੰਗ ਨਾਲ ਚੁਣੀ ਸਰਕਾਰ ਨੂੰ ਪਲਟਾਉਣ ਦੀਆਂ 'ਸਾਜ਼ਿਸ਼ਾਂ' ਰਚੀਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਨਾਕਾਮ ਕਰ ਦਿੱਤਾ ਜਾਏਗਾ।

# ਜ਼ਰਦਾਰੀ ਵੱਲੋਂ ਦੇਸ਼ ਵਾਸੀਆਂ ਕੋਲ ਫਰਿਆਦ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਤੇ ਫੌਜ ਦਰਮਿਆਨ ਚੱਲ ਰਹੇ ਤਣਾਅ ਦੌਰਾਨ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਦੇਸ਼ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸੱਤਾ ਵਿਚ 'ਜਬਰੀ' ਕੋਈ ਤਬਦੀਲੀ ਨਾ ਹੋਣ ਦੇਣ।

ਪਾਕਿਸਤਾਨੀ ਮੂਲ ਦੇ ਅਮਰੀਕੀ ਕਾਰੋਬਾਰੀ ਮਨਸੂਰ ਇਜਾਜ਼ ਵੱਲੋਂ ਮਈ ਵਿਚ ਸੰਭਾਵੀ ਰਾਜ ਪਲਟੇ ਨੂੰ ਰੋਕਣ ਲਈ ਅਮਰੀਕਾ ਤੋਂ ਮਦਦ ਮੰਗੇ ਜਾਣ ਬਾਰੇ ਮੀਮੋ ਜਨਤਕ ਕੀਤੇ ਜਾਣ ਤੋਂ ਬਾਅਦ ਫੌਜ ਦਾ ਦਬਾਅ ਝੱਲ ਰਹੇ ਰਾਸ਼ਟਰਪਤੀ ਨੇ ਕਿਹਾ ਕਿ ਲੋਕਾਂ ਵੱਲੋਂ ਦਿੱਤੇ ਫਤਵੇ ਦਾ ਸਤਿਕਾਰ ਹੋਣਾ ਚਾਹੀਦਾ ਹੈ। ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੇ 136ਵੇਂ ਜਨਮ ਦਿਨ ਮੌਕੇ ਜਾਰੀ ਸੰਦੇਸ਼ ਵਿਚ ਰਾਸ਼ਟਰਪਤੀ ਨੇ ਕਿਹਾ ਕਿ ਕਾਇਦੇ ਆਜ਼ਮ ਦਾ ਇਹ ਮੰਨਣਾ ਸੀ ਕਿ ਸੱਤਾ ਵਿਚ ਕੋਈ ਵੀ ਤਬਦੀਲੀ ਲੋਕਾਂ ਦੇ ਫਤਵੇ ਨਾਲ ਆਉਣੀ ਚਾਹੀਦੀ ਹੈ ਤੇ ਬੰਦੂਕ ਦੇ ਜ਼ੋਰ ਨਾਲ ਲਿਆਂਦੀ ਤਬਦੀਲੀ ਰੱਦ ਕੀਤੀ ਜਾਣੀ ਚਾਹੀਦੀ ਹੈ। ਰਾਸ਼ਟਰਪਤੀ ਵੱਲੋਂ ਫੌਜ ਦੇ ਦਬਾਅ ਕਾਰਨ ਅਸਤੀਫਾ ਦਿੱਤੇ ਜਾਣ ਦੀਆਂ ਕਿਆਸਅਰਾਈਆਂ ਦੌਰਾਨ ਜਨਾਬ ਜ਼ਰਦਾਰੀ ਨੇ ਕਿਹਾ ਕਿ ਬੀਤੇ ਸਮੇਂ ਵਿਚ ਤਾਨਾਸ਼ਾਹੀ ਵੇਲੇ ਲੋਕਾਂ ਦੇ ਹਿੱਤਾਂ ਨੂੰ ਢਾਹ ਲੱਗਦੀ ਰਹੀ ਹੈ ਤੇ ਅਤਿਵਾਦ ਕਾਰਨ ਸੁਰੱਖਿਆ ਦੇ ਮੁੱਦੇ ਹਾਵੀ ਰਹੇ ਹਨ। ਇਸ ਲਈ ਅਜਿਹਾ ਮਾਹੌਲ ਸਿਰਜਣਾ ਚਾਹੀਦਾ ਹੈ ਜਿਥੇ ਸਰਕਾਰ ਲਈ ਲੋਕਾਂ ਦੇ ਮੁੱਦੇ ਮੁੱਖ ਹੋਣ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਆਪਣੇ ਜਮਹੂਰੀ ਅਤੇ ਸਿਆਸੀ ਹੱਕਾਂ ਨੂੰ ਸੁਰੱਖਿਅਤ ਰੱਖਣ ਲਈ ਉਹ ਇਕਜੁੱਟ ਹੋ ਜਾਣ।



## ਅਮਰੀਕਾ ਵੱਲੋਂ ਪਾਕਿ ਨਾਲ ਸੀਮਤ ਰਿਸ਼ਤੇ ਰੱਖਣ ਦਾ ਫੈਸਲਾ

**ਨਿਊ ਯਾਰਕ:** ਅਮਰੀਕਾ ਤੇ ਪਾਕਿਸਤਾਨ ਵਿਚਕਾਰ ਵਿਗੜੇ ਸਬੰਧਾਂ ਤੋਂ ਬਾਅਦ ਹੁਣ ਅਮਰੀਕਾ ਨੇ ਪਾਕਿਸਤਾਨ ਨਾਲ ਸਬੰਧ 'ਸੀਮਤ' ਕਰਨੇ ਸ਼ੁਰੂ ਕਰ ਦਿੱਤੇ ਹਨ। ਅਮਰੀਕਾ ਨੇ ਪਾਕਿਸਤਾਨ ਨਾਲ ਅਤਿਵਾਦ ਵਿਰੁੱਧ ਲੜਾਈ ਲਈ ਕੀਤੇ ਗੱਠਜੋੜ ਤਹਿਤ ਡਰੋਨ ਹਮਲੇ ਰੋਕ ਦਿੱਤੇ ਹਨ। ਇਸ ਦੇ ਨਾਲ ਵਿੱਤੀ ਸਹਾਇਤਾ ਵੀ ਘਟਾ ਦਿੱਤੀ ਹੈ।

'ਨਿਊ ਯਾਰਕ ਟਾਈਮਜ਼' ਨੇ ਅਮਰੀਕਾ ਤੇ ਪਾਕਿਸਤਾਨ ਦੇ ਅਧਿਕਾਰੀਆਂ ਦੇ ਹਵਾਲੇ ਨਾਲ ਖਬਰ ਦਿੱਤੀ ਹੈ ਕਿ ਅਮਰੀਕਾ ਦੀ ਪਾਕਿਸਤਾਨ ਨਾਲ ਵਿਆਪਕ ਸੁਰੱਖਿਆ ਭਾਈਵਾਲੀ ਤਕਰੀਬਨ ਖਤਮ ਹੋ ਗਈ ਹੈ। ਅਮਰੀਕੀ ਅਧਿਕਾਰੀ ਪਾਕਿਸਤਾਨ ਨਾਲ ਅਤਿਵਾਦ ਵਿਰੋਧੀ ਲੜਾਈ ਲਈ ਬੇਹੱਦ ਸੀਮਤ ਸਬੰਧ ਰੱਖਣੇ ਚਾਹੁੰਦੇ ਹਨ ਕਿ ਇਸ ਤਰ੍ਹਾਂ ਅਤਿਵਾਦ ਵਿਰੁੱਧ ਲੜਾਈ ਉਲਝੇਗੀ ਤੇ ਅਫਗਾਨਿਸਤਾਨ ਨੂੰ ਸਪਲਾਈ ਰੂਟ ਵੀ ਬਦਲਣਾ ਪਵੇਗਾ।

ਇਸ ਸੀਮਤ ਸਮਝੌਤੇ ਤਹਿਤ ਅਮਰੀਕਾ ਡਰੋਨ ਹਮਲੇ ਰੋਕੇਗਾ ਤੇ ਪਾਕਿਸਤਾਨ ਵਿਚ ਆਪਣੇ ਫੌਜੀਆਂ ਤੇ ਜਸੂਸਾਂ ਦੀ ਨਫਰੀ ਘਟਾਏਗਾ। ਅਮਰੀਕਾ ਪਾਕਿਸਤਾਨ ਨੂੰ ਵਿੱਤੀ ਸਹਾਇਤਾ ਵੀ ਬੇਹੱਦ ਘੱਟ ਕਰ ਦੇਵੇਗਾ। 'ਨਿਊਯਾਰਕ ਟਾਈਮਜ਼' ਨੇ ਇਕ ਅਮਰੀਕੀ ਅਧਿਕਾਰੀ ਦੇ ਹਵਾਲੇ

# ਇਲਿਆਸ ਕਸ਼ਮੀਰੀ ਦੀਆਂ ਹਦਾਇਤ ਉਤੇ ਮੁੰਬਈ ਆਇਆ ਸੀ ਹੈਡਲੀ

**ਨਵੀਂ ਦਿੱਲੀ:** ਮੁੰਬਈ ਵਿਖੇ 2008 ਵਿਚ ਹੋਏ ਅਤਿਵਾਦੀ ਹਮਲਿਆਂ ਤੋਂ ਬਾਅਦ ਅਮਰੀਕੀ ਅਤਿਵਾਦੀ ਡੇਵਿਡ ਹੈਡਲੀ ਸ਼ਹਿਰ ਵਿਚ ਸਥਿਤ ਯਹੂਦੀਆਂ ਦੇ ਪੰਜ ਧਾਰਮਿਕ ਸਥਾਨਾਂ ਨੂੰ ਅਗਲੇ ਹਮਲਿਆਂ ਦਾ ਨਿਸ਼ਾਨਾ ਬਣਾਉਣ ਦੀ ਯੋਜਨਾ ਨੂੰ ਅੰਤਮ ਰੂਪ ਦੇਣ ਲਈ ਮੁੰਬਈ ਆਇਆ ਸੀ। ਅਲ-ਕਾਇਦਾ ਦੇ ਕਾਰਕੁਨ ਇਲਿਆਸ ਕਸ਼ਮੀਰੀ ਨੇ ਉਸ ਨੂੰ ਇਨ੍ਹਾਂ ਟਿਕਾਣਿਆਂ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਹਦਾਇਤ ਦਿੱਤੀ ਸੀ।

ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ 60 ਪੰਨਿਆਂ ਦੀ ਚਾਰਜਸ਼ੀਟ ਵਿਸ਼ੇਸ਼ ਅਦਾਲਤ ਵਿਚ ਦਾਇਰ ਕਰਦਿਆਂ ਇਹ ਜਾਣਕਾਰੀ ਦਿੱਤੀ। ਏਜੰਸੀ ਨੇ ਦੱਸਿਆ ਕਿ ਮਾਰਚ 2009 ਵਿਚ ਹੈਡਲੀ ਜਦੋਂ ਭਾਰਤ ਆਇਆ ਤਾਂ ਉਸ ਦਾ ਮੰਤਵ ਯਹੂਦੀਆਂ ਦੇ ਧਾਰਮਿਕ ਸਥਾਨਾਂ ਬਾਰੇ ਤੇ ਮੁੰਬਈ 'ਚ ਸਥਿਤ ਇਜ਼ਰਾਈਲੀ ਏਅਰਵੇਜ਼ ਦੇ ਦਫਤਰ ਬਾਰੇ ਜਾਣਕਾਰੀ ਇਕੱਠੀ ਕਰਨਾ ਸੀ। ਉਸ ਨੂੰ ਇਹ ਜਾਣਕਾਰੀ ਹਾਸਲ ਕਰਨ ਦੀ ਹਦਾਇਤ ਕਸ਼ਮੀਰੀ ਨੇ ਦਿੱਤੀ ਸੀ ਜੋ ਆਪਣੀ ਹਰਕਤ-ਉਲ-ਜਹਾਦ ਇਸਲਾਮੀਆ ਦੇ 313 ਕਾਰਕੁਨਾਂ ਸਮੇਤ ਅਲ-ਕਾਇਦਾ ਵਿਚ ਸ਼ਾਮਲ ਹੋ ਚੁੱਕਿਆ ਸੀ।

ਮਾਰਚ 2009 ਵਿਚ ਭਾਰਤ ਆਉਣ ਤੋਂ ਪਹਿਲਾਂ ਹੈਡਲੀ ਨੇ ਉੱਤਰੀ ਵਜ਼ੀਰਿਸਤਾਨ (ਪਾਕਿਸਤਾਨ) ਦੇ ਮੀਰਾਸ਼ਾ ਖੇਤਰ ਵਿਚ ਕਸ਼ਮੀਰੀ ਨਾਲ ਮੁਲਾਕਾਤ ਕੀਤੀ ਸੀ ਜਿੱਥੇ ਉਸ ਨੂੰ ਚਬਾਦ ਹਾਊਸ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਹਦਾਇਤ ਦਿੱਤੀ ਗਈ ਸੀ। ਚਾਰਜਸ਼ੀਟ ਅਨੁਸਾਰ ਹੈਡਲੀ ਨੇ ਭਾਰਤ ਆਉਣ ਤੋਂ ਪਹਿਲਾਂ ਆਪਣੇ ਸਹਿਯੋਗ ਤਹੱਵੁਰ ਰਾਣਾ ਨਾਲ ਮੁਲਾਕਾਤ ਮੌਕੇ ਇਹ ਖਦਸ਼ਾ ਜ਼ਾਹਰ ਕੀਤਾ ਸੀ ਕਿ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਦੋਵਾਂ ਨੇ ਆਪਣਾ ਈਮੇਲ ਅਕਾਊਂਟ ਮੂਵੀ.ਮਨੀ ਯਾਹੂ.ਕਾਮ 'ਤੇ ਖੋਲ੍ਹਿਆ ਹੋਇਆ ਸੀ ਜਿਥੇ ਹੈਡਲੀ ਨੇ ਆਪਣੀ ਜਾਇਦਾਦ ਤੇ ਕਰਜ਼ੇ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਸੀ। ਏਅਰਲਾਈਨਜ਼ ਦਾ ਦਫਤਰ ਸਥਿਤ ਹੈ। ਇਸ ਪਿੱਛੋਂ ਉਹ ਦਿੱਲੀ ਪਹੁੰਚਿਆ ਤੇ ਉਥੇ ਪਹਾੜਗੰਜ ਖੇਤਰ ਦੇ ਇਕ ਛੋਟੇ ਜਿਹੇ ਹੋਟਲ ਵਿਚ ਠਹਿਰਿਆ। ਇਸ ਖੇਤਰ ਵਿਚ ਹੀ ਚਬਾਦ ਹਾਊਸ ਸਥਿਤ ਹੈ। ਹੈਡਲੀ ਜਿਸ ਹੋਟਲ 'ਡੀ ਹਾਲੀਡੇ ਇਨ' ਵਿਚ ਠਹਿਰਿਆ ਸੀ ਉਹ ਚਬਾਦ ਹਾਊਸ ਤੋਂ ਸਿਰਫ ਤਿੰਨ ਸੌ ਮੀਟਰ ਦੂਰ ਸੀ।

## ਕੌਮੀ ਜਾਂਚ ਏਜੰਸੀ ਵੱਲੋਂ ਚਾਰਜਸ਼ੀਟ ਦਾਇਰ





ਹੈਡਲੀ ਜਿਸ ਦੇ ਪਿਤਾ ਪਾਕਿਸਤਾਨੀ ਸਨ, ਦਾ ਪਹਿਲਾ ਨਾਂ ਦਾਊਦ ਗਿਲਾਨੀ ਸੀ। ਕੌਮੀ ਜਾਂਚ ਏਜੰਸੀ ਨੇ ਉਸ ਤੇ ਅੱਠ ਹੋਰਾਂ ਖਿਲਾਫ ਭਾਰਤ ਵਿਰੁੱਧ ਜੰਗ ਛੇੜਨ ਦੇ ਦੋਸ਼ ਆਇਦ ਕੀਤੇ ਹਨ। ਉਸ ਦੇ ਸਾਥੀਆਂ ਵਿਚ ਪਾਕਿਸਤਾਨੀ ਫੌਜ ਦੇ ਦੋ ਅਧਿਕਾਰੀ, ਲਸ਼ਕਰ ਦਾ ਬਾਨੀ ਹਾਫਿਜ਼ ਸਈਦ, 26/11 ਦੇ ਹਮਲਿਆਂ ਦੀ ਸਾਜ਼ਿਸ਼ ਰਚਣ ਵਾਲਾ ਜ਼ਕੀ-ਉਰ ਰਹਿਮਾਨ ਲਖਵੀ ਤੇ ਪਾਕਿਸਤਾਨੀ ਮੂਲ ਦੇ ਕੈਨੇਡੀਆਈ ਤਹੱਵੁਰ ਰਾਣਾ ਸ਼ਾਮਲ ਹਨ।

ਚਾਰਜਸ਼ੀਟ ਅਨੁਸਾਰ ਹੈਡਲੀ ਜਦੋਂ ਮਾਰਚ 2009 ਵਿਚ ਭਾਰਤ ਆਇਆ ਤਾਂ ਉਹ ਕਫ ਪਰੇਡ ਖੇਤਰ ਵਿਚ ਵੀ ਗਿਆ ਜਿੱਥੇ ਇਜ਼ਰਾਈਲੀ

ਦਿੱਲੀ ਤੋਂ ਬਾਅਦ ਹੈਡਲੀ ਅਜਮੇਰ (ਰਾਜਸਥਾਨ) ਦੇ ਬਾਹਰੀ ਖੇਤਰ ਪੁਸ਼ਕਰ 'ਚ ਪਹੁੰਚਿਆ। ਉਥੇ ਵੀ ਉਸ ਨੇ ਯਹੂਦੀਆਂ ਦੇ ਪ੍ਰਾਰਥਨਾ ਘਰ ਦੇ ਸਾਹਮਣੇ ਹੀ ਇਕ ਹੋਟਲ ਆਪਣੇ ਰਹਿਣ ਲਈ ਚੁਣਿਆ। ਉਸ ਨੇ ਹੋਟਲ ਦੇ ਸਟਾਫ ਤੋਂ ਇਕ ਖਾਸ ਕਮਰੇ ਦੀ ਮੰਗ ਕੀਤੀ ਜਿੱਥੋਂ ਪ੍ਰਾਰਥਨਾ ਘਰ ਬਿਲਕੁਲ ਸਾਹਮਣੇ ਨਜ਼ਰ ਆਉਂਦਾ ਸੀ। ਉਥੋਂ ਮੁੜ ਮੁੰਬਈ ਗਿਆ ਜਿੱਥੋਂ ਉਸ ਨੇ ਪਾਕਿਸਤਾਨ ਦੀ ਉਡਾਣ ਲਈ। ਪਾਕਿਸਤਾਨ ਪਹੁੰਚ ਕੇ ਉਸ ਨੇ ਸਾਰੀ ਜਾਣਕਾਰੀ ਕਸ਼ਮੀਰੀ ਨੂੰ ਦਿੱਤੀ।

## ਅਕੁੰਜੀ ਤੇ ਮਨਦੀਪ ਸਣੇ ਛੇ ਮਹਿਲਾ ਅਥਲੀਟਾਂ 'ਤੇ ਪਾਬੰਦੀ

**ਨਵੀਂ ਦਿੱਲੀ:** ਏਸ਼ਿਆਈ ਖੇਡਾਂ ਵਿਚੋਂ ਦੋ ਸੋਨ ਤਮਗੇ ਜੇਤੂ ਅਸ਼ਵਨੀ ਅਕੁੰਜੀ ਸਮੇਤ ਸੱਤ ਖਿਡਾਰੀਆਂ ਵਿਰੁੱਧ ਡੋਪਿੰਗ ਦੇ ਦੋਸ਼ ਵਿਚ ਇਕ ਸਾਲ ਦੀ ਪਾਬੰਦੀ ਲਾ ਦਿੱਤੀ ਹੈ। ਇਸ ਪਾਬੰਦੀ ਨਾਲ ਇਨ੍ਹਾਂ ਖਿਡਾਰਨਾਂ ਵੱਲੋਂ ਲੰਡਨ ਓਲੰਪਿਕ ਵਿਚ ਹਿੱਸਾ ਲੈਣ ਦੇ ਮੌਕੇ ਖਤਮ ਹੋ ਗਏ ਹਨ। ਛੇ ਮਹਿਲਾ ਅਥਲੀਟਾਂ ਖਿਲਾਫ ਇਕ ਸਾਲ ਦੀ ਪਾਬੰਦੀ ਤੇ ਮਰਦ ਅਥਲੀਟ ਵਿਰੁੱਧ ਡੋਪਿੰਗ ਦੇ ਦੋਸ਼ ਵਿਚ ਜਿਨ੍ਹਾਂ ਸੱਤ ਅਥਲੀਟਾਂ 'ਤੇ ਪਾਬੰਦੀ ਲਾਈ ਗਈ ਹੈ, ਉਨ੍ਹਾਂ ਵਿਚ ਮਨਦੀਪ ਕੌਰ, ਸਿਨੀ ਜੋਸ ਮੇਰੀ ਤਿਆਨਾ ਥਾਮਸ, ਪ੍ਰਿਅੰਕਾ ਪਵਾਰ, ਜੌਨਾ ਮੁਰਮਾ ਤੇ ਅਕੁੰਜੀ, ਹਰੀਕ੍ਰਿਸ਼ਨਨ ਮੁਰਲੀਧਰਨ ਸ਼ਾਮਲ ਹਨ। ਇਨ੍ਹਾਂ 'ਤੇ ਤਾਕਤ ਵਧਾਊ ਨਸ਼ੀਲੀਆਂ ਦਵਾਈਆਂ ਵਰਤਣ ਬਾਰੇ ਡੋਪ ਟੈਸਟ ਪਾਜ਼ੇਟਿਵ ਪਾਏ ਗਏ। ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਦੇ ਮੁੱਖ ਦਫਤਰ ਤੋਂ ਪਾਬੰਦੀ ਬਾਰੇ ਐਲਾਨ ਕੀਤੇ ਜਾਣ ਵੇਲੇ ਇਹ ਖਿਡਾਰੀ ਹਾਜ਼ਰ ਨਹੀਂ ਸਨ। ਹਾਸਲ ਜਾਣਕਾਰੀ ਅਨੁਸਾਰ ਛੇ ਮਹਿਲਾ ਅਥਲੀਟਾਂ ਵਿਰੁੱਧ ਇਕ ਸਾਲ ਦੀ ਪਾਬੰਦੀ ਤੇ ਮੁਰਲੀਧਰਨ ਵਿਰੁੱਧ ਦੋ ਸਾਲ ਦੀ ਪਾਬੰਦੀ ਲਾਗੂ ਕੀਤੀ ਗਈ ਹੈ। ਇਹ ਸਾਰੇ ਖਿਡਾਰੀ ਨਾਡਾ ਦੇ ਅਪੀਲੀ ਪੈਨਲ ਅੱਗੇ ਇਸ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹਨ ਪਰ ਇਨ੍ਹਾਂ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਹ ਪਹਿਲਾਂ ਸਮੁੱਚੇ ਫੈਸਲੇ ਦੀ ਪੜਚੋਲ ਕਰਨਗੇ।

ਨਾਡਾ ਪੈਨਲ ਦੇ ਮੁਖੀ ਦਿਨੇਸ਼ ਦਿਆਲ ਅਨੁਸਾਰ ਇਸ ਕਰਕੇ ਸਜ਼ਾ ਘੱਟ ਸੁਣਾਈ ਹੈ ਕਿਉਂਕਿ ਇਹ ਅਥਲੀਟ ਅੰਤਰਰਾਸ਼ਟਰੀ ਪੱਧਰ 'ਤੇ ਨਸ਼ੀਲੀਆਂ ਦਵਾਈਆਂ ਵਰਤਣ ਦੇ ਦੋਸ਼ੀ ਨਹੀਂ ਪਾਏ ਗਏ।

## ਕੈਨੇਡਾ 'ਚ ਪੇਸ਼ੇਵਰ ਡਾਕਟਰਾਂ ਦੀ ਗਿਣਤੀ ਵਧੀ

**ਟਰਾਂਟੋ:** ਕੈਨੇਡਾ ਵਿਚ ਡਾਕਟਰਾਂ ਦੀ ਗਿਣਤੀ ਪਹਿਲਾਂ ਨਾਲੋਂ ਤੇਜ਼ੀ ਨਾਲ ਵਧ ਰਹੀ ਹੈ ਪਰ ਇਸ ਦੇ ਬਾਵਜੂਦ 50 ਲੱਖ ਕੈਨੇਡੀਅਨ ਲੋਕਾਂ ਕੋਲ ਫੈਮਿਲੀ ਡਾਕਟਰ ਨਹੀਂ ਹਨ। ਪਿਛਲੇ ਸਾਲ ਕੈਨੇਡਾ ਵਿਚ ਤਕਰੀਬਨ 70 ਹਜ਼ਾਰ ਡਾਕਟਰ ਪ੍ਰੈਕਟਿਸ ਕਰ ਰਹੇ ਸਨ ਤੇ ਇਨ੍ਹਾਂ ਦੀ ਗਿਣਤੀ ਵਧ ਰਹੀ ਹੈ। ਕੁਝ ਵਰ੍ਹੇ ਪਹਿਲਾਂ ਤੱਕ ਨੌਕਰੀਆਂ ਨਾ ਮਿਲਣ ਕਾਰਨ ਅਮਰੀਕਾ ਵੱਲ ਹਿਜਰਤ ਕਰਨ ਵਾਲੇ ਡਾਕਟਰ ਵਾਪਸ ਪਰਤ ਰਹੇ ਹਨ। ਦੂਜਾ ਵਿਦੇਸ਼ਾਂ ਵਿਚੋਂ ਆਂਦੇ ਮੈਡੀਕਲ ਗਰੈਜੂਏਟਾਂ ਨੂੰ ਲਾਈਸੈਂਸ ਧੜਾ-ਧੜ ਮਿਲ ਰਹੇ ਹਨ। ਹਾਲ ਹੀ ਵਿਚ ਆਈ ਕੈਨੇਡੀਅਨ ਇੰਸਟੀਚਿਊਟ ਫਾਰ ਹੈਲਥ ਇਨਫਾਰਮੇਸ਼ਨ ਦੀ ਰਿਪੋਰਟ ਮੁਤਾਬਕ 2009 ਤੋਂ 2010 ਵਿਚਕਾਰ ਕੈਨੇਡਾ ਅੰਦਰ ਡਾਕਟਰੀ ਪੇਸ਼ੇ ਵਾਲਿਆਂ ਦੀ ਆਬਾਦੀ 2.3 ਫੀਸਦੀ ਵਧੀ ਹੈ ਜਦ ਕਿ ਮੁਲਕ ਦੀ ਆਮ ਆਬਾਦੀ ਸਿਰਫ 1.1 ਫੀਸਦੀ ਹੀ ਵਧੀ ਹੈ। 1980 ਵਿਚ ਇਕ ਲੱਖ ਵਿਅਕਤੀਆਂ ਪਿੱਛੇ 151 ਡਾਕਟਰ ਸਨ, 2003 ਵਿਚ 190 ਤੇ 2010 ਵਿਚ 203 ਡਾਕਟਰ ਸਨ। 2010 ਵਿਚ ਕੈਨੇਡਾ ਦੇ 2,448 ਡਾਕਟਰਾਂ ਨੂੰ ਡਿਗਰੀਆਂ ਮਿਲੀਆਂ ਜੋ ਦਹਾਕਾ ਪਹਿਲਾਂ ਨਾਲੋਂ 55 ਫੀਸਦੀ ਵੱਧ ਹਨ। ਪਿਛਲੇ ਪੰਜ ਸਾਲਾਂ ਵਿਚ ਕੈਨੇਡੀਅਨ ਸਿੱਖਿਅਤ ਡਾਕਟਰ 9.5 ਫੀਸਦੀ ਵਧੇ ਜਦਕਿ ਵਿਦੇਸ਼ੀ ਗਰੈਜੂਏਟ 18 ਫੀਸਦੀ ਵਧੇ ਜਿਸ ਨਾਲ ਮੁਲਕ ਦੇ ਡਾਕਟਰਾਂ ਦੀ ਨਫਰੀ ਵਿਚ 2500 ਡਾਕਟਰ ਹੋਰ ਜੁੜ ਗਏ। ਇਥੇ ਇਕ ਡਾਕਟਰ ਔਸਤਨ 2 ਲੱਖ 40 ਹਜ਼ਾਰ ਡਾਲਰ ਸਾਲਾਨਾ ਕਮਾਉਂਦਾ ਹੈ ਤੇ ਮਾਹਰ ਡਾਕਟਰ ਦੀ ਕਮਾਈ ਸਾਢੇ 3 ਲੱਖ ਡਾਲਰ ਨੂੰ ਪਹੁੰਚ ਜਾਂਦੀ ਹੈ।

# ਸਿਆਸੀ ਨਿਘਾਰ ਦੇ ਨਾਂ ਰਿਹਾ 2011, ਭਲਾ ਰਹੇ 2012

**ਸਿਆਸਤ ਦਾ ਪਿੜ**



ਜਤਿੰਦਰ ਪਨੂੰ

***ਜਦੋਂ ਇਹ ਸਾਰਾ ਕੁਝ ਹੋ ਚੁੱਕਾ ਹੈ ਅਤੇ ਪੰਜਾਬ ਇੱਕ ਵਾਰੀ ਹੋਰ ਚੋਣਾਂ ਦੇ ਚੱਕਰ ਵਿਚ ਪੈਣ ਵਾਲਾ ਹੈ, ਲੋਕਾਂ ਨੂੰ ਰਾਜਨੀਤਕ ਪੱਖ ਤੋਂ ਵੀ ਇਸ ਸਾਲ ਨੇ ਬਹੁਤ ਕੁਝ ਵਿਖਾ ਦਿੱਤਾ ਹੈ। ਬਲਵੰਤ ਸਿੰਘ ਰਾਮੂਵਾਲੀਏ ਦਾ ਬਾਦਲ ਅਕਾਲੀ ਦਲ ਵਿਚ ਜਾਣਾ ਦੇਰੀ ਨਾਲ ਚੁੱਕਿਆ ਕਦਮ ਤਾਂ ਹੈ, ਹੈਰਾਨੀ ਵਾਲਾ ਨਹੀਂ, ਕਿਉਂਕਿ ਉਹ ਕਾਂਗਰਸ ਜਾਂ ਅਕਾਲੀ ਦਲ ਵਿਚ ਜਾਣ ਲਈ ਪਿਛਲੇ ਤਿੰਨ ਸਾਲਾਂ ਤੋਂ ਰੱਸੇ ਤੁੜਾਈ ਜਾਂਦਾ ਸੀ। ਹੈਰਾਨੀ ਵਾਲਾ ਕਦਮ ਮਨਪ੍ਰੀਤ ਸਿੰਘ ਬਾਦਲ ਵੱਲੋਂ ਨਵੀਂ ਪਾਰਟੀ ਖੜੀ ਕਰ ਕੇ ਉਸ ਵੱਲੋਂ ਮਾਘੀ ਮੌਕੇ ਸਾਹਮਣੇ ਲੱਗੀ ਅਕਾਲੀਆਂ ਦੀ ਰੈਲੀ ਤੋਂ ਵੱਡਾ ਇਕੱਠ ਕਰਨ ਤੋਂ ਸ਼ੁਰੂ ਕਰ ਕੇ ਖਟਕੜ ਕਲਾਂ ਤੇ ਢੁੱਡੀਕੇ ਵਿਚ ਰਿਕਾਰਡ ਤੋੜ ਹਾਜ਼ਰੀ ਵਾਲੀਆਂ ਕਾਨਫਰੰਸਾਂ ਕਰ ਦੇਣਾ ਸੀ। ਜਦੋਂ ਉਹ ਕਿਸੇ ਤਣ-ਪੱਤਣ ਲੱਗਣ ਦਾ ਯਤਨ ਕਰ ਰਿਹਾ ਸੀ, ਉਦੋਂ ਉਸ ਨੂੰ ਠਿੱਬੀ ਲਾ ਦਿੱਤੀ ਗਈ ਹੈ। ਉਸ ਦੇ ਸਭ ਤੋਂ ਨੇੜਲੇ ਸਾਥੀਆਂ ਨੇ ਚੁਬਾਰੇ ਚਾੜ੍ਹ ਕੇ ਪੌੜੀ ਲਾਹੁਣ ਦਾ ਨਹੀਂ, ਬਨੇਰੇ ਕੋਲ ਗਏ ਨੂੰ ਅੱਧ ਵਿਚਾਲੇ ਲਮਕਾ ਦੇਣ ਦਾ ਕੰਮ ਕੀਤਾ ਹੈ। ਫਿਰ ਵੀ ਆਮ ਲੋਕਾਂ ਦੀ ਉਸ ਵੱਲ ਹਮਦਰਦੀ ਕਾਇਮ ਹੈ, ਜਿਹੜੀ ਕੋਈ ਵੀ ਸਿੱਟੇ ਕੱਢ ਸਕਦੀ ਹੈ।***

ਜਦੋਂ ਇਹ ਸਾਲ ਸਾਡੇ ਕੋਲੋਂ ਕੰਨੀਂ ਛੁਡਾਉਣ ਵਾਲਾ ਹੈ ਤੇ ਅਗਲਾ ਬਰੂੰਹਾਂ ਅੱਗੇ ਖੜਾ ਹੈ, ਸਾਡਾ ਮਨ ਜਾਂਦੇ ਸਾਲ ਦੇ ਸਿਰਫ ਕੁਝ ਮੁੱਦਿਆਂ ਅਤੇ ਕੁਝ ਕੁ ਹੀ ਘਟਨਾਵਾਂ ਬਾਰੇ ਪਾਠਕਾਂ ਨਾਲ ਮੁੜ ਕੇ ਸਾਂਝ ਪਾਉਣ ਨੂੰ ਕਰਦਾ ਹੈ।

ਸਾਡੇ ਪਿੰਡਾਂ ਦੇ ਪੁਰਾਣੇ ਬਜ਼ੁਰਗ ਇਹ ਗੱਲ ਆਮ ਕਿਹਾ ਕਰਦੇ ਸਨ, 'ਨਗਰ ਸੁਖ ਤਾਂ ਖੇੜੇ ਸੁਖ, ਖੇੜੇ ਸੁਖ ਤਾਂ ਵਿਹੜੇ ਸੁਖ।' ਕਹਿਣ ਤੋਂ ਭਾਵ ਇਹ ਸੀ ਕਿ ਜੇ ਪਿੰਡ ਵਿਚ ਸੁੱਖ ਹੈ ਤਾਂ ਸੰਸਾਰ ਵਿਚ ਸੁੱਖ ਜਾਪਦੀ ਹੈ ਤੇ ਜਦੋਂ ਸੰਸਾਰ ਵਿਚ ਸੁੱਖ ਹੋਵੇ ਤਾਂ ਘਰ-ਪਰਿਵਾਰ ਦੀ ਸੁੱਖ ਦੀ ਆਸ ਵੀ ਵਧ ਜਾਂਦੀ ਹੈ। ਇਸ ਕਹਾਵਤ ਤੇ ਆਪਣੇ ਸੁਭਾਅ ਮੁਤਾਬਕ ਅਸੀਂ ਵੀ ਸੰਸਾਰ ਦੇ ਚੌਖਟੇ ਤੋਂ ਗੱਲ ਸ਼ੁਰੂ ਕਰਨੀ ਚਾਹਾਂਗੇ। ਇਸ ਮੱਦ ਵਿਚ ਪਹਿਲਾਂ ਥਾਂ ਪਾਕਿਸਤਾਨ ਦਾ ਹੈ।

ਜਦੋਂ ਇਹ ਸਾਲ ਸ਼ੁਰੂ ਹੋਇਆ ਸੀ, ਉਦੋਂ ਹੀ ਪਾਕਿਸਤਾਨੀ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਦਾ ਕਤਲ ਹੋ ਗਿਆ ਸੀ। ਉਸ ਨੂੰ ਉਸ




ਦੇ ਆਪਣੇ ਸਰਕਾਰੀ ਸੁਰੱਖਿਆ ਗਾਰਡ ਦੇ ਹੱਥੋਂ ਇਹ ਕਹਿ ਕੇ ਕਤਲ ਕਰਵਾਇਆ ਗਿਆ ਕਿ ਸਲਮਾਨ ਤਾਸੀਰ ਧਰਮ ਦੀ ਨਿੰਦਾ ਬਦਲੇ ਸਿਰਫ ਮੌਤ ਦੀ ਸਜ਼ਾ ਦਾ ਕਾਨੂੰਨ ਬਦਲਣ ਦੀ ਮੰਗ ਕਰ ਕੇ ਕਾਫਰਾਂ ਦਾ ਪੱਖ ਲੈਂਦਾ ਤੇ ਇਸਲਾਮ ਦਾ ਦੋਖੀ ਹੈ, ਇਸ ਲਈ ਇਸ ਨੂੰ ਮਾਰ ਦੇਣਾ ਜਾਇਜ਼ ਹੈ। ਜਦੋਂ ਕਾਤਲ ਨੂੰ ਫੜ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਕਾਨੂੰਨ ਦੀ ਪੈਰਵੀ ਲਈ ਜ਼ਿੰਮੇਵਾਰ ਸਮਝੇ ਜਾਂਦੇ ਵਕੀਲਾਂ ਨੇ ਉਸ ਉਤੇ ਫੁੱਲਾਂ ਦੀ ਵਰਖਾ ਕਰ ਕੇ ਨਵਾਂ ਇਤਿਹਾਸ ਸਿਰਜ ਦਿੱਤਾ ਅਤੇ ਉਸ ਨੂੰ ਸਜ਼ਾ ਦੇਣ ਵਾਲੇ ਜੱਜ ਦੀ ਅਦਾਲਤ ਵਿਚ ਜਾ ਕੇ ਏਨੀ ਭੰਨ ਤੋੜ ਕੀਤੀ ਕਿ ਜੱਜ ਨੂੰ ਜਾਨ ਬਚਾ ਕੇ ਪਰਿਵਾਰ ਸਮੇਤ ਦੇਸ਼ ਤੋਂ ਭੱਜ ਜਾਣ ਬਾਰੇ ਸੋਚਣਾ ਪੈ ਗਿਆ। ਸਲਮਾਨ ਤਾਸੀਰ ਦਾ ਕਤਲ ਸ਼ੁਰੂਆਤ ਸੀ, ਉਸ ਪਿੱਛੋਂ ਇੱਕ ਕੇਂਦਰੀ ਮੰਤਰੀ ਸ਼ਾਹਬਾਜ਼ ਭੱਟੀ, ਜਿਸ ਕੋਲ ਘੱਟ ਗਿਣਤੀ ਲੋਕਾਂ ਦਾ ਵਿਭਾਗ ਸੀ, ਕਤਲ ਕਰ ਦਿੱਤਾ ਗਿਆ ਤੇ ਕਈ ਹੋਰ ਲੋਕਾਂ ਨੂੰ ਮਾਰ ਦੇਣ ਦੀਆਂ ਧਮਕੀਆਂ ਮਿਲਣ ਲੱਗ ਪਈਆਂ ਸਨ। ਅਸੀਂ ਉਦੋਂ ਹੀ ਕਿਹਾ ਸੀ ਕਿ ਪਾਕਿਸਤਾਨ ਹੁਣ ਮੜ੍ਹੀਆਂ ਦੇ ਰਾਹ ਪੈ ਗਿਆ ਹੈ।

ਪਾਕਿਸਤਾਨ ਦੀ ਹਕੂਮਤ ਭਾਵੇਂ ਸਦਰ ਜ਼ਰਦਾਰੀ ਅਤੇ ਪ੍ਰਧਾਨ ਮੰਤਰੀ ਗਿਲਾਨੀ ਚਲਾ ਰਹੇ ਜਾਪਦੇ ਹਨ, ਅਸਲ ਵਿਚ ਹੁਕਮ ਉਥੇ ਫੌਜ ਅਤੇ ਖੁਫੀਆ ਏਜੰਸੀ ਆਈ ਐਸ ਆਈ ਦਾ ਚੱਲਦਾ ਹੈ। ਸੰਸਾਰ ਭਰ ਦੇ ਸਭ ਤੋਂ ਵੱਧ ਚਰਚਿਤ ਦਹਿਸ਼ਤਗਰਦ ਓਸਾਮਾ ਬਿਨ ਲਾਦਿਨ ਦੇ ਇੱਕ ਫੌਜੀ ਛਾਉਣੀ ਦੀ ਹੱਦ ਨੇੜੇ ਅੱਡਾ ਬਣਾ ਕੇ ਲੁਕੇ ਹੋਣ ਅਤੇ ਅਮਰੀਕੀ ਕਮਾਂਡੋਆਂ ਵੱਲੋਂ ਮਾਰ ਦਿੱਤੇ ਜਾਣ ਪਿੱਛੋਂ ਫੌਜ ਨੇ ਆਪਣੀ ਕਮਜ਼ੋਰੀ ਲੁਕਾਉਣ ਲਈ ਰਾਜਸੀ ਲੀਡਰਸ਼ਿਪ ਨੂੰ ਨਿਸ਼ਾਨੇ ਉਤੇ ਰੱਖ ਲਿਆ। ਫਿਰ ਅਮਰੀਕਾ ਨਾਲ ਸਬੰਧ ਵਿਗੜਦੇ ਵਿਗੜਦੇ ਏਨੇ ਵਿਗੜ ਗਏ ਕਿ ਉਸ ਤੋਂ ਫੌਜੀ ਅੱਡਾ ਵੀ ਖਾਲੀ ਕਰਵਾ ਲਿਆ ਗਿਆ ਅਤੇ ਉਸ ਦੀ ਅਫਗਾਨਿਸਤਾਨ ਵਿਚ ਬੈਠੀ ਫੌਜ ਦੀ ਰਾਸ਼ਣ-ਪਾਣੀ ਦੀ ਸਪਲਾਈ ਵੀ ਰੋਕ ਦਿੱਤੀ ਗਈ। ਜਿਹੜੇ ਜ਼ਰਦਾਰੀ ਅਤੇ ਗਿਲਾਨੀ ਤੋਂ ਅਮਰੀਕਾ ਨੂੰ ਆਸ ਸੀ, ਉਹ ਅਮਰੀਕੀ ਫੌਜ ਦੇ ਕਮਾਂਡਰ ਨੂੰ ਲਿਖੀ ਮਦਦ ਮੰਗਦੀ ਚਿੱਠੀ ਦੇ ਜ਼ਾਹਰ ਹੋਣ ਪਿੱਛੋਂ ਆਪੋ-ਆਪਣੀ ਜਾਨ ਦੀ ਸਲਾਮਤੀ ਮੰਗਦੇ ਫਿਰਦੇ ਹਨ। ਇੱਕ ਪਾਸੇ ਉਹ ਸੁਪਰੀਮ ਕੋਰਟ ਨੂੰ ਕਹਿ ਰਹੇ ਹਨ ਕਿ ਫੌਜ ਤੇ ਖੁਫੀਆ ਏਜੰਸੀ ਸਾਡੇ ਕੰਟਰੋਲ ਵਿਚ ਨਹੀਂ ਅਤੇ ਦੂਜੇ ਪਾਸੇ ਫੌਜ ਤੇ ਖੁਫੀਆ ਏਜੰਸੀ ਨੇ ਸੁਪਰੀਮ ਕੋਰਟ ਨੂੰ ਕਹਿ ਦਿੱਤਾ ਹੈ ਕਿ ਇਹ ਚਿੱਠੀ ਲਿਖਣ ਦਾ ਕਾਰਾ ਜਿਨ੍ਹਾਂ ਨੇ ਕੀਤਾ ਹੈ, ਉਨ੍ਹਾਂ ਵਿਰੁਧ ਕਾਰਵਾਈ ਕਰਨੀ ਚਾਹੀਦੀ ਹੈ। ਹਾਲਾਤ ਅੰਤਾਂ ਦੇ ਖਤਰਨਾਕ ਹਨ ਪਰ ਅਮਰੀਕਾ ਜਿਵੇਂ ਮਿਸਰ ਦੇ ਹੋਸਨੀ ਮੁਬਾਰਕ ਦਾ ਸਾਥ ਔਖੀ ਘੜੀ ਛੱਡ ਗਿਆ ਸੀ, ਉਵੇਂ ਹੀ ਇਨ੍ਹਾਂ ਨਾਲ ਕਰ ਰਿਹਾ ਜਾਪਦਾ ਹੈ। ਇਰਾਕ ਦੇ ਹਾਕਮਾਂ ਨੂੰ ਵੀ ਉਸ ਨੇ ਕਸੂਤੇ ਵਕਤ ਛੱਡ ਕੇ ਮੌਤ ਦੇ ਮੂੰਹ ਧੱਕ ਦਿੱਤਾ ਹੈ, ਅਫਗਾਨਿਸਤਾਨ ਵਿਚ ਵੀ ਖਤਰੇ ਖੜੇ ਕਰ ਕੇ ਹੁਣ ਉਨ੍ਹਾਂ ਨੂੰ ਭੁਗਤਣ ਦੀ ਜ਼ਿਮੇਵਾਰੀ ਹਾਮਿਦ ਕਰਜ਼ਈ ਦੇ ਸਿਰ ਪਾ ਕੇ ਤੁਰ ਚੱਲਿਆ ਹੈ।

ਸੰਸਾਰ ਦੇ ਚੌਖਟੇ ਦੀਆਂ ਕਈ ਖਬਰਾਂ ਹਨ ਪਰ ਸਾਰੀਆਂ ਨੂੰ ਛੱਡ ਕੇ ਸਿਰਫ ਇਹ ਜ਼ਿਕਰ ਕਰਨਾ ਰਹਿ ਜਾਂਦਾ ਹੈ ਕਿ ਸੰਸਾਰ ਦੀ ਸਰਦਾਰੀ ਦਾ ਦਾਅਵੇਦਾਰ ਅਮਰੀਕਾ ਆਰਥਿਕ ਪੱਖੋਂ ਆਪ ਵੀ ਫਸਿਆ ਪਿਆ ਹੈ ਅਤੇ ਉਸ ਦੇ ਜੋੜੀਦਾਰ ਵੀ। ਯੂਰਪੀ ਦੇਸ਼ਾਂ ਦਾ ਹਾਲ ਅੰਤਾਂ ਦਾ ਮਾੜਾ ਹੋਇਆ ਪਿਆ ਹੈ। ਇਸ ਦੇ ਬਾਵਜੂਦ ਅਮਰੀਕਾ ਦਾ ਧਿਆਨ ਆਪਣੇ ਦੇਸ਼ ਦੇ ਹਾਲਾਤ ਸੁਧਾਰਨ ਵੱਲ ਘੱਟ ਤੇ ਬਹੁਤਾ ਰੂਸ ਤੱਕ ਜਾ ਕੇ ਪੁਆੜੇ ਪਾਉਣ ਵੱਲ ਲੱਗਾ ਪਿਆ ਹੈ। ਰਾਸ਼ਟਰਪਤੀ ਓਬਾਮਾ ਦੀ ਹਕੂਮਤ ਦਾ ਆਖਰੀ ਸਾਲ ਚੜ੍ਹਨ ਵਾਲਾ ਹੈ ਤੇ ਜਿਵੇਂ ਆਮ ਹੁੰਦਾ ਹੈ, ਇਸ ਵਾਰ ਉਹ ਵੀ ਆਪਣੇ ਅੰਤਲੇ ਸਾਲ ਵਿਚ ਲੋਕਾਂ ਦੀਆਂ ਵੋਟਾਂ ਖਿੱਚਣ ਲਈ ਕੋਈ ਮਾਅਰਕੇਬਾਜ਼ੀ ਕਰਨ ਤੁਰ ਸਕਦਾ ਹੈ।

ਹੁਣ ਆਈਏ ਅਸੀਂ ਆਪਣੇ ਉਸ ਦੇਸ਼ ਵੱਲ, ਜਿਹੜਾ ਕਦੇ 'ਸੋਨੇ ਦੀ ਚਿੜੀ' ਹੁੰਦਾ ਸੀ ਤੇ ਹੁਣ ਇਸ ਦੀ ਹਾਲਤ 'ਘਰ ਖਾਣ ਨੂੰ ਨਹੀਂ, ਮਾਂ ਪੀਹਣ ਗਈ' ਵਾਲੀ ਬਣੀ ਪਈ ਹੈ। ਜਦੋਂ ਇਹ 'ਸੋਨੇ ਦੀ ਚਿੜੀ' ਹੁੰਦਾ ਸੀ, ਉਦੋਂ ਵੀ ਸਾਰੀ ਜਨਤਾ ਸੋਨੇ ਦੀ ਸੇਜ਼ ਉਤੇ ਨਹੀਂ ਸੀ ਸੌਂਦੀ, ਨਵਾਬ ਅਤੇ ਰਜਵਾੜੇ ਖੁਸ਼ਹਾਲ ਹੁੰਦੇ ਸਨ ਜਾਂ ਉਨ੍ਹਾਂ ਨੂੰ ਅਸ਼ੀਰਵਾਦ ਦੇਣ ਵਾਲੇ ਧਾਰਮਿਕ ਆਗੂਆਂ ਦੇ ਕੇਂਦਰਾਂ ਵਿਚ ਦੌਲਤ ਦੇ ਢੇਰ ਹੁੰਦੇ ਸਨ। ਸ੍ਰੀ ਪਦਮਨਾਭ ਮੰਦਰ ਦਾ ਖਜ਼ਾਨਾ ਖੁੱਲ੍ਹ ਜਾਣ ਨੇ ਸਭ ਨੂੰ ਦੱਸ ਦਿੱਤਾ ਹੈ ਕਿ ਗੌਰੀ ਅਤੇ ਗਜ਼ਨਵੀ ਨੂੰ ਕਿਹੜੀ ਚੀਜ਼ ਏਧਰ ਖਿੱਚ ਕੇ ਲਿਆਉਂਦੀ ਹੁੰਦੀ ਸੀ। ਏਦਾਂ ਦੇ ਖਜ਼ਾਨੇ ਜਿੱਥੇ ਵੀ ਹੋਣਗੇ, ਉਨ੍ਹਾਂ ਵੱਲ ਲੁਟੇਰੇ ਆਉਣਗੇ ਹੀ, ਪਰ ਸਵਾਲ ਤਾਂ ਇਹ



*ਬਾਦਲ ਪਿਓ-ਪੁੱਤਰ*

ਹੈ ਕਿ ਜਿਨ੍ਹਾਂ ਨੇ ਰਾਖੀ ਕਰਨੀ ਹੁੰਦੀ ਸੀ, ਉਹ ਕੀ ਕਰਦੇ ਸਨ?

ਇਸ ਦਾ ਜਵਾਬ ਇਸ ਗੱਲ ਵਿਚ ਹੈ ਕਿ ਜਿਵੇਂ ਅੱਜ ਕਰਨਾਟਕਾ ਅਤੇ ਕਈ ਹੋਰਨੀਂ ਥਾਂਈਂ ਜ਼ਮੀਨ ਪੋਲੀ ਕਰ-ਕਰ ਕੇ ਦੇਸ਼ ਦੀ ਦੌਲਤ ਪੁੱਟਣ ਮਗਰੋਂ ਵਿਦੇਸ਼ ਭੇਜਣ ਦਾ ਜਾਇਜ਼ ਤੋਂ ਵੱਧ ਨਾਜਾਇਜ਼ ਧੰਦਾ ਹੋਈ ਜਾਂਦਾ ਹੈ ਤੇ ਕੁਝ 'ਦੇਸ਼ ਭਗਤ' ਅਖਵਾਉਂਦੇ ਲੋਕ ਲੁਟੇਰਿਆਂ ਨਾਲ ਹਿੱਸਾ-ਪੱਤੀ ਕਰੀ ਫਿਰਦੇ ਹਨ, ਗੌਰੀ ਤੇ ਗਜ਼ਨਵੀ ਦੇ ਵੇਲੇ ਵੀ ਇਨ੍ਹਾਂ ਦੇ ਕੁਝ ਵਡੇਰੇ ਉਨ੍ਹਾਂ ਲਈ ਰਾਹ-ਦਸੇਰੇ ਬਣ ਗਏ ਹੋਣਗੇ। ਅੰਗਰੇਜ਼ਾਂ ਵੇਲੇ ਵੀ ਕਈਆਂ ਨੇ ਉਨ੍ਹਾਂ ਦਾ ਟੋਡੀਪੁਣਾ ਕੀਤਾ ਸੀ। ਉਹ ਆਮ ਲੋਕ ਨਹੀਂ, ਖਾਂਦੀ-ਪੀਂਦੀ ਖੁਸ਼ਹਾਲ ਜਮਾਤ ਵਿਚੋਂ ਸਨ। ਦਲਾਲੀ ਦਾ ਧੰਦਾ ਜਦੋਂ ਵੀ ਕੀਤਾ ਹੈ, ਖੁਸ਼ਹਾਲ ਖਾਨਦਾਨਾਂ ਨੇ ਕੀਤਾ ਹੈ, ਆਮ ਲੋਕ ਗੱਦਾਰੀਆਂ ਨਹੀਂ ਕਰਦੇ ਹੁੰਦੇ।

ਪਿਛਲੇ ਸਾਲ ਵਿਚ ਜਿਵੇਂ ਭਾਰਤ ਵਿਚ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਬਾਹਰ ਆਈ ਹੈ, ਉਸ ਤੋਂ ਖਿਝੇ ਲੋਕਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਉਠਣਾ ਹੀ ਸੀ ਅਤੇ ਉਹ ਅੰਨਾ ਹਜ਼ਾਰੇ ਦੇ ਅੰਦੋਲਨ ਨਾਲ ਨਿਕਲ ਆਏ ਹਨ। ਇਹ ਪ੍ਰੈਸ਼ਰ ਕੁੱਕਰ ਵਿਚ ਬਣ ਗਏ ਦਬਾਅ ਕਾਰਨ ਵੱਜਣ ਵਾਲੀ ਸੀਟੀ ਹੈ, ਜੇ ਇਸ ਦਾ ਇਸ਼ਾਰਾ ਸਮਝਿਆ ਨਾ ਗਿਆ ਤਾਂ ਇੱਕ ਦਿਨ ਇਹੋ ਜਿਹਾ ਭੜਾਕਾ ਪਵੇਗਾ ਕਿ 'ਹੇਠਲੀ ਉਤੇ' ਆਉਣ ਵਾਲੀ ਹਾਲਤ ਹੋ ਜਾਵੇਗੀ।

ਸਾਰਿਆਂ ਤੋਂ ਵੱਡਾ ਭ੍ਰਿਸ਼ਟਾਚਾਰ ਦਾ ਭੜੋਲਾ ਟੈਲੀਕਾਮ ਦੇ ਸਪੈਕਟਰਮ ਦੀ ਟੂ-ਜੀ ਸਕੀਮ ਦੀ ਵੰਡ ਦਾ ਹੈ। ਇਸ ਵਿਚ ਪਿਛਲੇ ਟੈਲੀਕਾਮ ਮੰਤਰੀ ਨੇ ਜਿੰਨੀ ਲੁੱਟ ਮਚਾਈ ਤੇ ਕਾਰਪੋਰੇਟ ਸੈਕਟਰ ਜਿਵੇਂ ਇਸ ਵਿਚ ਹਿੱਸਾ-ਪੱਤੀ ਰੱਖ ਕੇ ਤੁਰਿਆ, ਉਸ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਪੱਤਰਕਾਰ ਭਾਈਚਾਰੇ ਦੇ ਕੁਝ ਲੋਕ ਵੀ ਸਪੈਕਟਰਮ ਦੀ ਸੌਦੇਬਾਜ਼ੀ ਵਿਚ ਹੀ ਨਹੀਂ, ਸਪੈਕਟਰਮ ਦੀ ਲੁੱਟ ਦਾ ਕੇਂਦਰੀ ਧੁਰਾ ਬਣ ਗਏ। ਉਹ ਏ. ਰਾਜਾ ਨੂੰ ਪਹਿਲਾਂ ਮੰਤਰੀ ਬਣਾਉਣ ਤੇ ਫਿਰ ਟੈਲੀਕਾਮ ਮੰਤਰਾਲਾ ਦਿਵਾਉਣ ਵਿਚ ਸ਼ਾਮਲ ਨਿਕਲੇ। ਜਦੋਂ ਇਹ ਸਾਰਾ ਕੇਸ ਜੱਗ ਜ਼ਾਹਰ ਹੋਇਆ ਤਾਂ ਆਮ ਆਦਮੀ ਦੀ ਜ਼ਬਾਨ ਤੋਂ ਇੱਕੋ ਗੱਲ ਨਿਕਲਦੀ ਸੀ ਕਿ ਪਿਛਲਾ ਤਜਰਬਾ ਹੈ ਕਿ ਜਿਵੇਂ ਇਹ ਚੋਰ ਖਾਂਦੇ ਹਨ, ਉਵੇਂ ਹੀ ਖਰਚ ਕਰ ਕੇ ਬਚ ਜਾਣਗੇ ਪਰ ਇਸ ਸਾਲ ਨੇ ਆਮ ਆਦਮੀ ਦੀ ਇਹ ਧਾਰਨਾ ਬਦਲਣ ਵਾਲਾ ਕੰਮ ਵੀ ਕਰ ਦਿੱਤਾ ਹੈ।

ਪ੍ਰਧਾਨ ਮੰਤਰੀ ਪੀ ਵੀ ਨਰਸਿਮਹਾ ਰਾਓ ਦੇ ਵਕਤ ਟੈਲੀਕਾਮ ਸਕੈਂਡਲਾਂ ਦੀ ਸ਼ੁਰੂਆਤ ਜਿਸ ਸੁਖਰਾਮ ਤੋਂ ਹੋਈ ਸੀ, ਜਿਸ ਦੇ ਘਰ ਵਿਚੋਂ ਸਿਰਹਾਣਿਆਂ ਵਿਚ ਨੋਟ ਭਰੇ ਹੋਏ ਮਿਲੇ ਸਨ, ਉਹ ਉਦੋਂ ਦਾ ਕੇਸ ਭੁਗਤ ਰਿਹਾ ਸੀ ਤੇ ਇਸ ਸਾਲ ਹੇਠਲੀ ਅਦਾਲਤ ਨੇ ਉਸ ਨੂੰ ਸਜ਼ਾ ਸੁਣਾ ਦਿੱਤੀ ਸੀ। ਸੁਖਰਾਮ ਉਤਲੀ ਅਦਾਲਤ ਵਿਚ ਅਪੀਲ ਕਰਨ ਦੌੜਿਆ ਅਤੇ ਚੱਲਦੇ ਸਾਲ ਵਿਚ ਹੀ ਉਸ ਦੀ ਅਪੀਲ ਵੀ ਖਾਰਜ ਹੋ ਗਈ ਹੈ। ਨਾਲ ਹਾਈ ਕੋਰਟ ਨੇ ਇਹ ਹੁਕਮ ਦੇ ਦਿੱਤਾ ਹੈ ਕਿ ਜਾ ਕੇ ਜੇਲ੍ਹ ਵਿਚ ਆਤਮ ਸਮਰਪਣ ਕਰ ਦੇਵੇ ਅਤੇ ਆਪਣੀ ਸਜ਼ਾ ਭੁਗਤਣੀ ਸ਼ੁਰੂ ਕਰੇ। ਭਾਵੇਂ ਮਾਮਲਾ ਇਹ ਦੇਰੀ ਨਾਲ ਕੀਤੇ ਇਨਸਾਫ ਦਾ ਹੈ, ਫਿਰ ਵੀ ਅੱਗੋਂ ਲਈ ਬਾਕੀ ਚੋਰਾਂ ਨੂੰ ਕੁਝ ਨਾ ਕੁਝ ਡਰ ਤਾਂ ਰਹੇਗਾ ਹੀ, ਕਿ ਬੁੱਢੇ ਵਾਰੇ ਜੇਲ੍ਹ ਵਿਚ ਅੱਡੀਆਂ ਰਗੜਨੀਆਂ ਵੀ ਪੈ ਸਕਦੀਆਂ ਹਨ।

ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ, ਇਸ ਵਿਚ ਕਈ ਖੇਤਰਾਂ ਵਿਚ ਕਈ ਕੁਝ ਗਿਣਨ ਯੋਗ ਰਿਹਾ, ਪਰ ਸਾਰਾ ਨਾ ਲਿਖ ਕੇ ਅਸੀਂ ਜਦੋਂ ਵੰਨਗੀ ਲਿਖਣੀ ਹੋਵੇ ਤਾਂ ਸਭ ਤੋਂ ਵੱਡਾ ਮੁੱਦਾ ਇਥੇ ਵੀ ਭ੍ਰਿਸ਼ਟਾਚਾਰ ਦਾ ਲੱਗਦਾ ਹੈ। ਇਹ ਪਹਿਲੀ ਵਾਰ ਹੋਇਆ ਕਿ ਇੱਕ ਮੰਤਰੀਆਂ ਵਰਗੇ ਚੀਫ ਪਾਰਲੀਮੈਂਟਰੀ ਸੈਕਟਰੀ ਨੂੰ ਅਦਾਲਤ ਨੇ ਭ੍ਰਿਸ਼ਟਾਚਾਰ ਦੇ ਕੇਸ ਵਿਚ ਉਦੋਂ ਕੈਦ ਦੀ ਸਜ਼ਾ ਸੁਣਾ ਦਿੱਤੀ, ਜਦੋਂ ਉਹ ਵਜ਼ੀਰ ਵਾਲੀ ਝੰਡੀ ਵਾਲੀ ਕਾਰ ਵਿਚ ਪੇਸ਼ ਹੋਣ ਗਿਆ ਸੀ। ਪਿੱਛੋਂ ਭਾਵੇਂ ਉਤਲੀ ਅਦਾਲਤ ਤੋਂ ਉਹ ਬਰੀ ਹੋ ਗਿਆ ਤੇ ਉਸ ਦੀ ਪਾਰਟੀ ਨੇ ਫਿਰ ਉਸ ਨੂੰ ਟਿਕਟ ਵੀ ਦੇ ਦਿੱਤੀ ਹੈ, ਪਰ ਲੋਕਾਂ ਨੂੰ ਜੋ ਪਤਾ ਲੱਗਣਾ ਚਾਹੀਦਾ ਸੀ, ਉਹ ਲੱਗ ਚੁੱਕਾ ਹੈ। ਏਸੇ ਸਾਲ ਪੰਜਾਬ ਸਰਕਾਰ ਦੇ ਇੱਕ ਹੋਰ ਚੀਫ ਪਾਰਲੀਮੈਂਟਰੀ ਸੈਕਟਰੀ ਨੂੰ ਡੇਢ ਕਰੋੜ ਰੁਪਏ ਰਿਸ਼ਵਤ ਲੈਂਦੇ ਫੜਿਆ ਗਿਆ ਤੇ ਉਸ ਨੂੰ ਅਹੁਦੇ ਉਤੇ ਹੁੰਦਿਆਂ ਹੀ ਪੁਲਿਸ ਰਿਮਾਂਡ ਕੱਟਣਾ ਪਿਆ, ਜਿਸ ਦੀ ਪੁੱਛਗਿੱਛ ਨਾਲ ਉਸ ਦੀ ਪਾਰਟੀ ਦੇ ਦੋ ਹੋਰ ਮੰਤਰੀਆਂ ਨੂੰ ਵਜ਼ੀਰੀ ਤੋਂ ਅਸਤੀਫਾ ਦੇਣਾ ਪੈ ਗਿਆ।

ਜਦੋਂ ਮੰਤਰੀਆਂ ਦੇ ਪੱਧਰ ਉਤੇ ਇਹ ਕੁਝ ਹੋ ਰਿਹਾ ਸੀ ਤਾਂ ਅਫਸਰਾਂ ਵਿਚੋਂ ਵੀ ਕਈਆਂ ਨੇ ਸ਼ਰਮ ਦਾ ਛਿੱਕਾ ਲਾਹ ਛੱਡਿਆ। ਪੁਲਿਸ ਦਾ ਇੱਕ ਏ ਆਈ ਜੀ ਚੰਡੀਗੜ੍ਹ ਵਿਚ ਰਿਸ਼ਵਤ ਲੈਂਦਾ ਕਾਬੂ ਆ ਗਿਆ। ਨਾਲ ਲਗਦੇ ਮੁਹਾਲੀ ਵਿਚ ਇੱਕ ਡੀ ਐਸ ਪੀ ਬੀਬੀ ਰਿਸ਼ਵਤ ਲੈਂਦੀ ਫੜੀ ਗਈ। ਉਸ ਦੇ ਘਰੋਂ ਨਾਜਾਇਜ਼ ਹਥਿਆਰ ਤੇ ਗੋਲੀ-ਸਿੱਕਾ ਇੱਕ ਪੁਲਿਸ ਚੌਕੀ ਜਿੰਨਾ ਨਿਕਲਿਆ ਅਤੇ ਉਸ ਦੇ ਘਰ ਤੋਂ ਸ਼ਰਾਬ ਵੀ ਕਿਸੇ ਛੋਟੇ ਠੇਕੇ ਜਿੰਨੀ ਨਿਕਲ ਆਈ। ਕੁਝ ਦਿਨ ਪਿੱਛੋਂ ਹੁਸ਼ਿਆਰਪੁਰ ਵਿਚ ਇੱਕ ਐਸ ਪੀ ਰਿਸ਼ਵਤ ਲੈਂਦਾ ਕਾਬੂ ਆ ਗਿਆ ਤਾਂ ਪਤਾ ਲੱਗਾ ਕਿ ਦੋ ਦਹਾਕੇ ਪਹਿਲਾਂ ਉਸ ਦੀ ਨੌਕਰੀ ਸ਼ੁਰੂ



*ਅੰਨਾ ਹਜ਼ਾਰੇ*

ਹੋਣ ਦੇ ਸਮੇਂ ਤੋਂ ਹੀ ਉਸ ਨੇ ਹਰ ਮੋੜ ਉਤੇ ਹੇਰਾਫੇਰੀ ਕੀਤੀ ਹੋਈ ਸੀ। ਥੋੜ੍ਹੇ ਦਿਨ ਹੋਰ ਗੁਜ਼ਰੇ ਤਾਂ ਸਿੱਖਿਆ ਵਿਭਾਗ ਦਾ ਇੱਕ ਡਾਇਰੈਕਟਰ ਫੜਿਆ ਗਿਆ ਤੇ ਬਠਿੰਡੇ ਜ਼ਿਲੇ ਵਿਚ ਉਸ ਦੇ ਘਰ ਦੀ ਤਲਾਸ਼ੀ ਵੇਲੇ ਉਸ ਦੇ ਨਿੱਜੀ ਕਮਰੇ ਵਿਚੋਂ ਅਫੀਮ ਫੜੀ ਗਈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਜੁਰਅੱਤ ਦੀ ਦਾਦ ਦੇਣੀ ਚਾਹੀਦੀ ਹੈ, ਜਿਨ੍ਹਾਂ ਨੇ ਇਹੋ ਜਿਹੀ ਸਰਕਾਰ ਚਲਾਉਂਦਿਆਂ ਵੀ ਇਹ ਕਹਿਣ ਵੇਲੇ ਝਿਜਕ ਨਹੀਂ ਰੱਖੀ ਕਿ ਭ੍ਰਿਸ਼ਟਾਚਾਰ ਕਰਨ ਵਾਲੇ ਬੰਦੇ ਨੂੰ ਤਾਂ ਫਾਂਸੀ ਦੇ ਦੇਣੀ ਚਾਹੀਦੀ ਹੈ।

ਜਦੋਂ ਇਹ ਸਾਰਾ ਕੁਝ ਹੋ ਚੁੱਕਾ ਹੈ ਅਤੇ ਪੰਜਾਬ ਇੱਕ ਵਾਰੀ ਹੋਰ ਚੋਣਾਂ ਦੇ ਚੱਕਰ ਵਿਚ ਪੈਣ ਵਾਲਾ ਹੈ, ਲੋਕਾਂ ਨੂੰ ਰਾਜਨੀਤਕ ਪੱਖ ਤੋਂ ਵੀ ਇਸ ਸਾਲ ਨੇ ਬਹੁਤ ਕੁਝ ਵਿਖਾ ਦਿੱਤਾ ਹੈ। ਬਲਵੰਤ ਸਿੰਘ ਰਾਮੂਵਾਲੀਏ ਦਾ ਬਾਦਲ ਅਕਾਲੀ ਦਲ ਵਿਚ ਜਾਣਾ ਦੇਰੀ ਨਾਲ ਚੁੱਕਿਆ ਕਦਮ ਤਾਂ ਹੈ, ਹੈਰਾਨੀ ਵਾਲਾ ਨਹੀਂ, ਕਿਉਂਕਿ ਉਹ ਕਾਂਗਰਸ ਜਾਂ ਅਕਾਲੀ ਦਲ ਵਿਚ ਜਾਣ ਲਈ ਪਿਛਲੇ ਤਿੰਨ ਸਾਲਾਂ ਤੋਂ ਰੱਸੇ ਤੁੜਾਈ ਜਾਂਦਾ ਸੀ। ਹੈਰਾਨੀ ਵਾਲਾ ਕਦਮ ਮਨਪ੍ਰੀਤ ਸਿੰਘ ਬਾਦਲ ਵੱਲੋਂ ਨਵੀਂ ਪਾਰਟੀ ਖੜੀ ਕਰ ਕੇ ਉਸ ਵੱਲੋਂ ਮਾਘੀ ਮੌਕੇ ਸਾਹਮਣੇ ਲੱਗੀ ਅਕਾਲੀਆਂ ਦੀ ਰੈਲੀ ਤੋਂ ਵੱਡਾ ਇਕੱਠ ਕਰਨ ਤੋਂ ਸ਼ੁਰੂ ਕਰ ਕੇ ਖਟਕੜ ਕਲਾਂ ਤੇ ਢੁੱਡੀਕੇ ਵਿਚ ਰਿਕਾਰਡ ਤੋੜ ਹਾਜ਼ਰੀ ਵਾਲੀਆਂ ਕਾਨਫਰੰਸਾਂ ਕਰ ਦੇਣਾ ਸੀ। ਜਦੋਂ ਉਹ ਕਿਸੇ ਤਣ-ਪੱਤਣ ਲੱਗਣ ਦਾ ਯਤਨ ਕਰ ਰਿਹਾ ਸੀ, ਉਦੋਂ ਉਸ ਨੂੰ ਠਿੱਬੀ ਲਾ ਦਿੱਤੀ ਗਈ ਹੈ। ਉਸ ਦੇ ਸਭ ਤੋਂ ਨੇੜਲੇ ਸਾਥੀਆਂ ਨੇ ਚੁਬਾਰੇ ਚਾੜ੍ਹ ਕੇ ਪੌੜੀ ਲਾਹੁਣ ਦਾ ਨਹੀਂ, ਬਨੇਰੇ ਕੋਲ ਗਏ ਨੂੰ ਅੱਧ ਵਿਚਾਲੇ ਲਮਕਾ ਦੇਣ ਦਾ ਕੰਮ ਕੀਤਾ ਹੈ। ਫਿਰ ਵੀ ਆਮ ਲੋਕਾਂ ਦੀ ਉਸ ਵੱਲ ਹਮਦਰਦੀ ਕਾਇਮ ਹੈ, ਜਿਹੜੀ ਕੋਈ ਵੀ ਸਿੱਟੇ ਕੱਢ ਸਕਦੀ ਹੈ।

ਦਲਬਦਲੀ ਦੇ ਆਮ ਸਮਝੇ ਜਾਣ ਵਾਲੇ ਵਰਤਾਰੇ ਤੋਂ ਪਾਸੇ ਹਟ ਕੇ ਜੇ ਕਿਸੇ ਹੋਰ ਗੱਲ ਨਾਲ ਇਹ ਸਾਲ ਪੰਜਾਬ ਦੇ ਲੋਕਾਂ ਨੂੰ ਚਿੰਤਾ ਵਿਚ ਡੋਬਣ ਵਾਲਾ ਹੈ ਤਾਂ ਉਹ ਇਹ ਕਿ ਇੱਕ ਵਾਰੀ ਫਿਰ ਰਾਜਸੀ ਮੈਦਾਨ ਵਿਚ ਬੋਲ-ਬਾਣੀ ਅਤਿ ਦੇ ਨੀਵੇਂ ਪੱਧਰ ਨੂੰ ਜਾ ਪਹੁੰਚੀ ਹੈ। ਹੁਣ ਇਸ ਵਿਚੋਂ ਨਿਕਲਣ ਲਈ ਮੁੱਖ ਮੰਤਰੀ ਅਤੇ ਉਸ ਦਾ ਡਿਪਟੀ ਮੁੱਖ ਮੰਤਰੀ ਬੇਟਾ ਕਹਿ ਰਹੇ ਹਨ ਕਿ ਬੋਲੀ ਸਾਊ ਹੋਣੀ ਚਾਹੀਦੀ ਹੈ, ਪਰ ਸ਼ੁਰੂਆਤ ਖੁਦ ਉਨ੍ਹਾਂ ਨੇ ਕੀਤੀ ਸੀ। ਜਦੋਂ ਮੁੱਖ ਮੰਤਰੀ ਬਾਦਲ ਨੇ ਬੀਬੀ ਰਾਜਿੰਦਰ ਕੌਰ ਭੱਠਲ ਨੂੰ 'ਗਾਂ ਵਾਂਗ ਭੂਤਰੀ ਫਿਰਦੀ' ਕਿਹਾ ਸੀ, ਉਸ ਵੇਲੇ ਤੱਕ ਕਦੇ ਕਿਸੇ ਲੀਡਰ ਨੇ ਏਨੇ ਨੀਵੇਂ ਪੱਧਰ ਦੀ ਗੱਲ ਨਹੀਂ ਸੀ ਕਹੀ। ਫਿਰ ਜਦੋਂ ਉਨ੍ਹਾਂ ਦੇ ਪੁੱਤਰ ਨੇ ਕੈਪਟਨ ਅਮਰਿੰਦਰ ਸਿੰਘ ਬਾਰੇ ਕਿਹਾ ਕਿ 'ਲੋਕੋ, ਤੁਸੀਂ ਇਸ ਨੂੰ ਵੋਟਾਂ ਵਿਚ ਹਰਾ ਦਿਓ, ਮੈਂ ਇਸ ਨੂੰ ਜੁੱਤੀ ਹੇਠ ਮਸਲ ਦੇਵਾਂਗਾ' ਜਾਂ ਫਿਰ ਇਹ ਕਿ 'ਕੈਪਟਨ ਅਮਰਿੰਦਰ ਸਿੰਘ ਦੀ ਘੁਟਵੀਂ ਪਜਾਮੀ ਵਿਚ ਚੂਹੇ ਛੱਡਾਂਗਾ' ਕਿਹਾ ਸੀ, ਉਦੋਂ ਬਾਦਲ ਸਾਹਿਬ ਸਾਊ ਬੋਲੀ ਦੇ ਤਰਫਦਾਰ ਨਹੀਂ ਸੀ ਬਣੇ। ਫਿਰ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਹੋ ਰਾਹ ਫੜ ਲਿਆ। ਚਲੰਤ ਸਾਲ ਵਿਚ ਇਸ ਤਰ੍ਹਾਂ ਦੀ ਬੋਲੀ ਦੀ ਸ਼ੁਰੂਆਤ ਫਿਰ ਬਾਦਲ ਕੈਂਪ ਵਿਚੋਂ ਹੋਈ, ਜਦੋਂ ਸੁਖਬੀਰ ਸਿੰਘ ਬਾਦਲ ਦੇ ਸਾਲੇ ਅਤੇ ਵਿਧਾਇਕ ਬਿਕਰਮ ਸਿੰਘ ਮਜੀਠੀਏ ਨੇ ਇੱਕ ਕਾਨਫਰੰਸ ਵਿਚ ਐਲਾਨ ਕੀਤਾ ਕਿ 'ਮੈਂ ਕੈਪਟਨ ਅਮਰਿੰਦਰ ਸਿੰਘ ਦੀ ਧੌਣ ਲਾਹ ਦੇਵਾਂਗਾ' ਅਤੇ ਦੋ ਵਾਰੀ ਬਾਅਦ ਵਿਚ ਇਹ ਲਫਜ਼ ਟੀ ਵੀ ਚੈਨਲਾਂ ਮੂਹਰੇ ਵੀ ਦੁਹਰਾ ਦਿੱਤੇ ਸਨ, ਪਰ ਬਾਦਲ ਸਾਹਿਬ ਨੇ ਉਸ ਨੂੰ ਏਦਾਂ ਬੋਲਣ ਤੋਂ ਵਰਜਿਆ ਨਹੀਂ ਸੀ, ਸਗੋਂ ਏਧਰ-ਓਧਰ ਦੀ ਝਕਾਨੀ ਦਿੰਦੇ ਹੋਏ ਗੱਲ ਟਾਲਦੇ ਰਹੇ ਸਨ। ਹੁਣ ਤਾਂ ਸਾਫ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਵੀ ਲੋਕਾਂ ਨੂੰ ਇਹੋ ਕੁਝ ਸੁਣਨ ਨੂੰ ਮਿਲੇਗਾ।

ਕੁੱਲ ਮਿਲਾ ਕੇ ਪ੍ਰਭਾਵ ਇਹ ਹੈ ਕਿ ਲੰਘਿਆ ਸਾਲ ਚੰਗਾ ਨਹੀਂ ਰਿਹਾ ਤੇ ਇਹੋ ਜਿਹੀ ਕੋਈ ਆਸ ਵੀ ਨਹੀਂ ਬੱਝ ਰਹੀ ਕਿ ਅਗਲਾ ਸਾਲ ਚੰਗਾ ਹੋਵੇਗਾ। ਅਸੀਂ ਸਿਰਫ ਕਾਮਨਾ ਕਰ ਸਕਦੇ ਹਾਂ ਤੇ ਆਓ ਇਹ ਕਾਮਨਾ ਕਰੀਏ ਕਿ ਜਿਹੋ ਜਿਹਾ ਇਹ ਸਾਲ ਗੁਜ਼ਰਿਆ ਹੈ, ਜੇ ਇਸ ਤੋਂ ਚੰਗਾ ਸਾਡੇ ਨਸੀਬਾਂ ਵਿਚ ਨੇੜ ਭਵਿੱਖ ਵਿਚ ਨਹੀਂ ਤਾਂ ਘੱਟੋ ਘੱਟ ਇਸ ਨਾਲੋਂ ਮਾੜੀ ਪੱਧਰ ਵਾਲਾ ਵੀ ਸਾਡੇ ਪੱਲੇ ਨਾ ਪੈ ਜਾਂਦਾ ਹੋਵੇ।

**ਜਾਇਦਾਦ ਦੀ ਖਰੀਦ-ਵੇਚ**

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ: 94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਫੈਜ਼ ਅਹਿਮਦ ਫੈਜ਼ 'ਤੇ ਸਿਆਲਕੋਟ ਦੀ ਪੰਜਾਬੀ ਦਾ ਰੰਗ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

2011 ਫੈਜ਼ ਅਹਿਮਦ ਫੈਜ਼ ਦੀ ਜਨਮ ਸ਼ਤਾਬਦੀ ਦਾ ਵਰ੍ਹਾ ਹੈ। ਉਹ 13 ਫਰਵਰੀ 1911 ਨੂੰ ਸਿਆਲਕੋਟ ਵਿਚ ਚੌਧਰੀ ਸੁਲਤਾਨ ਮੁਹੰਮਦ ਖਾਂ ਦੇ ਘਰ ਪੈਦਾ ਹੋਇਆ ਸੀ। ਅੰਗ੍ਰੇਜ਼ੀ ਤੇ ਅਰਬੀ ਦੀ ਐਮ ਏ ਤੱਕ ਵਿਦਿਆ ਪ੍ਰਾਪਤ ਕਰਕੇ ਉਹ ਸੱਤ ਸਾਲ ਅੰਮ੍ਰਿਤਸਰ ਤੇ ਲਾਹੌਰ ਦੇ ਡਿਗਰੀ ਕਾਲਜਾਂ ਵਿਚ ਅਧਿਆਪਕ ਵੀ ਰਿਹਾ। ਪ੍ਰਗਤੀਸ਼ੀਲ ਪੰਜਾਬੀ ਲੇਖਕ ਸੰਘ ਦਾ ਬਾਨੀ ਸਕੱਤਰ ਰਹਿਣ ਉਪਰੰਤ ਉਹ ਐਫਰੋ ਏਸ਼ੀਅਨ ਲੇਖਕ ਸੰਘ ਤੇ ਪਾਕਿਸਤਾਨ ਕਲਾ ਪ੍ਰੀਸ਼ਦ ਲਾਹੌਰ ਦੇ ਉਚੇ ਅਹੁਦਿਆਂ ਉਤੇ ਰਿਹਾ। ਉਰਦੂ ਵਿਚ ਦਰਜਨਾਂ ਕਾਵਿ ਸੰਗ੍ਰਹਿ, ਸਫਰਨਾਮੇ ਤੇ ਵਾਰਤਕ ਰਚਨਾਵਾਂ ਲਿਖਣ ਤੋਂ ਬਿਨਾ ਉਸ ਨੇ ਕੁਝ ਨਜ਼ਮਾਂ ਪੰਜਾਬੀ ਵਿਚ ਵੀ ਲਿਖੀਆਂ ਜਿਨ੍ਹਾਂ ਵਿਚ ਉਸ ਦੀ ਜਨਮ ਭੂਮੀ ਸਿਆਲਕੋਟ ਦੀ ਸੱਚੀ ਤੇ ਸੁੱਚੀ ਪੰਜਾਬੀ ਦਾ ਰੰਗ ਮਿਲਦਾ ਹੈ। ਦਿਲਚਸਪੀ ਦੀ ਗੱਲ ਇਹ ਕਿ ਜਨਮ ਤਾਂ ਭਾਵੇਂ ਸਰ ਮੁਹੰਮਦ ਇਕਬਾਲ ਦਾ ਵੀ ਏਸੇ ਹੀ ਭੂਮੀ ਦਾ ਸੀ ਪਰ ਉਸ ਨੇ ਪੰਜਾਬੀ ਉਤੇ ਹੱਥ ਅਜ਼ਮਾਉਣ ਦਾ ਯਤਨ ਤੱਕ ਨਹੀਂ ਕੀਤਾ। ਉਸ ਦੀ ਉਰਦੂ ਵੀ ਫੈਜ਼ ਦੀ ਉਰਦੂ ਵਰਗੀ ਸਰਲ ਤੇ ਸਹਿਜ ਭਾਵੀ ਨਹੀਂ ਸੀ।

ਇਹ ਜਾਣਕਾਰੀ ਪੰਜਾਬੀ ਯੂਨੀਵਰਸਟੀ, ਪਟਿਆਲਾ ਦੇ ਉਸ ਮਾਹੌਲ ਵਿਚ ਦੁਹਰਾਈ ਗਈ ਜਿੱਥੇ ਐਨ ਸੀ ਈ ਆਰ ਟੀ ਨਵੀਂ ਦਿੱਲੀ ਦੇ ਸਹਿਯੋਗ ਨਾਲ ਫੈਜ਼ ਦੀ ਜਨਮ ਸ਼ਤਾਬਦੀ ਦੇ ਸਬੰਧ ਵਿਚ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਰਚਾਇਆ ਗਿਆ ਸੀ। ਸ਼ਿਰਕਤ ਕਰਨ ਵਾਲਿਆਂ ਵਿਚ ਕੇਵਲ ਧੀਰ, ਸੰਜੇ ਕੁਮਾਰ ਸੁਮਨ, ਰਾਜੇਸ਼ ਮਿਸ਼ਰਾ, ਕੀਰਤੀ ਕਪੂਰ, ਕਸ਼ਮੀਰੀ ਲਾਲ ਜ਼ਾਕਿਰ, ਆਨੰਦ ਸ਼ੁਕਲਾ, ਜਸਵਿੰਦਰ ਸਿੰਘ ਆਦਿ ਹਿੰਦੂ-ਸਿੱਖ ਵਿਦਵਾਨਾਂ ਦੇ ਨਾਲ ਇਕਬਾਲ ਮਸਊਦ, ਮੁਹੰਮਦ ਨੈਮਾਨ ਖਾਂ, ਮੁਹੰਮਦ ਜਮੀਲ, ਮੁਹੰਮਦ ਫਾਰੂਕ ਅਨਸਾਰੀ, ਅਨੀਸ ਅਸ਼ਫਾਕ, ਰਿਜਵਾਨੁਲ ਹੱਕ, ਅਲੀ ਅਹਿਮਦ ਫਾਤਮੀ, ਫਰੀਦ ਸੱਦੀਕੀ, ਯਾਕੂਬ ਯਾਵਰ, ਦੀਵਾਨ ਹੰਨਾਨ ਖਾਂ, ਅਬੂ ਸ਼ਹੀਮ ਖਾਂ, ਮੁਹੰਮਦ ਫਾਰੂਕ ਅਨਸਾਰੀ, ਨਾਸਰ ਨਕਵੀ, ਅਸ਼ਫਾਕ ਅਹਿਮਦ ਆਰਫੀ, ਜੀਆ-ਉਰ ਰਹਿਮਾਨ ਸਿੱਦੀਕੀ, ਕਮਰੁਲ-ਹੁਦਾ ਫਰੀਦੀ, ਸ਼ਾਫੇ ਕਿਦਵਾਈ, ਅਨੀਸ ਅਸ਼ਫਾਕ, ਅਨਵਰ ਜ਼ਹੀਰ ਅਨਸਾਰੀ, ਖਾਲਿਦ ਮਹਿਮੂਦ, ਆਸਿਫ ਜ਼ਹਰੀ, ਸਲੀਮ ਸ਼ਹਿਜ਼ਾਦ, ਹਮੀਦੁੱਲਾ ਖਾਂ, ਤਾਰਿਕ ਸਈਦ, ਸ਼ਮੀਮ ਹਨਾਫੀ, ਜਮਸ਼ੇਦ ਅਲੀ ਖਾਂ, ਆਦਿ ਅਨੇਕਾਂ ਮੁਸਲਮਾਨ ਆਲਮ ਫਾਜ਼ਿਲ ਸੈਮੀਨਾਰ ਵਿਚ ਭਾਗ ਲੈ ਰਹੇ ਸਨ। ਯੂਨੀਵਰਸਟੀ ਦਾ ਸੈਨੇਟ ਹਾਲ ਮੁਸਲਿਮ ਤਹਿਜ਼ੀਬ ਓ ਤਮੱਦਨ ਨਾਲ ਭਰਿਆ ਤੇ ਸਜਿਆ ਵੇਖ ਕੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਭਰਪੂਰ ਦਰਸ਼ਨ ਹੋ ਰਹੇ ਸਨ।

ਜੇ ਇਸ ਮਾਹੌਲ ਨੂੰ ਫੈਜ਼ ਦੇ ਅਪਣੇ ਸ਼ਬਦਾਂ ਵਿਚ ਪੇਸ਼ ਕਰਨਾ ਹੋਵੇ ਤਾਂ ਉਸ ਦਾ ਇੱਕ ਸ਼ਿਅਰ ਹੀ ਕਾਫੀ ਹੈ,

ਹਮ ਨੇ ਜੋ ਤਰਜ਼ ਏ ਫੁਗਾਂ ਕੀ ਹੈ
ਕਫਸ ਮੇਂ ਈਜਾਦ।
ਫੈਜ਼ ਗੁਲਸ਼ਨ ਮੇਂ ਵਹੀ
ਤਰਜ਼ ਏ ਬਿਆਂ ਠਹਿਰੀ ਹੈ।

ਭਾਵੇਂ ਗੁਲਸ਼ਨ ਦਾ ਇਹ ਉਰਦੂ ਮਾਹੌਲ ਅਤਿਅੰਤ ਆਨੰਦਮਈ ਸੀ ਪਰ ਇਸ ਨੂੰ ਪੰਜਾਬੀ ਦਾ ਤੜਕਾ ਲਾਉਣ ਲਈ ਮੈਂ ਫੈਜ਼ ਦੇ ਸਿਆਲਕੋਟੀ ਰੰਗ ਦੀ ਪੰਜਾਬੀ ਕਵਿਤਾ ਪੇਸ਼ ਕੀਤੇ ਬਿਨਾ ਨਹੀਂ ਰਹਿ ਸਕਦਾ। ਕਵਿਤਾ ਦਾ ਨਾਂ ਹੈ 'ਰੱਬਾ ਸੱਚਿਆ',

ਰੱਬਾ ਸੱਚਿਆ ਤੂੰ ਤੇ ਆਖਿਆ ਸੀ
ਜਾ ਓਇ ਬੰਦਿਆਂ ਜਗ 'ਚ ਸ਼ਾਹ ਹੈਂ ਤੂੰ।
ਸਾਡੀਆਂ ਨਿਆਮਤਾਂ ਤੇਰੀਆਂ ਦੌਲਤਾਂ ਨੇ
ਸਾਡਾ ਨਾਇਬ ਤੇ ਆਲੀ ਜਾਹ ਏਂ ਤੂੰ।
ਇਸ ਲਾਰੇ 'ਤੇ ਟੋਰ ਕਦ ਪੁੱਛਿਆ ਈ
ਕੀ ਏਸ ਨਿਮਾਣੇ 'ਤੇ ਬੀਤੀਆਂ ਨੇ।
ਕਦੀ ਸਾਰ ਵੀ ਲਈਊ ਰੱਬ ਸਾਈਆਂ
ਏਸ ਸ਼ਾਹ ਨਾਲ ਜੱਗ ਕੀ ਕੀਤੀਆਂ ਨੇ।

ਕਿਤੇ ਧੌਂਸ ਪੁਲਸ ਸਰਕਾਰ ਦੀ ਏ
ਕਿਤੇ ਧਾਂਦਲੀ ਮਾਲ ਪਟਵਾਰ ਦੀ ਏ।
ਕਿਵੇਂ ਹੱਡਾਂ 'ਚ ਕਲਪੇ ਜਾਨ ਮੇਰੀ
ਜਿਵੇਂ ਫਾਹੀ 'ਚ ਕੂੰਜ ਕੁਰਲਾਂਵਦੀ ਏ।
ਚੰਗਾ ਸ਼ਾਹ ਬਣਾਇਆ ਈ ਰੱਬ ਸਾਈਆਂ
ਪੌਲੇ ਖਾਂਦਿਆਂ ਵਾਰ ਨਾ ਆਂਵਦੀ ਏ।

ਮੇਰੇ ਲਈ ਨਾਸਰ ਨਕਵੀ ਤੋਂ ਪ੍ਰਾਪਤ ਕੀਤੀ ਫੈਜ਼ ਦੀ ਸਿਆਲਕੋਟੀ ਪੰਜਾਬੀ ਰੰਗਤ ਵਾਲੀ ਇਹ ਸ਼ਾਇਰੀ ਦੋ ਰੋਜ਼ਾ ਸੈਮੀਨਾਰ ਦਾ ਹਾਸਲ ਸੀ। ਅਸਲ ਵਿਚ ਯੂਨੀਵਰਸਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਆਪਣੇ ਉਦਘਾਟਨੀ ਭਾਸ਼ਨ ਵਿਚ ਵੀ ਫੈਜ਼ ਦੀ ਇੱਕ ਗਜ਼ਲ ਦੇ ਕੁਝ ਸ਼ਿਅਰ ਪੜ੍ਹੇ ਸਨ ਜਿਸ ਨਾਲ ਪੂਰੇ ਦੇ ਪੂਰੇ ਸੈਮੀਨਾਰ ਦਾ ਰੰਗ ਬੰਨ੍ਹਿਆ ਗਿਆ ਸੀ।



*ਫੈਜ਼ ਅਹਿਮਦ ਫੈਜ਼*

ਸੈਮੀਨਾਰ ਨੇ ਫੈਜ਼ ਦੀ ਦੇਣ ਨੂੰ ਖੂਬ ਉਘਾੜਿਆ। ਮੇਰਾ ਮਨ ਕਹਿੰਦਾ ਹੈ ਕਿ ਜੇ ਏਸ ਤਰ੍ਹਾਂ ਦੇ ਸੈਮੀਨਾਰ ਉਰਦੂ ਦਾ ਰਸ ਮਾਨਣ ਵਾਲੇ ਖੇਤਰਾਂ ਦੀਆਂ ਬਾਕੀ ਯੂਨੀਵਰਸਿਟੀਆਂ ਵਿਚ ਵੀ ਹੁੰਦੇ ਰਹਿਣ ਤਾਂ ਅਸੀਂ ਉਰਦੂ ਵਰਗੀ ਅਮੀਰ ਤੇ ਮਹਿਬੂਬ ਜ਼ੁਬਾਨ ਨੂੰ ਧਰਤੀ ਦੇ ਏਸ ਟੁਕੜੇ ਉਤੇ ਰਹਿੰਦੀ ਦੁਨੀਆਂ ਤੱਕ ਜਿਉਂਦੀ ਰੱਖ ਸਕਦੇ ਹਾਂ।

### ਮੋਨਾ ਰਾਮਾਸਿੰਘਾ ਉਰਫ ਕਲਪਨਾ ਕਾਰਤਿਕ

ਮੈਂ ਫਿਲਮੀ ਦੁਨੀਆਂ ਦਾ ਬੰਦਾ ਨਹੀਂ। ਪਰ ਦੇਵ ਆਨੰਦ ਦੇ ਅਕਾਲ ਚਲਾਣੇ ਤੋਂ ਪਿੱਛੋਂ ਮੇਰੇ ਘਰ ਮੁੰਬਈ ਵਾਲੇ ਅਮਰੀਕ ਗਿੱਲ ਦੀ ਆਮਦ ਨੇ ਉਥੋਂ ਦੀ ਦੁਨੀਆਂ ਦਾ ਸਾਰਾ ਚਿੱਤਰ ਅੱਖਾਂ ਦੇ ਸਾਹਮਣੇ ਲੈ ਆਂਦਾ। ਖਾਸ ਕਰਕੇ ਦੇਵ ਆਨੰਦ ਦਾ 80ਵਿਆਂ ਵਿਚ 18ਵਿਆਂ ਦੀ ਫੁਰਤੀ ਨਾਲ ਜੀਊਣਾ ਤੇ ਹਸੀਨ ਅਦਾਕਾਰਾਂ ਨਾਲ ਕੰਮ ਕਰਨ ਦੇ ਬਾਵਜੂਦ ਆਪਣੀ ਪਤਨੀ ਕਲਪਨਾ ਕਾਰਤਿਕ ਨਾਲ ਅੰਤਾਂ ਦਾ ਮੋਹ ਪਾਲਣਾ। ਇਹ ਵੀ ਪਤਾ ਲਗਿਆ ਕਿ ਜਦੋਂ ਮੈਡੀਕਲ ਚੈਕਅਪ ਲਈ ਲੰਡਨ ਗਏ ਦੇਵ ਆਨੰਦ ਦੀ ਉਥੇ ਹੀ ਮ੍ਰਿਤੂ ਹੋ ਗਈ ਤਾਂ ਉਸ ਦੀ ਜੀਵਨ ਸਾਥਣ ਅਪਣੀ ਕਿਸੇ ਭੈਣ ਕੋਲ ਅਮਰੀਕਾ ਗਈ ਹੋਈ ਸੀ। ਬੁਢੇਪੇ ਕਾਰਨ ਸਿਹਤ ਵੱਜੋਂ ਉਹ ਵੀ ਢਿੱਲੀ ਹੀ ਰਹਿੰਦੀ ਹੈ। ਇਥੋਂ ਤੱਕ ਕਿ ਉਹ ਅਪਣੇ ਪਿਆਰੇ ਦੇ ਸਸਕਾਰ ਉਤੇ ਵੀ ਨਹੀਂ ਪਹੁੰਚ ਸਕੀ।

ਗੱਲਾਂ ਵਿਚੋਂ ਗੱਲ ਇਹ ਵੀ ਨਿਕਲੀ ਕਿ ਕਲਪਨਾ ਕਾਰਤਿਕ ਦਾ ਅਸਲੀ ਨਾਂ ਮੋਨਾ ਰਾਮਾਸਿੰਘਾ ਹੈ ਤੇ ਉਸ ਦਾ ਪਿਤਾ ਰਾਮਾ ਸਿੰਘਾ ਉਸ ਦੀ ਪੜ੍ਹਾਈ ਦੇ ਦਿਨਾਂ ਵਿਚ ਪੰਜਾਬ ਯੂਨੀਵਰਸਟੀ ਦਾ ਰਜਿਸਟਰਾਰ ਹੁੰਦਾ ਸੀ ਜਦੋਂ ਇਸ ਦਾ ਮੁੱਖ ਦਫਤਰ ਅਣਵੰਡੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਸੀ। ਇਹ ਵੀ ਕਿ ਬਟਾਲਾ ਦੇ ਈਸਾਈ ਪਰਿਵਾਰ ਦੀ ਜੰਮਪਲ ਮੋਨਾ ਅਲੈਗਜ਼ੈਂਡਰਾ ਹਾਈ ਸਕੂਲ, ਅੰਮ੍ਰਿਤਸਰ ਵਿਚ ਪੜ੍ਹਦੀ ਰਹੀ ਹੈ ਜਿਹੜਾ ਸੀ ਐਮ ਐਸ ਮਿਸ਼ਨ ਵਲੋਂ ਸਥਾਪਤ ਕੀਤਾ ਗਿਆ। ਇਹ ਉਹੀਓ ਸਕੂਲ ਸੀ ਜਿਥੇ ਉਨ੍ਹਾਂ ਦਿਨਾਂ ਵਿਚ ਮੇਰੀ ਪਤਨੀ ਸੁਰਜੀਤ ਵੀ ਪੜ੍ਹਦੀ ਹੁੰਦੀ ਸੀ। ਉਸ ਦੀ ਜਮਾਤਣ ਪੀਸ ਕਮਲ ਉਰਫ ਪੀਸ ਐਂਡਰੀਊਜ਼ ਵੀ ਭਾਵੇਂ ਉਥੇ ਹੀ ਸੀ ਪਰ ਫਿਲਮ ਜਗਤ ਵਿਚ ਮੋਨਾ ਤੇ ਪੀਸ ਇੱਕੋ ਸਮੇਂ ਕੁੱਦੀਆਂ ਜਿਥੇ ਉਨ੍ਹਾਂ ਨੇ ਨਵੇਂ ਫਿਲਮੀ ਨਾਂ ਅਪਨਾਏ-ਮੋਨਾ ਰਾਮਾਸਿੰਘਾ ਨੇ ਕਲਪਨਾ ਕਾਰਤਿਕ ਤੇ ਪੀਸ ਐਂਡਰੀਓਜ਼ ਨੇ ਪੀਸ ਕਮਲ। ਕਹਿਣ ਨੂੰ ਤਾਂ ਰੋਪੜ ਜ਼ਿਲੇ ਦੇ ਪਿੰਡ ਭਰਤਗੜ੍ਹ ਦੀ ਕੁਲਦੀਪ ਕੌਰ ਵੀ ਉਨ੍ਹਾਂ ਦਿਨਾਂ ਵਿਚ ਹੀ ਫਿਲਮ ਜਗਤ ਵਿਚ ਗਈ ਪਰ ਉਸ ਨੇ ਅਪਨਾ ਨਾ ਬਦਲਨਾ ਜ਼ਰੂਰੀ ਨਹੀਂ ਸਮਝਿਆ। ਜਦੋਂ ਅਮਰੀਕ ਗਿੱਲ ਤੇ ਸੁਰਜੀਤ ਇਹ ਗੱਲਾਂ ਕਰ ਰਹੇ ਸਨ ਤਾਂ ਮੈਂ ਉਸ ਸਬੱਬ ਬਾਰੇ ਸੋਚ ਰਿਹਾ ਸਾਂ ਜਿਸ ਨੇ ਇਨ੍ਹਾਂ ਦੋਹਾਂ ਨੂੰ ਮੇਰੇ ਘਰ ਇੱਕਠਿਆਂ ਕੀਤਾ ਸੀ ਤੇ ਉਹ ਵੀ ਫਿਲਮੀ ਜਗਤ ਦੇ ਅਜਿਹੇ ਪਲ ਜਿਸ ਨੂੰ ਇਤਿਹਾਸਕ ਕਹਿ ਸਕਦਾ ਹਾਂ।

**ਅੰਤਿਕਾ:**
ਸਰ ਮੁਹਮਦ ਇਕਬਾਲ
ਜੋ ਮੈਂ ਸਰਬਹਿਸਜਦਾ ਹੁਆ ਭੀ ਕਭੀ
ਤੋ ਜ਼ਮੀਂ ਸੇ ਆਨੇ ਲਗੀ ਸਦਾ।
ਤੇਰਾ ਦਿਲ ਤੋ ਹੈ ਸਨਮ ਆਸ਼ਨਾ
ਤੁਝੇ ਕਿਆ ਮਿਲੇਗਾ ਨਿਮਾਜ਼ ਮੇਂ।

### 'ਮੇਰੀ ਦਿੱਲੀ' ਤੋਂ ਹੁਣ ਦੀ ਦਿੱਲੀ ਤੱਕ ਦਾ ਸਫ਼ਰ

ਦਸ ਕੁ ਸਾਲ ਪਹਿਲਾਂ ਮੈਂ ਆਪਣੇ ਪੱਤਰਕਾਰੀ ਜੀਵਨ ਦੇ ਸੌ ਕੁ ਲੇਖਾਂ ਨੂੰ ਪੁਸਤਕ ਰੂਪ ਦਿੱਤਾ ਸੀ। ਨਾਂ ਸੀ 'ਮੇਰਾ ਪੰਜਾਬ ਤੇ ਮੇਰੀ ਪੱਤਰਕਾਰੀ'। ਇਨ੍ਹਾਂ ਵਿਚੋਂ ਦੋ ਸਿਰਲੇਖਾਂ ਦੀ ਬੜੀ ਚਰਚਾ ਹੋਈ। ਇਕ ਸੀ 'ਮੇਰੀ ਦਿੱਲੀ' ਤੇ ਦੂਜਾ 'ਸਾਡਾ ਪ੍ਰੀਤਨਗਰ'। ਮੇਰੇ ਵੱਲੋਂ ਵੱਡੀ ਦਿੱਲੀ ਲਈ 'ਮੇਰੀ' ਸ਼ਬਦ ਵਰਤਿਆ ਗਿਆ ਸੀ ਤੇ ਨਿੱਕੇ ਤੇ ਉਜੜੇ ਹੋਏ ਪ੍ਰੀਤਨਗਰ ਲਈ 'ਸਾਡਾ'। ਸ਼ਾਇਦ ਇਸ ਲਈ ਕਿ ਮੈਂ ਦਿੱਲੀ ਵਿਚ ਆਪਣੇ ਜੀਵਨ ਦੇ ਮਹੱਤਵਪੂਰਨ ਵਰ੍ਹੇ ਕੱਟੇ ਸਨ। 1953 ਤੋਂ 1984 ਤੱਕ। ਹੁਣ ਮੇਰੀ ਦਿੱਲੀ ਸੌ ਸਾਲ ਦੀ ਹੋ ਗਈ ਹੈ। ਇਸ ਨੂੰ ਨਵੀਂ ਦਿੱਲੀ ਕਹਿੰਦੇ ਹਨ। ਇਹ ਰਾਇਸੀਨਾ ਨਾਂ ਦੀ ਪਹਾੜੀ ਦੀ ਬੁੱਕਲ ਵਿਚ ਵਸਦੇ ਨਿੱਕੇ-ਵੱਡੇ ਪਿੰਡਾਂ ਨੂੰ ਉਜਾੜ ਕੇ ਉਸਾਰੀ ਗਈ ਸੀ। ਇਸ ਦਾ ਦੇਸ਼ ਦੀ ਰਾਜਧਾਨੀ ਵਜੋਂ ਐਲਾਨ ਜਾਰਜ ਪੰਜਵੇਂ ਨੇ ਆਪਣੀ ਤਾਜਪੋਸ਼ੀ ਵਾਲੇ ਦਿਨ 11 ਦਸੰਬਰ 1911 ਨੂੰ ਕੀਤਾ ਸੀ। ਸਬੱਬ ਨਾਲ ਰਾਜਧਾਨੀ ਦੇ ਸੌਵੇਂ ਜਨਮ ਦਿਨ 'ਤੇ ਮੈਂ ਉਥੇ ਹੀ ਸਾਂ। ਮੈਂ ਕਿੰਗਜ਼ਵੇ ਕੈਂਪ ਤੋਂ ਤੁਗਲਕਾਬਾਦ ਦੇ ਨੇੜੇ ਉਸਰੇ ਨਵੇਂ ਤੇ ਵਿਸ਼ਾਲ ਕਲੈਰਿਜਜ਼ ਹੋਟਲ ਦੇ ਕਬਜ਼ੇ ਵਿਚ ਸਨ ਤੇ ਮੇਰਾ ਮਾਮਾ ਸੁਖਦੇਵ ਸਿੰਘ ਉਥੋਂ ਦੀ ਟੈਕਸੀ ਯੂਨੀਅਨ ਦਾ ਸੈਕਟਰੀ ਸੀ। ਪ੍ਰਧਾਨਗੀ ਮੀਰ ਮੁਸ਼ਤਾਕ ਕੋਲ ਹੁੰਦੀ ਸੀ। ਅੱਜ ਯੂਨੀਵਰਸਟੀ ਤੋਂ ਤੁਗਲਕਾਬਾਦ ਲਿਜਾਣ ਵਾਲਾ ਟੈਕਸੀ ਡਰਾਈਵਰ ਮਨੀਪੁਰ ਸੂਬੇ ਦੇ ਕਿਸੇ ਪਿੰਡ ਤੋਂ ਸੀ। ਮੇਰੀਆਂ ਅੱਖਾਂ ਸਾਹਵੇਂ ਦਿੱਲੀ ਦਾ ਇਤਿਹਾਸ ਤੇ ਵਿਕਾਸ ਘੁੰਮਣ ਲੱਗਿਆ। ਮੈਂ ਦਿੱਲੀ ਦੇ ਸੌ ਸਾਲਾਂ ਨੂੰ ਵਾਹਨਾਂ ਦੇ ਪਹੀਆਂ ਰਾਹੀਂ ਦੇਖਣ ਲੱਗਿਆ। ਉਹ ਵੀ ਦਿਨ ਸਨ ਜਦੋਂ ਰੇਲਵੇ ਸਟੇਸ਼ਨ ਦਾ ਟੈਕਸੀ ਸਟੈਂਡ ਨਵੀਂ ਦਿੱਲੀ ਦੇ ਰੀਗਲ ਟੈਕਸੀ ਸਟੈਂਡ ਨੂੰ ਰਾਜ ਦਾ ਪ੍ਰਤੀਨਿਧ ਹੋਣ ਕਾਰਨ ਮਤਰੇਆ ਸਮਝਦਾ ਸੀ। ਪੁਰਾਣੀ ਦਿੱਲੀ ਦੀਆਂ ਖਟਾਰਾ ਟਰਾਮਾਂ ਮੇਰੇ ਉਥੇ ਹੁੰਦਿਆਂ ਹੀ ਲੋਪ ਹੋ ਗਈਆਂ ਸਨ। ਅੱਜ ਵਾਲੀਆਂ ਮੈਟਰੋ ਗੱਡੀਆਂ ਮੇਰੇ ਦਿੱਲੀ ਛੱਡਣ ਤੋਂ ਪਿੱਛੋਂ ਦੀ ਦੇਣ ਹਨ। ਟੈਕਸੀਆਂ ਤੇ ਬੱਸਾਂ ਦੇ ਚਾਲਕਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚ ਪੰਜਾਬੀਆਂ ਤੋਂ ਇਲਾਵਾ ਦਿੱਲੀ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਦੇ ਤਾਂ ਕੀ, ਉੱਤਰ ਪੂਰਬ ਤੇ ਦੱਖਣ ਦੀ ਬੋਲੀ ਬੋਲਣ ਵਾਲੇ ਵੀ ਆਮ ਹੋ ਗਏ ਹਨ।

ਦਿੱਲੀ ਦਾ ਇਹ ਫੈਲਾਓ ਭਾਵੇਂ ਪਿਛਲੀ ਸ਼ਤਾਬਦੀ ਦੇ ਤੀਹਵਿਆਂ ਤੋਂ ਸ਼ੁਰੂ ਹੋ ਚੁੱਕਾ ਸੀ ਪਰ 1947 ਦੀ ਉਥਲ-ਪੁਥਲ ਨੇ ਇਸ ਦਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ। ਜਿਥੋਂ ਤੱਕ ਬੰਗਾਲੀਆਂ ਦਾ ਸਬੰਧ ਹੈ...ਬੰਗਾਲੀ ਡਾਕਟਰ, ਵਕੀਲ ਤੇ ਵਪਾਰੀ ਤਾਂ 1857 ਤੋਂ ਹੀ ਆਉਣੇ ਸ਼ੁਰੂ ਹੋ ਗਏ ਸਨ ਪਰ 1947 ਵਿਚ ਪੂਰਬੀ ਬੰਗਾਲ ਤੋਂ ਆਉਣ ਵਾਲੇ ਘੱਟ ਨਹੀਂ ਸਨ। ਮਲਿਆਲੀ, ਤਾਮਿਲ, ਸਿੰਧੀ ਤੇ ਮਰਾਠੇ ਭਾਵੇਂ ਉਸ ਤਰ੍ਹਾਂ ਹੁੰਮ-ਹੁਮਾ ਕੇ ਨਹੀਂ ਆਏ ਪਰ ਆਪਣੇ ਪੈਰ ਪਸਾਰਨ ਵਿਚ ਬਹੁਤ ਪਿੱਛੇ ਨਹੀਂ ਰਹੇ। ਅੱਜ ਦੇ ਕਰੋਲ ਬਾਗ, ਪੂਸਾ ਰੋਡ ਤੇ ਰਾਜਿੰਦਰ ਨਗਰ ਇਸ ਵਰਤਾਰੇ ਦੀ ਮੂੰਹ ਬੋਲਦੀ ਤਸਵੀਰ ਹਨ।



*ਪੁਰਾਣੀ ਦਿੱਲੀ 'ਤੇ ਬਹਿਰੂਨੀ ਝਾਤ।*

ਜਾਣਾ ਸੀ। ਪੁਰਾਣੀ ਦਿੱਲੀ ਦੇ ਕਸ਼ਮੀਰੀ ਅਤੇ ਦਿੱਲੀ ਦਰਵਾਜ਼ਿਆਂ ਤੋਂ ਪਾਰ ਨਵੀਂ ਦਿੱਲੀ ਦੇ ਇੰਡੀਆ ਗੇਟ ਰਾਹੀਂ। ਪੁਰਾਣੀ ਦਿੱਲੀ ਦੇ ਰੇਲਵੇ ਸਟੇਸ਼ਨ 'ਤੇ ਨਵੀਂ ਦਿੱਲੀ ਦੇ ਰੀਗਲ ਸਿਨੇਮਾ ਵਾਲੇ ਟੈਕਸੀ ਸਟੈਂਡਾਂ ਦੇ ਕੋਲੋਂ ਦੀ। ਮੈਨੂੰ ਆਪਣੇ ਸਮਿਆਂ ਦੇ ਉਹ ਦਿਨ ਚੇਤੇ ਆ ਗਏ ਜਦੋਂ ਦੋ ਦਿੱਲੀਆਂ ਦੇ ਇਹ ਦੋ ਟੈਕਸੀ ਸਟੈਂਡ ਪੰਜਾਬੀਆਂ ਹੁਣ ਤਾਂ ਬਿਹਾਰ ਅਤੇ ਉੱਤਰ ਪੂਰਬ ਤੋਂ ਆ ਰਹੀਆਂ ਵਹੀਰਾਂ ਵੀ ਸਾਹ ਨਹੀਂ ਲੈਣ ਦਿੰਦੀਆਂ। ਕਿੰਗਜ਼ਵੇ ਕੈਂਪ ਦੇ ਨੇੜੇ ਜਾਰਜ ਪੰਚਮ ਦੇ ਤਾਜਪੋਸ਼ੀ ਸਥਾਨ ਤੋਂ ਤੁਗਲਕਾਬਾਦ ਦੇ ਕਲੈਰਿਜਜ਼ ਹੋਟਲ ਤੱਕ ਫੈਲੀ ਮੇਰੀ ਦਿੱਲੀ ਦੇ ਵਿਚ-ਵਿਚਾਲੇ ਸ਼ਾਹਜਹਾਨਾਬਾਦ ਵਸਦਾ ਸੀ। ਇਸ ਦੀ ਨੀਂਹ ਸ਼ਾਹਜਹਾਨ ਨੇ 1638 ਵਿਚ ਰੱਖੀ ਸੀ। ਚਾਰਦੀਵਾਰੀ ਦੇ ਸਾਰੇ ਪਾਸੇ ਵੱਡੇ ਦਰਵਾਜ਼ੇ ਸਨ। ਉਨ੍ਹਾਂ ਦੇ ਨਾਂ ਕਸ਼ਮੀਰੀ ਗੇਟ, ਅਜਮੇਰੀ ਗੇਟ, ਲਾਹੌਰੀ ਗੇਟ, ਮੋਰੀ ਗੇਟ, ਦਿੱਲੀ ਗੇਟ, ਕਾਬਲੀ ਗੇਟ, ਤੁਰਕਮਾਨ ਗੇਟ, ਤੇ ਖੂਨੀ ਦਰਵਾਜ਼ਾ ਆਦਿ ਸਨ। ਜਾਰਜ ਪੰਜਵੇਂ ਦੀ ਤਾਜਪੋਸ਼ੀ ਤੋਂ ਪਿੱਛੋਂ ਲਾਲ ਕਿਲ੍ਹੇ ਦੀ ਸ਼ਕਤੀ ਰਾਸ਼ਟਰਪਤੀ ਭਵਨ ਪਹੁੰਚ ਚੁੱਕੀ ਹੈ। ਅੱਜ 'ਫੂਲ ਵਾਲੋਂ ਕੀ ਸੈਰ' ਨੇ ਮੁਗਲ ਗਾਰਡਨਜ਼ ਦਾ ਰੂਪ ਧਾਰ ਲਿਆ ਹੈ ਤੇ ਪਰਾਉਠੇ ਵਾਲੀ ਗਲੀ ਨੇ ਦਿੱਲੀ ਹਾਟ ਦਾ। ਸਫਦਰਜੰਗ ਤੇ ਹੁਮਾਯੂੰ ਆਦਿ ਮਕਬਰਿਆਂ ਦੀ ਸ਼ੋਭਾ ਯਮਨਾ ਨਦੀ ਕੰਢੇ ਰਾਜ ਘਾਟ ਤੇ ਸ਼ਾਂਤੀ ਸਥਲ ਆਦਿ ਸਮਾਧੀਆਂ ਨੇ ਖਿੱਚ ਲਈ ਹੈ। ਮੈਂ ਇਸ ਸਭ ਕਾਸੇ ਨੂੰ ਅਚੇਤ ਜਾਂ ਸੁਚੇਤ ਤੌਰ 'ਤੇ ਆਪਣਾ ਸਮਝਦਾ ਹਾਂ। ਜੇ ਮੈਂ ਸੌ ਸਾਲ ਵੀ ਜੀਵਿਆ ਤਾਂ ਇਨ੍ਹਾਂ ਸੌ ਸਾਲਾਂ ਵਿਚੋਂ ਇਕ ਤਿਹਾਈ ਸਾਲ ਮੇਰੇ ਵਾਲੀ ਦਿੱਲੀ ਦੇ ਹੋਣਗੇ। ਮੈਨੂੰ ਆਪਣੀ ਦਿੱਲੀ ਦੇ ਸੌ ਸਾਲ ਪੂਰੇ ਕਰਨ ਦੀ ਉਚੇਚੀ ਖੁਸ਼ੀ ਹੈ।

### ਮੁਹਾਲੀ ਵਿਚ ਮਿੰਨੀ ਪ੍ਰੀਤਨਗਰ

ਪੌਣੀ ਕੁ ਸ਼ਤਾਬਦੀ ਪਹਿਲਾਂ ਜ਼ਿੰਦਗੀ ਜਿਉਣ ਬਾਰੇ ਜਿਹੜਾ ਸੰਦੇਸ਼ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਪ੍ਰੀਤਨਗਰ ਤੋਂ ਪੰਜਾਬੀ ਦੇ ਪਾਠਕਾਂ ਨੂੰ ਦਿੱਤਾ ਸੀ, ਉਹ ਮੁਹਾਲੀ ਦੀ ਇਕ ਸਵੈ-ਸੇਵੀ ਸੰਸਥਾ ਨਿੱਜੀ ਸੰਪਰਕ ਦੁਆਰਾ ਮੁਹਾਲੀ ਦੇ ਪਛੜੇ ਤੇ ਲਿਤਾੜੇ ਵਰਗ ਨੂੰ ਦੇ ਰਹੀ ਹੈ। ਇਹ ਹੈ ਲੰਡਨ ਤੋਂ ਮੁੰਬਈ ਰਾਹੀਂ ਮੁਹਾਲੀ ਪਹੁੰਚੀ ਪੰਜਾਬ ਰਾਜ ਦੀ 'ਫੈਮਿਲੀ ਪਲਾਨਿੰਗ ਸੰਸਥਾ'। ਇਥੇ ਸੰਸਥਾ ਦੇ ਵਲੰਟੀਅਰ 'ਸਲੱਮ ਵਾਸੀ' ਕਰਕੇ ਜਾਣੇ ਜਾਂਦੇ ਨੌਜਵਾਨਾਂ ਨੂੰ ਸਾਵੀਂ-ਪੱਧਰੀ ਤੇ ਸੁਖਾਵੀਂ ਸੁਧਰੀ ਜ਼ਿੰਦਗੀ ਦਾ ਮਾਰਗ ਦੱਸਦੇ ਹਨ। ਬਚਪਨ ਤੋਂ ਜਵਾਨੀ ਵਿਚ ਪ੍ਰਵੇਸ਼ ਕਰਦੇ ਸਮੇਂ ਜਿਸਮ ਵਿਚ ਆਉਣ ਵਾਲੀਆਂ ਜਿਣਸੀ ਤਬਦੀਲੀਆਂ ਬਾਰੇ ਮਾਪਿਆਂ ਤੇ ਉਸਤਾਦਾਂ ਨਾਲੋਂ ਵੀ ਵਧ ਕੇ ਸਮਝਾਉਂਦੇ ਹਨ। ਉਨ੍ਹਾਂ ਦੇ ਸ਼ੰਕੇ ਦੂਰ ਕਰਕੇ ਉਨ੍ਹਾਂ ਨੂੰ ਸਮਾਜ ਵੱਲ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਚੰਗੀ ਜੀਵਨ-ਜਾਚ ਦੇ ਉਸਾਰੂ ਨੁਕਤੇ ਦਰਸਾ ਕੇ ਉਨ੍ਹਾਂ ਨੂੰ ਮਾੜੇ ਅੰਸ਼ਾਂ ਤੋਂ ਬਚਣ ਤੇ ਸਕਾਰਾਤਮਕ ਜੀਵਨ ਜਿਉਣ ਲਈ ਤਿਆਰ ਕੀਤਾ ਜਾਂਦਾ ਹੈ। ਕਦੀ-ਕਦਾਈਂ ਭਾਸ਼ਣ ਸੁਣਨ ਬੱਚਿਆਂ ਦੇ ਮਾਤਾ ਪਿਤਾ ਖੁਦ ਵੀ ਆ ਜਾਂਦੇ ਹਨ। ਪਿਛਲੇ ਹਫਤੇ ਇਸ ਸੰਸਥਾ ਦੇ ਸਾਲਾਨਾ ਸਮਾਗਮ ਵਿਚ ਸ਼ਿਰਕਤ ਕਰਦਿਆਂ ਮੈਨੂੰ ਪਤਾ ਲੱਗਿਆ ਕਿ ਜਿਹੜੀਆਂ ਗੱਲਾਂ ਦਾ ਸਾਨੂੰ ਵੱਡੇ ਹੋ ਕੇ ਪੁਸਤਕਾਂ ਰਾਹੀਂ ਪਤਾ ਲੱਗਿਆ, ਉਹ ਅੱਜ ਦੇ ਬੱਚੇ ਨਿੱਜੀ ਸੰਪਰਕ ਰਾਹੀਂ ਗ੍ਰਹਿਣ ਕਰ ਰਹੇ ਹਨ। ਮੈਨੂੰ ਇਹ ਜਾਣਕਾਰੀ ਸਮਾਗਮ ਵਿਚ ਹਾਜ਼ਰ ਇਕ ਗਰੀਬ ਮਾਂ ਕੋਲੋਂ ਮਿਲੀ।

**ਅੰਤਿਕਾ**
(ਅਬਦੁਲ ਹਮੀਦ ਅਦਮ)
ਤੁਮਹੇਂ ਦੇਖਤੇ ਹੀ ਵੁਹ ਫਿਰ ਜੀ ਉਠੇਂਗੇ
ਅਦਮ ਕੋ ਕਹਾਂ ਮੌਤ ਆਨੇ ਲਗੀ ਹੈ।

# 'ਪੰਜਾਬ ਟਾਈਮਜ਼' ਨੂੰ 12 ਸਾਲ ਦਾ ਹੋਣ 'ਤੇ ਵਧਾਈ

## ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਅੱਜ ਬਾਰਾਂ ਸਾਲਾਂ ਦਾ ਹੋ ਗਿਆ ਹੈ ਅਤੇ ਅਕਾਲ ਪੁਰਖ ਦੀ ਅਪਾਰ ਕ੍ਰਿਪਾ ਸਦਕਾ ਨਿਰਵਿਘਨ ਪ੍ਰਕਾਸ਼ਨ ਦੇ 13ਵੇਂ ਸਾਲ ਵਿਚ ਪੈਰ ਧਰ ਚੁੱਕਾ ਹੈ। 'ਪੰਜਾਬ ਟਾਈਮਜ਼' ਦੇ ਸਾਰੇ ਪਰਿਵਾਰ ਅਤੇ ਪਾਠਕਾਂ ਨੂੰ ਵਰ੍ਹੇਗੰਢ ਦੀ ਵਧਾਈ ਤੇ ਨਾਲ ਹੀ ਨਵੇਂ ਸਾਲ ਦੀਆਂ ਸ਼ੁਭ ਕਾਮਨਾਵਾਂ। ਅੱਜ ਰੱਬ ਦੀਆਂ ਮਿਹਰਾਂ ਸਦਕਾ 'ਪੰਜਾਬ ਟਾਈਮਜ਼' ਆਪਣੀ ਜਵਾਨੀ ਵਿਚ ਪੈਰ ਧਰ ਚੁਕਾ ਹੈ ਅਤੇ ਪਾਠਕਾਂ ਦੀ ਪਸੰਦ ਪੱਖੋਂ ਸਭ ਤੋਂ ਉਚੇ ਸਿੰਘਾਸਣ 'ਤੇ ਬੈਠਾ ਹੈ। ਕਹਿੰਦੇ ਹਨ: "ਤਖ਼ਤ ਰਾਜਾ ਸੋ ਬਹੈ, ਜੋ ਤਖ਼ਤੈ ਲਾਇਕ ਹੋਈ"। ਇਹ ਆਪਣੀ ਸੱਚਾਈ ਦੇ ਰਸਤੇ ਉਤੇ ਸਾਬਤ ਕਦਮੀ ਤੁਰ ਹੀ ਨਹੀਂ ਰਿਹਾ, ਸਗੋਂ ਦੌੜ ਰਿਹਾ ਹੈ। ਪਾਠਕ ਇਸ 'ਤੇ ਫ਼ਖ਼ਰ ਵੀ ਕਰਦੇ ਹਨ ਅਤੇ ਇਸ ਦਾ ਸਤਿਕਾਰ ਵੀ। ਇਹ ਅਮਰੀਕਾ ਦਾ ਉਹ ਸੁਚੱਜਾ ਅਖ਼ਬਾਰ ਹੈ ਜੋ ਤਖ਼ਤ 'ਤੇ ਬੈਠਾ ਵੀ ਨਜ਼ਰਾਂ ਅਸਮਾਨ ਵੱਲ ਨਹੀਂ, ਜ਼ਮੀਨ 'ਤੇ ਰੱਖਦਾ ਹੈ। ਪਾਠਕ ਸਹਿਮਤ ਹੋਣਗੇ ਕਿ ਇਹ ਅਣਖ ਤੇ ਗੈਰਤ ਦਾ ਮੁਜੱਸਮਾ ਹੈ, ਬੇਲਾਗ, ਬੇਬਾਕ ਅਤੇ ਨਿਧੜਕ ਵੀ। ਸੱਚਾਈ ਨਾਲ ਤੁਰਨਾ ਅਤੇ ਸੱਚ ਕਹਿਣਾ ਇਸ ਦਾ ਅਕੀਦਾ ਹੈ।

ਅੱਜ ਜਦੋਂ ਅਮਰੀਕਾ ਵਿਚ ਪੰਜਾਬੀ ਅਖ਼ਬਾਰਾਂ ਦਾ ਹੜ੍ਹ ਆਇਆ ਹੋਇਆ ਹੈ, ਅਖ਼ਬਾਰਾਂ ਦੇ ਢੇਰਾਂ ਦੇ ਢੇਰ ਪਏ ਹੁੰਦੇ ਹਨ, ਸੂਝਵਾਨ ਪਾਠਕ 'ਪੰਜਾਬ ਟਾਈਮਜ਼' ਨੂੰ ਲੱਭ-ਲੱਭ ਕੇ ਪੜ੍ਹਦੇ ਹਨ। ਫਿਰ ਬੇ-ਸਬਰੀ ਨਾਲ ਅਗਲੇ ਅੰਕ ਦੀ ਉਡੀਕ ਕਰਦੇ ਹਨ। ਇਸ ਵੇਲੇ 'ਪੰਜਾਬ ਟਾਈਮਜ਼' ਵੱਡ-ਆਕਾਰੀ ਬੋਹੜ ਦੇ ਦਰਖ਼ਤ ਵਾਂਗ ਆਪਣੀ ਸੰਘਣੀ, ਠੰਢੀ ਤੇ ਮਿੱਠੀ ਛਾਂ ਵੰਡ ਰਿਹਾ ਹੈ। ਜਿਸ ਨੇ ਇਹ ਬੂਟਾ ਲਾਇਆ ਹੈ ਅਤੇ ਆਪਣੀਆਂ ਸੱਧਰਾਂ ਦਾ ਪਾਣੀ ਪਾ ਕੇ ਇਸ ਨੂੰ ਪ੍ਰਵਾਨ ਚੜ੍ਹਾਇਆ ਹੈ, ਉਹ ਮਾਲੀ ਵੀ ਇਨਸਾਨੀਅਤ ਦਾ ਮੁਦਈ ਤੇ ਸੱਚ ਦਾ ਪੁਜਾਰੀ ਹੈ। ਦੁੱਖਾਂ-ਤਕਲੀਫ਼ਾਂ ਦੇ ਬਾਵਜੂਦ ਹਮੇਸ਼ਾਂ ਚੜ੍ਹਦੀ ਕਲਾ 'ਚ ਰਹਿੰਦਾ ਹੈ। ਉਹ ਅਮਲੋਕ ਹੈ, ਉਹ ਅਮੁੱਲਾ ਹੈ। ਅਕਾਲ ਪੁਰਖ ਮੇਰੇ ਅਮੋਲਕ ਵੀਰ ਨੂੰ ਰੱਜ ਕੇ ਤਾਕਤ ਅਤੇ ਸਮਰੱਥਾ ਦੇਵੇ, ਦੁੱਖਾਂ ਨਾਲ ਲੜਨ ਦੀ; ਤੰਦਰੁਸਤੀ ਦੇਵੇ, ਵੱਡੀਆਂ ਉਮਰਾਂ ਦੇਵੇ। ਮੈਂ 'ਪੰਜਾਬ ਟਾਈਮਜ਼' ਦੀ ਵਰ੍ਹੇਗੰਢ ਮੌਕੇ ਸੰਪਾਦਕ ਸ. ਅਮੋਲਕ ਸਿੰਘ, ਬੀਬੀ ਜਸਪ੍ਰੀਤ ਕੌਰ, ਇਸ ਦੇ ਸੂਝਵਾਨ ਸਟਾਫ਼, ਕਾਲਮਨਵੀਸਾਂ, ਸਲਾਹਕਾਰ ਬੋਰਡ ਦੇ ਮੈਂਬਰ ਸਹਿਬਾਨ, ਪ੍ਰਤੀਬਧ ਵਿਗਿਆਪਕਾਂ, ਸਮਰਥਕਾਂ ਅਤੇ ਪਾਠਕਾਂ ਨੂੰ ਇਸ ਦੇ ਤੇਰ੍ਹਵੇਂ ਸਾਲ ਵਿਚ ਪੈਰ ਰੱਖਣ ਅਤੇ ਨਵੇਂ ਸਾਲ ਦੀ ਮੁੜ ਵਧਾਈ ਦਿੰਦੀ ਹਾਂ। ਵਾਹਿਗੁਰੂ ਕਰੇ ਸਾਡਾ ਇਹ ਅਖ਼ਬਾਰ ਹੋਰ ਅਗੇਰੇ ਵਧਦਾ ਜਾਵੇ।

*-ਬੀਬੀ ਸੁਰਜੀਤ ਕੌਰ*
*ਫੋਨ:916-687-3536*

ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਇਨ੍ਹਾਂ ਨੂੰ ਢੀਠ ਕਹੀਏ ਜਾਂ ਫ਼ਿਰ...

**ਬੰਦਾ ਸਿਆਣਾ ਹੋਣ ਦਾ ਦਾਅਵਾ ਤਾਂ ਠਿੱਕ ਠੋਕ ਕੇ ਕਰੀ ਜਾ ਰਿਹਾ ਹੈ, ਪਰ ਗਲਤੀਆਂ ਦੇ ਢੇਰ ਫਿਰ ਵੀ ਲਗਾਤਾਰ ਲਾਈ ਜਾ ਰਿਹਾ ਹੈ। ਇਹ ਜ਼ਰੂਰੀ ਨਹੀਂ ਕਿ ਬੁੱਢੇ ਹੋਣ ਨਾਲ ਅਕਲ ਘੁੱਟ ਕੇ ਜੱਫ਼ੀ ਪਾਉਣ ਲੱਗ ਪਵੇ। ਕਈਆਂ ਨੇ ਛੋਟੀ ਉਮਰ ਵਿਚ ਵੀ ਸਿਆਣਪ ਦੇ ਬੜੇ ਇਤਿਹਾਸ ਸਿਰਜੇ ਹਨ। ਕੁੱਬਾ ਉਹੀ ਨਹੀਂ ਹੁੰਦਾ ਜਿਹਦਾ ਲੱਕ ਦੂਹਰਾ ਹੋ ਗਿਆ ਹੋਵੇ। ਕਈ ਰਹੇ ਤਾਂ ਸਾਰੀ ਉਮਰ ਕਾਨੇ ਵਾਂਗ ਸਿੱਧੇ ਹੀ, ਕੰਮ ਪੁੱਠੇ ਹੀ ਕਰਦੇ ਰਹੇ। ਸਤਿਸੰਗ ਸੁਣ ਕੇ ਤੁਰੇ ਆ ਰਹੇ ਇਕ ਸ਼ਖ਼ਸ ਨੇ ਦੂਜੇ ਨੂੰ ਬੜੇ ਫ਼ਖ਼ਰ ਨਾਲ ਕਿਹਾ, "ਰੱਬ ਦਾ ਨਾਂ ਵੀ ਲੈ ਲਿਆ ਕਰੋ। ਹਰ ਵੇਲੇ ਕੰਮ ਕੰਮ ਹੀ ਕਰਦੇ ਰਹਿਨੇ ਓਂ।" ਉਹਨੇ ਵੀ ਤਾੜ ਦੇਣੀ ਤੋਪ ਵਾਂਗ ਜੁਆਬ ਠੋਕਿਆ, "ਢਕਿਆ ਰਹਿ, ਬੁੜ੍ਹਾ ਤਾਂ ਥੋੜਾ ਸਵੇਰੇ ਗੁਆਂਢੀਆਂ ਦੇ ਫੁਲਕੇ ਮੰਗਦਾ ਸੀ। ਪਤੰਦਰਾ ਕੰਮ ਪੂਜਾ ਈ ਹੁੰਦੀ ਐ।" ਬੁਢਾਪਾ ਅਕਸਰ ਲੰਬਾ ਹੁੰਦਾ ਹੈ ਪਰ ਸਿਆਣੇ ਬੰਦੇ ਇਸ ਗੱਲ ਤੋਂ ਨਹੀਂ ਡਰਦੇ। ਉਹ ਝੂਰਦੇ ਤਾਂ ਹਨ ਕਿ ਲੋਕ ਉਨ੍ਹਾਂ ਦੀ ਸੰਗਤ ਕਰਨ ਤੋਂ ਕੰਨੀ ਖਿੱਚਦੇ ਹਨ ਤੇ ਇਸੇ ਲਈ ਬਹੁਤਾ ਸਮਾਂ 'ਕੱਲਿਆਂ ਕੱਟਣਾ ਪੈਣਾ ਹੈ। ਮਨੁੱਖ ਦੀ ਮਜਬੂਰੀ ਦੇਖੋ, ਅੰਦਰਲੇ ਰੋਣੇ ਨੂੰ ਬਾਹਰ ਨਕਲੀ ਹਿੜ ਹਿੜ ਨਾਲ ਢਕਣ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ। ਇਕ ਪਤਨੀ ਨੇ ਪਤੀ ਨੂੰ ਪੁੱਛਿਆ, "ਮੈਂ ਤਾਂ ਤੇਰੀ ਸੀ ਪਰ ਤੂੰ ਮੇਰਾ ਕਿਉਂ ਨਹੀਂ ਬਣਿਆ?" ਉਹ ਬੁੱਲ੍ਹਾਂ 'ਚ ਬੇਸ਼ਰਮੀ ਘੁੱਟ ਕੇ ਕਹਿਣ ਲੱਗਾ, "ਉਨ੍ਹਾਂ ਨੂੰ ਕਿਉਂ ਨੀਂ ਰੋਕਦੀ ਜਿਹੜੀਆਂ ਕੋਠਿਆਂ 'ਤੇ ਬਹਿੰਦੀਆਂ ਹਨ?" ਜਾਣੂ ਜਦੋਂ ਤੁਹਾਡੇ ਪ੍ਰਤੀ ਈਰਖਾ ਦੀ ਭੱਠੀ 'ਚ ਡਿਗਦੇ ਹਨ ਤਾਂ ਸੇਕ ਵੱਧ ਹੋਣ ਕਰਕੇ ਸੋਚਦੇ ਨੇ, ਲੂਹ ਹੋਣ ਤੋਂ ਪਹਿਲਾਂ ਕੁਝ ਅੰਦਰ ਨਾ ਰਹਿ ਜਾਵੇ। ਇਸੇ ਲਈ ਆਲਾ ਉਨ੍ਹਾਂ ਦੇ ਮੂੰਹ ਨਾਲੋਂ ਕਿਤੇ ਛੋਟਾ ਹੋ ਗਿਆ ਹੁੰਦਾ ਹੈ। ਜੇ ਉਦਾਸੀ 'ਚ ਵੀ ਮਨ ਖ਼ੁਸ਼ ਰੱਖਣ ਦਾ ਯਤਨ ਕਰੋਗੇ ਤਾਂ ਰੱਬ ਤੁਹਾਡੀਆਂ ਗ਼ਲਤੀਆਂ ਨੂੰ ਮੁਆਫ਼ ਕਰਨ ਦੀ ਮੌਜ 'ਚ ਵਿਅਸਤ ਹੋਵੇਗਾ ਹੀ, ਪਰ ਘੁੰਡ ਕੱਢ ਕੇ ਸ਼ੇਰ ਪਾਉਣ ਨਹੀਂ, ਮੰਗਣ ਵਾਲਿਆਂ ਦੀਆਂ ਢੀਠਤਾਈਆਂ ਦਾ ਕੀ ਕਰੀਏ?**

ਬੰਦਾ ਇਹ ਤਾਂ ਕਹੀ ਜਾਂਦੈ ਕਿ ਉਹਦੀ ਜ਼ਿੰਦਗੀ ਵਿਚ ਅੱਗੇ ਵਧਣ ਲਈ ਰੁਕਾਵਟਾਂ ਖਹਿੜਾ ਨਹੀਂ ਛੱਡ ਰਹੀਆਂ, ਪਰ ਉਹ ਇਹ ਨਹੀਂ ਸੋਚਦਾ, ਮੈਂ ਲਾਲਚ, ਨਫ਼ਰਤ, ਈਰਖਾ ਦੇ ਸਿਰਹਾਣੇ ਦੀਵੇ ਬਾਲਣ ਤੋਂ ਕਿਉਂ ਨਹੀਂ ਪਿੱਛੇ ਹਟ ਰਿਹਾ। ਜਿਹੜੇ ਇਹ ਸੋਚਦੇ ਨੇ ਕਿ ਮੁਸੀਬਤਾਂ ਨਾਲ ਹਰ ਕੋਈ ਕਮਜ਼ੋਰ ਹੋ ਜਾਂਦਾ ਹੈ, ਤਾਂ ਉਨ੍ਹਾਂ ਨੂੰ ਆਪਣੀ ਸੋਚ ਮਲ ਮਲ ਕੇ ਧੋ ਲੈਣੀ ਚਾਹੀਦੀ ਹੈ। ਜਿਹੜੇ ਮਰਦ ਨੇ, ਉਹ ਸੰਕਟ 'ਚੋਂ ਨਿਕਲ ਕੇ ਹੀ ਮਜ਼ਬੂਤ ਹੋਏ ਹੁੰਦੇ ਹਨ। ਜਦੋਂ ਧੁੰਦ ਝੱਗਾ ਚੁੱਕਦੀ ਹੈ ਤਾਂ ਸੂਰਜ ਆਮ ਨਾਲੋਂ ਵਧੇਰੇ ਦਗ਼ ਦਗ਼ ਕਰ ਰਿਹਾ ਹੁੰਦਾ ਹੈ।

ਸਿਆਣੇ ਕਹਿੰਦੇ ਨੇ, ਜੇ ਗਲਤੀ ਹੋ ਗਈ ਹੈ ਤਾਂ ਪਛਤਾਵੇ ਦੀ ਧੂਫ਼-ਬੱਤੀ ਕਰਕੇ ਇਸ ਨੂੰ ਜਲ ਪ੍ਰਵਾਹ ਕਰ ਦਿਓ। ਜੇ ਪਿਆਰ ਕਰਕੇ ਨਿਭਾਇਆ ਨਹੀਂ ਤਾਂ ਮਹਿਬੂਬਾ ਅੱਗੇ ਹੱਥ ਜੋੜਨ ਵਿਚ ਝਿਜਕ ਮਹਿਸੂਸ ਨਾ ਕਰੋ। ਜੇ ਕਿਸੇ ਦੇ ਸਤਿਕਾਰ ਵਿਚ ਕਮੀ-ਬੇਸ਼ੀ ਰਹਿ ਗਈ ਹੈ ਤਾਂ ਇਹ ਗੁਣ ਕਿਸੇ ਤੋਂ ਉਧਾਰਾ ਮੰਗਣ ਵਿਚ ਹੇਠੀ ਨਾ ਮੰਨੋ ਪਰ ਜੇ ਤੁਸੀਂ ਅਕ੍ਰਿਤਘਣ ਹੋ ਤਾਂ ਯਕੀਨ ਰੱਖੋ, ਰੱਬ ਤਾਂ ਕੀ, ਦੁਨੀਆਂ ਦੀ ਕੋਈ ਵੀ ਤਾਕਤ ਤੁਹਾਨੂੰ ਮੁਆਫ਼ ਕਰਨ ਦੀ ਗੁਸਤਾਖ਼ੀ ਨਹੀਂ ਕਰੇਗੀ। ਜੇ ਗਿੱਟੇ 'ਚ ਮੋਚ ਹੈ ਤਾਂ ਨੱਚਿਆ ਨਹੀਂ ਜਾਵੇਗਾ, ਫਿਰ ਗੁੱਸੇ 'ਚ ਝਾਂਜਰਾਂ ਦੇ ਬੋਰ ਹਰਗਿਜ਼ ਨਾ ਖਲਾਰੋ।

ਜਿਹੜੇ ਇਸ ਕਹਾਵਤ ਨੂੰ ਜਾਣਦੇ ਹਨ ਕਿ 'ਸੱਟ ਕੱਢੀ ਸਾਧ ਬਿਸਤਰੇ', ਉਨ੍ਹਾਂ ਦੇ ਪੱਬ ਸੰਜਮ ਨਾਲ ਉਠਦੇ ਹਨ ਤੇ ਜਿਹੜੇ ਸੱਟਾਂ ਕੱਢਣ 'ਚ ਰੁੱਝੇ ਹੋਏ ਹਨ, ਉਨ੍ਹਾਂ ਦੀ ਵੱਖੀ ਵਿਚ ਜੇ ਕੋਈ ਕੂਹਣੀ ਮਾਰਦੈ ਤਾਂ ਬੁਰਾ ਨਾ ਮਨਾਉਣਾ, ਉਨ੍ਹਾਂ ਦੇ ਹੂਰਾਂ ਢਿੱਡ 'ਚ ਵੱਜਣ ਦੇ ਹਾਲਾਤ ਵੀ ਪੈਦਾ ਹੋਣਗੇ। ਜਿਹੜੇ ਝੂਠ ਦੀਆਂ ਬੁਰਕੀਆਂ ਦਬਾ ਦਬ ਨਿਗਲੀ ਜਾਂਦੇ ਨੇ, ਉਨ੍ਹਾਂ ਨੂੰ ਬੇਸ਼ਰਮੀ ਦੀ ਕਬਜ਼ ਹੀ ਨਹੀਂ ਪਵੇਗੀ, ਸਗੋਂ ਹਾਜ਼ਮੇ ਦੀਆਂ ਗੋਲੀਆਂ ਨਾਲ ਅਫਾਰਾ ਵੀ ਠੀਕ ਨਹੀਂ ਹੋਵੇਗਾ। ਉਂਜ, ਦੁੱਖ ਇਸ ਗੱਲ ਦਾ ਹੈ ਕਿ ਝੂਠ ਬੋਲਣ ਦਾ ਪਾਠ ਨਿਰਵਿਘਨ ਹੋਈ ਜਾ ਰਿਹੈ। ਦਾਨ ਅਤੇ ਪਰਉਪਕਾਰ ਉਨ੍ਹਾਂ ਲੋਕਾਂ ਨੇ ਹੀ ਵੱਧ ਕੀਤੇ ਹਨ ਜਿਨ੍ਹਾਂ ਨੇ ਦੁੱਖਾਂ ਤੇ ਮੁਸ਼ਕਿਲਾਂ ਦੀ ਮਾਰ ਸਭ ਤੋਂ ਵੱਧ ਝੱਲੀ ਹੁੰਦੀ ਹੈ, ਪਰ ਕਿਤੇ 'ਕੱਲੇ ਬਹਿ ਕੇ ਸੋਚਿਓ, ਇਨ੍ਹਾਂ ਬੰਦਿਆਂ ਨੂੰ ਕਿਸ ਸ਼੍ਰੇਣੀ ਵਿਚ ਖੜ੍ਹੇ ਕਰੀਏ?

ਉਜਾਗਰ ਸਿੰਘ ਤੇ ਦਲੀਪ ਸਿੰਘ ਭਰਾ ਵੀ ਸਕੇ ਸਨ, ਇਤਫ਼ਾਕ ਵੀ ਜਹਾਨੋਂ ਵੱਖਰਾ, ਪਿਆਰ ਵੀ ਰੱਜ ਕੇ ਗੂੜ੍ਹਾ ਪਰ ਅਮੀਰੀ ਗਰੀਬੀ ਵਿਚ ਕ੍ਰਿਸ਼ਨ-ਸੁਦਾਮੇ ਵਰਗੀ ਸਥਿਤੀ ਸੀ। ਉਜਾਗਰ ਸਿੰਘ ਦਾ ਸੁਖੀ ਵਸਦਾ, ਢੋਲੇ ਦੀਆਂ ਲਾਉਂਦਾ ਸਾਰਾ ਪਰਿਵਾਰ ਅਮਰੀਕਾ ਰਹਿੰਦਾ ਸੀ। ਉਹ ਦਲੀਪ ਸਿੰਘ ਨੂੰ ਮੱਦਦ ਵੀ ਪੂਰੀ ਦਿੰਦੇ ਪਰ ਖ਼ਰਬੂਜਾ ਰੰਗ ਨਹੀਂ ਫੜ ਰਿਹਾ ਸੀ। ਅਫ਼ਸੋਸ ਕਿ ਜ਼ਿੰਦਗੀ ਦੀ ਇਸੇ ਖਿਚਾ-ਧੂਹੀ ਵਿਚ ਦਲੀਪ ਸਿੰਘ ਨੇ ਅੱਖਾਂ ਮੀਚ ਲਈਆਂ। ਦਲੀਪ ਸਿੰਘ ਦਾ ਇਕ ਪੁੱਤਰ ਕੁਲਬੀਰ ਟਰੱਕ ਚਲਾਉਣ ਦਾ ਕਾਰੋਬਾਰ ਕਰਦਾ ਸੀ।

ਉਜਾਗਰ ਸਿੰਘ ਨੇ ਜਦੋਂ ਪਿੰਡ ਦੀ ਬਾਹਰਲੀ ਫਿਰਨੀ 'ਤੇ ਤਿੰਨ ਮੰਜ਼ਲੀ ਕੋਠੀ ਪਾਈ ਤਾਂ ਦਲੀਪ ਸਿੰਘ ਦੀ ਨਾਲ ਲਗਦੀ ਦੋ ਕੁ ਮਰਲੇ ਥਾਂ ਵੀ ਵਿਚੇ ਸ਼ਾਮਲ ਕਰ ਲਈ। ਕੁਲਬੀਰ ਨੇ ਘੀਂ ਘੀਂ ਤਾਂ ਕੀਤੀ ਤੇ ਈਰਖਾ 'ਚ ਭਰੇ ਸ਼ਰੀਕੇ ਵਾਲਿਆਂ ਨੇ ਵੀ ਉਹਦੇ ਪੂਰੇ ਕੰਨ ਭਰੇ, ਪਰ ਜਦੋਂ ਤਾਏ ਨੇ ਬਨਦੀ ਰਕਮ ਤੋਂ ਵੀ ਦੋ ਗੁਣਾ ਵੱਧ ਪੈਸੇ ਕੁਲਬੀਰ ਦੇ ਪੱਲੇ ਪਾਏ ਤਾਂ ਮੂੰਹ ਨੂੰ ਇਕ ਤਰ੍ਹਾਂ ਨਾਲ ਛਿੱਕਲੀ ਦੇ ਦਿੱਤੀ। ਆਂਢ-ਗੁਆਂਢ ਦੀ ਬੋਲਤੀ ਵੀ ਬੰਦ ਹੋ ਗਈ।

ਦਿਆਲੂ ਤੇ ਨਿਮਰ ਸੁਭਾਅ ਦੇ ਮਾਲਕ ਉਜਾਗਰ ਸਿੰਘ ਨੇ ਸੋਚਿਆ ਕਿ ਚਲੋ ਕੁਲਬੀਰ ਨੂੰ ਅਮਰੀਕਾ ਲਿਆਉਣ ਦੀ ਕੋਸ਼ਿਸ਼ ਕਰਦੇ ਹਾਂ। ਪਰਿਵਾਰ ਦੀ ਆਮ ਸਹਿਮਤੀ ਨਾਲ ਯਤਨ ਆਰੰਭ ਹੋ ਗਏ। ਦਿੱਲੀ ਦਾ ਕੋਈ ਏਜੰਟ ਲੱਭ ਲਿਆ ਗਿਆ ਤੇ ਛੇ ਕੁ ਮਹੀਨੇ ਰਾਹ ਵਿਚ ਹਚਕੋਲੇ ਖਾਂਦਾ ਕੁਲਬੀਰ ਮੈਕਸੀਕੋ ਰਸਤੇ ਅਮਰੀਕਾ ਪਹੁੰਚ ਗਿਆ। ਇਧਰ ਉਜਾਗਰ ਦੇ ਪੁੱਤਰ ਸਤਨਾਮ ਨੇ ਟਰੱਕ ਚਲਾਉਣਾ ਛੱਡ ਕੇ ਨਿੱਕਾ ਮੋਟਾ ਸਟੋਰ ਖੋਲ੍ਹ ਲਿਆ।

ਘਰ 'ਚ ਪੂਰੀ ਸਰਗਰਮੀ ਚੱਲਣ ਲੱਗੀ ਕਿ ਕੁਲਬੀਰ ਦੇ ਕਿਸੇ ਨਾ ਕਿਸੇ ਹੀਲੇ ਪੇਪਰ ਬਣ ਜਾਣ ਪਰ ਸਤਨਾਮ ਕਹਿਣ ਲੱਗਾ, "ਤੂੰ ਟਰੱਕ ਚਲਾਉਣ ਵਿਚ ਬੜਾ ਮਾਹਿਰ ਏਂ। ਜਦੋਂ ਤੱਕ ਗੱਲ ਸਿਰੇ ਨਹੀਂ ਲਗਦੀ, ਤੂੰ ਮੇਰੇ ਲਾਇਸੈਂਸ 'ਤੇ ਟਰੱਕ ਚਲਾ ਲੈ।" ਤਰਕੀਬ ਨੇਪਰੇ ਚੜ੍ਹ ਗਈ ਤੇ ਫਿਰ ਕੁਲਬੀਰ ਨੇ ਲੰਬੇ ਪੈਂਡਿਆਂ 'ਤੇ ਟਰੱਕ ਭਜਾ ਭਜਾ ਕੇ ਡਾਲਰਾਂ ਦੀ ਜੇਬ ਵਿਚ ਰੌਣਕ ਲਗਾ ਲਈ। ਪਿੱਛੇ ਵੀ ਉਸ ਨੇ ਆਮ ਘਰ ਨੂੰ ਕੋਠੀ 'ਚ ਬਦਲ ਕੇ ਖਾਸ ਬਣਾ ਲਿਆ ਤੇ ਪਿੰਡ 'ਚ ਉਜਾਗਰ ਸਿੰਘ ਵੱਲੋਂ ਭਤੀਜੇ ਦੀ ਬਾਂਹ ਫੜਨ ਦੀ ਵਡਿਆਈ ਤੇ ਸਿਫ਼ਤਾਂ ਹੱਟੀ-ਭੱਠੀ 'ਤੇ ਵੀ ਹੋਣ ਲੱਗੀਆਂ।...ਪਰਿਵਾਰ ਨੂੰ ਜਾਣਨ ਵਾਲਿਆਂ ਲਈ ਪਿੱਠ ਭੂਮੀ ਵਿਚ ਇੰਨਾ ਕੁ ਗਿਆਨ ਸੀ।

ਫਿਰ ਗਿੱਧੇ ਤੋਂ ਪਿੱਛੋਂ ਸੋਗਮਈ ਰਾਗ ਖੋਰੇ ਕਿਉਂ ਵੱਜਣ ਲੱਗ ਪਿਆ?

ਪਿਛਲੇ ਵਰ੍ਹੇ ਅਸੀਂ ਕੁਝ ਸੱਜਣ ਸਿਆਟਲ 'ਚ ਇਕੱਠੇ ਸਾਂ ਕਿ ਇਕ ਪੰਜਾਬੀ ਗੱਭਰੂ ਕੰਮ ਦੀ ਤਲਾਸ਼ ਵਿਚ ਘੁੰਮਦਾ ਟੱਕਰ ਗਿਆ। ਮੈਂ ਪੁੱਛਿਆ, "ਨਵਾਂ ਨਵਾਂ ਆਇਐਂ ਪੰਜਾਬ ਤੋਂ?"

"ਕਾਹਨੂੰ ਨਵਾਂ ਭਰਾਵਾ, ਦੋ-ਢਾਈ ਸਾਲ ਹੋ ਗਏ ਨੇ ਆਏ ਨੂੰ।

"ਪਹਿਲਾਂ ਕਿਥੇ ਸੀ?"

"...ਸ਼ਹਿਰ ਵਿਚ।"

"ਉਥੋਂ ਕਿਉਂ ਆ ਗਿਆ?"

"ਪੇਪਰ ਈ ਨੀ ਬਣੇ। ਕਹਿੰਦੇ ਇਥੇ ਵਿਆਹ ਵਗੈਰਾ ਕਰਕੇ ਗੱਲ ਆਸਾਨੀ ਨਾਲ ਬਣ ਜਾਂਦੀ ਐ।"

"ਉਥੇ ਕੀ ਕਰਦਾ ਸੀ?"

"ਟਰੱਕ ਚਲਾਉਂਦਾ ਸੀ ਤਾਏ ਦੇ ਮੁੰਡੇ ਦੇ ਨਾਂ 'ਤੇ।"

"ਫਿਰ ਚਲਾਈ ਜਾਂਦਾ।"

"ਸਾਲਾ ਐਕਸੀਡੈਂਟ ਹੋ ਗਿਆ ਮੈਥੋਂ। ਜਦੋਂ ਫਿੰਗਰ ਪ੍ਰਿੰਟ ਹੋਏ ਤਾਂ ਭੇਤ ਖੁੱਲ੍ਹ ਗਿਆ। ਕੱਲ੍ਹ ਨੂੰ ਤਾਰੀਕ ਐ, ਮੈਂ ਤਾਂ ਭੱਜ ਆਇਆ।"

"ਤੈਨੂੰ ਤਾਰੀਕ 'ਤੇ ਜਾਣਾ ਚਾਹੀਦਾ ਸੀ, ਕੁਛ ਸਫ਼ਾਈ ਤਾਂ ਦੇ ਦਿੰਦਾ ਤਾਏ ਦੇ ਮੁੰਡੇ ਦੇ ਹੱਕ 'ਚ, ਪਈ ਮੈਂ ਲਾਇਸੈਂਸ ਚੋਰੀ ਕਰ ਲਿਆ ਸੀ ਜਾਂ ਕੁਛ ਹੋਰ।"

"ਆਪੇ ਸਾਲਾ ਫਸਿਆ ਰਹੂ, ਮੈਂ ਤਾਂ ਆ ਗਿਆ।"

"ਇਹ ਤਾਂ ਤੈਂ ਬਹੁਤ ਮਾੜੀ ਕੀਤੀ ਐ।"

"ਉਨ੍ਹਾਂ ਕਿਹੜੀ ਚੰਗੀ ਕੀਤੀ ਸੀ। ਤੁਸੀਂ ਕੰਮ ਲੱਭਣ 'ਚ ਮੇਰੀ ਮਦਦ ਕਰੋ।"

ਹਾਲੇ ਇਹ ਗੱਲਬਾਤ ਚੱਲ ਹੀ ਰਹੀ ਸੀ ਕਿ ਉਹਦੇ ਫੋਨ ਦੀ ਘੰਟੀ ਵੱਜੀ। ਫੋਨ ਉਹਦੇ ਉਸੇ ਤਾਏ ਦੇ ਮੁੰਡੇ ਦਾ ਸੀ।

"ਓਏ ਕਲਬੀਰਿਆ ਤੂੰ ਕਿੱਥੇ ਐਂ?"

"ਮੈਂ ਤਾਂ ਸਿਆਟਲ ਆ ਗਿਆਂ।"

"ਤੈਨੂੰ ਚੰਗਾ ਭਲਾ ਪਤਾ ਸੀ, ਪਈ ਕੱਲ੍ਹ ਨੂੰ ਐਕਸੀਡੈਂਟ ਵਾਲੀ ਤਾਰੀਕ ਐ।"

"ਮੈਂ ਕੀ ਕਰਾਂ ਫਿਰ?"

"ਤੈਂ ਮੈਨੂੰ ਮਰਾਉਣੈਂ?"

"ਮਰ ਗਲ੍ਹ। ਮੈਂ ਨੀ ਪ੍ਰਵਾਹ ਕਰਦਾ।"

"ਤੇਰਾ ਦਿਮਾਗ ਟਿਕਾਣੇ ਆ। ਐਨੀਂ ਪੈਰੀਂ ਮੁੜ ਆ।"

"ਮੈਂ ਨੀਂ ਆਉਂਦਾ।"

ਉਹ ਧਾਹਾਂ ਮਾਰਦਿਆਂ ਤਰਲੇ ਕਰੇ, "ਉਹ ਮੇਰਾ ਸਭ ਕੁਝ ਤਬਾਹ ਹੋ ਜਾਣੈਂ, ਤੂੰ ਕਰਦਾ ਕੀ ਐਂ? ਕਿਹੜੇ ਜਨਮਾਂ ਦਾ ਬਦਲਾ ਲੈਨੈਂ?"

"ਚੇਤਾ ਭੁੱਲ ਗਿਆ? ਐਸੇ ਜਨਮ ਦਾ ਬਦਲੈ।"

"ਹੋਸ਼ ਟਿਕਾਣੇ ਲਿਆ। ਤੈਨੂੰ ਇੰਨੇ ਪੈਸੇ ਲਾ ਕੇ ਇਥੇ ਸੱਦਿਆ। ਟਰੱਕ ਚਲਾਉਣ ਲਈ ਆਪਣੇ ਪੇਪਰ ਦਿੱਤੇ...ਆਹ ਕੀ ਕਰਦੈਂ?"

"ਟਰੱਕ ਵੀ ਮੈਂ ਆਪੇ ਮਾਰਿਐ।"

"ਕਿਉਂ?"

"ਤੇਰੇ ਪਿਓ ਨੇ ਸਾਡੀ ਦੋ ਮਰਲੇ ਜ਼ਮੀਨ ਹੜੱਪੀ ਸੀ ਨਾ, ਮੈਂ ਤਾਂ ਉਹ ਬਦਲਾ ਲਿਐ।"

"ਉਹ ਤੈਨੂੰ ਪੈਸੇ ਨੀਂ ਦਿੱਤੇ!"

"ਭੇਜਿਆ ਵੀ ਬਾਹਰ ਤੇਰੇ ਪਿਓ ਨੂੰ ਮੇਰੇ ਭਾਪੇ ਨੇ ਹੀ ਸੀ। ਹੁਣ ਨਾ ਫੋਨ ਕਰੀਂ। ਹੱਥੀਂ ਦਿੱਤੀਆਂ ਹੁਣ ਮੂੰਹ ਨਾਲ ਖੋਲ੍ਹ।"

ਤੇ ਉਹਨੇ ਫੋਨ ਕੱਟ'ਤਾ।

ਮਨ 'ਚ ਸੋਚੀਏ, ਪਈ ਇਹ ਕਿਹਤੀ ਨਸਲ ਦਾ ਬੰਦੈ? ਚਲੋ ਜਿਹਨੇ ਉਹਨੂੰ ਸਿਆਟਲ ਸੱਦਿਆ ਸੀ, ਉਹ ਤਾਂ ਲੱਭਿਆ ਨੀਂ ਤੇ ਅਸੀਂ ਨਾ ਚਾਹੁੰਦਿਆਂ ਹੋਇਆਂ ਵੀ ਇਸ ਅਪਾਰਟਮੈਂਟ 'ਚ ਆਪਣੇ ਕਿਸੇ ਜਾਣ-ਪਛਾਣ ਵਾਲੇ ਸੱਜਣ ਕੋਲ ਇਹ ਕਹਿ ਕੇ ਛੱਡ ਆਏ ਕਿ ਦੋ ਚਾਰ ਦਿਨ ਕਟਾ ਦੇ ਇਹਦੇ।

ਤੀਜੇ ਦਿਨ ਅਸੀਂ ਉਹਨੂੰ ਅਪਾਰਟਮੈਂਟ 'ਚ ਮਿਲਣ ਗਏ ਤਾਂ ਬਾਹਰਲੇ ਗੇਟ ਮੂਹਰੇ ਲਹੂ ਦੇ ਛਿੱਟੇ, ਗੇਟ ਨੂੰ ਵੀ ਖ਼ੂਨ ਲੱਗਾ ਹੋਇਆ। ਅੰਦਰ ਅਪਾਰਟਮੈਂਟ ਤੱਕ ਖ਼ੂਨ ਚੋਂਦਾ ਗਿਆ ਸੀ। ਫਿਰ ਉਹਦਾ ਦਰਵਾਜ਼ਾ ਵੀ ਲਹੂ ਨਾਲ ਲਾਲ। ਦਰਵਾਜ਼ਾ ਖੜਕਾਇਆ ਤਾਂ ਉਹੀ ਕੁਲਬੀਰ ਲਹੂ ਨਾਲ ਲੱਥ-ਪੱਥ ਸੋਫੇ 'ਤੇ ਪਿਆ।

"ਤੂੰ ਇਹ ਕੀ ਕਰ ਲਿਆ?" ਅਸੀਂ ਹੈਰਾਨੀ ਨਾਲ ਪੁੱਛਿਆ।

ਦੱਸਣ ਲੱਗਾ, "ਕੀਤਾ ਤਾਂ ਯਾਰ ਕੁਛ ਨੀ। ਦੁਪਹਿਰੇ ਮੈਂ ਸੋਚਿਆ ਬਾਹਰ ਘੁੰਮ-ਫਿਰ ਆਈਏ। ਬੱਸ ਸਟੈਂਡ 'ਤੇ ਇਕ ਕਾਲੀ ਖੜ੍ਹੀ ਸੀ।

"ਫਿਰ?"

"ਮੈਂ ਸੋਚਿਆ ਤਾਏ ਦੇ ਮੁੰਡੇ ਦੀ ਹੋ ਭੰਨ੍ਹਣੀ ਐ। ਅਖੇ...ਪੇਪਰ ਨੀ ਬਣਦੇ। ਮੈਂ ਕਾਲੀ ਛੇੜ'ਤੀ। ਨੇੜੇ ਖੜ੍ਹਾ ਕਾਲਾ ਫੋਨ ਕਰਦਾ ਸੀ। ਮੈਨੂੰ ਕੀ ਪਤਾ, ਪਈ ਉਹਦੇ ਘਰ ਵਾਲੈ। ਸਾਲਾ ਦੈਂਤ ਸੀ ਪੂਰਾ। ਆਉਂਦੇ ਨੇ ਦੇਖਿਆ ਈ ਨੀ, ਜਿੱਥੇ ਪੈਂਦੀ ਠਾਹ। ਜੁਬਾੜਾ ਹਿਲਾ'ਤਾ ਸਾਰਾ। ਮੈਂ ਤਾਂ ਭੱਜ ਆਇਆ, ਪਈ ਪੇਪਰ ਕੋਲ ਨੀ, ਕਿਤੇ ਪੁਲਿਸ ਨਾ ਆ ਜੇ।"

ਭੜੋਲੇ ਵਰਗਾ ਮੂੰਹ ਸੁੱਜਿਆ ਵੇਖ ਕੇ ਮੈਂ ਕਿਹਾ, "ਯਾਰ, ਤੇਰੇ ਤਾਂ ਬਹੁਤ ਕੁੱਟ ਪਈ ਐ?"

"ਲੈ, ਇਹ ਤਾਂ ਕੁਛ ਵੀ ਨੀ। ਕੁੱਟ ਤਾਂ ਉਦੋਂ ਪਈ ਸੀ ਮੇਰੇ, ਜਦੋਂ ਨਵਾਂ ਨਵਾਂ ਅਮਰੀਕਾ ਆਇਆ ਸੀ।"

"ਉਹ ਕਾਹਤੋਂ?"

"ਕੁੱਟ ਤਾਂ ਊਂ ਇੰਡੀਆ ਵੀ ਖਾਧੀ ਐ ਕਈ ਵਾਰ, ਪਰ ਇਹ ਸਾਰਿਆਂ ਤੋਂ ਵੱਡੀ ਸੀ।"

"ਹੋਇਆ ਕੀ ਸੀ?"

"ਬਈ ਇਕ ਬਹੁਤ ਵੱਡੇ ਗਵੱਈਏ ਦਾ ਸ਼ੋਅ ਸੀ। ਮੈਂ ਧਾਰ ਲਿਆ, ਪਈ ਇਹ ਸ਼ੋਅ ਬੰਦ ਕਰਾਉਣੈ।"

"ਤੂੰ ਕੀ ਕੀਤਾ ਫਿਰ?"

"ਮੈਂ 'ਨਾ ਮੋਹਰਲੀਆਂ ਸੀਟਾਂ ਦੀ ਸਵਾ ਸੌ ਦੀ ਟਿਕਟ ਲਈ, ਫੈਮਲੀਆਂ ਆਲੇ ਪਾਸੇ। ਪੌਣੀ ਕੁ ਬੋਤਲ ਦਾਰੂ ਦੀ ਮੈਂ ਕੋਕ 'ਚ ਪਾ ਕੇ, ਨੇਫੇ 'ਚ ਦੇ ਕੇ ਅੰਦਰ ਲੈ ਗਿਆ। ਅੱਧੀ ਕੁ ਪੀ ਲੀ ਗੁਸਲਖਾਨੇ 'ਚ ਜਾ ਕੇ।"

"ਪਈਆਂ ਕਾਹਤੋਂ?"

"ਸੁਣੋ ਤਾਂ ਸਹੀ, ਹਾਲੇ ਗਾਇਕ ਨੇ ਤਿੰਨ ਕੁ ਗਾਣੇ ਗਾਏ ਹੋਣੇ ਆ, ਮੈਂ ਖੜ੍ਹਾ ਹੋ ਕੇ ਮਾਰ'ਤਾ ਲਲਕਾਰਾ।"

"ਗਲਤੀ ਸੀ ਤੇਰੀ।"

"ਫਿਰ ਮੈਂ ਚੁੱਪ ਕਰਕੇ ਬਹਿ ਗਿਆ। ਦੋ ਤਿੰਨ ਜਣੇ ਆਏ, ਆਂਹਦੇ ਖੱਪ ਪਾਉਣੀ ਐ ਤਾਂ ਉਪਰ ਗੈਲਰੀ 'ਚ ਚਲੇ ਜਾਹ, ਨਹੀਂ ਤਾਂ ਹੁਣ ਕੁਸਕੀਂ ਨਾ।"

"ਚੁੱਪ ਰਿਹਾ ਫਿਰ?"

"ਕਾਹਨੂੰ ਹਾਲੇ ਇਕ ਗੀਤ ਨੀਂ ਹੋਰ ਚੱਲਿਆ ਹੋਣਾ, ਮੈਂ ਉਠ ਕੇ ਫਿਰ ਕੱਢ'ਤਾ ਲਲਕਾਰਾ।"

"ਤੂੰ ਵੀ ਢੀਠ ਨਿਕਲਿਆ ਪੂਰਾ?"

"ਹੋੜ੍ਹ ਆ ਗਈ ਫਿਰ ਮੇਰੇ ਵੱਲ। ਮੈਂ ਕਿਹੜਾ ਘੱਟ ਸੀ, ਕੱਢ'ਤੀ ਭੈਣ ਦੀ ਗਾਲ ਠੋਕ ਕੇ।"

"ਵਰ੍ਹੇ ਛਿੱਤਰ?"

"ਕਿਤੇ ਇਕ। ਡੇਢ ਘੰਟਾ ਲੱਤਾਂ, ਹੂਰੇ, ਘਸੁੰਨ, ਚਪੇੜਾਂ ਮੀਂਹ ਵਾਂਗ ਪਈਆਂ।"

"ਮਿੰਨਤ-ਤਰਲਾ ਕਰ ਲੈਂਦਾ?"

"ਤਰਲੇ ਕਾਹਤੋਂ ਕਰਦਾ। ਕੁੱਟ ਤਾਂ ਖਾ ਲਈ ਰੱਜ ਕੇ, ਪਰ ਆਪਾਂ ਸਾਲਾ ਪ੍ਰੋਗਰਾਮ ਬੰਦ ਕਰਵਾ'ਤਾ।"

...ਤੇ ਅਸੀਂ ਉਲਟੇ ਪੈਰੀਂ ਪਰਤ ਆਏ। ਅਸਲ ਵਿਚ ਮੀਂਹ ਪੈਣ ਤੋਂ ਬਾਅਦ ਚਿੱਕੜ ਨਾ ਹੋਵੇ, ਇੱਦਾਂ ਘੱਟ ਹੀ ਹੁੰਦਾ ਹੈ।

#

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਭਾਬੀ ਦੀ ਖੇਡ

ਦੁਸ਼ਣਬਾਜ਼ੀਆਂ ਦਾ ਚੱਲਿਆ ਦੌਰ ਪੂਰਾ, ਰਾਜਨੀਤੀ ਦੀ ਲੁੱਚ-ਗੜੁੱਚ ਦੇਖੋ।
ਪੱਟੀ ਅੱਖਾਂ 'ਤੇ ਬੰਨ੍ਹ ਲਈ ਦਿਸੇ ਕੁਝ ਨਾ, ਅੰਨ੍ਹਾ ਅੰਨ੍ਹੀ ਦੀ ਭੰਨ੍ਹਦਾ ਖੁੱਚ ਦੇਖੋ।
'ਕੱਲੇ ਦਾਗੀ ਨਾ ਲਿੰਬੜੇ ਫਿਰਨ ਪੂਰੇ, ਬੜੀ ਆਖਦੇ ਰੱਖੀ ਏ ਸੁੱਚ ਲੋਕੋ।
ਲੋਭ ਲਾਲਚ ਦੀਆਂ ਬੁਰਕੀਆਂ ਫਿਰਨ ਸੁੱਟਦੇ, ਖਾਂਦੇ ਵੋਟਰਾਂ ਨੂੰ ਮਾਰ ਕੇ ਮੁੱਚ ਦੇਖੋ।
ਉਸੇ ਬਾਗ ਦੇ ਮਾਲੀ ਨੇ ਬਣੇ ਫਿਰਦੇ, ਜਿਹੜਾ ਹੱਥੀਂ ਹੀ ਦਿੱਤਾ ਮਤ੍ਹੱਛ ਦੇਖੋ।
ਡਾਂਗਾਂ ਵਰ੍ਹਦੀਆਂ ਹੱਕਾਂ ਨੂੰ ਮੰਗਣੇ ਲਈ, ਦੱਸੋ ਰੱਖੀਏ ਇਨ੍ਹਾਂ ਤੋਂ ਆਸ ਕਿਹੜੀ।
ਭਾਬੀ ਬਣਾਉਣ ਲਈ ਯੱਕੇ ਲਕੋਈ ਫਿਰਦੇ, ਫੜੀ ਕੈਪਟਨਾਂ ਬਾਦਲਾਂ ਭਾਸ਼ ਜਿਹੜੀ।

## ਬੱਤੀ ਕਈ ਵਾਰ ਬਾਲ ਕੇ ਬਨੇਰੇ 'ਤੇ ਰੱਖ ਹੀ ਨਹੀਂ ਹੁੰਦੀ!

ਧੁੱਪੇ ਬੈਠੀਆਂ ਯਾਦਾਂ

ਜਿਹੜਾ ਗਲਤੀ ਕਰਕੇ ਮੰਨੇ ਨਾ, ਸਮਝ ਲਵੋ ਉਸ ਨੇ ਆਪਣੇ ਵਿਕਾਸ ਦੇ ਬੂਹਿਆਂ ਨੂੰ ਰੋਪੜੀ ਜਿੰਦਾ ਮਾਰਿਆ ਹੋਇਆ ਹੈ। ਜਿਹੜਾ ਵਕਤ ਭੁੱਲ ਜਾਵੇ, ਉਹਨੂੰ ਔਕਾਤ ਵੀ ਚੇਤੇ ਨਹੀਂ ਰਹਿੰਦੀ। ਜਿਹੜੇ ਇਸ ਤਸਵੀਰ ਨੂੰ ਗੰਭੀਰਤਾ ਨਾਲ ਵਿਚਾਰਨਗੇ, ਉਨ੍ਹਾਂ ਦੇ ਕਾਲਜੇ ਨੂੰ ਇਕ ਵਾਰ ਹੌਲ ਜ਼ਰੂਰ ਪਵੇਗਾ। 'ਚੁੰਨੀ ਨਾਲ ਪਤਾਸੇ' ਜਾਂ 'ਉਡ ਕੇ ਸੋਹਣਿਆਂ ਆ ਜਾ' ਤੇ ਜਾਂ ਫਿਰ 'ਰੰਗਪੁਰ ਰੰਗ ਲਾਉਣ ਵਾਲੀਏ' ਵਾਲੀ ਵਿਚਕਾਰ ਖੜ੍ਹੀ ਗਾਇਕਾ ਪਰਮਿੰਦਰ ਸੰਧੂ ਨਾਲ ਹੁਣ ਮਰਹੂਮ ਸ਼ਬਦ ਲਾਉਣਾ ਪੈ ਰਿਹਾ ਹੈ। 'ਜਿਉਣਾ ਮੌੜ' ਅਤੇ 'ਯਾਰੀ ਜੱਟ ਦੀ' ਫਿਲਮਾਂ 'ਚ ਸਹਿ-ਨਾਇਕਾ, ਫਿਰ 'ਜਿਉਣਾ ਮੌੜ' ਰਾਹੀਂ ਗਾਇਕੀ ਦੇ ਨਾਲ ਫਿਲਮੀ ਸਫ਼ਰ ਬਰਾਬਰ ਖਿੱਚਣ ਵਾਲੀ ਪਰਮਿੰਦਰ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਕਰੀਬ ਇਕ ਸਾਲ ਹੋ ਚੱਲਿਆ, ਚਲੇ ਗਈ ਸੀ। ਉਕਤ ਤਸਵੀਰ ਸਾਲ 2003 ਦੀ ਜਲੰਧਰ ਦੇ ਇਕ ਹੋਟਲ ਵਿਚ 'ਮੈਂ ਮਰ ਗਈ ਮਰ ਗਈ' ਵਾਲੇ ਗੀਤਾਂ ਵਾਲੀ ਐਲਬਮ ਦੇ ਰਿਲੀਜ਼ ਸਮਾਰੋਹ ਦੀ ਹੈ। ਇਸੇ ਐਲਬਮ ਵਿਚ ਉਹਨੇ ਭਾਅ ਜੀ ਬਰਜਿੰਦਰ ਸਿੰਘ ਦੀ ਲਿਖੀ ਰਚਨਾ 'ਡੋਲੀ' ਯਾਨਿ 'ਰੰਗ ਰੰਗੀਲੀ ਡੋਲੀ ਮੇਰੀ, ਰੱਖ ਲੈ ਇਕ ਦਿਨ ਹੋਰ' ਉਚੇਚੇ ਤੌਰ 'ਤੇ ਸ਼ਾਮਲ



ਐਸ. ਅਸ਼ੋਕ ਭੌਰਾ, ਪਰਮਿੰਦਰ ਸੰਧੂ ਅਤੇ ਪ੍ਰੀਤੀ ਸਪਰੂ

ਕੀਤੀ ਸੀ। ਜਰਨੈਲ ਘੁਮਾਣ ਦੇ ਯਤਨਾਂ ਸਦਕਾ 'ਲੱਕੀ ਸਟਾਰ ਕੰਪਨੀ' ਵੱਲੋਂ ਪੇਸ਼ ਇਹ ਉਹਦੀ ਆਖਰੀ ਐਲਬਮ ਬਣ ਗਈ; ਹਾਲਾਂਕਿ ਉਸ ਵਕਤ ਕਿਸੇ ਵੀ ਬਿਮਾਰੀ ਨੇ ਪਰਮਿੰਦਰ ਨੂੰ ਸਿਗਨਲ ਨਹੀਂ ਦਿੱਤਾ ਸੀ ਤੇ ਨਾ ਹੀ ਇਹ ਗੱਲ ਚੇਤੇ ਵਿਚ ਸੀ ਕਿ ਇਹ ਆਖਰੀ ਤੇ ਯਾਦਗਾਰੀ ਨਿਸ਼ਾਨੀ ਬਣ ਜਾਵੇਗੀ। ਰਿਲੀਜ਼ ਸਮਾਰੋਹ ਤੋਂ ਪਹਿਲਾਂ ਉਹ ਆਪਣੇ ਪਤੀ ਕੁਲਜੀਤ ਤੇ ਮੇਰੇ ਨਾਲ ਕਾਫ਼ੀ ਸਮਾਂ 'ਅਜੀਤ' ਦੇ ਦਫ਼ਤਰ ਵਿਚ ਰਹੀ। ਹਾਲਾਂਕਿ ਮੈਂ ਉਸ ਤੋਂ ਪਹਿਲਾਂ ਕੁਝ ਸਮੇਂ ਲਈ ਦੁਬਈ ਵਿਚ ਸਾਂ ਪਰ ਜਦੋਂ ਪਰਮਿੰਦਰ ਨੇ ਦੱਸਿਆ ਕਿ ਇਹ ਐਲਬਮ ਰਿਲੀਜ਼ ਕਰਨ ਲਈ ਫਿਲਮ ਅਭਿਨੇਤਰੀ ਪ੍ਰੀਤੀ ਸਪਰੂ ਮੁੰਬਈ ਤੋਂ ਉਚੇਚੇ ਤੌਰ 'ਤੇ ਆ ਰਹੀ ਹੈ ਤਾਂ ਮੈਂ ਵੀ ਆਪਣੀ ਦੁਬਈ ਯਾਤਰਾ ਵਿਚਾਲੇ ਛੱਡ ਜਲੰਧਰ ਪਹੁੰਚਿਆ।

ਸਮੁੱਚੇ ਪੰਜਾਬੀ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਦੀ ਹਾਜ਼ਰੀ ਅਤੇ ਤਾਲੀਆਂ ਦੀ ਗੂੰਜ ਵਿਚ ਬੜੇ ਚਾਵਾਂ ਨਾਲ ਇਹ ਸ਼ਗਨ ਹੋਇਆ ਸੀ ਪਰ ਹੁਣ ਜਦੋਂ ਇਹ ਤਸਵੀਰ ਮੈਨੂੰ ਪ੍ਰੀਤੀ ਸਪਰੂ ਨੇ ਉਚੇਚੇ ਤੌਰ 'ਤੇ ਭੇਜੀ ਹੈ ਤਾਂ ਜੀਅ ਕੀਤੈ, ਕਿਉਂ ਨਾ ਬਰਸੀ ਤੋਂ ਪਹਿਲਾਂ ਸ਼ਰਧਾਂਜਲੀ ਭੇਟ ਕਰ ਲਵਾਂ।

ਲੱਗਦਾ ਨਹੀਂ-ਕਈ ਵਾਰ ਦੀਵਾ ਵੀ ਹੁੰਦਾ ਹੈ, ਤੇਲ ਵੀ ਬਥੇਰਾ ਹੁੰਦਾ ਪਰ ਬੱਤੀ ਤੇ ਤੀਲਾਂ ਦੀ ਡੱਬੀ ਸਲਾਬੀਆਂ ਹੁੰਦੀਆਂ ਹਨ।

-ਐਸ. ਅਸ਼ੋਕ ਭੌਰਾ

# ਕੋ ਸੁਘੜਾ, ਕੋ ਮੂੜ੍ਹਤਾ? ਕਹਾ ਤਰਕ ਅਵਤਰਕ?

ਪਿਛਲੇ ਲੇਖ ਵਿਚ ਇਸ ਵਿਸ਼ੇ ਉਤੇ ਵਿਚਾਰ ਚਰਚਾ ਕੀਤੀ ਗਈ ਸੀ ਕਿ ਨਰਕ ਅਤੇ ਸਵਰਗ ਕੀ ਹੈ? ਅਗਲੀਆਂ ਪੰਕਤੀਆਂ ਵਿਚ ਪ੍ਰਸ਼ਨ ਉਠਾਇਆ ਗਿਆ ਹੈ ਕਿ ਸੁਘੜਤਾ ਜਾਂ ਸਿਆਣਪ ਕੀ ਹੁੰਦੀ ਹੈ? ਮੂਰਖਤਾ ਕਿਸ ਨੂੰ ਕਹਿੰਦੇ ਹਨ ਅਥਵਾ ਸਿਆਣਾ ਜਾਂ



ਡਾ. ਗੁਰਨਾਮ ਕੌਰ

ਮੂਰਖ ਕਿਸ ਨੂੰ ਕਹਿੰਦੇ ਹਨ? ਅਤੇ ਤਰਕ ਕੀ ਹੈ ਅਤੇ ਤਰਕਹੀਣਤਾ ਕੀ ਹੈ ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਤਰਕਸ਼ੀਲ ਵਿਅਕਤੀ ਕੌਣ ਹੈ ਅਤੇ ਤਰਕਹੀਣ ਵਿਅਕਤੀ ਕੌਣ ਹੈ?

ਅਸਲ ਵਿਚ ਸਾਨੂੰ ਇਸ ਪ੍ਰਸ਼ਨ ਨੂੰ ਉਲਟਾ ਕੇ ਦੇਖਣਾ ਪਵੇਗਾ ਕਿਉਂਕਿ ਗੁਰਮਤਿ ਚਿੰਤਨ ਵਿਚ ਜਾਂ ਕਿਸੇ ਵੀ ਚਿੰਤਨ ਵਿਚ ਤਰਕ ਸਿਆਣਪ ਤੋਂ ਪਹਿਲਾਂ ਆਉਂਦਾ ਹੈ। ਤਰਕ ਰਾਹੀਂ ਮਨੁੱਖੀ ਮਨ ਸੋਚਣਾ ਸ਼ੁਰੂ ਕਰਦਾ ਹੈ ਅਤੇ ਉਤਾਂਹ ਸਿਆਪਣ ਵੱਲ ਵੱਧਦਾ ਹੈ। ਗੁਰਮਤਿ ਦਰਸ਼ਨ ਅਨੁਸਾਰ ਵਿਚਾਰ ਦੇ ਪੱਧਰ ਤੇ ਪਹਿਲੀ ਪਉੜੀ ਜਾਂ ਪਹਿਲਾ ਸਤਰ ਤਰਕ ਅਤੇ ਵਿਤਰਕ ਅਥਵਾ ਖੋਜੀ ਅਤੇ ਵਾਦੀ ਦਾ ਹੈ। ਇਸ ਤੋਂ ਅਗਲਾ ਕਦਮ ਜਾਂ ਪਉੜੀ ਸੋਚ, ਫਿਰ ਵੀਚਾਰ, ਅਕਲ ਅਤੇ ਫਿਰ ਸਭ ਤੋਂ ਉਚਾ ਸਤਰ ਸਿਆਣਪ ਦਾ ਹੈ। ਇਸ ਲਈ ਸਾਨੂੰ ਸਿਆਣਪ ਜਾਂ ਸਿਆਣਾ ਅਤੇ ਮੂਰਖ ਜਾਂ ਮੂਰਖਤਾ ਕੀ ਹੈ, ਇਸ ਵਿਚ ਜਾਣ ਤੋਂ ਪਹਿਲਾ ਤਰਕ-ਵਿਤਰਕ ਬਾਰੇ ਗੁਰਮਤਿ ਦਰਸ਼ਨ ਵਿਚ ਕੀ ਖਿਆਲ ਪਾਇਆ ਜਾਂਦਾ ਹੈ, ਇਸ ਨੂੰ ਦੇਖਣਾ ਪਵੇਗਾ।

ਪਾਠਕਾਂ ਨੂੰ ਕੁੱਝ ਸੰਕਲਪਾਂ ਦਾ ਦੁਹਰਾਉ ਅਕੇਵੇਂ ਭਰਿਆ ਲੱਗ ਸਕਦਾ ਹੈ ਪਰ ਆਪਣੀ ਗੱਲ ਕਹਿਣ ਲਈ ਜਾਂ ਗੁਰਮਤਿ ਦਾ ਆਦਰਸ਼ ਕੀ ਹੈ, ਇਸ ਨੂੰ ਸਮਝਾਉਣ ਲਈ ਇਹ ਜ਼ਰੂਰੀ ਵੀ ਹੋ ਜਾਂਦਾ ਹੈ। ਕੁੱਝ ਸੰਕਲਪ ਅਜਿਹੇ ਹਨ ਜਿਨ੍ਹਾਂ ਦਾ ਜ਼ਿਕਰ ਕੀਤੇ ਬਗੈਰ ਗੱਲ ਅੱਗੇ ਤੋਰਨੀ ਮੁਸ਼ਕਿਲ ਹੋ ਜਾਂਦੀ ਹੈ। ਗੁਰਮਤਿ ਦਰਸ਼ਨ ਦਾ ਮੁੱਖ ਮਕਸਦ ਅਗਿਆਨ ਦੇ ਹਨੇਰੇ ਨੂੰ ਦੂਰ ਕਰਕੇ ਇਨਸਾਨ ਨੂੰ ਪਰਮਾਤਮ-ਗਿਆਨ ਦਾ ਚਾਨਣ ਦੇਣਾ ਹੈ, ਉਸ ਨੂੰ ਗਿਆਨਵਾਨ ਬਣਾਉਣਾ ਹੈ। ਉਸ ਦਾ ਅਜਿਹਾ ਸਕ੍ਰਿਅ ਵਿਅਕਤਿਤਵ ਘੜਨਾ ਹੈ ਜੋ ਕਿ ਅਕਾਲ ਪੁਰਖ ਦਾ ਸਮੀਪੀ ਹੋ ਕੇ ਜੀਵਨ ਬਸਰ ਕਰ ਸਕੇ ਅਤੇ ਅਕਾਲ ਪੁਰਖ ਦੀ ਹੋਂਦ ਨੂੰ ਆਪਣੇ ਅੰਦਰ ਅਨੁਭਵ ਕਰ ਸਕੇ, ਉਸ ਨਾਲ ਇਕਸੁਰਤਾ ਵਾਲਾ ਜੀਵਨ ਮਾਣ ਸਕੇ।

ਇਸੇ ਲਈ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਇਹ ਪ੍ਰਸ਼ਨ ਰੱਖਦੇ ਹਨ, "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਅਰਥਾਤ ਮਨੁੱਖ ਸਚਿਆਰ ਕਿਵੇਂ ਬਣੇ ਅਤੇ ਕੂੜ ਭਾਵ ਹਉਮੈ ਦੀ ਕੰਧ ਕਿਵੇਂ ਟੁੱਟੇ ਜੋ ਮਨੁੱਖ ਅਤੇ ਪਰਮਾਤਮਾ ਦੇ ਵਿਚਕਾਰ ਵਿੱਥ ਪੈਦਾ ਕਰਨ ਦਾ ਕਾਰਨ ਬਣਦੀ ਹੈ? ਇਸ ਦਾ ਉਤਰ ਵੀ ਗੁਰੂ ਮਹਾਰਾਜ ਨਾਲ ਹੀ ਦਿੰਦੇ ਹਨ, "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ" ਭਾਵ ਉਸ ਦੇ ਹੁਕਮ ਨੂੰ ਬੁੱਝਣਾ ਜੋ ਮਨੁੱਖ ਦੇ ਅੰਦਰ ਹੀ ਨਿਹਿਤ ਹੈ ਅਤੇ ਉਸ ਦਾ ਅਨੁਸਾਰੀ ਹੋ ਕੇ ਚੱਲਣਾ। ਇਸ ਤਰ੍ਹਾਂ ਉਸ ਦੇ ਹੁਕਮ ਦੇ ਅਨੁਸਾਰੀ ਹੋਇਆਂ "ਕੂੜੈ ਤੁਟੈ ਪਾਲਿ" ਅਰਥਾਤ ਹਉਮੈ ਦੀ ਕੰਧ ਦੂਰ ਹੋ ਸਕਦੀ ਹੈ। ਗੁਰਮਤਿ ਅਨੁਸਾਰ ਜਿਸ ਕਿਸਮ ਦੇ ਇਸ਼ਟ ਨੂੰ ਮਨੁੱਖ ਧਿਆਉਂਦਾ ਹੈ ਉਹੋ ਜਿਹਾ ਹੀ ਜੀਵਨ ਉਸ ਨੂੰ ਜਿਉਣ ਲਈ ਮਿਲਦਾ ਹੈ, "ਜੈਸਾ ਸੇਵੈ ਤੈਸੋ ਹੋਇ॥" ਹੁਣ ਅਸੀਂ ਦੇਖਣਾ ਇਹ ਹੈ ਕਿ ਤਰਕ (reason) ਇਸ ਕਿਸਮ ਦੇ ਵਿਅਕਤਿਤਵ ਦੀ ਘਾੜਤ ਵਿਚ ਕੀ ਯੋਗਦਾਨ ਪਾ ਸਕਦਾ ਹੈ ਜਾਂ ਕਿਵੇਂ ਕੰਮ ਆ ਸਕਦਾ ਹੈ?

ਸਿੱਖ ਧਰਮ ਚਿੰਤਨ ਵਿਚ ਵੀਚਾਰ ਨੂੰ ਗਿਆਨ ਦਾ ਸੋਮਾ ਮੰਨਿਆ ਗਿਆ ਹੈ। ਵੀਚਾਰ ਨੂੰ ਉਸ ਸਮੇਂ ਦੀਆਂ ਪ੍ਰਚਲਿਤ ਧਾਰਮਿਕ ਅਤੇ ਦਾਰਸ਼ਨਿਕ ਪਰੰਪਰਾਵਾਂ, ਧਾਰਨਾਵਾਂ, ਰਸਮਾਂ ਅਤੇ ਸੰਕਲਪਾਂ ਦੀ ਦਾਰਸ਼ਨਿਕ ਆਲੋਚਨਾ ਅਤੇ ਮੁਲਾਂਕਣ ਕਰਨ ਲਈ ਵਰਤਿਆ ਗਿਆ ਹੈ। ਆਧੁਨਿਕ ਫਿਲਾਸਫੀ ਵਿਚ ਵੀ ਦਾਰਸ਼ਨਿਕ ਆਲੋਚਨਾ ਨੂੰ ਗਿਆਨ-ਸ਼ਾਸਤਰ ਦਾ ਪ੍ਰਮੁਖ ਕਾਰਜ ਮੰਨਿਆ ਗਿਆ ਹੈ। ਇਸ ਅਮਲ ਰਾਹੀਂ ਗੁਰਮਤਿ ਦਰਸ਼ਨ ਵਿਚ ਸੰਨਿਆਸ, ਨੇਕੀ, ਗਿਆਨ ਆਦਿ ਦੇ ਸੰਕਲਪਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਭਾਰਤ ਵਿਚ ਉਸ ਸਮੇਂ ਦੀਆਂ ਧਾਰਮਿਕ ਪਰੰਪਰਾਵਾਂ ਦੇ ਪ੍ਰਚਲਿਤ ਮੂਲ ਸੰਕਲਪਾਂ ਦੀ ਵਿਸ਼ਲੇਸ਼ਣਾਤਮਕ ਆਲੋਚਨਾ ਕੀਤੀ ਗਈ ਹੈ।

ਇਸ ਉਦੇਸ਼ ਦੀ ਪੂਰਤੀ ਲਈ ਨਿਗਮਨ ਅਤੇ ਅਗਮਨ ਤਰਕ ਵਿਧੀ ਦੀ ਵਰਤੋਂ ਕੀਤੀ ਹੋਈ ਹੈ। ਪਹਿਲਾਂ ਪ੍ਰਸ਼ਨ ਕੀਤਾ ਗਿਆ ਹੈ ਫਿਰ ਉਸ ਦਾ ਉਤਰ ਦਿੱਤਾ ਹੈ। ਉਦਾਹਰਣ ਲਈ ਜਿਵੇਂ ਇਸਤਰੀ ਨੂੰ ਸਿੱਖ ਧਰਮ ਦਰਸ਼ਨ ਵਿਚ ਪੁਰਸ਼ ਵਾਂਗ ਅਧਿਆਤਮਕ ਅਤੇ ਸਮਾਜਿਕ ਅਧਿਕਾਰ ਦਿੱਤਾ ਗਿਆ ਹੈ ਪਰ ਪ੍ਰਚਲਿਤ ਸਮਾਜਿਕ ਮਾਨਤਾਵਾਂ ਅਨੁਸਾਰ ਉਸ ਨੂੰ ਪਰਦੇ ਵਿਚ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਭਗਤ ਕਬੀਰ ਸਮਾਜ ਅਤੇ ਘਰ ਵਿਚ ਤਬਦੀਲੀ ਚਾਹੁੰਦੇ ਹਨ ਅਤੇ ਆਪਣੀ ਨੂੰਹ ਨੂੰ ਘੁੰਡ ਕੱਢਣ ਤੋਂ ਵਰਜਦੇ ਹਨ। ਉਹ ਤਰਕ ਕਰਦੇ ਹਨ ਕਿ ਹੇ ਬਹੂ! ਘੁੰਡ ਨਾ ਕੱਢੋ, ਅੰਤ ਵੇਲੇ ਇਸ ਦਾ ਕੋਈ ਲਾਭ ਨਹੀਂ ਹੋਣਾ। ਇਹ ਨੂੰਹ ਭਗਤ ਕਬੀਰ ਦੇ ਪੁੱਤਰ ਦੀ ਦੂਸਰੀ ਸ਼ਾਦੀ ਵਿਚੋਂ ਸੀ।

ਕਬੀਰ ਸਾਹਿਬ ਕਹਿੰਦੇ ਹਨ, ਤੇਰੇ ਅੱਗੇ ਪਹਿਲੀ ਘੁੰਡ ਕੱਢਦੀ ਤੁਰ ਗਈ ਸੰਸਾਰ ਤੋਂ, ਤੂੰ ਉਸ ਦੀ ਰੀਸ ਨਾ ਕਰ। ਤਰਕ ਕਰਦੇ ਹਨ ਕਿ ਘੁੰਡ ਕੱਢਣ ਦੀ ਕੀ ਵਡਿਆਈ ਹੈ? ਇਹੀ ਕਿ ਪੰਜ-ਦਸ ਦਿਨ ਲੋਕ ਕਹਿਣਗੇ ਕਿ ਭਲੀ ਬਹੂ ਆਈ ਹੈ। ਤੇਰਾ ਘੁੰਡ ਤਾਂ ਸੱਚਾ ਹੈ ਜੇ ਤੂੰ ਹਰੀ ਦੇ ਗੁਣ ਗਾਉਂਦੀ ਹੋਈ ਨੱਚਦੀ-ਕੁੱਦਦੀ ਫਿਰੇਂ। ਬਹੂ ਨੂੰ ਸੰਬੋਧਨ ਕਰਦੇ ਹਨ ਕਿ ਹੇ ਬਹੂ, ਤੂੰ ਤਾਂ ਜਿੱਤਦੀ ਹੈਂ ਜੇ ਤੇਰਾ ਜਨਮ ਪਰਮਾਤਮਾ ਦੇ ਗੁਣ ਗਾਉਂਦਿਆਂ ਬੀਤੇ,

ਰਹੁ ਰਹੁ ਰੀ ਬਹੁਰੀਆ
ਘੂੰਘਟੁ ਜਿਨਿ ਕਾਢੈ॥
ਅੰਤ ਕੀ ਬਾਰ
ਲਹੈਗੀ ਨ ਆਢੈ॥੧॥ਰਹਾਉ॥
ਘੂੰਘਟੁ ਕਾਢਿ ਗਈ ਤੇਰੀ ਆਗੈ॥
ਉਨ ਕੀ ਗੈਲਿ ਤੋਹਿ ਬਹੂ ਲਾਗੈ॥
(ਪੰਨਾ ੪੮੪)

ਇਸੇ ਤਰ੍ਹਾਂ ਭਗਤ ਕਬੀਰ ਇੱਕ ਅਕਾਲ ਪੁਰਖ ਨੂੰ ਧਿਆਉਣ ਲਈ ਤਰਕ ਕਰਦੇ ਹੋਏ ਕਹਿੰਦੇ ਹਨ ਕਿ ਲੋਕਾਂ ਨੂੰ ਖੁਸ਼ ਕਰਨ ਨਾਲ ਜਾਂ ਵੇਦਾਂ ਸ਼ਾਸਤਰਾਂ ਦੇ ਦੱਸੇ ਤੀਰਥ ਇਸ਼ਨਾਨ ਆਦਿ ਕਰਮ ਕਰਨ ਨਾਲ ਅਗਮ ਅਗੋਚਰ ਪਰਮਾਤਮਾ ਨਹੀਂ ਮਿਲਦਾ, ਸੁੱਚਾ ਇਸ਼ਨਾਨ ਗੁਰੂ ਦੀ ਸੇਵਾ ਕਰਨਾ ਹੈ। ਜਿਸ ਦੇ ਮਨ ਅੰਦਰ ਮੈਲ ਹੋਵੇ ਅਤੇ ਉਹ ਤੀਰਥਾਂ 'ਤੇ ਨਹਾਵੇ, ਉਹ ਬੈਕੁੰਠ ਨਹੀਂ ਜਾ ਸਕਦਾ। ਜੇ ਜਲ ਵਿਚ ਨਹਾਉਣ ਨਾਲ ਮੁਕਤੀ ਮਿਲਦੀ ਹੋਵੇ ਫਿਰ ਤਾਂ ਡੱਡੂ ਨੂੰ ਵੀ ਤਰ ਜਾਣਾ ਚਾਹੀਦਾ ਹੈ ਜੋ ਹਰ ਵਕਤ ਪਾਣੀ ਵਿਚ ਹੀ ਰਹਿੰਦਾ ਹੈ। ਜਿਵੇਂ ਮੇਂਡਕ ਵਾਰ-ਵਾਰ ਜੋਨੀ ਵਿਚ ਆਉਂਦਾ ਹੈ ਇਸੇ ਤਰ੍ਹਾਂ ਤੀਰਥਾਂ 'ਤੇ ਨਹਾਉਣ ਵਾਲਾ ਆਦਮੀ ਵੀ ਵਾਰ-ਵਾਰ ਜੋਨੀ ਵਿਚ ਆਉਂਦਾ ਹੈ।

ਇਸੇ ਤਰ੍ਹਾਂ ਯੋਗੀ 'ਤੇ ਪ੍ਰਸ਼ਨ ਕੀਤਾ ਹੈ ਕਿ ਜੇ ਨੰਗੇ ਫਿਰਨ ਨਾਲ ਮੁਕਤੀ ਮਿਲਦੀ ਹੋਵੇ ਫਿਰ ਤਾਂ ਹਿਰਨ ਸਾਰਾ ਦਿਨ ਜੰਗਲਾਂ ਵਿਚ ਨੰਗੇ ਦੌੜੇ ਫਿਰਦੇ ਹਨ ਅਤੇ ਸਾਰੇ ਹੀ ਮੁਕਤ ਹੋ ਜਾਣੇ ਚਾਹੀਦੇ ਹਨ। ਜੇ ਸਿਰ ਮੁੰਡਵਾਉਣ ਨਾਲ ਗਤੀ ਪ੍ਰਾਪਤ ਹੁੰਦੀ ਹੋਵੇ ਫਿਰ ਤਾਂ ਭੇਡਾਂ ਦੀ ਮੁਕਤੀ ਕਿਧਰੇ ਨਹੀਂ ਗਈ ਜਿਹੜੀਆਂ ਹਰ ਵਕਤ ਮੁੰਨੀਆਂ ਜਾਂਦੀਆਂ ਹਨ। ਜੇ ਬ੍ਰਹਮਚਾਰੀ ਰਹਿਣ ਨਾਲ ਮੁਕਤੀ ਮਿਲਦੀ ਹੋਵੇ ਫਿਰ ਤਾਂ ਸਾਰੇ ਖੁਸਰੇ ਪਰਮ ਗਤੀ ਨੂੰ ਪ੍ਰਾਪਤ ਕਰ ਲੈਣ,

ਜਲ ਕੈ ਮਜਨਿ ਜੇ ਗਤਿ ਹੋਵੈ
ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ
ਫਿਰਿ ਫਿਰਿ ਜੋਨੀ ਆਵਹਿ॥ (ਪੰਨਾ ੪੮੪)
ਨਗਨ ਫਿਰਤ ਜੌ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥੧॥
ਮੂਡ ਮੁੰਡਾਏ ਜੌ ਸਿਧਿ ਪਾਈ॥
ਮੁਕਤੀ ਭੇਡ ਨ ਗਈਆ ਕਾਈ॥੨॥
ਬਿੰਦੁ ਰਾਖਿ ਜੌ ਤਰੀਐ ਭਾਈ॥
ਖੁਸਰੈ ਕਿਉ ਨ ਪਰਮ ਗਤਿ ਪਾਈ॥੪॥
(ਪੰਨਾ ੩੨੪)

ਇਸੇ ਤਰ੍ਹਾਂ ਇਸ ਵਹਿਮ 'ਤੇ ਪ੍ਰਸ਼ਨ ਕੀਤਾ ਹੈ ਕਿ ਬਨਾਰਸ ਵਿਚ ਗੰਗਾ ਕਿਨਾਰੇ ਮਰਨ ਵਾਲਾ ਇਨਸਾਨ ਬੈਕੁੰਠ ਨੂੰ ਜਾਂਦਾ ਹੈ ਅਤੇ ਹੜੰਭਾ ਜਾਂ ਮਗਹਰ ਵਿਚ ਮਰਨ ਵਾਲਾ ਵਿਅਕਤੀ ਖੋਤੇ ਦੀ ਜੂਨ ਪੈਂਦਾ ਹੈ। ਭਗਤ ਕਬੀਰ ਕਹਿੰਦੇ ਹਨ ਕਿ ਕਠੋਰ ਮਨ ਵਾਲਾ ਪਾਪੀ ਬਨਾਰਸ ਵਿਚ ਵੀ ਮਰ ਜਾਵੇ ਤਾਂ ਨਰਕ ਤੋਂ ਨਹੀਂ ਬਚ ਸਕਦਾ ਅਤੇ ਪਰਮਤਮਾ ਦਾ ਭਗਤ ਜੇ ਮਗਹਰ ਵਿਚ ਵੀ ਮਰੇ ਤਾਂ ਵੀ ਆਪ ਤਰਦਾ ਹੈ, ਸਾਰੇ ਸੇਵਕਾਂ ਨੂੰ ਵੀ ਤਾਰ ਲੈਂਦਾ ਹੈ। ਮਨੁੱਖ ਦਾ ਅਖੀਰਲਾ ਫੈਸਲਾ ਉਸ ਦੇ ਜ਼ਿੰਦਗੀ ਭਰ ਕੀਤੇ ਚੰਗੇ ਜਾਂ ਬੁਰੇ ਕਰਮਾਂ ਕਾਰਨ ਹੁੰਦਾ ਹੈ ਨਾ ਕਿ ਉਹ ਕਿਥੇ ਰਹਿ ਜਾਂ ਮਰ ਰਿਹਾ, ਉਸ ਸਥਾਨ ਨਾਲ ਹੁੰਦਾ ਹੈ,

ਮਨਹੁ ਕਠੋਰੁ ਮਰੈ ਬਨਾਰਸਿ

**ਦਸਮ ਗ੍ਰੰਥ ਅਧਿਐਨ**

ਨਰਕੁ ਨ ਬਾਂਚਿਆ ਜਾਈ॥
ਹਰਿ ਕਾ ਸੰਤੁ ਮਰੈ ਹਾੜੰਬੈ
ਤ ਸਗਲੀ ਸੈਨ ਤਰਾਈ॥੩॥ (ਪੰਨਾ ੪੮੪

ਸਿੱਖ ਧਰਮ ਦਰਸ਼ਨ ਵਿਚ ਮਨੁੱਖ ਨੂੰ ਜਗਦੀਸ਼ੈ-ਅੰਸ਼ ਪ੍ਰਵਾਨ ਕੀਤਾ ਗਿਆ ਹੈ ਅਤੇ ਸਾਰੇ ਮਨੁੱਖਾਂ ਨੂੰ ਪਰਮਾਤਮ-ਜੋਤਿ ਨਾਲ ਪ੍ਰਕਾਸ਼ਿਤ ਮੰਨਿਆ ਗਿਆ ਹੈ। ਇਸ ਲਈ ਮਨੁੱਖ ਦੀ ਜਨਮ 'ਤੇ ਆਧਾਰਤ ਕਿਸੇ ਵੀ ਕਿਸਮ ਦੀ ਊਚ ਜਾਂ ਨੀਚ ਦੀ ਵੰਡ ਨੂੰ ਨਕਾਰਿਆ ਹੈ। ਮਨੁੱਖ ਆਪਣੇ ਕੀਤੇ ਚੰਗੇ ਜਾਂ ਮਾੜੇ ਅਥਵਾ ਪੁੰਨ ਜਾਂ ਪਾਪ ਕਰਮਾਂ ਕਾਰਨ ਉਚਾ ਜਾਂ ਨੀਵਾਂ ਅਖਵਾਉਂਦਾ ਹੈ ਨਾ ਕਿ ਕਿਸੇ ਖ਼ਾਸ ਜਾਤ ਵਿਚ ਜਨਮ ਲੈਣ ਕਰਕੇ। ਇਸੇ ਤੱਥ 'ਤੇ ਤਰਕ ਕਰਦਿਆਂ ਕਿਹਾ ਹੈ ਕਿ ਹੇ ਬ੍ਰਾਹਮਣ ਜੇ ਤੂੰ ਬ੍ਰਾਹਮਣੀ ਦੇ ਘਰ ਪੈਦਾ ਹੋਣ ਕਰਕੇ ਬ੍ਰਾਹਮਣ ਅਰਥਾਤ ਉਚੀ ਕੁਲ ਦਾ ਹੈਂ ਤਾਂ ਤੂੰ ਆਮ ਲੋਕਾਂ ਦੀ ਤਰ੍ਹਾਂ ਕਿਉਂ ਪੈਦਾ ਹੋਇਆ ਹੈਂ? ਤੇਰੇ ਜਨਮ ਲੈਣ ਦਾ ਤਰੀਕਾ ਆਮ ਲੋਕਾਂ ਤੋਂ ਵੱਖਰਾ ਕਿਉਂ ਨਹੀਂ ਹੈ? ਕੀ ਤੇਰੀਆਂ ਨਾੜਾਂ ਵਿਚ ਖੂਨ ਦੀ ਥਾਂ ਦੁੱਧ ਵਹਿ ਰਿਹਾ ਹੈ ਜਿਸ ਕਾਰਨ ਤੂੰ ਬ੍ਰਾਹਮਣ ਅਖਵਾਉਂਦਾ ਹੈਂ ਅਤੇ ਕੀ ਅਸੀਂ ਇਸ ਕਰਕੇ ਅਛੂਤ ਹਾਂ ਕਿ ਸਾਡੀਆਂ ਨਾੜਾਂ ਵਿਚ ਲਹੂ ਵਹਿ ਰਿਹਾ ਹੈ? ਬ੍ਰਾਹਮਣ ਬ੍ਰਾਹਮਣ ਕਹਿ ਕੇ ਫੋਕੀ ਹਉਮੈ ਵਿਚ ਕਿਉਂ ਆਪਣਾ ਜਨਮ ਵਿਅਰਥ ਗੁਆ ਰਿਹਾ ਹੈਂ,

ਜਉ ਤੂ ਬ੍ਰਾਹਮਣੁ ਬ੍ਰਾਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
(ਪੰਨਾ ੪੮੪)

ਹੁਣ ਅਗਲਾ ਸਵਾਲ ਪੈਦਾ ਹੁੰਦਾ ਹੈ ਕਿ ਖੋਜੀ ਅਰਥਾਤ ਤਰਕਸ਼ੀਲ ਵਿਅਕਤੀ ਕੌਣ ਹੈ ਅਤੇ ਵਾਦੀ ਜਾਂ ਬਾਦੀ (ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਬਾਦੀ ਅਤੇ ਵਾਦੀ ਦੋਵੇਂ ਲਫਜ਼ ਵਰਤੇ ਗਏ ਹਨ) ਅਰਥਾਤ ਤਰਕਹੀਣ ਵਿਅਕਤੀ ਕੌਣ ਹੈ? ਗੁਰਮਤਿ ਦਰਸ਼ਨ ਅਨੁਸਾਰ ਖੋਜੀ ਉਹ ਹੈ ਜੋ ਸੱਚ ਦੀ ਭਾਲ ਇੱਕ ਜਗਿਆਸੂ ਦੇ ਉਤਸ਼ਾਹ ਨਾਲ ਕਰਦਾ ਹੈ।

ਗੁਰੂ ਸਾਹਿਬ ਨੇ ਵਾਰ ਵਾਰ ਸਾਨੂੰ ਇਸ ਗੱਲ ਦਾ ਚੇਤਾ ਕਰਾਇਆ ਹੈ ਕਿ ਸੱਚ ਦਾ ਖੋਜੀ ਸਹੀ ਸਿੱਟੇ ਜਾਂ ਸੱਚੇ ਗਿਆਨ ਤੱਕ ਪਹੁੰਚ ਜਾਂਦਾ ਹੈ। ਅਜਿਹਾ ਕਰ ਸਕਣਾ ਵਿਚਾਰ ਰਾਹੀਂ ਸੰਭਵ ਹੈ ਜਿਸ ਨੂੰ ਤਰਕ ਵੀ ਕਹਿੰਦੇ ਹਨ। ਭਾਵੇਂ ਤਰਕ ਸ਼ਬਦ ਸਾਨੂੰ ਸਿੱਧਾ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦਾ ਪਰ ਵੀਚਾਰ ਦਾ ਸਬੰਧ ਤਰਕ ਨਾਲ ਹੈ। ਵਾਦੀ ਜਾਂ ਬਾਦੀ ਮਹਿਜ ਆਪਣਾ ਵਕਤ ਜਾਇਆ ਕਰਦਾ ਹੈ ਕਿਉਂਕਿ ਉਹ ਕਿਸੇ ਸਹੀ ਸਿੱਟੇ 'ਤੇ ਪਹੁੰਚਣ ਦੀ ਥਾਂ ਤਰਕ-ਵਿਤਰਕ ਅਥਵਾ ਵਾਦ-ਵਿਵਾਦ ਵਿਚ ਉਲਝਿਆ ਰਹਿੰਦਾ ਹੈ। ਵੀਚਾਰ ਜਾਂ ਤਰਕ ਦਾ ਕਾਰਜ ਹੈ ਸਾਨੂੰ ਸਹੀ ਗਿਆਨ ਤੱਕ ਲੈ ਜਾਣਾ, ਸੱਚ ਦੀ ਖੋਜ ਵੱਲ ਲੈ ਜਾਣਾ ਅਤੇ ਅਜਿਹੇ ਸੱਚ ਦੀ ਖੋਜ ਦੇ ਮਾਰਗ 'ਤੇ ਚੱਲਣ ਵਾਲੇ ਨੂੰ ਗੁਰੂ ਸਾਹਿਬਾਨ ਨੇ ਖੋਜੀ ਕਿਹਾ ਹੈ। ਇਸ ਦੇ ਉਲਟ ਤਰਕਹੀਣ ਵਿਅਕਤੀ ਸੱਚ ਤੋਂ ਲਾਂਭੇ ਜਾ ਕੇ ਆਪਣੀਆਂ ਸਾਰੀਆਂ ਦਲੀਲਾਂ ਦੀ ਵਰਤੋਂ ਕਰਕੇ ਆਪਣੀ ਨਿਜੀ ਧਾਰਨਾ ਨੂੰ ਸਥਾਪਤ ਕਰਨਾ ਚਾਹੁੰਦਾ ਹੈ। ਅਜਿਹੇ ਵਿਅਕਤੀ ਵੱਲੋਂ ਕਈ ਵਾਰ ਝੂਠੀਆਂ ਦਲੀਲਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਅਤੇ ਅਜਿਹੇ ਵਿਅਕਤੀ ਨੂੰ ਗੁਰੂ ਸਾਹਿਬਾਨ ਨੇ ਵਾਦੀ ਜਾਂ ਬਾਦੀ ਕਿਹਾ ਹੈ ਕਿਉਂਕਿ ਉਹ ਆਪਣੇ ਮਨ ਦੇ ਪਹਿਲਾਂ ਹੀ ਕੱਢੇ ਹੋਏ ਸਿੱਟੇ ਨੂੰ ਸਥਾਪਤ ਕਰਨਾ ਚਾਹੁੰਦਾ ਹੈ।

ਗੁਰੂ ਸਾਹਿਬਾਨ ਨੇ ਸੱਚ ਦੇ ਖੋਜੀ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਵਾਦੀ ਨੂੰ ਨਿੰਦਿਆ ਹੈ। ਵਾਦ ਦਾ ਅਰਥ ਹੈ-ਵਿਚਾਰ ਚਰਚਾ ਕਰਨੀ। ਤਰਕ ਸ਼ਾਸਤਰ ਅਨੁਸਾਰ ਜਿਸ ਵਿਚ ਇੱਕ ਅਧਾਰ ਵਾਕ ਜਾਂ ਪੂਰਬ ਵਾਕ ਹੁੰਦਾ ਹੈ ਅਤੇ ਇੱਕ ਛੋਟਾ ਜਾਂ ਇੱਕ ਖਾਸ ਉਦਾਹਰਣ ਵਾਲਾ ਵਾਕ ਹੁੰਦਾ ਹੈ, ਦੋਵੇਂ ਵਾਕ ਮਿਲ ਕੇ ਕਿਸੇ ਇੱਕ ਸਿੱਟੇ 'ਤੇ ਪਹੁੰਚਦੇ ਹਨ। ਗੁਰੂ ਨਾਨਕ ਦੇਵ ਅਨੁਸਾਰ ਇਸ ਕਿਸਮ ਦਾ ਵਾਦ ਕਈ ਵਾਰ ਵਾਦ-ਵਿਵਾਦ ਦਾ ਰੂਪ ਧਾਰਨ ਕਰ ਲੈਂਦਾ ਹੈ ਜੋ ਸੱਚ ਦੇ ਸਾਰ ਜਾਂ ਕਿਸੇ ਸਹੀ ਸਿੱਟੇ 'ਤੇ ਨਹੀਂ ਪਹੁੰਚਦਾ। ਅਜਿਹੀ ਦਲੀਲਬਾਜ਼ੀ ਨੂੰ ਨਿੰਦਿਆ ਹੈ ਕਿਉਂਕਿ ਇਹ ਮਹਿਜ ਵਕਤ ਬਰਬਾਦ ਕਰਨ ਵਾਲੀ ਗੱਲ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਮੂਰਖ ਵਿਅਕਤੀ ਸਿਮ੍ਰਿਤੀ ਗ੍ਰੰਥਾਂ, ਸ਼ਾਸਤਰਾਂ ਅਤੇ ਪੁਰਾਣਾਂ ਨੂੰ ਪੜ੍ਹਦਾ ਹੈ, ਸਾਰਾ ਸਮਾਂ ਉਨ੍ਹਾਂ ਦੇ ਸ਼ਾਸਤਰਾਰਥ ਕਰਦਾ ਵਾਦ-ਵਿਵਾਦ ਵਿਚ ਉਲਝਿਆ ਰਹਿੰਦਾ ਹੈ ਅਤੇ ਸੱਚ ਦਾ ਸਾਰ-ਤੱਤ ਕੀ ਹੈ? ਇਸ ਤੱਕ ਨਹੀਂ ਪਹੁੰਚਦਾ ਕਿਉਂਕਿ ਇਹ ਸ਼ਾਸਤਰ ਵੀ ਵਾਦ-ਵਿਵਾਦ ਦਾ ਹੀ ਬਿਆਨ ਕਰਦੇ ਹਨ, ਸੱਚ ਤੱਕ ਨਹੀਂ ਪਹੁੰਚਦੇ। ਪੂਰੇ ਗੁਰੂ ਤੋਂ ਬਿਨਾਂ ਸੱਚ ਦੇ ਸਾਰ ਤੱਕ ਨਹੀਂ ਪਹੁੰਚ ਸਕੀਦਾ। ਸੱਚੇ-ਸੁੱਚਿਆਂ ਨੇ ਸੱਚ ਨੂੰ ਆਪਣਾ ਰਾਹ ਬਣਾਇਆ ਹੋਇਆ ਹੈ,

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ॥
ਵਾਦੁ ਵਖਾਣਹਿ ਤਤੁ ਨ ਜਾਣਾ॥
(ਪੰਨਾ ੧੦੩੨)

ਗੁਰੂ ਨਾਨਕ ਵੀ ਪੜ੍ਹਿਆਂ, ਅਕਲਵਾਨਾਂ, ਧਾਰਮਿਕ ਹਸਤੀਆਂ ਜਿਵੇਂ ਮੁਲਾਣਿਆਂ ਅਤੇ ਪੰਡਿਤਾਂ ਦੇ ਜੀਵਨ ਉਤੇ ਨਜ਼ਰ ਮਾਰਦੇ ਹਨ ਜਿਹੜੇ ਪੈਸੇ ਲੈਣ ਦੀ ਖਾਤਰ ਲੋਕਾਂ ਨੂੰ ਕੁਰਾਹੇ ਪਾਉਂਦੇ ਹਨ, ਧਾਗੇ-ਤਵੀਤ ਅਤੇ ਜੰਤਰ-ਮੰਤਰ ਲਿਖ ਕੇ ਦਿੰਦੇ ਸਨ। ਉਨ੍ਹਾਂ ਨੂੰ ਵਿਦਵਾਨ ਹੋਣ ਦਾ ਅਰਥ ਦੱਸਦੇ ਹਨ ਕਿ ਅਕਲ ਇਹ ਨਹੀਂ ਜੋ ਵਾਦ-ਵਿਵਾਦ ਸਿਖਾਉਂਦੀ ਹੈ, ਅਕਲ ਉਹ ਹੈ ਜੋ ਮਨੁੱਖ ਨੂੰ ਪਰਮਾਤਮਾ ਵਾਲੇ ਪਾਸੇ, ਸੱਚ ਦੀ ਖੋਜ ਵੱਲ ਪ੍ਰੇਰਦੀ ਹੈ। ਅਕਲ ਤਾਂ ਇਹ ਹੈ ਕਿ ਆਪਣੇ ਅੰਦਰ ਚੰਗੇ ਗੁਣ ਪੈਦਾ ਕਰਕੇ, ਸ਼ਖਸੀਅਤ ਨੂੰ ਸੁਹਣੀ ਬਣਾਇਆ ਜਾਵੇ ਅਤੇ ਚੰਗੇ ਕੰਮ ਕੀਤੇ ਜਾਣ,

ਧ੍ਰਿਗੁ ਤਿਨਾ ਕਾ ਕਾ ਜੀਵਿਆ
ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ
ਖਲਵਾੜੇ ਕਿਆ ਥਾਉ॥
ਸਚੈ ਸਰਮੈ ਬਾਹਰੇ
ਅਗੈ ਲਹਿਹ ਨ ਦਾਦਿ॥
ਅਕਲਿ ਏਹ ਨ ਆਖੀਐ
ਅਕਲਿ ਗਵਾਈਐ ਬਾਦਿ॥ (ਪੰਨਾ ੧੨੪੫)

ਗੁਰੂ ਅਮਰਦਾਸ ਵੀ ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹਨ ਕਿ ਪੰਡਿਤ ਅਤੇ ਜੋਤਸ਼ੀ ਪੜ੍ਹ ਪੜ੍ਹ ਕੇ ਵਾਦ-ਵਿਵਾਦ ਹੀ ਕਰਦੇ ਹਨ। ਇਸ ਤਰ੍ਹਾਂ ਦਾ ਵਾਦ-ਵਿਵਾਦ ਦਰਸ਼ਨ-ਸ਼ਾਸਤਰਾਂ ਦੇ ਗਿਆਤਾ ਹੋਣ 'ਤੇ ਵੀ ਮਨੁੱਖ ਨੂੰ ਕਿਸੇ ਕੰਢੇ ਨਹੀਂ ਲਾਉਂਦਾ ਕਿਉਂਕਿ ਜਦੋਂ ਮਨ ਦੇ ਅੰਦਰ ਲੋਭ, ਵਿਕਾਰ ਅਤੇ ਅੰਹਕਾਰ ਦੀ ਭਾਵਨਾ ਹੋਵੇ ਤਾਂ ਮਨੁੱਖ ਕਿਸੇ ਸਹੀ ਗਿਆਨ ਤੱਕ ਨਹੀਂ ਪਹੁੰਚ ਸਕਦਾ। ਇਸ ਤਰ੍ਹਾਂ ਵਾਦੀ ਕਿਸੇ ਸਿੱਟੇ ਤੇ ਪਹੁੰਚਣ ਦੀ ਥਾਂ ਮੁੱਦੇ ਨੂੰ ਵਿਗਾੜਦਾ ਹੀ ਹੈ।

ਇਸ ਦੇ ਉਲਟ ਤਰਕਸ਼ੀਲ ਵਿਅਕਤੀ ਹੈ ਜਿਸ ਨੂੰ ਖੋਜੀ ਕਿਹਾ ਹੈ। ਜਿਥੇ ਵਾਦ ਅੰਹਕਾਰ 'ਤੇ ਆਧਾਰਤ, ਨਿਜੀ ਅਤੇ ਤੰਗ ਨਜ਼ਰੀਏ ਦਾ ਪ੍ਰਤੀਕ ਹੈ ਅਤੇ ਕ੍ਰਿਆਹੀਣ ਮਾਨਸਿਕ ਸ਼ਕਤੀ ਹੈ, ਉਥੇ ਇਸ ਦੇ ਬਿਲਕੁਲ ਉਲਟ ਖੋਜੀ ਦੀ ਬਿਰਤੀ ਉਸ ਨੂੰ ਸੱਚ ਤੱਕ ਲੈ ਜਾਂਦੀ ਹੈ ਜਿਸ ਨੂੰ ਗੁਰਬਾਣੀ ਵਿਚ, "ਖੋਜੀ ਉਪਜੈ ਬਾਦੀ ਬਿਨਸੈ" ਕਿਹਾ ਗਿਆ ਹੈ। ਉਪਜਣ ਤੋਂ ਭਾਵ ਵਾਧਾ ਕਰਨਾ ਹੈ, ਪੈਦਾ ਕਰਨਾ ਹੈ। ਖੋਜੀ ਦੀ ਇਹ ਬਿਰਤੀ ਵਿਅਕਤੀਗਤ ਨਹੀਂ ਹੈ ਸਗੋਂ ਬ੍ਰਹਿਮੰਡੀ ਅਕਾਂਖਿਆ ਹੈ ਜੋ ਸੇਵਾ ਅਤੇ ਸੁਰਤਿ ਨਾਲ ਸਬੰਧਿਤ ਹੈ।

ਸੱਚ ਦੇ ਖੋਜੀ ਨੂੰ ਜਗਿਆਸੂ ਨੂੰ ਗੁਰਮਤਿ ਦਰਸ਼ਨ ਵਿਚ ਗੁਰਮੁਖਿ ਦੀ ਸੰਗਿਆ ਦਿੱਤੀ ਗਈ ਹੈ ਕਿਉਂਕਿ ਸੱਚ ਦੀ ਖੋਜ ਗੁਰੂ-ਸੁਰਤਿ ਦਾ ਅਨੁਸਾਰੀ ਹੋ ਕੇ ਕਰਦਾ ਹੈ ਅਤੇ ਗਿਆਨ ਪ੍ਰਾਪਤੀ ਦੇ ਰਸਤੇ ਦਾ ਪਾਂਧੀ ਬਣਦਾ ਹੈ। ਉਸ ਦਾ ਆਦਰਸ਼ ਗਿਆਨ ਦੀ ਪ੍ਰਾਪਤੀ ਹੁੰਦਾ ਹੈ ਜੋ ਕਿ ਉਹ ਵੀਚਾਰ ਰਾਹੀਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਆਪਣੇ ਗਿਆਨ ਨੂੰ ਦੂਸਰਿਆਂ ਨਾਲ ਵੰਡਦਾ ਵੀ ਹੈ ਅਤੇ ਇਸ ਨੂੰ ਦੂਸਰਿਆਂ ਦੀ ਸੇਵਾ ਲਈ ਵੀ ਵਰਤਦਾ ਹੈ,

ਸੇਵਾ ਸੁਰਤਿ ਰਹਸਿ ਗੁਣ ਗਾਵਾ
ਗੁਰਮੁਖਿ ਗਿਆਨੁ ਬੀਚਾਰਾ॥
ਖੋਜੀ ਉਪਜੈ ਬਾਦੀ ਬਿਨਸੈ
ਹਉ ਬਲਿ ਬਲਿ ਗੁਰ ਕਰਤਾਰਾ॥
(ਪੰਨਾ ੧੨੫੫)

## ਸਿਆਣਿਆਂ ਦਾ ਕਿਹਾ

(1) ਸਮਦਰਸ਼ੀ ਇਨਸਾਨ ਨੂੰ ਕਣ ਕਣ ਵਿਚ ਪਾਰਬ੍ਰਹਮ ਸਮਾਇਆ ਦਿਸਦਾ ਹੈ।
(2) ਜ਼ਿੰਦਗੀ ਏਨੀ ਤੇਜ਼ ਰਫਤਾਰ ਹੈ ਕਿ ਸਵੇਰ ਦੇ ਗਮ ਸ਼ਾਮ ਨੂੰ ਪੁਰਾਣੇ ਹੋ ਜਾਂਦੇ ਹਨ।
(3) ਵਕਤ ਨੂੰ ਕੀ ਕਹੀਏ, ਇਹ ਕਦੀ ਰਵਾਉਂਦਾ ਹੈ ਤੇ ਕਦੀ ਹਸਾਉਂਦਾ ਹੈ।
(4) ਅੱਛੇ ਵਕਤ ਦੀਆਂ ਨਿਸ਼ਾਨੀਆਂ ਸਭ ਯਾਦ ਰੱਖਦੇ ਹਨ। ਵਕਤ ਸੀਰਤ ਨੂੰ ਨਹੀਂ ਸੂਰਤ ਨੂੰ ਦੇਖਦਾ ਹੈ। ਵਕਤ ਨੇ ਦਿਲਾਂ ਦੇ ਬਟਵਾਰੇ ਕਰ ਦਿੱਤੇ, ਤਨਹਾ ਕਰ ਦਿੱਤਾ।
(5) ਗੱਲਬਾਤ ਕਰਨਾ ਵੀ ਇਕ ਕਲਾ ਹੈ।
(6) ਪੰਛੀਆਂ ਦਾ ਸਬੰਧ ਮਨੁੱਖਾਂ ਨਾਲ ਉਨਾ ਹੀ ਪੁਰਾਣਾ ਹੈ ਜਿੰਨੀ ਮਨੁੱਖੀ ਸੱਭਿਅਤਾ।
(7) ਸੰਸਾਰ ਵਿਚ ਕਰੀਬ 8600 ਕਿਸਮਾਂ ਦੇ ਪੰਛੀ ਹਨ। ਭਾਰਤ ਵਿਚ ਕਰੀਬ 1225 ਕਿਸਮਾਂ ਅਤੇ ਪੰਜਾਬ ਵਿਚ ਪੰਛੀਆਂ ਦੀਆਂ ਕਰੀਬ 300 ਕਿਸਮਾਂ ਦੱਸੀਆਂ ਜਾਂਦੀਆਂ ਹਨ।
(8) ਅਸਫਲਤਾ ਆਪਣੇ ਲਈ ਢੇਰ ਸਾਰੀਆਂ ਚੁਣੌਤੀਆਂ ਲੈ ਕੇ ਆਉਂਦੀ ਹੈ।
(9) ਜੋ ਕੰਮ ਤੁਸੀਂ ਕਰਨਾ ਹੈ, ਉਸ ਨੂੰ ਆਪਣੀ ਕਾਬਲੀਅਤ ਨਾਲ ਪਰਖੋ।
(10) ਕੰਮ ਸ਼ੁਰੂ ਕਰਨ 'ਤੇ ਆਉਣ ਵਾਲੀਆਂ ਸਮੱਸਿਆਵਾਂ ਨੂੰ ਸਵੀਕਾਰ ਕਰੋ ਕਿਉਂਕਿ ਸਫਲਤਾ ਦੇ ਰਸਤੇ ਟੇਢੇ-ਮੇਢੇ ਹੁੰਦੇ ਹਨ।
(11) ਮਿਹਨਤ ਵਿਚ ਹੀ ਸਫਲਤਾ ਰੂਪੀ ਖਜ਼ਾਨਾ ਛੁਪਿਆ ਹੁੰਦਾ ਹੈ। ਸਫਲਤਾ ਨੂੰ ਕਿਸਮਤ ਦੇ ਨਾਲ ਨਹੀਂ ਤੋਲਣਾ ਚਾਹੀਦਾ, ਕਿਉਂਕਿ ਮਿਹਨਤ ਬਿਨਾਂ ਸਫਲਤਾ ਨਹੀਂ ਮਿਲਦੀ।
(12) ਖਰੀਦਦਾਰੀ ਹਰ ਇਕ ਦੇ ਵੱਸ ਦੀ ਗੱਲ ਨਹੀਂ, ਇਹ ਵੀ ਇਕ ਹੁਨਰ ਹੈ।
(13) ਜਿੱਥੇ ਸੇਲ ਲੱਗੀ ਹੋਵੇ, ਉਥੋਂ ਧਿਆਨ ਨਾਲ ਖਰੀਦਦਾਰੀ ਕਰੋ।
(14) ਸਮਾਂ ਸਭ ਤੋਂ ਮਹੱਤਵਪੂਰਨ ਹੈ।
(15) ਅੱਥਰੂ ਭਾਵਨਾਤਮਕ ਭੜਾਸ ਨੂੰ ਧੋ ਦਿੰਦੇ ਹਨ।
(16) ਦਿਲ ਦਿਮਾਗ ਸਾਫ ਹੋਣਗੇ ਤਾਂ ਉਤਸ਼ਾਹ ਆਪਣੇ ਆਪ ਆ ਜਾਵੇਗਾ।
(17) ਆਪਣੀ ਪੁਰਾਣੀ ਐਲਬਮ ਦੇਖ ਕੇ ਪੁਰਾਣੇ ਦਿਨ ਯਾਦ ਕਰੋ।
(18) ਜ਼ਰੂਰੀ ਨਹੀਂ ਕਿ ਹਰ ਰੋਜ਼ ਤੁਹਾਨੂੰ ਮਨਪਸੰਦ ਖਾਣਾ ਮਿਲੇ, ਸ਼ਿਕਾਇਤ ਦੀ ਬਜਾਏ ਖੁਸ਼ੀ ਨਾਲ ਖਾਉ।
(19) ਅਜਿਹਾ ਕੁਝ ਸੋਚੋ, ਜੋ ਤੁਸੀਂ ਪਹਿਲਾਂ ਕਦੀ ਨਾ ਕੀਤਾ ਹੋਵੇ।
(20) ਤੁਸੀਂ ਉਹ ਹੀ ਪਾਉਂਦੇ ਹੋ ਜੋ ਦੂਸਰਿਆਂ ਨੂੰ ਦਿੰਦੇ ਹੋ।
(21) ਆਪਣੇ ਆਪ ਨਾਲ ਇਹ ਵਾਅਦਾ ਕਰ ਲਉ, ਦਿਨ ਦੀ ਸ਼ੁਰੂਆਤ ਮੁਸਕਾਨ ਨਾਲ ਕਰੋਗੇ।
(22) ਪਰਮਾਤਮਾ ਨੇ ਮਾਂ ਨੂੰ ਜ਼ਰੀਆ ਬਣਾ ਕੇ ਹੀ ਧਰਤੀ ਦੀ ਰਚਨਾ ਕੀਤੀ।
(23) ਜੇ ਤੂੰ ਜਨਤ ਹੀ ਪ੍ਰਾਪਤ ਕਰਨਾ ਚਾਹੁੰਦੈਂ ਉਹ ਹੋਰ ਕਿਤੇ ਨਹੀਂ ਮਾਂ ਦੇ ਚਰਨਾਂ ਵਿਚ ਹੈ।
(24) ਜਦ ਕੋਈ ਚੀਜ਼ ਆਪਣੇ ਹੱਥਾਂ 'ਚ ਹੁੰਦੀ ਹੈ ਤਾਂ ਉਸ ਦੀ ਕਦਰ ਨਹੀਂ ਪਾਉਂਦੇ, ਗੁਆਚ ਜਾਣ 'ਤੇ ਹੀ ਉਸ ਦੀ ਕੀਮਤ ਦਾ ਪਤਾ ਲਗਦਾ ਹੈ।
(25) ਅਬ ਕੇ ਬਿਛੜੇ ਤੋ ਸ਼ਾਇਦ ਕਭੀ ਖਵਾਬੋਂ ਮੇਂ ਮਿਲੇਂ, ਜਿਸ ਤਰਹ ਸੂਖੇ ਹੁਏ ਫੂਲ ਕਿਤਾਬੋਂ ਮੇਂ ਮਿਲੇਂ।
(26) ਕਰੂੰ ਨਾ ਯਾਦ ਮਗਰ ਕਿਸ ਤਰਹ ਭੁਲਾਊਂ ਉਸੇ, ਗਜ਼ਲ ਬਹਾਨਾ ਕਰੂੰ ਔਰ ਗੁਨਗੁਨਾਊਂ ਉਸੇ।
(27) ਡੰਗਰ ਕਿੱਲੇ ਪੁੱਟ ਕੇ ਕਿੱਸੇ 'ਤੇ ਹਮਲਾ ਨਹੀਂ ਕਰਦੇ ਪਰ ਸਾਡੇ ਨੇਤਾ ਮਾਈਕ ਪੁੱਟ ਕੇ ਇੱਕ ਦੂਜੇ ਦੇ ਮੂੰਹ 'ਤੇ ਮਾਰਦੇ ਹਨ।
(28) ਭੁੱਖ ਦਾ ਸਤਾਇਆ ਮਨੁੱਖ, ਭੁੱਖ ਅੱਗੇ ਗੋਡੇ ਟੇਕਣ ਲਈ ਮਜ਼ਬੂਰ ਹੋ ਜਾਂਦਾ ਹੈ।
(29) ਅੱਕ ਕਿਸੇ ਵੀ ਸਿਰਿਉਂ ਚੱਬ ਲਉ, ਕੁੜੱਤਣ ਇਕੋ ਜਿਹੀ ਹੀ ਲੱਗਣੀ ਹੈ।
(30) ਅੱਜ ਕਲ੍ਹ ਵਫਾਦਾਰੀਆਂ ਪਲਾਂ ਵਿਚ ਬਦਲ ਜਾਂਦੀਆਂ ਹਨ।
(31) ਅਕਾਲੀਉ ਕੁਝ ਤਾਂ ਸੁਰਤ ਕਰੋ, ਅੱਗੇ ਜ਼ਮਾਨਾ ਹਸਦਾ ਸੀ, ਹੁਣ ਤਾਂ ਘਰਦੇ ਵੀ ਹੱਸਦੇ ਨੇ।
(32) ਦੂਰ ਬੜੀ ਹੈ ਮੰਜ਼ਿਲ ਫਕੀਰਾਂ ਦੀ।
(33) ਅੱਜ ਦੇ ਸਿੱਖਾਂ ਦੀ ਕਥਨੀ ਤੇ ਕਰਨੀ ਵਿਚਾਲੇ ਵੱਡੇ ਪਾੜੇ ਤਰਕਵਾਦੀ ਸੁਭਾਅ ਦੀ ਦੇਣ ਹਨ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN # 978-0-9781624-9-8

# ਸ਼ਹੀਦੀ ਪੰਦਰਵਾੜੇ ਦਾ ਬਦਲ ਰਿਹਾ ਸਰੂਪ

***ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਸਿੱਖ ਕੌਮ ਲਈ ਕੋਈ ਖੁਸ਼ੀ ਵਾਲੇ ਮੌਕੇ ਨਹੀਂ ਹਨ, ਪਰ ਪਿਛਲੇ ਸਮੇਂ ਤੋਂ ਬਦਲਦੇ ਜ਼ਮਾਨੇ ਨਾਲ ਇਨ੍ਹਾਂ ਜੋੜ ਮੇਲਿਆਂ ਦੀ ਤਸਵੀਰ ਵੀ ਬਦਲ ਕੇ ਸਿਰਫ ਮੇਲੇ ਦਾ ਰੂਪ ਧਾਰਦੀ ਜਾ ਰਹੀ ਹੈ। ਇਹ ਸਭ ਕੁਝ ਸਾਡੇ ਮਨਾਂ ਵਿਚ ਗੁਰੂ ਇਤਿਹਾਸ ਭੁੱਲਣ ਅਤੇ ਸ਼ਰਧਾ ਘਟਣ ਦਾ ਪ੍ਰਤੀਕ ਹੈ। ਜੋੜ ਮੇਲ ਦਾ ਅਰਥ ਉਹ ਇਕੱਠ ਹੈ ਜੋ ਧਰਮ ਨਾਲ ਜੋੜਦਾ ਹੋਵੇ, ਮੇਲੇ ਦਾ ਮਤਲਬ ਉਹ ਭੀੜ ਜੋ ਧਰਮ ਨੂੰ ਭੁਲਾਉਂਦੀ ਹੋਵੇ। ਸਿਆਸੀ ਕਾਨਫਰੰਸਾਂ ਦੀਆਂ ਤਕਰੀਰਾਂ ਦਾ ਰੌਲਾ, ਮਨੋਰੰਜਨ ਦਾ ਸਾਧਨ, ਲੱਚਰ ਗੀਤਾਂ ਅਤੇ ਵੱਧ ਰਹੀ ਦੁਕਾਨਦਾਰੀ ਦੇ ਸ਼ੋਰ-ਸ਼ਰਾਬੇ ਨੇ ਇਸ ਕਰੁਣਾਮਈ ਮਾਹੌਲ ਨੂੰ ਪ੍ਰਦੂਸ਼ਿਤ ਕਰਕੇ ਆਮ ਲੋਕਾਂ ਨੂੰ ਆਪਣੇ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ ਹੈ। ਧਾਰਮਿਕ ਦੀਵਾਨਾਂ ਵਿਚ ਸੰਗਤਾਂ ਦੀ ਗਿਣਤੀ ਆਏ ਸਾਲ ਘਟਦੀ ਜਾ ਰਹੀ ਹੈ।***

ਸਿੱਖ ਜਗਤ ਵਿਚ 16 ਤੋਂ 31 ਦਸੰਬਰ ਤੱਕ ਦੇ ਸਮੇਂ ਨੂੰ ਸ਼ਹੀਦੀ ਪੰਦਰਵਾੜਾ ਕਰਕੇ ਜਾਣਿਆ ਜਾਂਦਾ ਹੈ। ਇਸ ਸਮੇਂ ਦੌਰਾਨ ਸਿੱਖਾਂ ਦੇ 10ਵੇਂ ਗੁਰੂ ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਰਿਵਾਰ ਸਮੇਤ ਬਹੁਤ ਕਸ਼ਟ ਸਹਾਰਨੇ ਪਏ। 1704 ਈਸਵੀ ਦਸੰਬਰ ਮਹੀਨੇ ਵਿਚ ਗੁਰੂ ਜੀ ਨੂੰ ਪਰਿਵਾਰ ਅਤੇ ਭੁੱਖਣ-ਭਾਣੇ ਸਿਦਕੀ ਸਿੰਘਾਂ ਸਮੇਤ ਸ੍ਰੀ ਆਨੰਦਪੁਰ ਸਾਹਿਬ ਨੂੰ ਪੋਹ ਦੀ ਹਨ੍ਹੇਰੀ ਅਤੇ ਠੰਢੀ ਰਾਤ ਨੂੰ ਅਤੇ ਵਰ੍ਹਦੇ ਮੀਂਹ ਵਿਚ ਛੱਡਣਾ ਪਿਆ ਸੀ। ਇਕ ਪਾਸੇ ਜ਼ੋਰਾਂ ਦਾ ਝੱਖੜ ਝੁੱਲ ਰਿਹਾ ਸੀ, ਦੂਜੇ ਪਾਸੇ ਮੁਗ਼ਲ ਅਤੇ ਪਹਾੜੀ ਫੌਜਾਂ ਨੇ ਆਪਣੀਆਂ ਕਸਮਾਂ ਨੂੰ ਭੁਲਾ ਕੇ ਗੁਰੂ ਸਾਹਿਬ ਦੇ ਕਾਫਲੇ ਉਤੇ ਹਮਲਾ

■ ਨਿਰਮਲ ਸਿੰਘ

ਕਰ ਦਿੱਤਾ। ਦੁਸ਼ਮਣ ਫੌਜਾਂ ਨਾਲ ਲੜਦਾ ਇਹ ਕਾਫਲਾ ਰੋਪੜ ਵੱਲ ਵਧ ਰਿਹਾ ਸੀ, ਠਾਠਾਂ ਮਾਰਦੇ ਸਰਸੇ ਦਰਿਆ ਨੇ ਵੀ ਅੱਗਿਓਂ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ। ਗੁਰੂਘਰ ਦੀਆਂ ਅਨਮੋਲ ਵਸਤੂਆਂ ਅਤੇ ਗੁਰੂ ਸਾਹਿਬ ਦਾ ਰਚਿਆ ਗ੍ਰੰਥ ਵਿਦਿਆ ਸਾਗਰ ਵੀ ਦਰਿਆ ਵਿਚ ਰੁੜ੍ਹ ਗਿਆ। ਇੱਥੇ ਹੀ ਗੁਰੂ ਪਰਿਵਾਰ ਖੇਰੂੰ-ਖੇਰੂੰ ਹੋ ਕੇ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਇੱਥੇ ਹੀ ਭਾਈ ਉਦੈ ਸਿੰਘ ਅਤੇ ਰਸਤੇ ਵਿਚ ਭਾਈ ਬਚਿੱਤਰ ਸਿੰਘ ਸਮੇਤ ਬੇਅੰਤ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ।

ਚਮਕੌਰ ਸਾਹਿਬ ਦੀ ਜੰਗ ਵਿਚ ਦਸ ਲੱਖ ਦੀ ਮੁਗ਼ਲ ਸੈਨਾ ਨਾਲ ਲੜਦੇ ਹੋਏ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਤਿੰਨ ਪਿਆਰੇ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਸ਼ਹੀਦ ਹੋ ਗਏ। ਇਨ੍ਹਾਂ ਤੋਂ ਇਲਾਵਾ ਰੰਘਰੇਟੇ ਗੁਰੂ ਕੇ ਬੇਟੇ ਭਾਈ ਜੀਵਨ ਸਿੰਘ, ਭਾਈ ਸੰਗਤ ਸਿੰਘ ਅਤੇ ਹੋਰ 35 ਸਿੰਘ ਵੀ ਸ਼ਹੀਦ ਹੋ ਗਏ। ਸਾਹਿਬਜ਼ਾਦਿਆਂ ਦਾ ਸਸਕਾਰ ਬੀਬੀ ਹਰਸ਼ਰਨ ਕੌਰ ਨੇ ਕੀਤਾ। ਦਸਮੇਸ਼ ਪਿਤਾ ਜੀ ਸਭ ਕੁਝ ਵਾਰ ਕੇ 'ਸਵਾ ਲਾਖ ਸੇ ਏਕ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ।' ਦੇ ਉਚਾਰੇ ਹੋਏ ਬਚਨ ਸੱਚ ਕਰਕੇ ਅਤੇ ਸਭ ਕੁਝ ਵਾਰ ਕੇ ਨੰਗੇ ਪੈਰੀਂ ਲੀਰੋ-ਲੀਰ ਹੋਏ ਜਾਮੇ ਵਿਚ ਮਾਛੀਵਾੜੇ ਦੇ ਜੰਗਲਾਂ ਵਿਚ ਪਹੁੰਚ ਗਏ।

ਦੂਜੇ ਪਾਸੇ, ਸਰਹਿੰਦ ਵਿਖੇ ਮੁਗ਼ਲ ਸਰਕਾਰ ਦੇ ਜ਼ਾਲਮ ਸੂਬੇਦਾਰ ਵਜ਼ੀਰ ਖਾਂ ਨੇ ਜ਼ੁਲਮ ਦੀਆਂ ਸਾਰੀਆਂ ਹੱਦਾਂ ਟੱਪਦਿਆਂ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਕੰਧਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਮਾਤਾ ਗੁਜਰੀ ਵੀ ਸ਼ਹੀਦ ਹੋ ਗਏ। ਦੀਵਾਨ ਟੋਡਰ ਮੱਲ ਨੇ ਆਪਣਾ ਸਭ ਕੁਝ ਵੇਚ ਕੇ ਸੋਨੇ ਦੀਆਂ ਮੋਹਰਾਂ ਬਦਲੇ ਜ਼ਮੀਨ ਖਰੀਦ ਕੇ ਦਾਦੀ ਅਤੇ ਪੋਤਿਆਂ ਦਾ ਸਸਕਾਰ ਕੀਤਾ। ਮਾਤਾ ਜੀ ਅਤੇ ਮਾਸੂਮ ਲਾਲਾਂ ਨੂੰ ਦੁੱਧ ਪਿਲਾਉਣ ਦੀ ਸੇਵਾ ਬਦਲੇ ਬਾਬਾ ਮੋਤੀ ਰਾਮ ਮਹਿਰਾ ਨੂੰ ਵੀ ਪਰਿਵਾਰ ਸਮੇਤ ਕੋਹਲੂ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ। ਸਾਕਾ ਚਮਕੌਰ ਸਾਹਿਬ ਤੇ ਸਾਕਾ ਸਰਹਿੰਦ ਨੇ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ ਅਤੇ ਕਦੇ ਵੀ ਨਾ ਭਰਨ ਵਾਲੇ ਜ਼ਖ਼ਮ ਦੇ ਦਿੱਤੇ। ਗੁਰੂ ਜੀ ਦੇ ਲਾਲਾਂ ਦੀ ਘੱਟ ਉਮਰ ਹੋਣ ਕਾਰਨ ਇਨ੍ਹਾਂ ਸ਼ਹੀਦੀਆਂ ਨੇ ਸਿੱਖ ਕੌਮ ਨੂੰ ਬੜੀ ਅਕਹਿ ਤੇ ਅਸਹਿ ਪੀੜਾ ਦਿੱਤੀ ਪਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਾਸਾਨੀ ਅਤੇ ਬੇਮਿਸਾਲ ਰਹੀ।

ਮੁਗ਼ਲ ਰਾਜ ਦਾ ਅੰਤ ਹੋਣ ਤੋਂ ਬਾਅਦ ਹੀ ਸਿੱਖ ਸੰਗਤਾਂ ਨੇ ਇਨ੍ਹਾਂ ਪਵਿੱਤਰ ਸਥਾਨਾਂ ਵਿਖੇ ਪਹਿਲੀ ਤੋਂ 13 ਪੋਹ ਤੱਕ ਵਾਪਰੀਆਂ ਘਟਨਾਵਾਂ ਨੂੰ ਯਾਦ ਕਰਨ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ਼ਹੀਦੀ ਜੋੜ ਮੇਲੇ ਮਨਾਉਣੇ ਸ਼ੁਰੂ ਕਰ ਦਿੱਤੇ ਜੋ ਪਰਿਵਾਰ ਵਿਛੋੜਾ ਸਾਹਿਬ ਤੋਂ ਆਰੰਭ ਹੋ ਕੇ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ 13 ਪੋਹ ਨੂੰ ਸਮਾਪਤ ਹੁੰਦੇ ਹਨ। ਇਸ ਸ਼ਹੀਦੀ ਪੰਦਰਵਾੜੇ ਦੌਰਾਨ ਪਹਿਲਾਂ ਤੋਂ ਹੀ ਸ਼ਰਧਾ ਵਾਲੀਆਂ ਸਿੱਖ ਸੰਗਤਾਂ ਰਾਤ ਨੂੰ ਧਰਤੀ ਉਤੇ ਹੀ ਆਸਣ ਲਗਾ ਕੇ ਸੌਂਦੀਆਂ ਸਨ ਤੇ ਕਿਸੇ-ਕਿਸਮ ਦੀ ਮਠਿਆਈ ਤੇ ਸਵਾਦੀ ਭੋਜਨ ਨਹੀਂ ਖਾਂਦੀਆਂ ਸਨ। ਨਾ ਹੀ ਕੋਈ ਨਵੀਂ ਵਸਤੂ ਖਰੀਦਦੇ ਸਨ ਤੇ ਨਾ ਹੀ ਕੋਈ ਖੁਸ਼ੀ ਵਾਲਾ ਕਾਰਜ ਕਰਦੇ ਸਨ। ਵੱਧ ਤੋਂ ਵੱਧ ਬਾਣੀ ਪੜ੍ਹਦੇ ਸਨ ਤੇ ਸਿਮਰਨ ਕਰਦੇ ਸਨ। ਸ਼ਹੀਦੀ ਸਾਕਿਆਂ ਦਾ ਇਤਿਹਾਸ ਪੜ੍ਹਦੇ ਤੇ ਸੁਣਦੇ ਸਨ। ਅੱਜ ਵੀ ਬਹੁਤ ਸਾਰੀਆਂ ਸੰਗਤਾਂ ਇਸ ਰਵਾਇਤ ਨੂੰ ਅਪਣਾ ਰਹੀਆਂ ਹਨ। ਇਹ ਅਵਸਥਾ ਸ਼ਰਧਾ, ਪ੍ਰੇਮ ਅਤੇ ਵੈਰਾਗ ਦੀ ਹੈ।

ਗੁਰੂ ਸਾਹਿਬ ਦੇ ਵੱਡੇ ਤੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਸ੍ਰੀ ਚਮਕੌਰ ਸਾਹਿਬ ਤੇ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸਿੱਖ ਸੰਗਤਾਂ ਸਾਲਾਨਾ ਜੋੜ ਮੇਲਿਆਂ ਉਤੇ ਬੜੇ ਦੁਖੀ ਹਿਰਦੇ ਨਾਲ ਸ਼ਰਧਾ ਦੇ ਫੁੱਲ ਭੇਟ ਕਰਨ ਆਉਂਦੀਆਂ ਸਨ। ਪਹਿਰਾਵਾ ਵੀ ਸਾਦਾ ਪਾ ਕੇ ਆਉਂਦੀਆਂ ਸਨ। ਇਸ ਦੁਖਾਂਤ ਨੂੰ ਵਾਪਰੇ ਭਾਵੇਂ 300 ਸਾਲ ਤੋਂ ਵੀ ਵੱਧ ਹੋ ਚੁੱਕੇ ਹਨ, ਪਰ ਅੱਜ ਵੀ ਸ਼ਹੀਦੀ ਸਾਕਿਆਂ ਨੂੰ ਯਾਦ ਕਰਕੇ ਮੱਲੋ-ਮੱਲੀ ਅੱਖਾਂ ਵਿਚ ਅੱਥਰੂ ਵਹਿ ਤੁਰਦੇ ਹਨ। ਦਿਨ-ਰਾਤ ਢਾਡੀ ਤੇ ਕਵੀਸ਼ਰੀ ਜਥਿਆਂ ਪਾਸੋਂ ਸ਼ਹੀਦੀ ਪ੍ਰਸੰਗ ਸੁਣ ਕੇ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਸ਼ਹੀਦੀ ਦੀਵਾਰ ਵਾਲੇ ਸਥਾਨ ਭੋਰਾ ਸਾਹਿਬ ਵਿਖੇ ਜਾ ਕੇ ਤਾਂ ਪੱਥਰ ਦਿਲ ਵੀ ਰੋ ਪੈਂਦੇ ਹਨ। ਪੁਰਾਣੇ ਪੇਂਡੂ ਲੋਕ ਤਾਂ ਸ਼ਹੀਦੀ ਜੋੜ ਮੇਲਿਆਂ 'ਤੇ ਆਉਣ ਨੂੰ ਮਕਾਣ ਜਾਣਾ (ਅਫਸੋਸ ਕਰਨਾ) ਕਿਹਾ ਕਰਦੇ ਸਨ ਅਤੇ 13 ਪੋਹ ਵਾਲੇ ਦਿਨ ਜਾਣ ਨੂੰ ਸਸਕਾਰ 'ਤੇ ਜਾਣਾ ਕਹਿੰਦੇ ਸਨ ਕਿਉਂਕਿ ਇਸ ਦਿਨ ਨਿਕਲਦੇ ਨਗਰ ਕੀਰਤਨ ਦੀ ਰਵਾਇਤ ਵੀ ਅਜਿਹੀ ਹੀ ਹੈ। ਜਦੋਂ ਸਵੇਰੇ ਨਗਰ ਕੀਰਤਨ ਆਰੰਭ ਹੁੰਦਾ ਹੈ ਤਾਂ ਇਸ ਵਿਚ ਸ਼ਾਮਲ ਨਿੱਕੇ-ਨਿੱਕੇ ਸਕੂਲੀ ਬੱਚਿਆਂ ਨੂੰ ਕੇਸਰੀ ਤੇ ਸਿੱਖੀ ਬਾਣੇ ਵਿਚ ਵੇਖ ਕੇ ਦਸਮੇਸ਼ ਪਿਤਾ ਜੀ ਦੇ ਉਹ ਬਚਨ ਪ੍ਰਤੱਖ ਨਜ਼ਰ ਆਉਂਦੇ ਹਨ, "ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ, ਚਾਰ ਮੁਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।" ਸਾਰਾ ਮਾਹੌਲ ਵੈਰਾਗਮਈ ਹੋ ਜਾਂਦਾ ਹੈ। ਇੰਜ ਲੱਗਦਾ ਹੈ ਕਿ ਜਿਵੇਂ ਅੱਜ ਹੀ ਮਾਤਾ ਜੀ ਅਤੇ ਗੁਰੂ ਜੀ ਦੇ ਲਾਲਾਂ ਦਾ ਸਸਕਾਰ ਹੋਣ ਜਾ ਰਿਹਾ ਹੋਵੇ। ਇਹ ਸਭ ਕੁਝ ਦੇਖ ਕੇ ਸ਼ਰਧਾਲੂ ਸੰਗਤਾਂ ਰੋ ਉਠਦੀਆਂ ਹਨ। ਨਗਰ ਕੀਰਤਨ ਦੀ ਸਮਾਪਤੀ ਵੀ ਸਸਕਾਰ ਵਾਲੇ ਅਸਥਾਨ ਗੁਰਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਕੀਰਤਨ ਸੋਹਿਲਾ ਸਾਹਿਬ ਜੀ ਦੇ ਪਾਠ ਦੇ ਭੋਗ ਨਾਲ ਹੀ ਹੁੰਦੀ ਹੈ।



ਸੋ, ਇਹ ਦੋ ਸ਼ਹੀਦੀ ਜੋੜ ਮੇਲੇ ਸਿੱਖ ਕੌਮ ਲਈ ਕੋਈ ਖੁਸ਼ੀ ਵਾਲੇ ਮੌਕੇ ਨਹੀਂ ਹਨ, ਪਰ ਪਿਛਲੇ ਸਮੇਂ ਤੋਂ ਬਦਲਦੇ ਜ਼ਮਾਨੇ ਨਾਲ ਇਨ੍ਹਾਂ ਜੋੜ ਮੇਲਿਆਂ ਦੀ ਤਸਵੀਰ ਵੀ ਬਦਲ ਕੇ ਸਿਰਫ ਮੇਲੇ ਦਾ ਰੂਪ ਧਾਰਦੀ ਜਾ ਰਹੀ ਹੈ। ਇਹ ਸਭ ਕੁਝ ਸਾਡੇ ਮਨਾਂ ਵਿਚ ਗੁਰੂ ਇਤਿਹਾਸ ਭੁੱਲਣ ਅਤੇ ਸ਼ਰਧਾ ਘਟਣ ਦਾ ਪ੍ਰਤੀਕ ਹੈ। ਜੋੜ ਮੇਲ ਦਾ ਅਰਥ ਉਹ ਇਕੱਠ ਹੈ ਜੋ ਧਰਮ ਨਾਲ ਜੋੜਦਾ ਹੋਵੇ, ਮੇਲੇ ਦਾ ਮਤਲਬ ਉਹ ਭੀੜ ਜੋ ਧਰਮ ਨੂੰ ਭੁਲਾਉਂਦੀ ਹੋਵੇ। ਸਿਆਸੀ ਕਾਨਫਰੰਸਾਂ ਦੀਆਂ ਤਕਰੀਰਾਂ ਦਾ ਰੌਲਾ, ਮਨੋਰੰਜਨ ਦਾ ਸਾਧਨ, ਲੱਚਰ ਗੀਤਾਂ ਅਤੇ ਵੱਧ ਰਹੀ ਦੁਕਾਨਦਾਰੀ ਦੇ ਸ਼ੋਰ-ਸ਼ਰਾਬੇ ਨੇ ਇਸ ਕਰੁਣਾਮਈ ਮਾਹੌਲ ਨੂੰ ਪ੍ਰਦੂਸ਼ਿਤ ਕਰਕੇ ਆਮ ਲੋਕਾਂ ਨੂੰ ਆਪਣੇ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ ਹੈ। ਧਾਰਮਿਕ ਦੀਵਾਨਾਂ ਵਿਚ ਸੰਗਤਾਂ ਦੀ ਗਿਣਤੀ ਆਏ ਸਾਲ ਘਟਦੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਐਸ.ਕੇ. ਆਹਲੂਵਾਲੀਆ ਦੀ ਅਗਵਾਈ ਹੇਠ ਕੁਝ ਸਾਲ ਪਹਿਲਾਂ ਪ੍ਰਸ਼ਾਸਨ ਨੇ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਦੇ ਹੋਏ ਮਨੋਰੰਜਨ ਦੇ ਬਾਜ਼ਾਰ 'ਤੇ ਪਾਬੰਦੀ ਲਗਾ ਦਿੱਤੀ ਸੀ ਜੋ ਅੱਜ ਵੀ ਜਾਰੀ ਹੈ। ਖਿਡੌਣੇ, ਪੀਪਨੀਆਂ ਅਤੇ ਵਾਜਿਆਂ ਦਾ ਸ਼ੋਰ ਵੀ ਮਾਹੌਲ ਨੂੰ ਗੰਧਲਾ ਕਰ ਰਿਹਾ ਹੈ। ਜ਼ਾਲਮ ਸੂਬੇ ਨੇ ਕਪਟੀ ਸੁੱਚਾ ਨੰਦ ਦੀ ਸਲਾਹ ਨਾਲ ਛੋਟੇ ਸਾਹਿਬਜ਼ਾਦਿਆਂ ਦੀ ਮਨੋਬਿਰਤੀ ਜਾਣਨ ਲਈ ਉਨ੍ਹਾਂ ਨੂੰ ਬਾਜ਼ਾਰ ਵਿਚ ਭੇਜਿਆ ਸੀ ਪਰ ਗੁਰੂ ਜੀ ਦੇ ਲਾਲਾਂ ਨੇ ਤਾਂ ਖਿਡੌਣੇ ਵਾਲਿਆਂ ਦੁਕਾਨਾਂ ਨੂੰ ਛੱਡ ਕੇ ਸ਼ਸਤਰ ਖਰੀਦਣ ਦੀ ਇੱਛਾ ਕੀਤੀ ਸੀ। ਫਿਰ ਪਤਾ ਨਹੀਂ ਕਿਉਂ ਇਨ੍ਹਾਂ ਮਹਾਨ ਸ਼ਹੀਦੀ ਸਥਾਨਾਂ ਉਤੇ ਪ੍ਰਬੰਧਕ ਕਮੇਟੀ ਵੱਲੋਂ ਖਿਡੌਣਿਆਂ ਦੇ ਬਾਜ਼ਾਰ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ? ਬੱਚਿਆਂ ਨੂੰ ਜੇਕਰ ਸ਼ਹੀਦੀ ਸਾਕੇ ਸੁਣਾਏ ਜਾਣ ਤਾਂ ਖਿਡੌਣਿਆਂ ਦੀ ਖਰੀਦ ਕਰਨੀ ਭੁੱਲ ਜਾਣਗੇ।

ਇਨ੍ਹਾਂ ਜੋੜ ਮੇਲਿਆਂ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਆਉਣ ਵਾਲੀਆਂ ਸੰਗਤਾਂ ਲਈ ਵੱਖ-ਵੱਖ ਨਗਰਾਂ ਅਤੇ ਪਿੰਡਾਂ ਦੀਆਂ ਸੰਗਤਾਂ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ। ਸੇਵਾਦਾਰ ਸੰਗਤਾਂ ਦਿਨ-ਰਾਤ, ਤਨ, ਮਨ, ਧਨ ਨਾਲ ਅਣਥੱਕ ਸੇਵਾ ਕਰਦੀਆਂ ਹਨ। ਲੰਗਰਾਂ ਦੀ ਗਿਣਤੀ ਆਏ ਸਾਲ ਵਧ ਰਹੀ ਹੈ। ਪਿਛਲੇ ਸਾਲ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਲਗਪਗ 350 ਲੰਗਰ ਲਗਾਏ ਗਏ ਸਨ।

ਪਿਛਲੇ ਕਾਫੀ ਸਾਲਾਂ ਤੋਂ ਬਹੁਤੇ ਲੰਗਰਾਂ ਵਿਚ ਸਾਦੇ ਲੰਗਰ ਦੀ ਥਾਂ ਖੁਸ਼ੀ ਦੇ ਮੌਕੇ 'ਤੇ ਤਿਆਰ ਕੀਤੇ ਜਾਣ ਵਾਲੇ ਸਵਾਦੀ ਪਦਾਰਥ ਬਣਨੇ ਸ਼ੁਰੂ ਹੋ ਗਏ ਹਨ। ਆਏ ਸਾਲ ਹੀ ਇਨ੍ਹਾਂ ਪਦਾਰਥਾਂ ਦੀਆਂ ਕਿਸਮਾਂ ਵਿਚ ਵਾਧਾ ਹੋ ਰਿਹਾ ਹੈ। ਲਾਊਡ ਸਪੀਕਰਾਂ ਰਾਹੀਂ ਅਨਾਊਂਸਮੈਂਟ ਕਰਕੇ ਇਨ੍ਹਾਂ ਪਦਾਰਥਾਂ ਦੇ ਨਾਂ ਲੈ ਕੇ ਜਿਵੇਂ ਮਟਰ ਪਨੀਰ, ਕਾਜੂ ਬਦਾਮਾਂ ਵਾਲੀ ਖੀਰ, ਗਰਮ-ਗਰਮ ਜਲੇਬੀ, ਗੁਲਾਬ ਜਾਮਨ, ਗਜਰੇਲਾ, ਦਹੀਂ ਭੱਲੇ, ਪੂਰੀ ਛੋਲੇ, ਟਿੱਕੀਆਂ, ਮੱਖਣ ਮੇਥਿਆਂ ਵਾਲੀ ਰੋਟੀ, ਪਨੀਰ ਪਕੌੜੇ, ਲੌਂਗਾਂ ਲੈਚੀਆਂ ਵਾਲੀ ਗਰਮਾ-ਗਰਮ ਚਾਹ, ਗਰਮ-ਗਰਮ ਕੌਫੀ ਅਤੇ ਹੋਰ ਕਈ ਕੁਝ ਆਦਿ ਦਾ ਰੌਲਾ ਪਾਇਆ ਜਾਂਦਾ ਹੈ। ਇਕ ਕਿਸਮ ਦੀ ਮੁਕਾਬਲੇਬਾਜ਼ੀ ਅਤੇ ਮਜ਼ਮੇਬਾਜ਼ੀ ਸ਼ੁਰੂ ਹੋ ਗਈ ਲੱਗਦੀ ਹੈ। ਸ਼ਰਧਾਲੂ ਸੰਗਤਾਂ ਨੂੰ ਇਹ ਦੇਖ ਕੇ ਬੜਾ ਦੁੱਖ ਹੁੰਦਾ ਹੈ। ਗੁਰੂ ਜੀ ਦੇ ਲਾਲਾਂ ਦੀ ਸ਼ਹੀਦੀ ਨੂੰ ਯਾਦ ਕਰਕੇ ਸਵਾਦੀ ਪਦਾਰਥ ਛਕਣ ਨੂੰ ਸ਼ਾਇਦ ਹੀ ਕਿਸੇ ਦਾ ਦਿਲ ਕਰੇ। ਸਿੱਖ ਸੰਗਤਾਂ ਕੋਈ ਖੁਸ਼ੀ ਮਨਾਉਣ ਲਈ ਨਹੀਂ ਆਉਂਦੀਆਂ ਸਗੋਂ ਦੁਖੀ ਹਿਰਦੇ ਨਾਲ ਨਮਸਕਾਰ ਕਰਨ ਆਉਂਦੀਆਂ ਹਨ ਅਤੇ ਨਿੱਕੀਆਂ ਜਿੰਦਾਂ ਦੇ ਵੱਡੇ ਸਾਕੇ ਦੀ ਯਾਦ ਤਾਜ਼ਾ ਕਰਨ ਆਉਂਦੀਆਂ ਹਨ।

ਤਕਰੀਬਨ 10-12 ਸਾਲ ਪਹਿਲਾਂ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ਼ਹੀਦੀ ਜੋੜ ਮੇਲੇ ਦੀ ਸਮਾਪਤੀ ਸਮੇਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਸੀ, "ਸਾਧ ਸੰਗਤ ਜੀ, ਜਦੋਂ ਮੈਂ ਨਗਰ ਕੀਰਤਨ ਨਾਲ ਆ ਰਿਹਾ ਸੀ ਤਾਂ ਲੰਗਰਾਂ ਵਿਚੋਂ ਅਨਾਊਂਸਮੈਂਟਾਂ ਸੁਣ ਕੇ ਹੈਰਾਨੀ ਦੇ ਨਾਲ ਮਨ ਦੁਖੀ ਵੀ ਹੋਇਆ ਹੈ। ਤੁਹਾਨੂੰ ਕਿਸ ਗੱਲ ਦੀ ਖੁਸ਼ੀ ਹੈ, ਵੰਨ-ਸੁਵੰਨੇ ਪਦਾਰਥਾਂ ਦਾ ਨਾਂ ਲੈ ਕੇ ਰੌਲਾ ਪਾ ਰਹੇ ਹੋ? ਅੱਜ ਗੁਰੂ ਸਾਹਿਬ ਦੇ ਮਾਸੂਮ ਲਾਲਾਂ ਦਾ ਸ਼ਹੀਦੀ ਦਿਹਾੜਾ ਹੈ। ਸਾਡੇ ਘਰ ਜੇਕਰ ਕੋਈ 5-7 ਸਾਲ ਦਾ ਬੱਚਾ ਬਿਮਾਰ ਹੋ ਜਾਵੇ ਤਾਂ ਸਾਨੂੰ ਕੁਝ ਚੰਗਾ ਨਹੀਂ ਲੱਗਦਾ, ਖਾਣਾ-ਪੀਣਾ ਤੇ ਪਹਿਨਣਾ ਸਭ ਕੁਝ ਭੁੱਲ ਜਾਂਦਾ ਹੈ। ਸੇਵਾਦਾਰ ਸੰਗਤ ਜੀ, ਤੁਹਾਡੀ ਸੇਵਾ ਮਹਾਨ ਹੈ, ਪਰ ਇਸ ਮੌਕੇ ਸਾਦਾ ਲੰਗਰ ਹੀ ਤਿਆਰ ਕੀਤਾ ਜਾਣਾ ਚਾਹੀਦਾ ਹੈ। ਅਨਾਊਂਸਮੈਂਟਾਂ ਦੀ ਥਾਂ ਸ਼ਹੀਦੀ ਪ੍ਰਸੰਗ ਜਾਂ ਗੁਰਬਾਣੀ ਲਗਾਈ ਜਾਵੇ। ਲੋੜਵੰਦ ਸੰਗਤਾਂ ਆਪਣੇ-ਆਪ ਹੀ ਲੰਗਰ ਛਕਣ ਆਉਣਗੀਆਂ।" ਇਸ ਤੋਂ ਬਾਅਦ ਇਕ-ਦੋ ਸਾਲ ਤੱਕ ਅਨਾਊਂਸਮੈਂਟਾਂ ਬੰਦ ਹੋ ਗਈਆਂ ਪਰ ਫਿਰ ਸਭ ਕੁਝ ਪਹਿਲਾਂ ਵਾਂਗ ਹੀ ਹੋ ਗਿਆ ਹੈ।

ਸਾਡੀ ਦੁਨਿਆਵੀ ਤੇ ਮਾਨਸਿਕ ਸੋਚ ਅਨੁਸਾਰ ਵੀ ਤਾਂ ਜੇਕਰ ਸਾਡਾ ਕੋਈ ਆਪਣਾ 40-50 ਸਾਲ ਦੇ ਸਕੇ ਸਬੰਧੀ ਪ੍ਰਾਣੀ ਦੀ ਮੌਤ ਹੋ ਜਾਵੇ ਤਾਂ ਅਸੀਂ ਬਹੁਤ ਦੁੱਖ ਮਨਾਉਂਦੇ ਹਾਂ; ਵਿਛੋੜਾ ਝੱਲਿਆ ਨਹੀਂ ਜਾਂਦਾ। ਦਿਲ ਇੰਨੇ ਟੁੱਟ ਜਾਂਦੇ ਹਨ ਕਿ ਅੰਤਮ ਅਰਦਾਸ ਉਤੇ ਕਿਸ-ਕਿਸਮ ਦੀ ਵੀ ਮਠਿਆਈ ਜਾਂ ਸਵਾਦੀ ਪਦਾਰਥ ਨਹੀਂ ਬਣਾਉਂਦੇ। ਬਾਅਦ ਵਿਚ ਬਰਸੀ 'ਤੇ ਵੀ ਸਭ ਕੁਝ ਸਾਦਾ ਹੀ ਹੁੰਦਾ ਹੈ, ਪਰ ਦੁੱਖ ਦੀ ਗੱਲ ਹੈ ਕਿ ਗੁਰੂ ਜੀ ਦੇ ਲਾਡਲੇ ਲਾਲਾਂ ਦੇ ਸ਼ਹੀਦੀ ਸਥਾਨਾਂ ਉਤੇ ਸ਼ਹੀਦੀ ਜੋੜ ਮੇਲਿਆਂ 'ਤੇ ਆ ਕੇ ਅਸੀਂ ਸਵਾਦੀ ਪਦਾਰਥ ਛਕਣ-ਛਕਾਉਣ ਲਈ ਉਤਾਵਲੇ ਹੋ ਜਾਂਦੇ ਹਾਂ, ਜਦੋਂਕਿ ਸਾਹਿਬਜ਼ਾਦਿਆਂ ਦੀ ਉਮਰ ਤਾਂ ਸਿਰਫ 7 ਸਾਲ, 9 ਸਾਲ, 15 ਸਾਲ ਅਤੇ 17 ਸਾਲ ਹੀ ਸੀ। ਲੱਗਦਾ ਹੈ ਕਿ ਸਾਡਾ ਲਹੂ ਚਿੱਟਾ ਹੋ ਗਿਆ ਹੈ। ਸਾਨੂੰ ਗੁਰੂਘਰ ਵਿਚ ਬਸੰਤਰ ਅਤੇ ਆਪਣੇ ਘਰ ਵਿਚ ਅੱਗ ਲੱਗੀ ਨਜ਼ਰ ਆਉਂਦੀ ਹੈ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬਾਂ 'ਤੇ ਵੀ ਸਾਦੇ ਲੰਗਰ ਹੀ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਹੋਰ 8 ਗੁਰੂ ਸਾਹਿਬਾਨ ਦੇ ਜੋਤੀ ਜੋਤ ਸਮਾਉਣ ਦੇ ਗੁਰਪੁਰਬਾਂ 'ਤੇ ਵੀ ਸਾਦਾ ਲੰਗਰ ਹੀ ਤਿਆਰ ਕੀਤਾ ਜਾਂਦਾ ਹੈ।

ਸਾਡੇ ਕੋਲ ਬਾਕੀ ਸਾਰਾ ਸਾਲ ਹੀ ਵੰਨ-ਸੁਵੰਨੇ ਪਦਾਰਥਾਂ ਦੇ ਸਵਾਦ ਲੈਣ ਲਈ ਹੁੰਦਾ ਹੈ। ਸਿੱਖ ਧਰਮ ਵਿਚ ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਸਾਹਿਬਜ਼ਾਦਿਆਂ ਦੇ ਜਨਮ ਦਿਹਾੜੇ, ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਦਿਵਸ, ਹੋਲਾ ਮਹੱਲਾ, ਖਾਲਸੇ ਦਾ ਜਨਮ ਦਿਹਾੜਾ ਅਤੇ ਹੋਰ ਖੁਸ਼ੀ ਵਾਲੇ ਪੁਰਬ ਹਨ। ਇਨ੍ਹਾਂ ਮੌਕਿਆਂ 'ਤੇ 36 ਪ੍ਰਕਾਰ ਦੇ ਭੋਜਨ ਤਿਆਰ ਕਰਕੇ ਸੰਗਤਾਂ ਦੀ ਸੇਵਾ ਕੀਤੀ ਜਾ ਸਕਦੀ ਹੈ। ਹਰ ਕੋਈ ਰਾਗ ਸਮੇਂ ਨਾਲ ਹੀ ਠੀਕ ਲਗਦਾ ਹੈ।

ਸਾਰੀਆਂ ਸਿੱਖ ਸੰਗਤਾਂ, ਲੰਗਰ ਕਮੇਟੀਆਂ, ਸੰਤ ਮਹਾਪੁਰਸ਼ਾਂ, ਪ੍ਰਚਾਰਕਾਂ, ਜਥੇਬੰਦੀਆਂ, ਸੰਪਰਦਾਵਾਂ, ਵਿਦਵਾਨਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਆਪਣਾ ਆਪਣਾ ਸਹਿਯੋਗ ਦੇ ਕੇ ਇਨ੍ਹਾਂ ਦੋ ਸ਼ਹੀਦੀ ਜੋੜ ਮੇਲਿਆਂ ਦੇ ਵਿਗੜਦੇ ਰੂਪ ਅਤੇ ਪ੍ਰਦੂਸ਼ਿਤ ਹੋ ਰਹੇ ਮਾਹੌਲ ਨੂੰ ਰੋਕਣ ਲਈ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ। ਪਿੰਡਾਂ ਵਿਚ ਵੱਧ ਤੋਂ ਵੱਧ ਸ਼ਹੀਦੀ ਸਾਕਿਆਂ ਦੇ ਇਤਿਹਾਸ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਸ਼ਹੀਦੀ ਪੰਦਰਵਾੜੇ ਦੀ ਪੁਰਾਤਨ ਰਵਾਇਤ, ਸਾਦਾ ਪਹਿਰਾਵਾ, ਸਾਦਾ ਲੰਗਰ ਦੀ ਜਾਣਕਾਰੀ ਸੰਗਤਾਂ ਲਈ ਅਤਿ ਜ਼ਰੂਰੀ ਲੋੜ ਹੈ। ਸਾਡੇ ਸਾਰਿਆਂ ਵੱਲੋਂ ਇਨ੍ਹਾਂ ਮਹਾਨ ਸ਼ਹੀਦਾਂ ਲਈ ਸਹੀ ਅਰਥਾਂ ਵਿਚ ਇਹੋ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ। ਜੇਕਰ ਇਸ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਭਵਿੱਖ ਵਿਚ ਸਾਡੀ ਆਉਣ ਵਾਲੀ ਇਤਿਹਾਸ ਤੋਂ ਅਨਜਾਣ ਪੀੜ੍ਹੀ ਤੇ ਗੈਰ-ਸਿੱਖ ਸੰਗਤ ਸ਼ਹੀਦੀ ਦਿਹਾੜਿਆਂ ਨੂੰ ਸਾਹਿਬਜ਼ਾਦਿਆਂ ਦਾ ਜਨਮ ਦਿਹਾੜਾ ਹੀ ਸਮਝਿਆ ਕਰੇਗੀ।

***ਪਿਛਲੇ ਕਾਫੀ ਸਾਲਾਂ ਤੋਂ ਬਹੁਤੇ ਲੰਗਰਾਂ ਵਿਚ ਸਾਦੇ ਲੰਗਰ ਦੀ ਥਾਂ ਖੁਸ਼ੀ ਦੇ ਮੌਕੇ 'ਤੇ ਤਿਆਰ ਕੀਤੇ ਜਾਣ ਵਾਲੇ ਸਵਾਦੀ ਪਦਾਰਥ ਬਣਨੇ ਸ਼ੁਰੂ ਹੋ ਗਏ ਹਨ। ਆਏ ਸਾਲ ਹੀ ਇਨ੍ਹਾਂ ਪਦਾਰਥਾਂ ਦੀਆਂ ਕਿਸਮਾਂ ਵਿਚ ਵਾਧਾ ਹੋ ਰਿਹਾ ਹੈ। ਲਾਊਡ ਸਪੀਕਰਾਂ ਰਾਹੀਂ ਅਨਾਊਂਸਮੈਂਟ ਕਰਕੇ ਇਨ੍ਹਾਂ ਪਦਾਰਥਾਂ ਦੇ ਨਾਂ ਲੈ ਕੇ ਜਿਵੇਂ ਮਟਰ ਪਨੀਰ, ਕਾਜੂ ਬਦਾਮਾਂ ਵਾਲੀ ਖੀਰ, ਗਰਮ-ਗਰਮ ਜਲੇਬੀ, ਗੁਲਾਬ ਜਾਮਨ, ਗਜਰੇਲਾ, ਦਹੀਂ ਭੱਲੇ, ਪੂਰੀ ਛੋਲੇ, ਟਿੱਕੀਆਂ, ਮੱਖਣ ਮੇਥਿਆਂ ਵਾਲੀ ਰੋਟੀ, ਪਨੀਰ ਪਕੌੜੇ, ਲੌਂਗਾਂ ਲੈਚੀਆਂ ਵਾਲੀ ਗਰਮਾ-ਗਰਮ ਚਾਹ, ਗਰਮ-ਗਰਮ ਕੌਫੀ ਅਤੇ ਹੋਰ ਕਈ ਕੁਝ ਆਦਿ ਦਾ ਰੌਲਾ ਪਾਇਆ ਜਾਂਦਾ ਹੈ।***

ਸ਼ਹੀਦੀ ਪੰਦਰਵਾੜਾ ਸ਼ਰਧਾ ਨਾਲ ਮਨਾਉ।
ਇਸ ਦਾ ਇਤਿਹਾਸ ਨਾ ਭੁੱਲਦੇ ਜਾਉ।
ਜੋੜ ਮੇਲਿਆਂ ਨੂੰ ਨਾ ਮੇਲੇ ਬਣਾਉ।
ਸਾਦਾ ਲੰਗਰ ਹੀ ਛਕੋ ਛਕਾਉ।
ਦਸਮੇਸ਼ ਪਿਤਾ ਨੇ ਸੀ ਸਭ ਕੁਝ ਵਾਰਿਆ।
ਆਪਾਂ ਨੇ ਵੀ ਸਭ ਕੁਝ ਹੈ ਵਿਸਾਰਿਆ।
ਪੀਪਨੀਆਂ ਵਾਜੇ ਵਜਾਉਣੇ ਕਰ ਦਿਉ ਬੰਦ।
ਸੁਣੋ ਸਾਕੇ ਸਰਸਾ-ਚਮਕੌਰ -ਸਰਹਿੰਦ।

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਧੂੜ ਵਿਚਲੇ ਕਣ

## ਸਫ਼ਰ ਜ਼ਿੰਦਗੀ ਦਾ



ਵਰਿਆਮ ਸਿੰਘ ਸੰਧੂ

***ਵਰਿਆਮ ਸਿੰਘ ਸੰਧੂ ਦੀ ਸਵੈ-ਜੀਵਨੀ ਦਾ ਇਹ ਅਧਿਆਇ 'ਤੱਤੇ ਲਹੂ ਦੀ ਗਾਥਾ' ਉਹਦੀ ਜ਼ਿੰਦਗੀ ਦੇ ਉਡਾਰ ਹੋ ਰਹੇ ਵਰ੍ਹਿਆਂ ਦੀ ਗਾਥਾ ਹੈ। ਇਹ 20ਵੀਂ ਸਦੀ ਦੇ 70ਵੇਂ ਦਹਾਕੇ ਦੇ ਉਹ ਵਰ੍ਹੇ ਸਨ ਜਦੋਂ ਪੱਛਮੀ ਬੰਗਾਲ ਤੋਂ ਉੱਠੀ ਨਕਸਲਬਾੜੀ ਲਹਿਰ ਦੇਸ਼ ਭਰ ਵਿਚ ਫੈਲ ਗਈ ਸੀ। ਇਸ ਲਹਿਰ ਦੇ ਅਸਰ ਹੇਠ ਪੰਜਾਬ ਦੇ ਲੇਖਕਾਂ ਦਾ ਪੂਰੇ ਦਾ ਪੂਰਾ, ਪੂਰ ਤਿਆਰ ਹੋਇਆ ਜਿਸ ਵਿਚ ਵਰਿਆਮ ਸੰਧੂ ਵੀ ਸ਼ਾਮਲ ਸੀ। ਬਹੁਤੇ ਲੇਖਕਾਂ ਵਾਂਗ ਸ਼ੁਰੂਆਤ ਤਾਂ ਉਹਨੇ ਵੀ ਭਾਵੇਂ ਕਵਿਤਾ ਤੋਂ ਕੀਤੀ ਸੀ ਪਰ ਛੇਤੀ ਹੀ ਉਹ ਕਹਾਣੀ ਵੱਲ ਮੁੜ ਪਿਆ। ਉਸ ਦੌਰ ਵਿਚ ਉਸ ਦਾ ਪਹਿਲਾ ਕਥਾ ਸੰਗ੍ਰਹਿ 'ਲੋਹੇ ਦੇ ਹੱਥ' ਛਪਿਆ। ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀ ਨਕਸਲਬਾੜੀ ਦੌਰ ਦੇ ਸੰਘਰਸ਼ਮਈ ਵਕਤ ਦਾ ਬਿਆਨ ਹਨ। ਇਹ ਕਹਾਣੀਆਂ ਸਨ ਤਾਂ ਭਾਵੇਂ ਨਿੱਕੀਆਂ ਪਰ ਤਿੱਖੀਆਂ ਸਨ। ਉਦੋਂ ਗੁਰਬਖ਼ਸ਼ ਸਿੰਘ ਦੇ ਪਰਚੇ 'ਪ੍ਰੀਤ ਲੜੀ' ਤੋਂ ਇਨਕਲਾਬੀ ਪਰਚੇ 'ਹੇਮ ਜਯੋਤੀ' ਵਿਚ ਛਪਣ ਦਾ ਜੋ ਪੈਂਡਾ ਉਹਨੇ ਤੈਅ ਕੀਤਾ, ਉਸ ਦਾ ਜ਼ਿਕਰ ਇਸ ਅਧਿਆਇ ਵਿਚ ਕੀਤਾ ਗਿਆ ਹੈ। ਇਸ ਲਹਿਰ ਨਾਲ ਸਾਹਿਤ-ਸਭਿਆਚਾਰ ਦੇ ਖੇਤਰ ਵਿਚ ਵੱਡੇ ਪੱਧਰ 'ਤੇ ਹੋਈ ਹਲਚਲ ਦੇ ਮਹੀਨ ਵੇਰਵੇ ਵੀ ਇਥੇ ਦਰਜ ਹਨ। -ਸੰਪਾਦਕ***

### ਤੱਤੇ ਲਹੂ ਦੀ ਗਾਥਾ

ਸਤਵੇਂ ਦਹਾਕੇ ਦੇ ਅੰਤ ਉਤੇ ਚੱਲੀ ਨਕਸਲਬਾੜੀ ਲਹਿਰ ਨੇ ਸਮੁੱਚੇ ਭਾਰਤ ਦੇ ਚੇਤੰਨ ਅਤੇ ਜੋਸ਼ੀਲੇ ਮੱਧ-ਵਰਗੀ ਗੱਭਰੂਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਹੁਣ ਤੱਕ ਆਜ਼ਾਦੀ ਨਾਲ ਜੁੜੇ ਸੁਪਨਿਆਂ ਤੋਂ ਜਨ-ਸਾਧਾਰਨ ਦਾ ਮੋਹ-ਭੰਗ ਹੋ ਚੁੱਕਾ ਸੀ। ਸਿਆਸੀ-ਸਮਾਜੀ ਜੀਵਨ ਵਿਚ ਨਿੱਤ ਫੈਲਦੇ ਜਾ ਰਹੇ ਭ੍ਰਿਸ਼ਟਾਚਾਰ ਅਤੇ ਆਦਰਸ਼ਹੀਨਤਾ ਤੋਂ ਲੋਕ ਦੁਖੀ ਸਨ। 'ਇਨਕਲਾਬ' ਲਈ ਤੁਰੀਆਂ ਪਾਰਟੀਆਂ 'ਬੁਨਿਆਦੀ ਸਿਧਾਂਤਕ ਵਖਰੇਵਿਆਂ' ਕਾਰਨ ਪਹਿਲਾਂ ਹੀ ਅੱਡੋ-ਪਾਟੀ ਹੋ ਚੁੱਕੀਆਂ ਸਨ। ਨਕਸਲਬਾੜੀ ਅੰਦੋਲਨ ਨੇ 'ਤੇਜ਼-ਗਤੀ' ਨਾਲ 'ਦੌੜ ਕੇ' ਇਨਕਲਾਬ ਤੱਕ ਪਹੁੰਚਣ ਲਈ ਜੋ ਨਾਅਰਾ ਦਿੱਤਾ ਉਹ ਸੁਪਨਸ਼ੀਲ ਦਿਲਾਂ ਲਈ ਹੁਲਾਰਾ ਬਣ ਗਿਆ। ਇਸ ਲਹਿਰ ਨਾਲ ਜੁੜੇ ਆਗੂ ਵੀ ਵਧੇਰੇ ਪ੍ਰਤੀਬੱਧ, ਈਮਾਨਦਾਰ ਅਤੇ ਕੁਰਬਾਨੀ ਵਾਲੇ ਜਾਪਦੇ ਸਨ। ਕਿਸੇ ਸ਼ੌਕ ਨੂੰ ਤਾਂ ਨਹੀਂ ਸਨ ਉਹ ਸਥਾਪਤੀ ਦਾ ਤਸ਼ੱਦਦ ਸਹਿਣ ਲਈ ਤਿਆਰ ਹੋਏ! ਪੰਜਾਬ ਵਿਚ ਨੌਜਵਾਨ ਲੇਖਕਾਂ ਦਾ ਇੱਕ ਵੱਡਾ ਵਰਗ ਇਸ ਵਿਚਾਰਧਾਰਾ ਵੱਲ ਆਕਰਸ਼ਿਤ ਹੋਇਆ। ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਇਨ੍ਹਾਂ ਸਮਿਆਂ ਵਿਚ ਬੁਨਿਆਦੀ ਸਿਆਸੀ ਪਰਿਵਰਤਨ ਹੀ ਪਹਿਲੀ ਅਤੇ ਪ੍ਰਮੁੱਖ ਲੋੜ ਹੈ। ਇਸ ਲੋੜ ਦੀ ਫ਼ੌਰੀ ਪੂਰਤੀ ਵਾਸਤੇ ਸਾਹਿਤ ਨੂੰ ਇੱਕ ਹਥਿਆਰ ਵਜੋਂ ਵਰਤਿਆ ਜਾਣਾ ਚਾਹੀਦਾ ਹੈ। ਲਿਖਤਾਂ ਰਾਹੀਂ ਸਿਆਸੀ ਵਿਚਾਰਧਾਰਾ ਦਾ ਪ੍ਰਚਾਰ ਵੀ ਹੋਣਾ ਚਾਹੀਦਾ ਹੈ ਤੇ ਲੋਕਾਂ ਅਤੇ ਪਾਠਕਾਂ ਨੂੰ ਇਸ 'ਵਿਸ਼ੇਸ਼ ਲਹਿਰ' ਹਿਤ ਸਰਗਰਮੀ ਨਾਲ ਕੰਮ ਕਰਨ ਲਈ ਲਾਮਬੰਦ ਕੀਤਾ ਜਾਣਾ ਚਾਹੀਦਾ ਹੈ।

ਇਸ ਵੇਲੇ ਤੱਕ ਮੇਰਾ ਮਾਰਕਸਵਾਦ ਦਾ ਕੋਈ ਡੂੰਘਾ ਮੁਤਾਲਿਆ ਨਹੀਂ ਸੀ। ਲੋਕ-ਸੰਘਰਸ਼ ਲੜਦੇ ਕਮਿਊਨਿਸਟ ਮੈਨੂੰ ਸ਼ੁਰੂ ਤੋਂ ਹੀ ਆਪਣੇ ਲੱਗਦੇ ਰਹੇ ਸਨ ਪਰ ਮੈਂ ਕਿਸੇ ਇੱਕ ਪਾਰਟੀ ਨਾਲ ਨਹੀਂ ਸਾਂ ਜੁੜਿਆ ਹੋਇਆ। 'ਸੱਜੇ-ਖੱਬੇ' ਦੋਵੇਂ ਹੀ ਮੇਰੇ ਆਪਣੇ ਸਨ। ਪਰ ਜਦੋਂ ਹੁਣ ਉਨ੍ਹਾਂ ਵਿਚੋਂ ਨਿਕਲੀ 'ਤੀਜੀ ਧਿਰ' ਵੱਲੋਂ ਦੱਸਿਆ ਗਿਆ ਕਿ 'ਇਹ ਦੋਵੇਂ ਪਾਰਟੀਆਂ ਤਾਂ ਇਨਕਲਾਬੀ ਪੈਂਤੜੇ ਤੋਂ ਉਖੜ ਕੇ ਪਾਰਲੀਮੈਂਟਰੀਵਾਦ ਦੇ ਔਝੜੇ ਰਾਹ 'ਤੇ ਪੈ ਗਈਆਂ ਅਤੇ ਇਨਕਲਾਬ ਦੀਆਂ ਭਗੌੜੀਆਂ ਹਨ' ਤਾਂ ਮੇਰੇ ਜੋਸ਼ੀਲੇ ਮਨ ਨੂੰ ਵੀ ਇਹ ਗੱਲਾਂ ਠੀਕ ਲੱਗਣ ਲੱਗੀਆਂ।

ਇਸ ਤੋਂ ਪਹਿਲਾਂ ਵੀ ਮੈਂ ਪ੍ਰਗਤੀਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਤਾਂ ਸਾਂ ਹੀ ਅਤੇ ਮੇਰੀਆਂ ਲਿਖਤਾਂ ਵਿਚ ਇੱਕ ਆਦਰਸ਼ ਵੀ ਵਿਦਮਾਨ ਹੁੰਦਾ ਸੀ। ਅਜੇ ਪਿਛਲੇ ਸਾਲ ਹੀ ਮੇਰੀ ਇੱਕ ਕਹਾਣੀ 'ਅੱਖਾਂ ਵਿਚ ਮਰ ਗਈ ਖ਼ੁਸ਼ੀ' 'ਪ੍ਰੀਤਲੜੀ' ਵਿਚ ਛਪੀ ਸੀ। ਉਸ ਕਹਾਣੀ ਵਿਚ ਜਨ-ਸਧਾਰਨ ਦੀਆਂ 'ਅੱਖਾਂ ਵਿਚ ਮਰ ਗਈ ਉਸ ਖ਼ੁਸ਼ੀ' ਦਾ ਦੁਖਾਂਤ ਸਿਰਜਿਆ ਗਿਆ ਸੀ, ਜਿਹੜੀ ਖ਼ੁਸ਼ੀ ਯੂਨੀਅਨ ਜੈਕ ਦੇ ਉਤਰਨ ਅਤੇ ਤਿਰੰਗੇ ਝੰਡੇ ਦੇ ਲਹਿਰਾਉਣ ਨਾਲ ਸਾਧਾਰਨ ਲੋਕਾਂ ਦੀਆਂ ਅੱਖਾਂ ਵਿਚ ਚਮਕ ਉਠੀ ਸੀ। ਮੇਰੀ ਇਸ ਕਹਾਣੀ ਬਾਰੇ ਨਵਤੇਜ ਸਿੰਘ ਨੇ ਮੈਨੂੰ ਬੜੀ ਹੀ ਹੁਲਾਰਾ ਦੇਣ ਵਾਲੀ ਪਿਆਰੀ ਚਿੱਠੀ ਲਿਖ ਕੇ ਮੇਰੀ ਕਹਾਣੀ-ਕਲਾ ਅਤੇ ਉਸ ਵਿਚ ਪੇਸ਼ ਦ੍ਰਿਸ਼ਟੀਕੋਣ ਦੀ ਸਰਾਹਨਾ ਕੀਤੀ। ਉਸ ਕਹਾਣੀ ਬਾਰੇ ਪ੍ਰੀਤਲੜੀ ਦੀ ਮਾਰਫ਼ਤ ਆਈਆਂ ਕੁੱਝ ਚਿੱਠੀਆਂ ਵੀ ਨਵਤੇਜ ਸਿੰਘ ਨੇ ਮੈਨੂੰ ਭੇਜੀਆਂ। ਇਨ੍ਹਾਂ ਚਿੱਠੀਆਂ ਵਿਚੋਂ ਮਿਲੀ ਪ੍ਰਸ਼ੰਸਾ ਅਤੇ ਪ੍ਰੇਰਨਾ ਨੇ ਵੀ ਮੈਨੂੰ ਅਹਿਸਾਸ ਦੁਆਇਆ ਕਿ 'ਰਾਜਸੀ ਦਿੱਖ' ਵਾਲੀ ਕਹਾਣੀ ਲਿਖਣਾ ਸਮੇਂ ਦੀ ਲੋੜ ਹੈ। ਰਾਜਸੀ ਤਬਦੀਲੀ ਇਸ ਸਮੇਂ ਦੀ ਮੁੱਖ ਜ਼ਰੂਰਤ ਸਮਝ ਲਈ ਜਾਣ ਕਰ ਕੇ ਮੇਰੀਆਂ ਕਹਾਣੀਆਂ ਦਾ ਆਦਰਸ਼ 'ਇਨਕਲਾਬ' ਹੋ ਗਿਆ। ਜਿਹੜੀ ਲਿਖਤ ਲੋਕ-ਘੋਲਾਂ ਨੂੰ ਤਿੱਖਾ ਅਤੇ ਉਤਸ਼ਾਹਿਤ ਨਹੀਂ ਕਰਦੀ ਉਹ ਮੇਰੇ ਅਤੇ ਮੇਰੇ ਸਮਭਾਵੀ ਲੋਕਾਂ ਲਈ ਗੌਣ-ਮਹੱਤਵ ਦੀ ਧਾਰਨੀ ਸਮਝੀ ਜਾਣ ਲੱਗੀ। 'ਪ੍ਰੀਤਲੜੀ' ਵਿਚ ਛਪ ਜਾਣ ਕਰ ਕੇ ਹੁਣ ਤਾਂ ਮੇਰੇ ਅੰਦਰ 'ਕਹਾਣੀਕਾਰ' ਬਣ ਜਾਣ ਦਾ ਭਰੋਸਾ ਵੀ ਪੈਦਾ ਹੋ ਗਿਆ ਸੀ।

ਇਨ੍ਹਾਂ ਦਿਨਾਂ ਵਿਚ ਹੀ ਲੁਧਿਆਣੇ ਤੋਂ ਛਪਦਾ ਮਾਸਿਕ ਪੱਤਰ 'ਹੇਮ ਜਯੋਤੀ' ਵੀ ਇੱਕ ਦਮ ਆਪਣਾ 'ਰੰਗ' ਬਦਲ ਗਿਆ। ਇਸ ਦਾ ਸੰਪਾਦਕ 'ਸੁਰੇਂਦਰ' ਸਾਹਿਤਕ ਅਤੇ ਸੁਹਜਾਤਮਕ ਰੁਚੀਆਂ ਵਾਲਾ ਵਿਅਕਤੀ ਸੀ। ਉਸ ਨੇ ਕੁੱਝ ਸਾਲ ਪਹਿਲਾਂ ਜਦੋਂ 'ਹੇਮ ਜਯੋਤੀ' ਪਰਚਾ ਸ਼ੁਰੂ ਕੀਤਾ ਤਾਂ ਇਸ ਵਿਚੋਂ ਉਸ ਦੀਆਂ ਇਨ੍ਹਾਂ ਰੁਚੀਆਂ ਦਾ ਝਲਕਾਰਾ ਮਿਲਦਾ ਸੀ। ਕਲਾ, ਸਾਹਿਤ, ਖੇਡਾਂ ਅਤੇ ਬੱਚਿਆਂ ਨੂੰ ਸਮਰਪਿਤ ਇਸ ਪਰਚੇ ਵਿਚ ਤਸਵੀਰਾਂ ਵੀ ਛਪਦੀਆਂ। ਉਸ ਵੇਲੇ ਤੱਕ ਇਸ ਪਰਚੇ ਦੀ ਜ਼ਾਹਿਰਾ ਤੌਰ 'ਤੇ ਕੋਈ ਰਾਜਸੀ ਰੰਗਤ ਨਹੀਂ ਸੀ। ਪਰ ਹੁਣ ਇਹ ਬਦਲੇ ਹੋਏ ਰੰਗ ਵਿਚ ਸਿਆਸਤ ਅਤੇ ਸਾਹਿਤ ਦੇ ਨੇੜਲੇ ਸਬੰਧਾਂ ਨੂੰ ਪ੍ਰਗਟਾਉਣ ਦਾ ਵਾਹਨ ਹੋ ਨਿੱਬੜਿਆ। ਇਸ ਵਿਚ ਲੇਖਕਾਂ ਨੂੰ ਉਚੇਚੀ ਵੰਗਾਰ ਦਿੱਤੀ ਹੁੰਦੀ ਸੀ ਕਿ ਉਹ ਸਮੇਂ ਦੇ ਹਾਣੀ ਹੋ ਕੇ ਵਕਤ ਦੇ ਸ਼ੇਰ ਦੀਆਂ ਅੱਖਾਂ ਵਿਚ ਝਾਕਣ ਦੀ ਜੁਰਅੱਤ ਕਰਨ ਤੇ ਇਹੋ ਜਿਹੀਆਂ ਜਾਨਦਾਰ ਲਿਖਤਾਂ ਲਿਖਣ ਜਿਹੜੀਆਂ 'ਇਨਕਲਾਬ' ਲਈ ਲੜੀ ਜਾ ਸਕਣ ਵਾਲੀ ਵੱਡੀ ਛਾਲ ਵਾਸਤੇ ਪੜੁੱਲ ਬਣਨ। ਸਾਡੇ ਲਈ ਵਰਤਮਾਨ ਸਮੇਂ ਵਿਚ ਲੜੀ ਜਾਣ ਵਾਲੀ ਵੱਡੀ ਸਿਆਸੀ ਲੜਾਈ ਹਿਤ ਪਾਠਕਾਂ ਨੂੰ ਪ੍ਰਭਾਵਿਤ ਅਤੇ ਪ੍ਰੇਰਿਤ ਕਰਨਾ ਹੀ ਸਾਹਿਤ ਦਾ ਮੁੱਖ ਮਨੋਰਥ ਹੋ ਗਿਆ।

ਕੋਈ ਵੀ ਵਡੇਰੀ ਘਟਨਾ, ਦੁਰਘਟਨਾ ਜਾਂ ਸਿਆਸੀ ਹਲਚਲ ਸਭ ਤੋਂ ਪਹਿਲਾਂ ਕਵਿਤਾ ਵਿਚ ਹੀ ਅਭਿਵਿਅਕਤ ਹੁੰਦੀ ਹੈ। ਕਹਾਣੀ ਜਾਂ ਨਾਵਲ ਲਿਖਣ ਲਈ ਪ੍ਰਚਲਿਤ ਵਰਤਾਰੇ ਤੋਂ ਥੋੜ੍ਹੀ ਸਾਹਿਤਕ ਵਿੱਥ ਦਰਕਾਰ ਹੁੰਦੀ ਹੈ ਤਾਂ ਕਿ ਲੇਖਕ ਸਮੇਂ ਦੀ ਵਿੱਥ ਤੋਂ ਵੱਖ ਅਤੇ ਉਚਾ ਹੋ ਕੇ ਸਮੁੱਚੇ ਵਰਤਾਰੇ ਨੂੰ ਨਿਹਾਰ ਅਤੇ ਪੜਤਾਲ ਸਕੇ। ਉਸ ਦੀਆਂ ਗੁੰਝਲਾਂ, ਪਰਤਾਂ ਅਤੇ ਪੇਚੀਦਗੀਆਂ ਨੂੰ ਸਮਝ ਸਕੇ ਅਤੇ ਰਚਨਾ ਵਿਚ ਸੰਤੁਲਤ 'ਸਾਹਿਤਕ ਤਰਕ' ਸਿਰਜ ਸਕਣ ਦੇ ਸਮਰੱਥ ਹੋ ਸਕੇ। ਸਮਕਾਲੀ ਘਟਨਾਵਾਂ ਦੇ ਵਹਿਣ ਵਿਚ ਵਹਿੰਦਿਆਂ ਲੇਖਕ ਦੇ ਇੱਕ-ਪਾਸੜ, ਉਲਾਰ ਅਤੇ ਅੰਤਰਮੁਖੀ ਹੋ ਜਾਣ ਦੀ ਸ਼ੰਕਾ ਅਤੇ ਸੰਭਾਵਨਾ ਬਣੀ ਰਹਿੰਦੀ ਹੈ। ਇਸੇ ਲਈ ਇਸ ਸਮੇਂ ਪੈਦਾ ਹੋਈ ਇਸ ਸਾਹਿਤਕ-ਸਿਆਸੀ ਲਹਿਰ ਨੂੰ ਸਭ ਤੋਂ ਵੱਧ ਭਰਵਾਂ ਹੁੰਗਾਰਾ ਕਵੀਆਂ ਤੋਂ ਮਿਲਿਆ। ਸਾਹਿਤਕ ਚਿਤਰ-ਪੱਟ ਉਤੇ ਪਾਸ਼, ਅਮਰਜੀਤ ਚੰਦਨ, ਹਰਭਜਨ ਹਲਵਾਰਵੀ, ਲਾਲ ਸਿੰਘ ਦਿਲ, ਸੰਤ ਸੰਧੂ, ਦਰਸ਼ਨ ਖਟਕੜ ਆਦਿ ਕਵੀਆਂ ਦਾ ਉਦੈ ਹੋਇਆ।

'ਹੇਮ ਜਯੋਤੀ' ਵਿਚ ਛਪਦੇ ਕਵੀਆਂ ਅਤੇ ਹੋਰ ਲੇਖਕਾਂ ਦੀਆਂ ਲਿਖਤਾਂ 'ਚੋਂ ਤਾਂ ਤਤਕਾਲੀਨ ਸਾਹਿਤਕ-ਸਿਆਸੀ ਚਿੰਤਾ ਦਾ ਪ੍ਰਗਟਾਵਾ ਹੁੰਦਾ ਸੀ, ਪਰ ਪਾਠਕ ਮੰਗ ਕਰ ਰਹੇ ਸਨ ਕਿ ਕਹਾਣੀ ਦੇ ਖੇਤਰ ਵਿਚ ਅਜਿਹੀ ਸਾਹਿਤਕ-ਸਿਆਸੀ ਸੋਚ ਦਾ ਪ੍ਰਗਟਾਵਾ ਕਿਉਂ ਨਹੀਂ ਹੋ ਰਿਹਾ! ਅਜਿਹੀ ਮੰਗ ਕਰਦੀਆਂ ਚਿੱਠੀਆਂ ਵੀ ਪਰਚੇ ਵਿਚ ਛਪ ਰਹੀਆਂ ਸਨ। ਮੇਰਾ ਅੰਦਰ ਵੀ ਇਸ ਲੋੜ ਨੂੰ ਸ਼ਿੱਦਤ ਨਾਲ ਮਹਿਸੂਸ ਕਰ ਰਿਹਾ ਸੀ। ਸਮੇਂ ਦੇ ਰੁਝਾਨ ਮੁਤਾਬਕ ਮੈਂ ਜੁਝਾਰੂ ਕਵਿਤਾਵਾਂ ਵੀ ਲਿਖ ਰਿਹਾ ਸਾਂ ਅਤੇ ਉਸ ਵੇਲੇ ਦੇ ਅੱਠ-ਦਸ ਚੰਗੇ ਸ਼ਾਇਰਾਂ ਦੀ ਸੂਚੀ ਵਿਚ ਪਿਛੇ ਜਿਹੇ ਕਰ ਕੇ ਮੇਰਾ ਨਾਂ ਵੀ ਛਪਦਾ ਹੁੰਦਾ ਸੀ। ਇਨ੍ਹਾਂ ਦਿਨਾਂ ਵਿਚ ਇਨਕਲਾਬੀ ਲੇਖਕਾਂ ਦੀਆਂ ਕਾਨਫਰੰਸਾਂ ਅਤੇ ਕਵੀ ਦਰਬਾਰ ਵੀ ਹੋਣ ਲੱਗੇ। ਮੈਂ ਇਨ੍ਹਾਂ ਕਾਨਫਰੰਸਾਂ ਵਿਚ ਵੀ ਹਾਜ਼ਰ ਹੁੰਦਾ। ਕਵੀ ਦਰਬਾਰਾਂ ਵਿਚ ਕਵਿਤਾਵਾਂ ਪੜ੍ਹਦਾ। ਚਾਰੇ ਪਾਸੇ ਜੋਸ਼ ਅਤੇ ਉਤਸ਼ਾਹ ਦਾ ਵਾਤਾਵਰਣ ਸੀ ਅਤੇ ਕੁੱਝ ਕਰ ਗੁਜ਼ਰਨ ਦੀ ਪ੍ਰਬਲ ਖ਼ਾਹਿਸ਼। ਉਸ ਸਮੇਂ ਛਪੇ ਚੋਣਵੇਂ ਕਾਵਿ-ਸੰਗ੍ਰਹਿਆਂ 'ਆਰੰਭ' ਅਤੇ 'ਅਸੀਂ ਜਿਉਂਦੇ ਅਸੀਂ ਜਾਗਦੇ' ਆਦਿ ਵਿਚ ਵੀ ਮੇਰੀਆਂ ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਸਨ। ਕੁੱਝ ਕਵਿਤਾਵਾਂ ਦੇ ਅਨੁਵਾਦ ਤਾਂ ਉਸ ਵੇਲੇ ਦੇ ਪ੍ਰਸਿੱਧ ਹਿੰਦੀ ਸਪਤਾਹਿਕ 'ਧਰਮ-ਯੁਗ' ਵਿਚ ਵੀ ਛਪੇ ਸਨ।

ਪਰ ਮੈਂ ਕਹਾਣੀ ਲੇਖਕ ਵਜੋਂ ਇਨਕਲਾਬੀ ਰੰਗ ਦੀ ਕਹਾਣੀ ਲਿਖਣ ਵਾਲਾ ਪਹਿਲਾ ਲੇਖਕ ਬਣਨਾ ਚਾਹੁੰਦਾ ਸਾਂ। ਇਨ੍ਹਾਂ ਦਿਨਾਂ ਵਿਚ ਇੱਕ ਨੌਜਵਾਨ ਨੂੰ ਪੁਲਿਸ ਨੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ। ਉਸ ਬਾਰੇ ਪਰੈਸ ਵਿਚ ਖ਼ਾਸਾ ਰੌਲਾ ਪਿਆ। ਨਵਤੇਜ ਸਿੰਘ ਨੇ 'ਪ੍ਰੀਤਲੜੀ' ਵਿਚ 'ਮੇਰੀ ਧਰਤੀ ਮੇਰੇ ਲੋਕ' ਕਾਲਮ ਵਿਚ ਇਸ ਅਣਮਨੁੱਖੀ ਕਤਲ ਬਾਰੇ ਆਪਣਾ ਰੰਜ ਅਤੇ ਰੋਸ ਵੀ ਪ੍ਰਗਟਾਇਆ। ਉਸ ਹੋਣਹਾਰ ਨੌਜਵਾਨ ਦੀ ਮੌਤ ਨੂੰ, ਵਿਚਾਰਧਾਰਕ ਫ਼ਰਕ ਦੇ ਬਾਵਜੂਦ, ਸਾਰੇ ਅਗਾਂਹਵਧੂ ਹਲਕਿਆਂ ਵਿਚ ਨਿੰਦਿਆ ਗਿਆ। ਦੁੱਖ ਅਤੇ ਰੰਜ ਵਿਚ ਭਰੇ ਮੇਰੇ ਮਨ ਨੂੰ ਲੱਗਾ ਕਿ ਮੈਨੂੰ ਉਸ ਦੀ ਮੌਤ 'ਤੇ ਸਾਹਿਤਕ ਹਉਕਾ ਜ਼ਰੂਰ ਭਰਨਾ ਚਾਹੀਦਾ ਹੈ। ਮੈਂ ਕਹਾਣੀ ਲਿਖੀ, 'ਲੋਹੇ ਦੇ ਹੱਥ'। ਜਦੋਂ ਇਹ ਕਹਾਣੀ 'ਹੇਮ ਜਯੋਤੀ' ਵਿਚ ਛਪੀ ਤਾਂ ਇਸ ਦੀ ਬੜੀ ਸਰਾਹਨਾ ਹੋਈ। ਸੁਰੇਂਦਰ ਹੇਮ ਜਯੋਤੀ ਨੇ ਮੈਨੂੰ ਲਿਖਿਆ ਕਿ "ਲੋਹੇ ਦੇ ਹੱਥ" ਵਰਗੀ ਕਹਾਣੀ ਲਿਖਣ ਵਾਲੇ ਤੇਰੇ ਹੱਥ ਚੁੰਮ ਲੈਣ ਨੂੰ ਜੀਅ ਕਰਦਾ ਹੈ!

ਇਸੇ ਸਮੇਂ ਜਦੋਂ ਮੇਰੀਆਂ ਕੁੱਝ ਹੋਰ ਕਹਾਣੀਆਂ 'ਹੇਮ ਜਯੋਤੀ' ਵਿਚ ਛਪੀਆਂ ਤਾਂ ਲੇਖਕਾਂ-ਪਾਠਕਾਂ ਵੱਲੋਂ ਇਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲਣ ਲੱਗਾ। 'ਹੇਮ ਜਯੋਤੀ' ਵਿਚ ਛਪੀਆਂ ਅਤੇ ਮੈਨੂੰ ਆਈਆਂ ਚਿੱਠੀਆਂ ਨੇ ਇਹ ਦੱਸਿਆ ਕਿ ਮੈਂ 'ਸਮੇਂ ਦੇ ਹਾਣ' ਦੀ ਕਹਾਣੀ ਲਿਖ ਰਿਹਾ ਹਾਂ। ਬੇਸ਼ੱਕ ਮੈਂ ਕਵਿਤਾਵਾਂ ਵੀ ਲਿਖ ਰਿਹਾ ਸਾਂ ਪਰ ਪਹਿਲੇ ਅਤੇ ਇਕੋ ਇੱਕ 'ਇਨਕਲਾਬੀ' ਕਹਾਣੀਕਾਰ ਦੇ ਤੌਰ 'ਤੇ ਮੇਰੀ ਪਛਾਣ ਹੋਣੀ ਸ਼ੁਰੂ ਹੋ ਗਈ ਸੀ। 1970 ਦੇ ਖ਼ਤਮ ਹੁੰਦਿਆਂ ਅਗਲੇ ਸਾਲ ਵਿਚ ਉਭਰ ਰਹੀਆਂ ਨਵੀਆਂ ਸਾਹਿਤਕ ਸੰਭਾਵਨਾਵਾਂ ਵਜੋਂ 'ਹੇਮ ਜਯੋਤੀ' ਦੇ ਸੰਪਾਦਕੀ ਵਿਚ ਲਿਖਿਆ ਗਿਆ, "ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ ਅਤੇ ਵਰਿਆਮ ਸੰਧੂ 1971 ਦਾ ਇਕਰਾਰ ਹਨ।"

ਇਨ੍ਹਾਂ ਵਿਚੋਂ ਪਹਿਲੇ ਤਿੰਨ ਤਾਂ ਕਵੀ ਸਨ। ਕੇਵਲ ਮੈਂ ਹੀ ਇਕੱਲਾ ਸਬੰਧਤ ਵਿਚਾਰਧਾਰਾ ਦੇ ਸਾਹਿਤਕ ਆਗੂਆਂ ਦੀਆਂ ਨਜ਼ਰਾਂ ਵਿਚ, ਕੁੱਝ 'ਨਵਾਂ ਕਰ ਸਕਣ ਵਾਲਾ' ਕਹਾਣੀਕਾਰ ਸਾਂ। ਇਨ੍ਹਾਂ ਹੀ ਦਿਨਾਂ ਵਿਚ ਮੈਨੂੰ ਹਰਭਜਨ ਹਲਵਾਰਵੀ ਅਤੇ ਅਮਰਜੀਤ ਚੰਦਨ ਆ ਮਿਲੇ। ਉਨ੍ਹਾਂ ਦੀ ਸੋਚ ਮੁਤਾਬਕ ਮੈਂ ਉਨ੍ਹਾਂ ਦਾ ਸੰਗੀ-ਸਾਥੀ ਬਣਨ ਵਾਲਾ ਬੜਾ ਯੋਗ ਵਿਅਕਤੀ ਸਾਂ। ਹਲਵਾਰਵੀ ਉਸ ਵੇਲੇ ਨਕਸਲਬਾੜੀ ਲਹਿਰ ਨਾਲ ਸਬੰਧਤ ਰਾਜਸੀ ਪਰਚੇ 'ਲੋਕ-ਯੁੱਧ' ਦਾ ਸੰਪਾਦਕ ਅਤੇ ਪਾਰਟੀ ਦੀ ਸੂਬਾ ਕਮੇਟੀ ਦਾ ਮੈਂਬਰ ਸੀ ਪਰ ਉਹ ਅਮਰਜੀਤ ਚੰਦਨ ਨਾਲ ਮਿਲ ਕੇ 'ਸਾਹਿਤਕ ਫ਼ਰੰਟ' ਨੂੰ ਉਸਾਰਨ ਅਤੇ ਮਜ਼ਬੂਤ ਕਰਨ ਲਈ ਵੀ ਯੋਗਦਾਨ ਪਾ ਰਿਹਾ ਸੀ। ਚੰਦਨ ਨੂੰ ਮੈਂ ਪਹਿਲਾਂ ਵੀ ਇੱਕ ਦੋ ਮੀਟਿੰਗਾਂ ਵਿਚ ਵੇਖਿਆ ਅਤੇ ਮਿਲਿਆ ਹੋਇਆ ਸਾਂ। ਸਾਡੀ ਇਹ ਮਿਲਣੀ ਅੰਮ੍ਰਿਤਸਰ ਦੇ ਹਾਲ-ਬਾਜ਼ਾਰ ਦੇ ਬਾਹਰ ਕਿਸੇ ਚਾਹ ਦੀ ਦੁਕਾਨ ਉਤੇ ਹੋਈ। ਇਸ ਉਚੇਚੀ ਮਿਲਣੀ ਦਾ ਮਕਸਦ ਜ਼ਾਹਿਰ ਸੀ ਕਿ ਮੈਂ ਉਨ੍ਹਾਂ ਦੇ 'ਸੰਘਰਸ਼' ਵਿਚ ਉਨ੍ਹਾਂ ਦਾ ਸਾਥੀ ਬਣਾਂ!

ਉਹ ਦੋਵੇਂ ਉਸ ਤੋਂ ਬਾਅਦ ਮੇਰੇ ਕੋਲ ਮੇਰੇ ਪਿੰਡ ਵੀ ਆਉਣ ਲੱਗੇ। ਅਮਰਜੀਤ ਚੰਦਨ ਘੱਟ ਬੋਲਦਾ ਪਰ ਤਿੱਖੀ ਵਿਅੰਗਮਈ ਗੱਲ ਕਰ ਕੇ ਟੇਢੇ ਰੁਖ਼ ਮੁਸਕਰਾਉਂਦਾ, ਜਦ ਕਿ ਹਲਵਾਰਵੀ ਵਧੇਰੇ ਬੇਬਾਕ ਅਤੇ ਖੁੱਲ੍ਹ ਕੇ ਨਿਰਛਲ ਹਾਸਾ ਹੱਸਣ ਵਾਲਾ ਵਿਅਕਤੀ ਸੀ। ਦੋਵੇਂ ਹੀ ਉਸ ਵੇਲੇ ਅੰਡਰਗਰਾਊਂਡ ਸਨ। ਦੋਵਾਂ ਨਾਲ ਹੀ ਮੇਰੀ ਨੇੜਲੀ ਸਾਂਝ ਸੀ। ਦੋਵੇਂ ਹੀ ਮੈਨੂੰ ਪਿਆਰ ਕਰਦੇ। ਮੇਰੇ ਮਾਂ-ਪਿਓ ਉਨ੍ਹਾਂ ਨੂੰ ਆਪਣੇ ਪੁੱਤਰਾਂ ਵਾਂਗ ਰੱਖਦੇ। ਮੇਰੇ ਮਾਪਿਆਂ ਨੂੰ ਇਹ ਵੀ ਲੱਗਦਾ ਕਿ ਮਾਵਾਂ ਦੇ ਇਹ ਲਾਡਲੇ ਪੁੱਤ ਘਰ-ਘਾਟ ਛੱਡ ਕੇ, ਸਿਰ 'ਤੇ ਖੱਫਣ ਬੰਨ੍ਹ ਕੇ ਭਗਤ ਸਿੰਘ ਵਾਂਗ ਕੁਰਬਾਨ ਹੋਣ ਲਈ ਮੈਦਾਨ ਵਿਚ ਨਿੱਤਰੇ ਹੋਏ ਹਨ।

ਅਗਲੇ ਦਿਨਾਂ ਵਿਚ ਮੈਂ ਹਲਵਾਰਵੀ ਨਾਲ ਕੁੱਝ ਵਧੇਰੇ ਖੁੱਲ੍ਹ ਗਿਆ। ਉਹ ਮੇਰੇ ਲਈ ਗੋਰੇ ਚਿਹਰੇ ਵਾਲਾ, ਗਿਣ-ਮਿੱਥ ਕੇ ਸੋਚ ਸੋਚ ਕੇ ਗੱਲ ਕਰਨ ਵਾਲਾ ਰਾਜਸੀ ਆਗੂ ਨਾ ਰਹਿ ਕੇ, ਅਪਣੱਤ-ਭਾਵ ਨਾਲ ਭਰਿਆ, ਸਰਲ ਸ਼ਖ਼ਸੀਅਤ ਵਾਲਾ ਮੋਹ-ਵੰਤਾ ਇਨਸਾਨ ਬਣ ਗਿਆ।

ਕਹਿੰਦੇ ਹਨ ਜਦੋਂ ਤੁਸੀਂ ਕਿਸੇ ਨਾਲ ਪਿਆਰ ਅਤੇ ਲਿੰਗ-ਸਬੰਧਾਂ ਦੇ ਮੁਆਮਲੇ ਵਿਚ ਆਪਣੇ ਭੇਦ ਸਾਂਝੇ ਕਰਨ ਲੱਗ ਜਾਵੋ ਤਾਂ ਤੁਹਾਡੀ ਆਪਸ ਵਿਚਲੀ ਅਹੁਦੇ ਜਾਂ ਦਰਜੇ ਦੀ ਪਹਿਲ-ਦੂਜ ਖ਼ਤਮ ਹੋ ਜਾਂਦੀ ਹੈ ਅਤੇ ਤੁਸੀਂ ਇੱਕ ਦੂਜੇ ਨਾਲ ਬਰਾਬਰ ਦੀ ਧਿਰ ਵਜੋਂ ਵਿਚਰਨਾ ਸ਼ੁਰੂ ਕਰ ਦਿੰਦੇ ਹੋ। ਸਾਡੇ ਨਾਲ ਵੀ ਇੰਜ ਹੀ ਹੋਇਆ। ਇਸ ਵਿਸ਼ੇ ਉਤੇ ਸਾਡੇ ਕੋਲ ਭਾਵੇਂ ਬਹੁਤਾ ਕੁੱਝ ਦੱਸਣ-ਸੁਣਨ ਲਈ ਹੈ ਨਹੀਂ ਸੀ ਪਰ ਜਿੰਨਾਂ ਵੀ ਸੀ, ਉਹ ਅਸੀਂ ਇੱਕ ਦੂਜੇ ਨਾਲ ਸਾਂਝਾ ਕਰਨ ਲੱਗ ਪਏ। ਸਾਡੀ ਇਹ ਸਾਂਝ ਨਿਰੋਲ ਰਾਜਸੀ ਸਾਂਝ ਨਾ ਰਹਿ ਕੇ ਮਾਨਵੀ ਸਾਂਝ ਬਣ ਗਈ। ਪਰ ਰਾਜਸੀਪਣ ਇਸ ਵਿਚੋਂ ਗ਼ੈਰਹਾਜ਼ਰ ਨਹੀਂ ਸੀ। ਹਲਵਾਰਵੀ ਨੇ ਮੇਰਾ ਹੁਣ ਤੱਕ ਦਾ ਲਿਖਿਆ ਸਾਰਾ ਸਾਹਿਤ ਪੜ੍ਹਿਆ। ਮੇਰੇ ਚੰਗੇ ਲਿਖੇ ਦੀ ਪ੍ਰਸ਼ੰਸਾ ਕੀਤੀ ਅਤੇ ਕੱਚੀ ਲਿਖਤ ਉਤੇ ਅਸੀਂ ਦੋਵੇਂ ਰਲ ਕੇ ਹੱਸਦੇ ਵੀ।

ਆਪਣੀ ਲਿਖਤ ਨੂੰ ਇੰਜ ਦੂਰੀ ਤੋਂ ਵੇਖ ਕੇ ਉਸ ਉਤੇ ਹੱਸ ਸਕਣਾ ਅਤੇ ਉਸ ਨੂੰ ਰੱਦ ਕਰ ਸਕਣਾ ਉਸ ਲੇਖਕ ਲਈ ਬਹੁਤ ਜ਼ਰੂਰੀ ਹੈ ਜੋ ਅੱਗੇ ਕੁੱਝ ਨਵਾਂ ਕਰਨਾ ਚਾਹੁੰਦਾ ਹੈ। ਮੈਂ ਕਿਉਂਕਿ ਇਸ ਸਮੇਂ ਕੁੱਝ ਨਵਾਂ, ਵੱਖਰਾ ਅਤੇ ਵਿਸ਼ੇਸ਼ ਲਿਖਣਾ ਅਤੇ ਦਿਸਣਾ ਚਾਹੁੰਦਾ ਸਾਂ, ਇਸ ਲਈ ਮੈਨੂੰ ਆਪਣੇ ਪੁਰਾਣੇ ਲਿਖੇ ਤੋਂ ਇੱਕ ਦਮ ਨਾਤਾ ਤੋੜਨ ਦੀ ਲੋੜ ਵੀ ਮਹਿਸੂਸ ਹੋਈ। ਰੋਮਾਂਟਿਕ-ਇਨਕਲਾਬੀ ਤੇ ਸੁਧਾਰਵਾਦੀ ਰੰਗ ਤਾਂ ਭਾਵੇਂ ਮੇਰੀਆਂ ਪਹਿਲਾਂ ਲਿਖੀਆਂ ਕਹਾਣੀਆਂ ਵਿਚ ਵੀ ਸੀ ਤਦ ਵੀ ਉਨ੍ਹਾਂ ਵਿਚੋਂ ਕੁੱਝ ਕਹਾਣੀਆਂ ਮਨੋਵਿਗਿਆਨਕ ਰੰਗਣ ਵਾਲੀਆਂ ਯਥਾਰਥਕ ਤੇ ਕਲਾਤਮਕ ਕਹਾਣੀਆਂ ਵੀ ਸਨ। ਪਰ ਹੁਣ ਸਿਆਸੀ ਵਿਚਾਰਧਾਰਾ ਨਾਲ ਪ੍ਰਤੀਬੱਧ ਹੋ ਕੇ ਨਿਸ਼ਚਿਤ ਸਿਆਸੀ ਮਕਸਦ ਦੀ ਪੂਰਤੀ ਲਈ ਲਿਖਣਾ ਮੇਰਾ ਉਦੇਸ਼ ਹੋ ਗਿਆ। ਜੀਵਨ ਦੇ ਵਿਭਿੰਨ ਰੰਗਾਂ ਨੂੰ ਪੜ੍ਹਨ ਤੇ ਪਛਾਣਨ ਵਾਲੀ ਸਾਹਿਤਕ ਨਜ਼ਰ ਨੂੰ ਮੈਂ 'ਲਾਲ ਰੰਗ' ਵਾਲੀਆਂ ਐਨਕਾਂ ਲਾ ਕੇ ਓਹਲੇ ਵਿਚ ਕਰ ਲਿਆ। ਮੈਨੂੰ ਕੇਵਲ ਤੇ ਕੇਵਲ ਇੱਕ ਰੰਗ ਹੀ ਦਿਖਾਈ ਦੇਣ ਲੱਗਾ। ਲੱਗਦਾ, ਦੂਜੇ ਰੰਗਾਂ ਨਾਲ ਖੇਡਣਾ ਝੱਖ ਮਾਰਨ ਬਰਾਬਰ ਹੈ।

ਹੁਣ ਤੱਕ ਦਾ ਮੇਰਾ ਜੋ ਕੁੱਝ ਵੀ ਛਪਿਆ ਸੀ ਉਹ ਸਾਰਾ ਹੀ ਆਪਣੀ ਮਾਂ ਨੂੰ ਚੁੱਲ੍ਹੇ ਵਿਚ ਅੱਗ ਬਾਲਣ ਲਈ ਦੇ ਦਿੱਤਾ। ਹੁਣ ਮੈਂ ਬੀਤੇ ਦੀਆਂ ਲਿਖਤਾਂ ਤੋਂ ਸੁਰਖ਼ਰੂ ਹੋ ਗਿਆ ਸਾਂ। ਇਹੋ ਹੀ ਕਾਰਨ ਸੀ ਕਿ ਜਦੋਂ ਮੈਨੂੰ ਆਖਿਆ ਗਿਆ ਕਿ ਪਹਿਲਾ ਕਹਾਣੀ-ਸੰਗ੍ਰਹਿ ਛਪਵਾਉਣ ਲਈ ਆਪਣੀਆਂ ਚੋਣਵੀਆਂ ਕਹਾਣੀਆਂ ਦਾ ਖਰੜਾ ਤਿਆਰ ਕਰਾਂ ਤਾਂ ਮੈਨੂੰ ਮਸਾਂ ਦਸ ਕਹਾਣੀਆਂ ਲੱਭ ਸਕੀਆਂ, ਜਿਹੜੀਆਂ ਮੁਸ਼ਕਿਲ ਨਾਲ ਕਿਤਾਬ ਦੇ ਅੱਸੀ ਕੁ ਪੰਨਿਆਂ ਤੱਕ ਹੀ ਫ਼ੈਲ ਸਕੀਆਂ। 1971 ਵਿਚ ਛਪੇ ਇਸ ਸੰਗ੍ਰਹਿ 'ਲੋਹੇ ਦੇ ਹੱਥ' ਨੂੰ ਛਪਾਉਣ ਦਾ ਸਾਰਾ ਉਦਮ ਅਮਰਜੀਤ ਚੰਦਨ ਨੇ ਕੀਤਾ। ਇਸ ਤੋਂ ਕੁੱਝ ਚਿਰ ਪਹਿਲਾਂ ਨਾਟਕਕਾਰ ਗੁਰਸ਼ਰਨ ਸਿੰਘ ਨਵੇਂ ਸਥਾਪਤ ਕੀਤੇ ਪ੍ਰਕਾਸ਼ਨ-ਘਰ 'ਬਲਰਾਜ ਸਾਹਨੀ ਪੁਸਤਕਾਲਾ' ਵੱਲੋਂ ਪਾਸ਼ ਅਤੇ ਸੰਤ ਸੰਧੂ ਦੇ ਕਾਵਿ-ਸੰਗ੍ਰਹਿ 'ਲੋਹ-ਕਥਾ' ਅਤੇ 'ਸੀਸ ਤਲੀ 'ਤੇ' ਛਾਪ ਚੁੱਕਾ ਸੀ। ਮੇਰਾ ਕਹਾਣੀ ਸੰਗ੍ਰਹਿ ਵੀ ਗੁਰਸ਼ਰਨ ਸਿੰਘ ਵੱਲੋਂ ਹੀ ਛਾਪਿਆ ਗਿਆ ਪਰ ਇਸ ਉਤੇ ਸੁਰੇਂਦਰ ਹੇਮ ਜਯੋਤੀ ਨਾਲ ਸਬੰਧਤ 'ਦੇਵਦੂਤ ਪਬਲਿਸ਼ਰਜ਼, ਲੁਧਿਆਣਾ' ਦਾ ਨਾਮ ਪ੍ਰਕਾਸ਼ਕ ਵਜੋਂ ਛਾਪਿਆ ਗਿਆ।

ਕਿਤਾਬ ਛਪ ਗਈ ਤਾਂ ਗੁਰਸ਼ਰਨ ਸਿੰਘ ਨੇ ਮੁਖ਼ਤਾਰ ਗਿੱਲ ਦੇ ਹੱਥ ਇਸ ਦੀਆਂ ਸੌ ਕਾਪੀਆਂ ਮੈਨੂੰ ਭੇਜੀਆਂ। ਇਸ ਵਿਚ ਪੱਛਮੀ ਨਿੱਕੀ ਕਹਾਣੀ ਦੇ ਅਕਾਦਮਿਕ ਬੰਧੇਜ ਅਨੁਸਾਰ ਨਿੱਕੇ ਆਕਾਰ ਦੀਆਂ ਕਹਾਣੀਆਂ ਸ਼ਾਮਲ ਸਨ। ਇਨ੍ਹਾਂ ਕਹਾਣੀਆਂ ਵਿਚ ਆਰਥਕ ਕਾਣੀ-ਵੰਡ ਅਤੇ ਗ਼ਰੀਬੀ ਦਾ ਸੰਤਾਪ, ਪ੍ਰਾਪਤ ਆਜ਼ਾਦੀ ਦਾ ਖੋਖਲਾਪਨ, ਸਥਾਪਤ ਤਾਕਤਾਂ ਦਾ ਜਬਰ-ਜ਼ੁਲਮ ਵੀ ਸੀ ਅਤੇ ਇਸ ਜ਼ਾਲਮ ਅਤੇ ਜਾਬਰ ਨਿਜ਼ਾਮ ਨੂੰ ਤਬਦੀਲ ਕਰਨ ਦੀ ਵੰਗਾਰ ਵੀ। 'ਜੇਬ ਕਤਰੇ' ਅਤੇ 'ਲੋਹੇ ਦੇ ਹੱਥ' ਵਿਚ ਤਾਂ ਇਸ ਸਥਾਪਤ ਨਿਜ਼ਾਮ ਨੂੰ ਬਦਲਣ ਹਿਤ ਅੰਧ ਵਿਸ਼ਵਾਸ ਤਿਆਗ ਕੇ ਵਿਗਿਆਨਕ ਸੋਚ ਦੇ ਲੜ ਲੱਗਣ, ਹਥਿਆਰਬੰਦ ਹੋ ਕੇ ਸੰਘਰਸ਼ ਕਰਨ ਅਤੇ ਆਪਣੇ ਨਿਸ਼ਾਨੇ ਲਈ ਕੁਰਬਾਨ ਹੋ ਜਾਣ ਦਾ ਸਾਹਿਤਕ ਸੱਦਾ ਵੀ ਦਿੱਤਾ ਗਿਆ ਸੀ। ਇਸ ਘੋਲ ਨੂੰ ਪੰਜਾਬ ਦੇ ਗੌਰਵਮਈ ਇਤਿਹਾਸ-ਸੰਘਰਸ਼ ਨਾਲ ਜੋੜ ਕੇ ਵੇਖਣ ਦਾ ਯਤਨ ਵੀ ਇਨ੍ਹਾਂ ਕਹਾਣੀਆਂ ਵਿਚੋਂ ਨਜ਼ਰ ਆਉਂਦਾ ਸੀ।

ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਤਾਂ ਪਹਿਲਾਂ ਹੀ 'ਹੇਮ ਜਯੋਤੀ', 'ਆਰਸੀ' ਅਤੇ 'ਪ੍ਰੀਤਲੜੀ' ਆਦਿ ਵਿਚ ਛਪ ਚੁੱਕੀਆਂ ਸਨ ਪਰ ਕਿਤਾਬੀ ਰੂਪ ਵਿਚ ਛਪ ਕੇ ਆਉਣ ਉਤੇ ਇਹ ਪਾਠਕਾਂ ਦੇ ਵੱਡੇ ਦਾਇਰੇ ਤੱਕ ਪੁੱਜ ਗਈਆਂ ਅਤੇ ਪ੍ਰਸ਼ੰਸਾ ਦੀਆਂ ਪਾਤਰ ਬਣੀਆਂ। ਖ਼ਾਸ ਤੌਰ ਉਤੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਪਾਸ਼ ਦੀ 'ਲੋਹ ਕਥਾ', ਸੰਤ ਸੰਧੂ ਦੀ 'ਸੀਸ ਤਲੀ 'ਤੇ' ਅਤੇ ਮੇਰੀ ਪੁਸਤਕ 'ਲੋਹੇ ਦੇ ਹੱਥ' ਉਚੇਚ ਨਾਲ ਖ਼ਰੀਦੀਆਂ ਅਤੇ ਪੜ੍ਹੀਆਂ ਜਾਣ ਲੱਗੀਆਂ। ਕੁੱਝ ਨਵੇਂ ਛਪਦੇ ਪਰਚਿਆਂ ਵਿਚ ਇਹ ਕਹਾਣੀਆਂ ਪੁਨਰ-ਪ੍ਰਕਾਸ਼ਿਤ ਵੀ ਹੋਈਆਂ। ਸਾਡੇ ਪਿੰਡ ਲਾਗਲੇ ਕਾਲਜ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਦਸੰਬਰ 1971 ਵਿਚ ਸੁਰਜੀਤ ਪਾਤਰ ਤੇ ਜੋਗਿੰਦਰ ਕੈਰੋਂ ਵੱਲੋਂ ਕਰਵਾਏ ਗਏ ਕਵੀ ਦਰਬਾਰ ਵਿਚ ਹਿੱਸਾ ਲੈਣ ਗਿਆ ਤਾਂ ਵੇਖਿਆ ਕਿ ਕੰਧਾਂ ਉਤੇ ਕਾਲੇ ਪੇਂਟ ਨਾਲ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ, 'ਲੋਹੇ ਦੇ ਹੱਥ' ਕਿਤਾਬ ਮਾਰਕਿਟ ਵਿਚ ਆ ਗਈ ਹੈ, 'ਲੋਹੇ ਦੇ ਹੱਥ' ਪੜ੍ਹੋ, ਆਦਿ।"

ਰਾਮ ਸਰੂਪ ਅਣਖੀ ਨੇ ਇਸ ਕਹਾਣੀ-ਸੰਗ੍ਰਹਿ ਬਾਰੇ ਅਜੀਤ ਅਖ਼ਬਾਰ ਵਿਚ ਲਿਖਿਆ ਸੀ ਕਿ ਜੇ ਇਸ ਵਕਤ ਤੱਕ ਛਪੇ ਸਾਰੇ ਕਹਾਣੀ-ਸੰਗ੍ਰਹਿ ਤੱਕੜੀ ਦੇ ਇੱਕ ਪੱਲੜੇ ਵਿਚ ਰੱਖ ਦਿੱਤੇ ਜਾਣ ਤੇ ਦੂਜੇ ਪਲੜੇ ਵਿਚ 'ਲੋਹੇ ਦੇ ਹੱਥ' ਨਿੱਕੀ ਜਿਹੀ ਪੁਸਤਕ ਰੱਖ ਦਿੱਤੀ ਜਾਵੇ ਤਾਂ 'ਲੋਹੇ ਦੇ ਹੱਥ' ਵਾਲਾ ਪਲੜਾ ਭਾਰੀ ਹੋਵੇਗਾ।

'ਤੀਸਰੀ ਅੱਖ' ਨਾਮ ਦੇ ਕਾਲਮ ਹੇਠ 'ਸਰਦਲ' ਦੇ ਅਕਤੂਬਰ 1972 ਦੇ ਅੰਕ ਵਿਚ ਗੁਰਸ਼ਰਨ ਸਿੰਘ ਨੇ ਲਿਖਿਆ, 'ਲੋਹੇ ਦੇ ਹੱਥ' ਸੰਗ੍ਰਹਿ ਦੀ ਇੱਕ ਇੱਕ ਕਹਾਣੀ, 'ਕਾਲੀ ਧੁੱਪ', 'ਨੰਗਾ ਸੂਰਜ', 'ਸਾਂਝ', 'ਪੁੱਛਣਾ', 'ਅੱਖਾਂ ਵਿਚ ਮਰ ਗਈ ਖ਼ੁਸ਼ੀ', 'ਦੁਖਾਂਤ ਦਾ ਸਫ਼ਰ', 'ਰਾਖਾ', 'ਅਨੋਖਾ ਰਾਹੀ', 'ਜੇਬ ਕਤਰੇ', 'ਲੋਹੇ ਦੇ ਹੱਥ', ਸੰਘਰਸ਼ਸ਼ੀਲ ਸਾਹਿਤ ਦੇ ਮਿਥੇ ਹੋਏ ਟੀਚੇ 'ਤੇ ਪੂਰੀ ਉਤਰਦੀ ਹੈ। ਇਹ ਕਹਾਣੀਆਂ ਕਹਾਣੀ ਕਲਾ ਦੀ ਹਰ ਪਰਖ ਤੇ ਪੂਰਾ ਉਤਰਦੀਆਂ ਹਨ ਅਤੇ

***ਕੋਈ ਵੀ ਵਡੇਰੀ ਘਟਨਾ, ਦੁਰਘਟਨਾ ਜਾਂ ਸਿਆਸੀ ਹਲਚਲ ਸਭ ਤੋਂ ਪਹਿਲਾਂ ਕਵਿਤਾ ਵਿਚ ਹੀ ਅਭਿਵਿਅਕਤ ਹੁੰਦੀ ਹੈ। ਕਹਾਣੀ ਜਾਂ ਨਾਵਲ ਲਿਖਣ ਲਈ ਪ੍ਰਚਲਿਤ ਵਰਤਾਰੇ ਤੋਂ ਥੋੜ੍ਹੀ ਸਾਹਿਤਕ ਵਿੱਥ ਦਰਕਾਰ ਹੁੰਦੀ ਹੈ ਤਾਂ ਕਿ ਲੇਖਕ ਸਮੇਂ ਦੀ ਵਿੱਥ ਤੋਂ ਵੱਖ ਅਤੇ ਉਚਾ ਹੋ ਕੇ ਸਮੁੱਚੇ ਵਰਤਾਰੇ ਨੂੰ ਨਿਹਾਰ ਅਤੇ ਪੜਤਾਲ ਸਕੇ। ਉਸ ਦੀਆਂ ਗੁੰਝਲਾਂ, ਪਰਤਾਂ ਅਤੇ ਪੇਚੀਦਗੀਆਂ ਨੂੰ ਸਮਝ ਸਕੇ ਅਤੇ ਰਚਨਾ ਵਿਚ ਸੰਤੁਲਤ 'ਸਾਹਿਤਕ ਤਰਕ' ਸਿਰਜ ਸਕਣ ਦੇ ਸਮਰੱਥ ਹੋ ਸਕੇ। ਸਮਕਾਲੀ ਘਟਨਾਵਾਂ ਦੇ ਵਹਿਣ ਵਿਚ ਵਹਿੰਦਿਆਂ ਲੇਖਕ ਦੇ ਇੱਕ-ਪਾਸੜ, ਉਲਾਰ ਅਤੇ ਅੰਤਰਮੁਖੀ ਹੋ ਜਾਣ ਦੀ ਸ਼ੰਕਾ ਅਤੇ ਸੰਭਾਵਨਾ ਬਣੀ ਰਹਿੰਦੀ ਹੈ। ਇਸੇ ਲਈ ਇਸ ਸਮੇਂ ਪੈਦਾ ਹੋਈ ਇਸ ਸਾਹਿਤਕ-ਸਿਆਸੀ ਲਹਿਰ ਨੂੰ ਸਭ ਤੋਂ ਵੱਧ ਭਰਵਾਂ ਹੁੰਗਾਰਾ ਕਵੀਆਂ ਤੋਂ ਮਿਲਿਆ। ਸਾਹਿਤਕ ਚਿਤਰ-ਪੱਟ ਉਤੇ ਪਾਸ਼, ਅਮਰਜੀਤ ਚੰਦਨ, ਹਰਭਜਨ ਹਲਵਾਰਵੀ, ਲਾਲ ਸਿੰਘ ਦਿਲ, ਸੰਤ ਸੰਧੂ, ਦਰਸ਼ਨ ਖਟਕੜ ਆਦਿ ਕਵੀਆਂ ਦਾ ਉਦੈ ਹੋਇਆ।***

ਆਮ ਕਹੇ ਗਏ ਇਸ ਕਥਨ ਨੂੰ ਕਿ ਨਵੇਂ ਲੇਖਕਾਂ ਵਿਚ ਸਾਧਨਾ ਦੀ ਘਾਟ ਹੈ, ਝੁਠਲਾਉਂਦੀਆਂ ਹਨ।"

ਨੌਜਵਾਨ ਵਰਗ ਤੇ ਤਬਦੀਲੀ ਦੀ ਖ਼ਾਹਸ਼ ਰੱਖਣ ਵਾਲੇ ਲੇਖਕਾਂ ਵਿਚ ਇਸ ਕਹਾਣੀ-ਸੰਗ੍ਰਹਿ ਨੇ ਮੈਨੂੰ ਉਚੇਚੀ ਪਛਾਣ ਅਤੇ ਪ੍ਰਸਿੱਧੀ ਦਿੱਤੀ। ਪਰ ਕੁੱਝ ਹੋਰ ਹਲਕਿਆਂ ਵੱਲੋਂ 'ਵਿਚਾਰਾਂ ਸਦਕਾ ਕਲਾ ਨੂੰ ਕੁਰਬਾਨ ਕਰਨ' ਦੇ ਮੇਰੇ ਸਾਹਿਤਕ ਵਤੀਰੇ ਦੀ ਆਲੋਚਨਾ ਵੀ ਹੋਈ। ਉਨ੍ਹਾਂ ਲੇਖਕਾਂ-ਆਲੋਚਕਾਂ ਵੱਲੋਂ ਲੋਕ-ਪੀੜ ਨੂੰ ਸੁਹਿਰਦਤਾ ਨਾਲ ਅਨੁਭਵ ਕਰ ਕੇ ਲਿਖੀਆਂ ਗਈਆਂ ਇਨ੍ਹਾਂ ਕਹਾਣੀਆਂ ਦੀ ਦਿਸ਼ਾ ਨੂੰ ਤਾਂ ਸਲਾਹੁਣਯੋਗ ਆਖਿਆ ਗਿਆ ਪਰ ਨਾਲ ਹੀ ਇਹ ਵੀ ਕਿਹਾ ਕਿ ਮੈਨੂੰ ਭਵਿੱਖ ਵਿਚ ਵਧੇਰੇ ਸਫ਼ਲ ਅਤੇ ਪ੍ਰਭਾਵਸ਼ਾਲੀ ਕਹਾਣੀਆਂ ਸਿਰਜਣ ਲਈ 'ਅਸੁਭਾਵਕਤਾ ਅਤੇ ਉਪਭਾਵਕਤਾ' ਤੋਂ ਛੁਟਕਾਰਾ ਪਾਉਣਾ ਪਵੇਗਾ। ਮੇਰੀਆਂ ਕਹਾਣੀਆਂ ਵਿਚ 'ਬਲਵਾਨ ਸਮਾਜਕ ਚੇਤਨਾ' ਦੀ ਪ੍ਰਸ਼ੰਸਾ ਕਰਦਿਆਂ ਇਸ ਵਿਚਲੇ 'ਭਾਸ਼ਣਕਾਰੀ ਅਤੇ ਨਾਅਰੇਬਾਜ਼ੀ ਵਾਲੇ ਅੰਸ਼' ਨੂੰ ਤਿਆਗਣ ਦੀ ਸਲਾਹ ਵੀ ਦਿੱਤੀ ਗਈ। ਪ੍ਰੇਮ ਪ੍ਰਕਾਸ਼ ਨੇ 'ਨਵੀਂ ਸੂਝ' ਵਾਲੀਆਂ ਅਤੇ 'ਨਵੇਂ ਲੇਖਕਾਂ ਨੂੰ ਨਵਾਂ ਰਾਹ ਦੱਸਣ ਵਾਲੀਆਂ' ਇਨ੍ਹਾਂ ਕਹਾਣੀਆਂ ਦੀ ਪ੍ਰਸ਼ੰਸਾ ਵੀ ਕੀਤੀ ਪਰ ਨਾਲ ਹੀ ਮੈਨੂੰ ਸੇਖੋਂ, ਵਿਰਕ, ਧੀਰ ਵਾਲੀ ਪਰੰਪਰਾ ਅਨੁਸਾਰ 'ਪੁਰਾਣੇ ਨੁਸਖ਼ਿਆਂ ਨੂੰ ਵਰਤਣ ਵਾਲਾ ਕਹਾਣੀਕਾਰ' ਵੀ ਆਖਿਆ।

ਜਿਹੜੇ ਲੋਕ ਇਨ੍ਹਾਂ ਕਹਾਣੀਆਂ ਵਿਚ ਪ੍ਰਚਾਰ ਦੇ ਅੰਸ਼ ਦਾ ਜ਼ਿਕਰ ਕਰ ਕੇ ਇਨ੍ਹਾਂ ਕਹਾਣੀਆਂ ਦਾ ਕਲਾਤਮਕ ਕੱਦ ਘੱਟ ਦੱਸਣਾ ਲੋੜਦੇ ਸਨ, ਉਨ੍ਹਾਂ ਦੀ ਰਾਇ ਨਾਲ ਮੈਨੂੰ ਇਖ਼ਤਲਾਫ਼ ਨਹੀਂ, ਕਿਉਂਕਿ ਇਨ੍ਹਾਂ ਵਿਚੋਂ ਕੁੱਝ ਕਹਾਣੀਆਂ ਵਾਕਿਆ ਹੀ ਨਿਸਚਿਤ ਵਿਚਾਰਧਾਰਾ ਦੇ ਪ੍ਰਚਾਰ ਹਿਤ ਲਿਖੀਆਂ ਗਈਆਂ ਸਨ, ਪਰ ਅਜਿਹਾ ਨਹੀਂ ਕਿ ਸਾਰੀਆਂ ਕਹਾਣੀਆਂ ਹੀ ਸੁੱਟ ਪਾਉਣ ਵਾਲੀਆਂ ਸਨ। ਇਨ੍ਹਾਂ ਵਿਚ 'ਕਾਲੀ ਧੁੱਪ', ਤੇ 'ਨੰਗਾ ਸੂਰਜ', ਤਾਂ ਅਨੁਵਾਦਿਤ ਹੋ ਕੇ ਉਸ ਸਮੇਂ ਦੇ ਹਿੰਦੀ ਦੇ ਚਰਚਿਤ ਪਰਚਿਆਂ ਵਿਚ ਵੀ ਛਪੀਆਂ। 'ਕਾਲੀ ਧੁੱਪ' ਨਾਮ ਦੀ ਨਿੱਕੀ ਕਹਾਣੀ ਤਾਂ ਹਿੰਦੀ ਦੇ ਤਤਕਾਲੀਨ ਪ੍ਰਸਿੱਧ ਪਰਚੇ 'ਸਾਰਿਕਾ' ਵਿਚ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਦੋ ਵਾਰ ਛਪੀ ਅਤੇ ਇਸ ਦੀ ਸੂਖ਼ਮਤਾ ਅਤੇ ਕਲਾ ਦੀ ਦਾਦ ਮੈਨੂੰ ਹਿੰਦੀ-ਜਗਤ ਵੱਲੋਂ ਵੀ ਪ੍ਰਾਪਤ ਹੋਈ। 'ਅੱਖਾਂ ਵਿਚ ਮਰ ਗਈ ਖ਼ੁਸ਼ੀ' ਤਾਂ ਅਜੇ ਕੁੱਝ ਹੀ ਸਾਲ ਹੋਏ ਹਿੰਦੀ ਦੇ ਇੱਕ ਹੋਰ ਪ੍ਰਸਿੱਧ ਪਰਚੇ ਵਿਚ ਪ੍ਰਕਾਸ਼ਿਤ ਹੋਈ, ਸ਼ਾਇਦ ਇਸ ਕਰ ਕੇ ਕਿ ਇਸ ਦਾ ਸੁਨੇਹਾ ਅੱਜ ਵੀ ਭਾਰਤੀ ਜਨ-ਮਾਨਸ ਲਈ ਕੋਈ ਅਰਥ ਰੱਖਦਾ ਹੈ। 'ਅਨੋਖਾ ਰਾਹੀ' ਡੇਢ ਕੁ ਦਹਾਕੇ ਤੋਂ ਪੰਜਾਬ ਸਕੂਲ ਬੋਰਡ ਦੀ ਅੱਠਵੀਂ ਸ਼੍ਰੇਣੀ ਦੀ ਪੰਜਾਬੀ ਦੀ ਪਾਠ-ਪੁਸਤਕ ਵਿਚ ਸ਼ਾਮਿਲ ਹੈ। ਪਰ ਸਥਾਪਤ ਨਿਜ਼ਾਮ ਪ੍ਰਤੀ ਸੰਘਣੀ ਨਫ਼ਰਤ ਅਤੇ ਇਸ ਨੂੰ ਬਦਲਣ ਦਾ ਸੁਨੇਹਾ ਕੁੱਝ ਕਹਾਣੀਆਂ ਵਿਚ ਮੇਰੇ ਅੰਦਰਲੇ ਸੇਕ ਕਾਰਨ ਕੁੱਝ ਵਧੇਰੇ ਫ਼ੈਲ ਗਿਆ ਅਤੇ ਕਲਾ ਦੇ ਘੇਰੇ ਤੋਂ ਬਾਹਰ ਹੋ ਗਿਆ। ਕੁੱਝ ਕਹਾਣੀਆਂ ਦੇ ਅੰਤ ਉਤੇ ਅਜਿਹੀ ਮਰੋੜੀ ਦੇਣ ਦਾ ਯਤਨ ਵੀ ਦਿਖਾਈ ਦਿੰਦਾ ਸੀ, ਜਿਸ ਤੋਂ ਮੈਂ 'ਆਪਣੇ ਸਿੱਧਾਂਤ' ਦਾ ਜ਼ਾਹਿਰਾ ਪ੍ਰਚਾਰ ਕਰਦਾ ਜਾਪਦਾ ਸਾਂ।

'ਲੋਹੇ ਦੇ ਹੱਥ' ਕਹਾਣੀ ਦਾ ਨਾਇਕ ਝੂਠੇ ਪੁਲਿਸ ਮੁਕਾਬਲੇ ਦਾ ਸ਼ਿਕਾਰ ਹੋਇਆ ਇਨਕਲਾਬੀ ਨੌਜਵਾਨ ਸੀ। ਉਸ ਨੂੰ ਪੁਲਿਸ ਨੇ ਕੋਹ ਕੋਹ ਕੇ ਮਾਰਿਆ ਸੀ। ਕਬੱਡੀ ਤੇ ਵਾਲੀਬਾਲ ਦੇ ਪ੍ਰਸਿੱਧ ਖਿਡਾਰੀ, ਇਸ ਦਰਸ਼ਨੀ ਜਵਾਨ, ਦੇ ਕੁਰਬਾਨ ਹੋ ਜਾਣ ਪਿੱਛੋਂ ਉਹਦੀ ਲਾਸ਼ ਦਾ ਸਸਕਾਰ ਕਰਨ ਮੌਕੇ ਰਿਸ਼ਤੇਦਾਰ, ਆਮ-ਲੋਕ, ਹਮਦਰਦ ਅਤੇ ਉਹਦੇ ਸਾਥੀ ਦੁਖਾਂਤਕ ਅਤੇ ਭਾਵਕ ਪਲਾਂ ਵਿਚ ਇਕੱਠੇ ਹੁੰਦੇ ਹਨ। ਉਸ ਦੇ ਹੱਥਾਂ 'ਤੇ ਬੱਧੀਆਂ ਪੱਟੀਆਂ ਖੋਲ੍ਹ ਕੇ ਵੇਖਦੇ ਹਨ ਤਾਂ ਕਹਾਣੀ ਅਨੁਸਾਰ

"ਪਰ ਹੱਥ ਬੋਲਦੇ ਪਏ ਸਨ, ਸਾਨੂੰ ਮੁਕਾਬਲੇ ਤੋਂ ਪਹਿਲਾਂ ਇੱਕ ਰੇਲਵੇ ਸ਼ਟੇਸ਼ਨ ਤੋਂ ਫੜ ਕੇ ਹੱਥਕੜੀ ਲਾਈ ਗਈ ਸੀ ਤੇ ਪੁੱਛ-ਪੜਤਾਲ ਦਾ ਕੇਂਦਰ ਇੱਕ ਉਜਾੜ ਬਣ ਗਈ ਸੀ।"

ਹੱਥਾਂ ਦੀਆਂ ਤਲੀਆਂ ਵਿਚਲੇ ਲਹੂ ਰੰਗੇ ਨਿਸ਼ਾਨ ਚੀਕ ਰਹੇ ਸਨ, "ਇਸ ਈਸਾ ਨੂੰ ਅਪਣੇ ਈਮਾਨ ਤੋਂ ਡੁਲਾਉਣ ਲਈ ਇਸ ਦੀਆਂ ਤਲੀਆਂ ਵਿਚ ਕਿੱਲ ਠੋਕੇ ਗਏ।" ਪਰ ਉਹ ਤਾਂ ਸਭ ਸੂਲੀਆਂ ਨਾਲ ਸਮਝੌਤੇ ਕਰੀ ਬੈਠਾ ਸੀ ਤੇ ਜੋ ਸੂਲੀਆਂ ਨਾਲ ਸਮਝੌਤਾ ਕਰ ਲਵੇ, ਉਹ ਜ਼ਿੰਦਗੀ ਵਿਚ ਕਦੀ ਸਮਝੌਤਾ ਨਹੀਂ ਕਰਦਾ।

ਉਸ ਦੀਆਂ ਉਂਗਲੀਆਂ 'ਤੇ ਕੋਈ ਸਾਬਤ ਨਹੁੰ ਨਹੀਂ ਸੀ। ਤੇ ਉਹ ਲੰਮੀਆਂ ਪਤਲੀਆਂ ਉਂਗਲੀਆਂ ਕਹਿ ਰਹੀਆਂ ਸਨ, ਜਦ ਇਹ ਮਨੀ ਸਿੰਘ ਆਪਣੇ ਆਦਰਸ਼ ਤੋਂ ਨਾ ਡੋਲਿਆ ਤਾਂ ਇਹਦਾ ਇਕੱਲਾ ਇਕੱਲਾ ਨਹੁੰ ਜੰਬੂਰਾਂ ਨਾਲ ਖਿੱਚ ਖਿੱਚ ਕੇ ਲਾਹਿਆ ਗਿਆ।

ਤੇ ਫਿਰ ਛਾਤੀ ਉਤਲੇ ਲਹੂ ਦੇ ਸੁਰਖ਼ ਨਿਸ਼ਾਨ ਬੋਲ ਉਠੇ, ਜਦ ਕੋਈ ਪੇਸ਼ ਨਾ ਗਈ ਤਾਂ ਬੜੀ 'ਬਹਾਦਰੀ' ਨਾਲ ਇਸ ਦੀ ਛਾਤੀ ਵਿਚ ਗੋਲੀ ਮਾਰੀ ਗਈ ਤੇ ਫਿਰ ਇਨ੍ਹਾਂ ਜ਼ਖ਼ਮੀ ਹੱਥਾਂ ਵਿਚ ਰੀਵਾਲਵਰ ਪਕੜਾਇਆ ਗਿਆ। ਤੇ ਮੁਕਾਬਲੇ ਦੀ ਖ਼ੂਬਸੂਰਤ ਕਹਾਣੀ ਪੂਰੀ ਹੋ ਗਈ।

"ਇਹ ਕਿੱਲਾਂ ਦੇ ਨਿਸ਼ਾਨ ਹਨ ਤਲੀਆਂ 'ਤੇ। ਇਸਦੇ ਨਹੁੰ ਕਿੱਥੇ ਹਨ?" ਉਸ ਦੇ ਕਾਲਜ ਦੇ ਸੰਗੀ-ਸਾਥੀ ਚੀਕ ਉਠੇ।

"ਇਹ ਜ਼ੁਲਮ ਹੋਇਐ, ਇਹ ਅਨਰਥ ਹੋਇਐ।" ਆਵਾਜ਼ਾਂ ਦਾ ਇੱਕ ਤੂਫ਼ਾਨ ਉਠ ਖੜਾ ਹੋਇਆ। ਤੇ 'ਅੱਜ ਦੇ ਰਖਵਾਲਿਆਂ' ਨੇ ਛੇਤੀ ਛੇਤੀ ਦੇਹ ਚੁੱਕ ਕੇ ਆਪੇ ਮੜ੍ਹੀ 'ਤੇ ਰੱਖ ਕੇ ਅੱਗ ਲਾ ਦਿੱਤੀ।



ਰਾਮ ਸਰੂਪ ਅਣਖੀ

ਮੜ੍ਹੀ ਵਿਚੋਂ ਲਾਟਾਂ ਉਚੀਆਂ ਹੋਈਆਂ। ਕਾਲੇ ਦਿਨ ਵਿਚ ਚਾਨਣ ਮਘ ਉਠਿਆ। ਜਨਤਾ ਦੀਆਂ ਅੱਖਾਂ ਅੱਗੇ ਉਹ ਸੋਹਣਾ ਜਵਾਨ ਘੁੰਮ ਰਿਹਾ ਸੀ। ਉਸ ਦੇ ਜ਼ਖ਼ਮੀ ਹੱਥ ਦਿਸ ਰਹੇ ਸਨ; ਜਿਨ੍ਹਾਂ ਹੱਥਾਂ ਨਾਲ ਉਹ ਕਬੱਡੀ ਖੇਡਦਿਆਂ ਜੱਫਾ ਪਾਉਂਦਾ ਹੁੰਦਾ ਸੀ, ਜਿਨ੍ਹਾਂ ਹੱਥਾਂ ਨਾਲ ਉਹ ਵਾਲੀਬਾਲ ਨੂੰ ਧੱਫਾ ਮਾਰਦਾ ਤੇ ਇੰਜ ਲੱਗਦਾ ਜਿਵੇਂ ਬਾਲ ਪਾਟ ਗਿਆ ਹੋਵੇ। ਖੇਡ ਦੇ ਮੈਦਾਨ ਦਾ ਹੀਰੋ ਅੱਜ ਜ਼ਿੰਦਗੀ ਦੇ ਸੱਚ ਦੀ ਖੇਡ, ਖੇਡ ਗਿਆ ਸੀ। ਅੱਜ ਉਸ ਨੇ ਇਹ ਕਿਹੋ ਜਿਹੇ ਬਾਲ ਨੂੰ ਧੱਫਾ ਮਾਰਿਆ ਸੀ! ਇਹ ਰਬੜ ਦਾ ਬਾਲ ਤਾਂ ਨਹੀਂ ਸੀ। ਇਹ ਤਾਂ ਲੋਹੇ ਦਾ ਬਾਲ ਸੀ ਜਿਸ ਨਾਲ ਖੇਡਿਆਂ ਉਸ ਦੇ ਹੱਥ ਜ਼ਖ਼ਮੀ ਹੋ ਗਏ ਸਨ।

ਭੀੜ ਦੀਆਂ ਛਾਤੀਆਂ ਵਿਚ ਅੱਗ ਬਲ ਰਹੀ ਸੀ। ਸਾਹਮਣੇ ਬਲ ਰਹੀ ਚਿਤਾ ਦੀਆਂ ਲਾਲ ਸੁਰਖ਼ ਲਾਟਾਂ ਉਨ੍ਹਾਂ ਸਭ ਦੀਆਂ ਸੁਰਖ਼ ਅੱਖਾਂ ਵੱਲ ਵੇਖਦਿਆਂ ਜਿਵੇਂ ਵੰਗਾਰ ਦੇ ਰਹੀਆਂ ਹੋਣ, "ਵੀਰੋ! ਸੱਚ ਦੀ ਖੇਡ ਲੋਹੇ ਦੇ ਗੇਂਦ ਨਾਲ ਖੇਡਣ ਲਈ ਤੁਸੀਂ ਆਪ ਹੀ ਸੋਚੋ ਕਿ ਹੁਣ ਕਿਨ੍ਹਾਂ ਹੱਥਾਂ ਦੀ ਲੋੜ ਹੈ?"

ਤੇ ਉਸ ਦੇ ਨੌਜਵਾਨ ਸਾਥੀਆਂ ਨੇ ਧਰਤੀ ਦੀ ਮਿੱਟੀ ਨੂੰ ਮੁੱਠਾਂ ਵਿਚ ਭਰ ਲਿਆ। ਉਨ੍ਹਾਂ ਦੇ ਹੋਠਾਂ 'ਤੇ ਕਸਮਾਂ ਸਨ। ਉਨ੍ਹਾਂ ਆਪਣੀਆਂ ਮੀਚੀਆਂ ਹੋਈਆਂ ਮੁੱਠਾਂ ਵੱਲ ਤੱਕਿਆ ਤੇ ਉਨ੍ਹਾਂ ਨੂੰ ਲੱਗਾ ਜਿਵੇਂ ਉਨ੍ਹਾਂ ਦੇ ਹੱਥ ਲੋਹੇ ਦੇ ਹੋ ਗਏ ਹੋਣ।

ਅੱਜ ਮੈਨੂੰ ਪਿਛਲੀਆਂ ਸਤਰਾਂ ਵਿਚ ਦਿੱਤੀ 'ਵੰਗਾਰ' ਅਤੇ ਕਹਾਣੀ ਦੇ ਅੰਤ ਉਤੇ ਲਿਖਿਆ ਵਾਕ ਕਹਾਣੀ ਨਾਲ ਖ਼ਾਹਮਖ਼ਾਹ ਇੱਕ ਮਾਟੋ ਵਾਂਗ ਟੰਗਿਆ ਨਜ਼ਰ ਆਉਂਦਾ ਹੈ। ਕਹਾਣੀ ਵਿਚ ਜੇ ਪਿਛਲੀਆਂ ਪੰਜ ਛੇ ਸਤਰਾਂ ਨਾ ਵੀ ਹੁੰਦੀਆਂ ਤਾਂ ਕਹਾਣੀ ਦਾ ਕੁੱਝ ਵਿਗੜਨਾ ਨਹੀਂ ਸੀ ਸਗੋਂ ਕੁੱਝ ਸੌਰਨਾ ਹੀ ਸੀ।

ਇੰਜ ਹੀ ਉਨ੍ਹਾਂ ਸਮਿਆਂ ਵਿਚ 'ਲੋਹੇ ਦੇ ਹੱਥ' ਵਾਂਗ ਮੇਰੀ ਇੱਕ ਹੋਰ ਕਹਾਣੀ 'ਜੇਬ-ਕਤਰੇ' ਵੀ ਕਾਫ਼ੀ ਚਰਚਾ ਵਿਚ ਰਹੀ ਸੀ। ਕਹਾਣੀ ਦਾ ਮੁੱਖ-ਪਾਤਰ ਪ੍ਰਾਈਵੇਟ ਸਕੂਲ ਦਾ ਅਧਿਆਪਕ ਅਤਿ ਦੇ ਆਰਥਕ ਸੰਕਟ ਸਮੇਂ ਕਿਸੇ ਹਮਦਰਦ ਦੋਸਤ ਕੋਲੋਂ ਬੜੀ ਆਸ ਨਾਲ ਪੈਸੇ ਉਧਾਰ ਲੈਣ ਜਾਂਦਾ ਹੈ ਪਰ ਜਾਂਦਿਆਂ ਨੂੰ ਉਸ ਦੇ ਉਸ ਇਨਕਲਾਬੀ ਦੋਸਤ ਨੂੰ ਪੁਲਿਸ ਗ੍ਰਿਫ਼ਤਾਰ ਕਰ ਕੇ ਲੈ ਜਾਂਦੀ ਹੈ। ਨਿਰਾਸ ਹੋ ਕੇ ਵਾਪਸ ਆਉਂਦਿਆਂ ਰਾਹ ਵਿਚ ਉਸ ਨੂੰ ਆਪਣੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਆਗੂ ਮਿਲ ਜਾਂਦੇ ਹਨ ਜਿਹੜੇ ਹਲਕੇ ਦੇ ਨਵੇਂ ਜਿੱਤੇ ਐਮ ਐਲ ਏ ਨੂੰ ਥੈਲੀ ਭੇਟ ਕਰਨ ਲਈ ਉਗਰਾਹੀ ਕਰ ਰਹੇ ਹਨ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਆਪਣੇ 'ਰਿਜ਼ਕ-ਦਾਤੇ' ਨੂੰ ਨਾਂਹ ਕਰ ਸਕਣੀ ਉਸ ਦੇ ਵੱਸ ਵਿਚ ਨਹੀਂ। ਉਹ ਉਸ ਦੀ ਜੇਬ ਵਿਚਲੀ ਪਹਿਲਾਂ ਤੋਂ ਹੀ ਮੌਜੂਦ ਥੋੜ੍ਹੀ ਜਿੰਨੀ ਰਾਸ਼ੀ ਵੀ ਉਗਰਾਹੀ ਦੇ ਰੂਪ ਵਿਚ "ਕਰ ਕਰ ਜੇਬ ਢਿੱਲੀ, ਵਿੰਹਦਾ ਕੀ ਏਂ?" ਕਹਿ ਕੇ ਕਢਵਾ ਲੈਂਦਾ ਹੈ। ਆਪਣੇ ਸਾਲੇ ਦੇ ਵਿਆਹ 'ਤੇ ਜਾਣ ਲਈ ਸਿਰ ਪਈ ਆਰਥਕ ਲੋੜ ਨੂੰ ਪੂਰੀ ਕਰਨ ਲਈ ਪਹਿਲਾਂ ਤੋਂ ਮੌਜੂਦ ਥੋੜ੍ਹੀ ਜਿਹੀ ਰਾਸ਼ੀ ਵੀ ਉਸ ਕੋਲੋਂ ਖੋਹ ਲਈ ਗਈ। ਅਸਲੋਂ ਹੀ ਖ਼ਾਲੀ ਹੱਥ ਹੋ ਕੇ ਘਰ ਪਰਤੇ ਨਾਇਕ ਨੂੰ ਉਸ ਦੀ ਪਤਨੀ 'ਲੋੜ ਪੂਰੀ ਹੋ ਗਈ' ਦੀ ਕਲਪਨਾ ਕਰਦੀ ਉਤੇਜਿਤ ਹੋ ਕੇ ਪੈਸੇ ਮਿਲ ਜਾਣ ਦੀ ਪੁਸ਼ਟੀ ਕਰਨ ਲਈ ਰਸੋਈ ਵਿਚੋਂ ਸਬਜ਼ੀ ਚੀਰਦੀ ਬਾਹਰ ਆਉਂਦੀ ਹੈ। ਸਬਜ਼ੀ ਚੀਰਨ ਵਾਲੀ ਛੁਰੀ ਉਸ ਦੇ ਹੱਥ ਵਿਚ ਫੜ੍ਹੀ ਹੋਈ ਹੈ। ਕਹਾਣੀ ਅਨੁਸਾਰ:

"ਸੁਣਾਓ ਸਰ ਗਿਆ? ਮੈਨੂੰ ਪਤਾ ਹੈ ਉਹ ਆਪ ਭਾਵੇਂ ਕਿੰਨਾਂ ਗਰੀਬ ਹੈ ਪਰ ਜਦੋਂ ਵੀ ਸਾਡਾ ਹੱਥ ਤੰਗ ਹੋਇਆ, ਉਸ ਨੇ ਸਾਡੀ ਮਦਦ ਜ਼ਰੂਰ ਕੀਤੀ।" ਤੇ ਫਿਰ ਉਹ ਉਤਸੁਕ ਨਜ਼ਰਾਂ ਨਾਲ ਪਤੀ ਵੱਲ ਵੇਖਣ ਲੱਗੀ।

"ਹਾਂ ਸਰ ਤਾਂ ਗਿਆ ਸੀ ਪਰ ਰਾਹ ਵਿਚ ਮੇਰੀ ਜੇਬ ਕੱਟੀ ਗਈ।" ਉਸ ਨੇ ਧਾਹ ਮਾਰਨ ਵਾਂਗ ਅੱਧਾ ਸੱਚ ਤੇ ਅੱਧਾ ਝੂਠ ਰਲਾ ਕੇ ਕਿਹਾ।

ਮੇਰੇ ਅੰਦਰਲੇ ਅੱਜ ਦੇ ਕਹਾਣੀਕਾਰ ਨੂੰ ਜਾਪਦਾ ਹੈ ਕਿ ਕਲਾਤਮਕ ਪੱਧਰ 'ਤੇ ਕਹਾਣੀ ਇੱਥੇ ਖ਼ਤਮ ਹੋ ਗਈ ਸੀ, ਅਤੇ ਇਹ ਆਪਣੇ ਆਪ ਵਿਚ ਮੁਕੰਮਲ ਕਹਾਣੀ ਸੀ ਪਰ ਉਸ ਵੇਲੇ ਦੀ ਸਿਆਸੀ ਸੋਚ ਨਾਲ ਮੇਰੀ ਪ੍ਰਤੀਬੱਧਤਾ ਨੇ ਨਾਇਕ ਦੀ ਪਤਨੀ ਕੋਲੋਂ- ਜਿਹੜੀ ਰਸੋਈ ਵਿਚੋਂ ਸਬਜ਼ੀ ਚੀਰਦਿਆਂ ਬਾਹਰ ਆਈ ਸੀ ਅਤੇ ਸਬਜ਼ੀ ਚੀਰਨ ਵਾਲੀ ਛੁਰੀ ਜਿਸਦੇ ਹੱਥ ਸੀ- ਇਹ ਅਖਵਾਉਣਾ ਜ਼ਰੂਰੀ ਸਮਝਿਆ:

"ਜੇ ਮੈਨੂੰ ਜੇਬ ਕਤਰੇ ਦਾ ਪਤਾ ਲੱਗ ਜੇ ਤਾਂ ਮੈਂ ਇਹ ਛੁਰੀ ਉਸ ਦੇ ਢਿੱਡ ਵਿਚ ਖੋਭ ਦਿਆਂ!"

ਅੱਜ ਮੈਂ ਸੋਚਦਾਂ ਇਹ 'ਛੁਰੀ' ਅਸਲ ਵਿਚ ਕਹਾਣੀ ਦੇ ਢਿੱਡ ਵਿਚ ਵੱਜੀ ਸੀ। ਜੇ ਇਹ ਵਾਕ ਨਾ ਵੀ ਲਿਖਦਾ ਤਾਂ ਬਾਕੀ ਕਹਾਣੀ, ਕਲਾ ਦੇ ਤਕਾਜ਼ਿਆਂ 'ਤੇ ਪੂਰੀ ਉਤਰਦੀ ਸੀ। ਇਹੋ ਕਾਰਨ ਹੈ ਕਿ ਜਦੋਂ ਮੇਰੀਆਂ ਹੁਣ ਤੱਕ ਦੀਆਂ ਸਮੁੱਚੀਆਂ ਕਹਾਣੀਆਂ ਦੀ ਪੁਸਤਕ 'ਤਿਲ਼-ਫੁੱਲ' ਪ੍ਰਕਾਸ਼ਤ ਹੋਈ ਤਾਂ ਮੈਂ ਇਸ ਕਹਾਣੀ ਦੇ ਅਖ਼ੀਰ 'ਤੇ ਟੰਗੀ ਇਹ ਸਤਰ ਕੱਟ ਦਿੱਤੀ।

ਅਸਲ ਵਿਚ 'ਲੋਹੇ ਦੇ ਹੱਥ' ਵਿਚਲੀਆਂ ਇਹ ਕੁੱਝ ਕਹਾਣੀਆਂ ਵਿਸ਼ੇਸ਼ ਰਾਜਸੀ ਮੰਤਵ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਸਨ। ਉਦੋਂ ਲੱਗਦਾ ਸੀ ਕਿ 'ਇਨਕਲਾਬ' ਤਾਂ ਔਹ ਨੇੜੇ ਹੀ ਦਿਸਦਾ ਪਿਆ ਹੈ। ਜਿਵੇਂ ਵੀ ਹੋਵੇ ਇਸ ਨੂੰ ਖਿੱਚ ਨੇ ਛੇਤੀ ਤੋਂ ਛੇਤੀ ਹੋਰ ਨੇੜੇ ਕਰ ਲਿਆ ਜਾਵੇ। ਜਿਵੇਂ ਕਿਸੇ ਸਾਂਝੇ ਦੁਸ਼ਮਣ ਨੂੰ ਮਾਰਨ ਲਈ ਘਰ ਜਾਂ ਪਿੰਡ ਦੇ ਸਾਰੇ ਜੀਅ ਜੋ ਵੀ ਛੋਟਾ-ਮੋਟਾ ਡੰਡਾ-ਸੋਟਾ ਜਾਂ ਹਥਿਆਰ ਉਨ੍ਹਾਂ ਦੇ ਹੱਥ ਆਵੇ, ਲੈ ਕੇ ਭੱਜ ਉਠਦੇ ਹਨ, ਇੰਜ ਹੀ ਸਾਡੇ ਹੱਥ ਉਦੋਂ ਸਾਹਿਤ ਵੀ ਇੱਕ ਹਥਿਆਰ ਸੀ ਅਤੇ ਅਸੀਂ ਇਸ ਨੂੰ ਵਰਤਣਾ ਸਮੇਂ ਦੀ ਲੋੜ ਸਮਝਦੇ ਸਾਂ। ਜ਼ਾਹਿਰ ਸੀ ਕਿ ਇਸ ਸਥਿਤੀ ਵਿਚ ਮੰਤਵ ਨੂੰ ਵੱਡੀ ਪਹਿਲ ਮਿਲ ਗਈ ਸੀ ਤੇ ਕਲਾ ਕਿਤੇ ਕਿਤੇ ਉਸ ਦੇ ਅਧੀਨ ਹੋ ਕੇ ਵਗਣ ਲੱਗੀ ਸੀ।

ਇਨ੍ਹਾਂ ਦਿਨਾਂ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ 'ਤੇ ਕਬਜ਼ਾ ਕਰਨ ਦੀ ਲੜਾਈ ਵੀ ਸ਼ੁਰੂ ਹੋ ਚੁੱਕੀ ਸੀ। ਗਰਮ ਲਹੂ ਵਾਲੇ 'ਇਨਕਲਾਬੀ' ਲੇਖਕਾਂ ਨੂੰ ਸਭਾ ਦੀ ਸੰਚਾਲਕ ਸਥਾਪਤ ਲੇਖਕਾਂ ਦੀ ਪੁਰਾਣੀ ਟੀਮ ਵੇਲਾ-ਵਿਹਾ ਚੁੱਕੀ, ਇਨਕਲਾਬ ਦੀ ਲੀਹੋਂ-ਲੱਥੀ ਅਤੇ 'ਸਰਕਾਰੂ' ਹੋ ਗਈ ਲੱਗਦੀ ਸੀ। ਸਭਾ 'ਤੇ ਕਬਜ਼ੇ ਦੀ ਲੜਾਈ ਵਿਚ ਨਵੇਂ-ਪੁਰਾਣੇ ਲੇਖਕਾਂ ਦੇ ਜਾਭਾਂ ਦੇ ਭੇੜ ਸੁਣਨ ਮੈਂ ਵੀ ਜਾਂਦਾ। ਇਸ ਤੋਂ ਇਲਾਵਾ ਗਰਮ-ਖ਼ਿਆਲੀ ਲੇਖਕਾਂ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਵੱਖ-ਵੱਖ ਸੈਮੀਨਾਰਾਂ, ਸਮਾਗਮਾਂ ਅਤੇ ਕਾਨਫ਼ਰੰਸਾਂ ਵਿਚ ਵੀ ਲਗਾਤਾਰ ਜਾਣਾ ਜਾਰੀ ਰੱਖਿਆ। ਓਥੇ ਗਰਮਾ-ਗਰਮ ਵਿਵਾਦ-ਸੰਵਾਦ ਸੁਣਨ ਨੂੰ ਮਿਲਦੇ। ਮੈਂ ਵੀ ਆਪਣੇ ਅੰਦਰ ਨੂੰ ਰਿੜਕਦਾ। ਸਾਹਿਤ, ਸਾਹਿਤ-ਸਿੱਧਾਂਤ ਅਤੇ ਮਾਰਕਸਵਾਦ ਦਾ ਮੁਤਾਲਿਆ ਕਰਦਾ ਅਤੇ ਇਨ੍ਹਾਂ ਦੀ ਅੰਤਰੀਵ-ਆਤਮਾ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਇਹ ਤਾਂ ਨਹੀਂ ਕਹਿ ਸਕਦਾ ਕਿ ਮੈਨੂੰ ਸਭ ਕੁੱਝ ਸਾਫ਼ ਸਾਫ਼ ਦਿਖਾਈ ਦੇਣ ਲੱਗ ਪਿਆ ਸੀ ਪਰ ਮੇਰੇ ਅੰਦਰ ਸਾਹਿਤ ਅਤੇ ਸਿਆਸਤ ਬਾਰੇ ਇੱਕ ਸਹਿਜ-ਲਿਸ਼ਕ ਪੈਦਾ ਹੋਣੀ ਸ਼ੁਰੂ ਹੋ ਗਈ ਸੀ। ਮੈਨੂੰ 'ਜਮਾਤੀ ਦੁਸ਼ਮਣਾਂ' ਦੀ ਸਫ਼ਾਏ ਦੀ ਮੁਹਿੰਮ ਤੋਂ ਸ਼ੁਰੂ ਕਰ ਕੇ 'ਬੇਸ ਏਰੀਏ' ਬਣਾਉਣ ਤੇ ਪੌੜੀ-ਦਰ-ਪੌੜੀ ਇਨਕਲਾਬ ਤੱਕ ਪਹੁੰਚਣ ਦਾ ਸੁਪਨਾ, ਯਥਾਰਥਕ ਘੱਟ ਅਤੇ ਖ਼ਿਆਲੀ ਵਧੇਰੇ ਲੱਗਣ ਲੱਗਾ। ਇਹ ਵੀ ਜਾਪਦਾ ਕਿ ਜਿੰਨਾਂ ਚਿਰ ਕਿਸੇ ਲਹਿਰ ਵਿਚ ਜਨ ਸਧਾਰਨ ਅਪਣੱਤ-ਭਾਵ ਨਾਲ ਸ਼ਾਮਲ ਨਹੀਂ ਹੁੰਦਾ, ਉਸ ਦੀ ਸਫ਼ਲਤਾ ਯਕੀਨੀ ਨਹੀਂ ਹੋ ਸਕਦੀ। ਲੋਕ ਲਹਿਰਾਂ ਉਸਾਰਨ ਤੋਂ ਬਿਨਾਂ ਇਨਕਲਾਬ ਦੇ ਦਰਾਂ ਤੱਕ ਪੁੱਜਣਾ ਅਸੰਭਵ ਹੈ।

> ਮੜ੍ਹੀ ਵਿਚੋਂ ਲਾਟਾਂ ਉਚੀਆਂ ਹੋਈਆਂ। ਕਾਲੇ ਦਿਨ ਵਿਚ ਚਾਨਣ ਮਘ ਉਠਿਆ। ਜਨਤਾ ਦੀਆਂ ਅੱਖਾਂ ਅੱਗੇ ਉਹ ਸੋਹਣਾ ਜਵਾਨ ਘੁੰਮ ਰਿਹਾ ਸੀ। ਉਸ ਦੇ ਜ਼ਖ਼ਮੀ ਹੱਥ ਦਿਸ ਰਹੇ ਸਨ; ਜਿਨ੍ਹਾਂ ਹੱਥਾਂ ਨਾਲ ਉਹ ਕਬੱਡੀ ਖੇਡਦਿਆਂ ਜੱਫਾ ਪਾਉਂਦਾ ਹੁੰਦਾ ਸੀ, ਜਿਨ੍ਹਾਂ ਹੱਥਾਂ ਨਾਲ ਉਹ ਵਾਲੀਬਾਲ ਨੂੰ ਧੱਫਾ ਮਾਰਦਾ ਤੇ ਇੰਜ ਲੱਗਦਾ ਜਿਵੇਂ ਬਾਲ ਪਾਟ ਗਿਆ ਹੋਵੇ। ਖੇਡ ਦੇ ਮੈਦਾਨ ਦਾ ਹੀਰੋ ਅੱਜ ਜ਼ਿੰਦਗੀ ਦੇ ਸੱਚ ਦੀ ਖੇਡ, ਖੇਡ ਗਿਆ ਸੀ।

ਇੱਕ ਤਾਂ ਮੇਰੇ ਸੁਭਾਅ ਵਿਚ ਹੀ ਹੈ ਕਿ ਮੈਂ ਕਿਸੇ ਨਾਲ ਲੰਮੀਆਂ ਬਹਿਸਾਂ ਵਿਚ ਨਹੀਂ ਪੈਂਦਾ। ਆਪਣੇ ਹੀ ਮਨ ਵਿਚ ਸੁਣੀਆਂ, ਪੜ੍ਹੀਆਂ ਅਤੇ ਜਾਣੀਆਂ ਗੱਲਾਂ ਦਾ ਤਰਕ-ਵਿਤਰਕ ਉਸਾਰ ਕੇ ਕਿਸੇ ਨਿਰਣੇ ਉਤੇ ਪੁੱਜਦਾ ਹਾਂ। ਲੰਮੀਆਂ ਬਹਿਸਾਂ ਵਿਚ ਪੈ ਕੇ ਆਪਣਾ ਨਿਰਣਾ ਅਗਲੇ ਨੂੰ ਮੰਨਵਾਉਣ ਦੀ ਮੇਰੀ ਰੁਚੀ ਨਹੀਂ। ਉਂਜ ਵੀ ਕਈ ਵਾਰ ਭਾਵੇਂ ਮੇਰੇ ਕੋਲ ਦੱਸਣ ਸਮਝਾਉਣ ਲਈ ਪੂਰਾ ਤਰਕ ਨਾ ਵੀ ਹੋਵੇ, ਮੇਰੇ ਅੰਦਰੋਂ ਕਿਸੇ ਮਸਲੇ ਦੇ ਠੀਕ ਜਾਂ ਗਲਤ ਹੋਣ ਦਾ ਜੋ ਝਲਕਾਰਾ ਵੱਜਦਾ ਹੈ, ਉਸ ਤੋਂ ਪ੍ਰਾਪਤ ਸਹਿਜ-ਸੋਝੀ ਨੂੰ ਵੀ ਮੈਂ ਘੱਟ ਅਹਿਮ ਨਹੀਂ ਸਮਝਦਾ।

ਪਾਰਟੀ ਫ਼ਰੰਟ ਉਤੇ ਕੰਮ ਕਰਨ ਵਾਲੇ ਜਿਹੜੇ ਆਗੂ ਮੇਰੇ ਕੋਲ ਆਉਂਦੇ, ਮੈਂ ਉਨ੍ਹਾਂ ਦੀ ਠਾਹਰ ਤੇ ਰੋਟੀ-ਪਾਣੀ ਸਮੇਤ ਹੋਰ ਸਰਦੀ-ਬਣਦੀ ਸੇਵਾ ਕਰਦਾ। ਕਦੀ ਕਦੀ ਮੀਟਿੰਗਾਂ ਦਾ ਪ੍ਰਬੰਧ ਵੀ ਕਰ-ਕਰਾ ਦਿੰਦਾ। ਮੁੰਡਿਆਂ ਨੂੰ ਆਖ ਕੇ ਰਾਤ-ਬਰਾਤੇ ਕੰਧਾਂ ਉਤੇ ਪਾਰਟੀ ਦੇ



ਅਮਰਜੀਤ ਚੰਦਨ

ਇਸ਼ਤਿਹਾਰ ਵੀ ਲਗਵਾ ਦਿੰਦਾ ਪਰ ਮੇਰੇ ਅੰਦਰਲੀ ਲਿਸ਼ਕ ਦੱਸਦੀ ਪਈ ਸੀ ਕਿ ਇਸ ਔਝੜੇ ਰਾਹੇ ਤੁਰ ਕੇ ਮੰਜ਼ਿਲ ਉਤੇ ਪਹੁੰਚਣਾ ਮੁਮਕਿਨ ਨਹੀਂ। ਕਦੀ ਕਦੀ ਮੇਰੇ ਕੋਲ ਆਉਣ ਵਾਲੇ ਆਗੂਆਂ ਵਿਚੋਂ ਮੈਂ ਕਿਸੇ ਨਾਲ ਆਪਣੇ ਮਨ ਦੀ ਦੁਬਿਧਾ ਸਾਂਝੀ ਨਾ ਕੀਤੀ। ਆਪਣੇ ਸੁਭਾ ਅਨੁਸਾਰ ਮੈਂ ਕਿਸੇ ਨਾਲ ਬਹਿਸ ਵਿਚ ਵੀ ਨਹੀਂ ਸਾਂ ਪੈਣਾ ਚਾਹੁੰਦਾ। ਇਸ ਪਿੱਛੇ ਸ਼ਾਇਦ ਇੱਕ ਕਾਰਨ ਇਹ ਵੀ ਸੀ ਕਿ ਉਨ੍ਹਾਂ ਵੱਲੋਂ ਆਮ ਲਾਏ ਜਾਂਦੇ ਦੂਸ਼ਣ ਮੁਤਾਬਕ ਕਿਤੇ ਮੈਂ ਆਪਣੇ 'ਮੱਧ-ਵਰਗੀ ਖ਼ਾਸੇ ਅਨੁਸਾਰ ਇਨਕਲਾਬ ਦਾ ਭਗੌੜਾ' ਨਾ ਸਮਝ ਲਿਆ ਜਾਵਾਂ! ਇਸ ਪੱਖੋਂ ਮੈਂ ਕਮਜ਼ੋਰ ਵੀ ਨਹੀਂ ਸਾਂ ਦਿੱਸਣਾ ਚਾਹੁੰਦਾ। ਤਦ ਵੀ ਜਦੋਂ ਇੱਕ ਪਾਰਟੀ ਆਗੂ ਨੇ ਮੈਨੂੰ ਮੇਰੇ ਪਿੰਡ ਅਤੇ ਇਲਾਕੇ ਵਿਚ ਭਾਵੇਂ ਐਵੇਂ ਹਾਸੇ-ਹਾਸੇ ਵਿਚ ਕਿਸੇ 'ਜਮਾਤੀ ਦੁਸ਼ਮਣ' ਦੀ ਨਿਸ਼ਾਨਦੇਹੀ ਕਰਨ ਲਈ ਆਖਿਆ ਤਾਂ ਮੈਂ ਉਸ ਨੂੰ ਕੋਰਾ ਜਵਾਬ ਦਿੰਦਿਆਂ ਆਖਿਆ ਕਿ ਪਾਰਟੀ ਦੇ ਨਿਸਚਿਤ ਮਾਪ-ਦੰਡ ਅਨੁਸਾਰ ਇੱਥੇ ਕੋਈ ਇਸ ਤਰ੍ਹਾਂ ਦਾ ਵੱਡਾ ਜਾਗੀਰਦਾਰ, ਸੂਦਖੋਰ ਜਾਂ 'ਸਫ਼ਾਏਯੋਗ' ਵਿਅਕਤੀ ਨਜ਼ਰ ਨਹੀਂ ਆਉਂਦਾ। ਉਸ ਨੇ ਅੱਗੋਂ ਇੱਕ ਤਰ੍ਹਾਂ ਮੇਰਾ ਮਜ਼ਾਕ ਉਡਾਉਂਦਿਆਂ ਵਿਅੰਗ ਨਾਲ ਆਖਿਆ, "ਇਸ ਹਿਸਾਬ ਨਾਲ ਤਾਂ ਇਸ ਇਲਾਕੇ ਵਿਚ ਸਮਾਜਵਾਦ ਆ ਗਿਆ ਹੋਇਐ!"

ਮੈਂ ਉਸ ਨਾਲ ਵੀ ਗੱਲ ਨੂੰ ਲਮਕਾਉਣਾ ਚੰਗਾ ਨਾ ਸਮਝਿਆ। ਉਂਜ ਵੀ ਮੈਂ ਪਾਰਟੀ ਦਾ ਕੋਈ ਬਾਕਾਇਦਾ ਮੈਂਬਰ ਨਹੀਂ ਸਾਂ। ਕੇਵਲ ਹਮਦਰਦ ਸਾਂ। ਪਰ ਹੁਣ ਮੇਰੀ ਹਮਦਰਦੀ ਮੇਰੇ ਅੰਦਰੋਂ ਉਠਦੇ ਪ੍ਰਸ਼ਨਾਂ ਵਿਚ ਹੀ ਘਿਰਦੀ ਜਾਂਦੀ ਜਾਪਦੀ ਸੀ। ਮੈਂ ਦੇਸ਼-ਵਿਦੇਸ਼ ਵਿਚ ਲੋਕ-ਸਾਥ ਤੋਂ ਵਿਰਵੀਆਂ ਅਜਿਹੀਆਂ ਭੂਮੀਗਤ ਦਹਿਸ਼ਤਪਸੰਦ ਲਹਿਰਾਂ ਦਾ ਇਤਿਹਾਸ ਅਤੇ ਹੋਣੀ ਜਾਣ ਸਮਝ ਚੁੱਕਾ ਸਾਂ। ਅਜੀਬ ਗੱਲ ਇਹ ਹੋਣੀ ਸ਼ੁਰੂ ਹੋਈ ਕਿ ਇਸ ਲਹਿਰ ਵਿਚ ਛੇਤੀ ਹੀ ਕਈ ਤਰ੍ਹਾਂ ਦੇ ਵੱਖੋ-ਵੱਖਰੇ ਗੁੱਟ ਬਣਨੇ ਸ਼ੁਰੂ ਹੋ ਗਏ। ਮੈਨੂੰ ਹੈਰਾਨੀ ਹੁੰਦੀ ਸੀ ਕਿ ਮੈਂ ਤਾਂ ਭਲਾ ਅਜਿਹੀਆਂ ਲਹਿਰਾਂ ਨਾਲ ਸਬੰਧਤ ਇਤਿਹਾਸ ਬਹੁਤਾ ਪੜ੍ਹਿਆ ਨਹੀਂ ਸੀ ਹੋਇਆ ਪਰ ਸਾਰਾ ਕੁੱਝ ਜਾਣਦੇ ਸਮਝਦੇ ਹੋਏ ਵੀ ਇਹ ਆਗੂ ਨਿੱਕੇ ਨਿੱਕੇ ਸਿੱਧਾਂਤਕ ਮੁੱਦਿਆਂ ਉਤੇ ਅੱਡੋ-ਪਾਟੀ ਕਿਉਂ ਹੋਏ ਫ਼ਿਰਦੇ ਨੇ? ਕੀ ਇਸ ਦਾ ਕਾਰਨ ਉਨ੍ਹਾਂ ਦੀ ਵਿਅਕਤੀਗਤ ਹਉਮੈ ਹੀ ਤਾਂ ਨਹੀਂ? ਜਿਨ੍ਹਾਂ ਲੋਕਾਂ ਲਈ ਅਤੇ ਜਿਨ੍ਹਾਂ ਲੋਕਾਂ ਰਾਹੀਂ ਇਨਕਲਾਬ ਆਉਣਾ ਹੈ, ਉਨ੍ਹਾਂ ਤੱਕ ਤਾਂ ਇਨ੍ਹਾਂ ਦੀ ਪਹੁੰਚ ਹੀ ਕੋਈ ਨਹੀਂ। ਇਹ ਲਹਿਰ ਤਾਂ ਬਹੁਤੀ ਮੱਧ-ਵਰਗ ਦੇ ਪੜ੍ਹੇ-ਲਿਖੇ ਨੌਜਵਾਨਾਂ ਤੱਕ ਸੀਮਤ ਹੈ। ਮੈਂ ਅੰਦਰੇ-ਅੰਦਰ ਇਸ ਸਿਆਸੀ-ਸੋਚ ਤੋਂ ਕਿਨਾਰਾ ਕਰਦਾ ਜਾ ਰਿਹਾ ਸਾਂ ਪਰ ਮੇਰੇ ਕੋਲ ਆਉਣ ਵਾਲੇ ਸਿਆਸੀ-ਦੋਸਤਾਂ ਨਾਲ ਭਰੱਪਣ ਵਾਲਾ ਰਿਸ਼ਤਾ ਬਣ ਜਾਣ ਕਰ ਕੇ ਉਨ੍ਹਾਂ ਨੂੰ ਦੋ-ਟੁੱਕ ਜਵਾਬ ਦੇ ਕੇ ਉਨ੍ਹਾਂ ਤੋਂ ਅਸਲੋਂ ਹੀ ਅਲੱਗ ਹੋ ਜਾਣ ਦੀ ਦਲੇਰੀ ਕਰਨੀ ਮੈਨੂੰ ਔਖੀ ਲੱਗਦੀ ਸੀ।

ਆਪਣੇ ਮਨ ਦੇ ਇਹ ਸ਼ੰਕੇ ਮੈਂ ਹਰਭਜਨ ਹਲਵਾਰਵੀ ਨਾਲ ਸਾਂਝੇ ਕਰ ਸਕਦਾ ਸਾਂ ਕਿਉਂਕਿ ਉਸ ਦਾ ਤੇ ਮੇਰਾ ਰਿਸ਼ਤਾ 'ਸਿਆਸੀ' ਨਾਲੋਂ 'ਸਾਹਿਤਕ' ਵਧੇਰੇ ਸੀ। ਅਸੀਂ ਸਿਆਸਤ ਦੀਆਂ ਬਹੁਤੀਆਂ ਗੱਲਾਂ ਵੀ ਨਹੀਂ ਸਾਂ ਕਰਦੇ ਸਗੋਂ ਸਾਡੀ ਚਰਚਾ ਦਾ ਕੇਂਦਰ ਆਮ ਤੌਰ ਤੇ ਸਾਹਿਤ ਹੀ ਹੁੰਦਾ। ਮੌਜੂਦਾ ਲਿਖੇ ਜਾ ਰਹੇ ਪੰਜਾਬੀ-ਹਿੰਦੀ ਸਾਹਿਤ ਤੋਂ ਗੱਲ ਸ਼ੁਰੂ ਹੋ ਕੇ ਸੰਸਾਰ-ਸਾਹਿਤ ਤੇ ਫਿਰ ਅਕਸਰ ਮਹਾਨ ਰੂਸੀ ਗਲਪ-ਸਾਹਿਤ 'ਤੇ ਜਾ ਕੇ ਖ਼ਤਮ ਹੁੰਦੀ। ਕਦੀ ਕਦੀ ਅਸੀਂ ਆਪਣੇ ਨਿੱਜ ਦੀਆਂ ਸਾਂਝਾਂ, ਤਾਂਘਾਂ ਅਤੇ ਤ੍ਰਿਪਤੀਆਂ-ਅਤ੍ਰਿਪਤੀਆਂ ਵੀ ਇਕ-ਦੂਜੇ ਨਾਲ ਸਾਂਝੀਆਂ ਕਰ ਲੈਂਦੇ। ਇਸ ਲਈ ਉਸ ਨਾਲ ਆਪਣੀ ਅਤੇ ਉਸ ਦੀ ਵਰਤਮਾਨ ਸਿਆਸੀ ਸਥਿਤੀ ਬਾਰੇ ਗੱਲ ਕਰਨੀ ਨਾ ਔਖੀ ਸੀ ਤੇ ਨਾ ਹੀ ਓਪਰੀ। ਦੋਸਤੀ ਦੇ ਬਣ ਗਏ ਨੇੜਲੇ ਰਿਸ਼ਤੇ ਵਿਚੋਂ ਹੀ ਮੈਂ ਉਸ ਨੂੰ ਕਿਹਾ ਕਿ ਪਾਰਟੀ ਦੀ ਮੌਜੂਦਾ ਲਾਈਨ ਅਨੁਸਾਰ ਇੱਕਾ-ਦੁੱਕਾ ਐਕਸ਼ਨ ਕਰ ਕੇ ਅਤੇ ਰਾਤ-ਬਰਾਤੇ ਕੰਧਾਂ 'ਤੇ ਇਸ਼ਤਿਹਾਰ ਲਾ ਕੇ ਜਾਂ ਨਾਅਰੇ ਲਿਖ ਕੇ ਰੋਮਾਂਚਕ-ਸੁੰਨਸੁਨੀ ਤਾਂ ਪੈਦਾ ਕੀਤੀ ਜਾ ਸਕਦੀ ਹੈ ਪਰ ਲੋਕਾਂ ਨਾਲ ਲੋਕ-ਲਹਿਰ ਉਸਾਰਨ ਵਾਲਾ ਰਾਬਤਾ ਹਰਗ਼ਿਜ਼ ਨਹੀਂ ਬਣ ਸਕਦਾ। ਉਹ ਮੇਰੀਆਂ ਗੱਲਾਂ ਨਾਲ ਮੁਤਫ਼ਿਕ ਨਜ਼ਰ ਆਇਆ। ਉਸ ਨੇ ਵੀ ਮੰਨਿਆਂ ਕਿ ਲੋਕਾਂ ਨੂੰ ਨਾਲ ਜੋੜਨ ਲਈ ਜਨਤਕ-ਜਥੇਬੰਦੀਆਂ ਉਸਾਰਨ ਦੀ ਬਹੁਤ ਜ਼ਰੂਰਤ ਹੈ।

ਕੁਝ ਚਿਰ ਬਾਅਦ ਹਲਵਾਰਵੀ ਨੇ ਦੱਸਿਆ ਕਿ ਉਹ ਅਤੇ ਉਹਦੇ ਸਾਥੀ ਨਾਗੀ-ਰੈਡੀ ਗਰੁੱਪ ਨਾਲ ਜਾ ਰਹੇ ਹਨ ਅਤੇ ਇਸ ਗਰੁੱਪ ਦੀ ਲਾਈਨ ਜਨਤਕ ਜੱਥੇਬੰਦੀਆਂ ਉਸਾਰ ਕੇ ਅੱਗੇ ਵਧਣ ਦੀ ਹੈ। ਮੈਨੂੰ ਇਹ ਗੱਲ ਆਪਣੀ ਸੋਚ ਅਨੁਸਾਰ ਕੁੱਝ ਕੁਝ ਠੀਕ ਲੱਗੀ। ਪਰ ਮੈਂ ਮਨ ਵਿਚ ਪੱਕੇ ਤੌਰ ਤੇ ਨਿਰਣਾ ਕਰ ਲਿਆ ਕਿ ਇੱਕ ਸੀਮਤ ਹੱਦ ਤੱਕ ਹੀ ਸਹਿਯੋਗ ਦੇਣਾ ਹੈ। ਮੈਂ ਹਾਲ ਦੀ ਘੜੀ ਸਿਆਸੀ ਕਾਰਕੁਨ ਵਜੋਂ ਵਿਚਰਨ ਦਾ ਇਰਾਦਾ ਤਾਂ ਅਸਲੋਂ ਹੀ ਤਿਆਗ ਦਿੱਤਾ। ਸੋਚਿਆ, ਜਿੰਨਾ ਕੁ ਹੋ ਸਕਿਆ ਨੌਜੁਆਨ ਭਾਰਤ ਸਭਾ ਜਾਂ ਮੁਲਾਜ਼ਮ ਮੁਹਾਜ਼ 'ਤੇ ਸਹਿਯੋਗ ਦੇ ਦਿਆਂਗਾ, ਪਰ ਮੇਰੀ ਸੁਰਤ ਅਤੇ ਅਮਲ ਦਾ ਖੇਤਰ ਕੇਵਲ ਤੇ ਕੇਵਲ ਸਾਹਿਤ ਹੀ ਹੋਵੇਗਾ। ਨਾ ਹੀ ਮੈਂ ਆਪਣੇ ਤੋਂ ਕੋਈ ਵੱਡੀ ਆਸ ਰੱਖੇ ਜਾਣ ਦਾ ਹੱਕ ਕਿਸੇ ਨੂੰ ਦੇਣ ਲਈ ਤਿਆਰ ਸਾਂ ਅਤੇ ਨਾ ਹੀ ਕਿਸੇ ਵੱਡੀ ਆਸ ਤੇ ਪੂਰਾ ਉਤਰਨ ਜਾਂ ਨਾ ਉਤਰਨ ਲਈ ਜੁਆਬਦੇਹ ਹੋਣ ਲਈ ਤਿਆਰ ਸਾਂ।

ਮੈਂ ਹੁਣ ਤੱਕ ਆਪਣੇ ਆਪ ਨੂੰ ਟੋਹ ਕੇ ਵੇਖ ਲਿਆ ਸੀ। ਸਰਗਰਮ ਸਿਆਸੀ ਬੰਦਿਆਂ ਵਾਂਗ ਸਿਆਸਤ ਵਿਚ ਭਾਗ ਲੈਣ ਵਾਲਾ ਮੇਰਾ ਸੁਭਾ ਹੀ ਨਹੀਂ ਸੀ। ਭਾਵੇਂ ਨਾਗੀ-ਰੈਡੀ ਗਰੁੱਪ ਵੱਲੋਂ ਜਨਤਕ ਜਥੇਬੰਦੀਆਂ ਉਸਾਰਨਾ 'ਹਾਂ-ਮੁਖੀ' ਕਦਮ ਸੀ, ਪਰ ਅਨੇਕਾਂ ਗਰੁੱਪਾਂ ਵਿਚ ਵੰਡੀ ਕਮਿਊਨਿਸਟ ਲਹਿਰ ਤੋਂ ਕਿਸੇ ਤਣ-ਪੱਤਣ ਲੱਗ ਸਕਣ ਦੀ ਆਸ ਹੁਣ ਮੈਨੂੰ ਨਹੀਂ ਸੀ ਰਹੀ। ਮੈਂ ਆਪਣੇ ਆਪ ਨੂੰ ਨਿਰੋਲ ਸਾਹਿਤਕ ਗਤੀਵਿਧੀਆਂ ਦੇ ਘੇਰੇ ਵਿਚ ਰੱਖਣ ਦਾ ਨਿਰਣਾ ਕਰ ਲਿਆ। ਇਸ ਮਕਸਦ ਲਈ ਹਲਵਾਰਵੀ ਅਤੇ ਉਸ ਦੇ ਸਾਹਿਤਕ-ਸਾਥੀਆਂ ਵੱਲੋਂ ਸਾਹਿਤਕ-ਮਸਲਿਆਂ ਅਤੇ ਰਚਨਾਵਾਂ ਨੂੰ ਘੋਖਣ-ਵਾਚਣ ਲਈ ਕਦੀ ਕਦੀ ਹੁੰਦੀਆਂ ਮੀਟਿੰਗਾਂ ਵਿਚ ਸ਼ਾਮਿਲ ਹੋਣਾ ਮੈਨੂੰ ਪ੍ਰਵਾਨ ਸੀ। ਇਹ ਮੇਲ-ਮਿਲਾਪ ਬਣਾਈ ਰੱਖਣ ਪਿੱਛੇ ਵੱਡਾ ਕਾਰਨ ਇਹ ਵੀ ਸੀ ਕਿ ਮੈਂ ਇਨ੍ਹਾਂ ਸਾਹਿਤਕ-ਮਿੱਤਰਾਂ ਦੀ ਸੰਗਤ ਦੇ ਮੋਹ-ਜਾਲ ਵਿਚ ਵੀ ਫਸਿਆ ਹੋਇਆ ਸਾਂ। ਇਸੇ ਮੋਹ ਸਦਕਾ ਅਤੇ ਕੁੱਝ ਚੰਗਾ ਤੇ ਸਾਰਥਕ ਕਰਦੇ ਰਹਿਣ ਦੀ ਤਾਂਘ ਕਾਰਨ ਹੀ ਮੈਂ ਆਪਣੇ ਪਿੰਡ ਵਿਚ ਵਿਸ਼ੇਸ਼ ਤੌਰ 'ਤੇ ਅਤੇ ਆਪਣੇ ਇਲਾਕੇ ਵਿਚ ਆਮ ਕਰ ਕੇ ਨੌਜਵਾਨ ਭਾਰਤ ਸਭਾਵਾਂ ਨੂੰ ਉਸਾਰਨ ਵਿਚ ਯੋਗਦਾਨ ਦਿੱਤਾ ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਵਿਚ 'ਨਾਗੀ ਰੈਡੀ' ਗਰੁੱਪ ਦੀ ਲਾਈਨ ਲਾਗੂ ਕਰਵਾਉਣ ਲਈ ਸਰਗਰਮ ਰੋਲ ਵੀ ਅਦਾ ਕੀਤਾ।

(ਚਲਦਾ)

## ਕਹਾਣੀ

# ਲਾਵਾਰਿਸ

***ਇਸ ਵਾਰ (2011) ਦਾ ਸਾਹਿਤ ਅਕਾਦਮੀ ਪੁਰਸਕਾਰ ਗਲਪਕਾਰ ਬਲਦੇਵ ਸਿੰਘ ਸੜਕਨਾਮਾ ਨੂੰ ਉਨ੍ਹਾਂ ਦੇ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਲਈ ਦਿੱਤਾ ਗਿਆ ਹੈ। ਇਹ ਨਾਵਲ ਲੋਕ ਨਾਇਕ ਦੁੱਲਾ ਭੱਟੀ ਬਾਰੇ ਹੈ। ਬਲਦੇਵ ਸਿੰਘ ਨੇ ਨਾਵਲ ਅਤੇ ਕਹਾਣੀਆਂ ਤਾਂ ਲਿਖੀਆਂ ਹੀ ਹਨ ਅਤੇ ਉਨ੍ਹਾਂ ਦੀਆਂ ਇਨ੍ਹਾਂ ਰਚਨਾਵਾਂ ਦੀ ਚਰਚਾ ਵੀ ਬਥੇਰੀ ਹੋਈ ਹੈ ਪਰ ਉਨ੍ਹਾਂ ਦੀ ਨਿਵੇਕਲੀ ਰਚਨਾ 'ਸੜਕਨਾਮਾ' ਹੈ। ਬਲਦੇਵ ਸਿੰਘ ਦਾ ਕਿੱਤਾ ਟਰੱਕ ਡਰਾਈਵਰੀ ਸੀ ਅਤੇ ਉਸ ਨੇ ਇਸ ਕਿੱਤੇ ਨਾਲ ਜੁੜੀਆਂ ਗੱਲਾਂ ਜਦੋਂ 'ਸੜਕਨਾਮਾ' ਕਾਲਮ ਤਹਿਤ ਸਵਰਗੀ ਅੰਮ੍ਰਿਤਾ ਪ੍ਰੀਤਮ ਦੇ ਮਾਸਿਕ ਪਰਚੇ 'ਨਾਗਮਣੀ' ਵਿਚ ਸੁਣਾਉਣੀਆਂ ਸ਼ੁਰੂ ਕੀਤੀਆਂ ਤਾਂ ਪੰਜਾਬੀ ਸਾਹਿਤ ਜਗਤ ਨੂੰ ਅਸਲੋਂ ਨਵੀਂ ਰਚਨਾ ਮਿਲੀ ਅਤੇ ਨਾਲ ਹੀ ਇਕ ਸਮਰੱਥ ਲੇਖਕ ਵੀ ਪਿੜ ਵਿਚ ਆਣ ਡਟਿਆ। ਉਨ੍ਹਾਂ ਨੂੰ ਇਹ ਵੱਕਾਰੀ ਪੁਰਸਕਾਰ ਮਿਲਣ ਵੇਲੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਕਹਾਣੀ 'ਲਾਵਾਰਿਸ' ਛਾਪੀ ਜਾ ਰਹੀ ਹੈ। ਇਸ ਕਹਾਣੀ ਦਾ ਬਿਰਤਾਂਤ ਸੁੰਨ ਕਰਨ ਵਾਲਾ ਹੈ। ਜਿਉਂ ਜਿਉਂ ਬਿਰਤਾਂਤ ਅਗਾਂਹ ਤੁਰਦਾ ਹੈ, ਕਹਾਣੀ ਦੇ ਸ਼ਬਦ ਨਸ਼ਤਰਾਂ ਵਾਂਗ ਚੁਭਣੇ ਸ਼ੁਰੂ ਹੋ ਜਾਂਦੇ ਹਨ। ਕਹਾਣੀ ਦਾ ਅਖੀਰ ਪਾਠਕ ਨੂੰ ਝੰਜੋੜ ਕੇ ਸੁੱਟ ਜਾਂਦਾ ਹੈ। -ਸੰਪਾਦਕ***



**ਬਲਦੇਵ ਸਿੰਘ**

ਅਜੇ ਸੂਰਜ ਛਿਪਿਆ ਨਹੀਂ ਸੀ ਪਰ ਜਿਉਂ ਹੀ ਬਿਲਡਿੰਗਾਂ ਨੇ ਉਸ ਦੀ ਧੁੱਪ ਰੋਕ ਲਈ, ਝੁੱਗੀ ਅੰਦਰ ਹਨੇਰਾ ਹੋ ਗਿਆ। ਪਰਛਾਵਿਆਂ ਵਿਚ ਘਿਰੀ ਉਦਾਸੀ ਹੋਰ ਕਾਲੀ ਹੋ ਗਈ। ਉਂਜ ਵੀ ਧੁੱਪ ਉਨ੍ਹਾਂ ਦੀ ਬਸਤੀ ਤੋਂ ਫ਼ਾਸਲੇ 'ਤੇ ਖੜ੍ਹੀ ਰਹਿੰਦੀ ਹੈ। ਹਨੇਰਿਆਂ ਦੇ ਆਦੀ ਹੋ ਗਏ ਹਨ ਉਹ। ਹੁਣ ਜਦੋਂ ਧੁੱਪ ਦਾ ਕੋਈ ਟੋਟਾ ਛੱਤ ਪਾੜ ਕੇ ਜਾਂ ਚੋਰ ਦੇ ਸੰਨ੍ਹ ਲਾਉਣ ਵਾਂਗ ਉਨ੍ਹਾਂ ਵਿਚੋਂ ਕਿਸੇ ਦੀ ਝੁੱਗੀ ਅੰਦਰ ਲੰਘ ਜਾਂਦਾ ਹੈ ਤਾਂ ਇਉਂ ਲਗਦਾ ਹੈ, ਜਿਵੇਂ ਧੁੱਪ ਉਨ੍ਹਾਂ ਦਾ ਚੀਰ ਹਰਨ ਕਰਨ ਆਉਂਦੀ ਹੋਵੇ ਤੇ ਉਹ ਅੱਧ ਨੰਗੇ ਹੋਰ ਨੰਗੇ ਹੋ ਜਾਂਦੇ ਹੋਣ।

ਰਧੀਆ ਦੀਵਾ ਸੀਖਣ ਉਠੀ, ਦੇਖਿਆ ਤਾਂ ਦੀਵੇ ਵਿਚ ਤੇਲ ਕੋਈ ਨਹੀਂ ਸੀ। ਮਿੱਟੀ ਦੇ ਤੇਲ ਵਾਲੀ ਖਾਲੀ ਬੋਤਲ ਵੀ ਰਧੀਆ ਦੀ ਨਜ਼ਰੀਂ ਪਈ। ਚਾਨਣ ਕਰਨ ਲਈ ਉਸ ਕੋਲ ਹੋਰ ਕੁਝ ਉਪਾਅ ਨਹੀਂ ਸੀ। ਉਸ ਕੋਲ ਵੀ ਅਤੇ ਉਸ ਵਰਗੀਆਂ ਹੋਰ ਝੁੱਗੀਆਂ ਵਾਲੀਆਂ ਕੋਲ ਵੀ।

ਗਰੀਬੂ ਜਿਵੇਂ ਬਰੜਾਇਆ ਹੋਵੇ। ਰਧੀਆ ਕੋਲ ਆ ਖੜ੍ਹੀ। ਫਿਰ ਉਸ ਦੇ ਸਿਰਹਾਣੇ ਬੈਠ ਗਈ। ਚਟਾਈ ਉਪਰ ਪਏ ਗਰੀਬੂ ਨੇ ਪਾਸਾ ਪਰਤ ਕੇ ਥੁੱਕਣਾ ਚਾਹਿਆ, ਪਰ ਉਸ ਕੋਲੋਂ ਹਿੱਲਿਆ ਨਹੀਂ ਗਿਆ ਤੇ ਥੁੱਕ ਆਪਣੇ ਬੁੱਲ੍ਹਾਂ ਦੇ ਬਾਹਰ ਹੀ ਸੁੱਕੀਆਂ ਜਬਾੜ੍ਹਾਂ ਉਪਰ ਵਧੀ ਦਾੜ੍ਹੀ ਦੇ ਕਰਚਿਆਂ ਵਿਚ ਅਟਕ ਗਿਆ।

ਕਬਰਸਤਾਨ ਦੀ ਲੰਮੀ ਕੰਧ ਦੇ ਨਾਲ ਨਾਲ ਅਜੀਬ ਦੁਨੀਆਂ ਹੈ ਇਹ। ਕੰਧ ਦੇ ਪਾਰਲੇ ਪਾਸੇ ਹਨੇਰੀਆਂ ਕਬਰਾਂ ਵਿਚ ਮੁਰਦੇ ਸੌਂ ਰਹੇ ਸਨ ਜਿਨ੍ਹਾਂ ਦੇ ਕਿਆਮਤ ਵਾਲੇ ਦਿਨ ਜ਼ਿੰਦਾ ਹੋਣ ਦੀਆਂ ਆਸਾਂ ਹਨ। ਕਬਰਾਂ 'ਤੇ ਸਿਰਨਾਵੇਂ ਲਿਖੇ ਹਨ, ਉਨ੍ਹਾਂ ਉਤੇ ਫੁੱਲ ਖਿੜਦੇ ਹਨ। ਤੇ ਕੰਧ ਦੇ ਇਧਰ ਹਨੇਰੀਆਂ ਝੁੱਗੀਆਂ ਵਿਚ ਜਿਉਂਦੀ ਜਾਗਦੀ, ਸਾਹ ਲੈਂਦੀ ਦੁਨੀਆਂ ਹੈ ਜਿਸ ਨੂੰ ਕਬਰਸਤਾਨ ਜਿੰਨੀ ਹੈਸੀਅਤ ਵੀ ਨਹੀਂ ਮਿਲੀ। ਕੋਈ ਸਿਰਨਾਵਾਂ ਇਧਰ ਨੂੰ ਤੁਰ ਕੇ ਨਹੀਂ ਆਉਂਦਾ ਤੇ ਮੁਰਝਾਏ ਫੁੱਲ ਵੀ ਇਨ੍ਹਾਂ ਨੂੰ ਨਸੀਬ ਨਹੀਂ।

ਰਧੀਆ ਨੇ ਮੈਲੀ ਫਟੀ ਹੋਈ ਸਾੜ੍ਹੀ ਦੇ ਪੱਲੇ ਨਾਲ ਗਰੀਬੂ ਦਾ ਚਿਹਰਾ ਸਾਫ਼ ਕੀਤਾ। ਗਰੀਬੂ ਨੇ ਇਕ ਵਾਰ ਅੱਖਾਂ ਪੁੱਟ ਕੇ ਝਾਕਿਆ। ਰਧੀਆ ਉਸ ਨੂੰ ਹਨੇਰੇ ਵਿਚ ਧੁੰਦਲੇ ਬੁੱਤ ਵਾਂਗ ਦਿੱਸੀ। "ਇਥੇ ਬਹੁਤ ਦਰਦ ਹੁੰਦੈ...।" ਗਰੀਬੂ ਛਾਤੀ ਉਤੇ ਹੱਥ ਰੱਖ ਕੇ ਜਿਵੇਂ ਡੂੰਘੇ ਖੂਹ ਵਿਚੋਂ ਬੋਲਿਆ। ਰਧੀਆ ਉਸ ਦੀ ਛਾਤੀ ਮਲਣ ਲੱਗ ਪਈ। ਉਖੜੇ ਜਿਹੇ ਸਾਹਾਂ ਵਿਚ ਗਰੀਬੂ ਨੂੰ ਖੰਘ ਛਿੜ ਪਈ।

ਖੰਘ ਕੀ ਛਿੜੀ, ਗਰੀਬੂ ਤ੍ਰੇਲੀ-ਤ੍ਰੇਲੀ ਹੋ ਕੇ ਬੌਂਦਲ ਗਿਆ। ਅੱਖਾਂ ਬਾਹਰ ਵੱਲ ਆ ਗਈਆਂ। ਜੀਭ ਲਮਕ ਗਈ। ਫਿਰ ਦੋ ਕੁ ਔਖੇ ਸਾਹ ਆਏ ਤੇ ਨਾਲ ਹੀ ਧੌਣ ਲੁੜਕ ਗਈ।

ਕੁਝ ਪਤਾ ਨਹੀਂ ਲੱਗਿਆ, ਗਰੀਬੂ ਨੂੰ ਕੀ ਬਿਮਾਰੀ ਸੀ?

ਬੁਖ਼ਾਰ ਨਾਲ ਪਿੰਡਾ ਤਪਣ ਲਗਦਾ ਹੈ, ਉਹ ਵੀ ਨਹੀਂ। ਮਲੇਰੀਏ ਨਾਲ ਉਲਟੀ ਆਉਂਦੀ ਹੈ, ਕਾਂਬਾ ਛਿੜਦਾ ਹੈ? ਪਰ ਗਰੀਬੂ ਨੂੰ ਕਦੇ ਕੰਬਣੀ ਨਹੀਂ ਲੱਗੀ। ਇਕ ਵੇਰ ਚਲਦੀ ਫਿਰਦੀ ਗੱਡੀ ਵਿਚ ਕੁਝ ਡਾਕਟਰ ਆਏ ਸਨ। ਉਨ੍ਹਾਂ ਰਧੀਆ ਨੂੰ ਆਖਿਆ ਸੀ, "ਇਸ ਨੂੰ ਕੁਝ ਖਾਣ ਲਈ ਦਿਓ।" ਰਧੀਆ ਜਾਣਦੀ ਹੈ, ਉਹ ਜਦੋਂ ਵੀ ਖਾਣ ਦੇ ਪ੍ਰਬੰਧ ਲਈ ਬਾਹਰ ਜਾਂਦੀ ਹੈ-ਨਾ ਸੂਰਤ, ਨਾ ਸਰੀਰ, ਚੀਥੜੇ ਕੱਪੜੇ। ਕੋਲੋਂ ਬਦਬੂ ਆਉਂਦੀ। ਉਸ ਨੂੰ ਤਾਂ ਕੋਈ ਪਾਸ ਵੀ ਖੜ੍ਹਨ ਦੇਣਾ ਨਹੀਂ ਚਾਹੁੰਦਾ। ਭਲਾ ਖਾਣ ਨੂੰ ਕੌਣ ਦੇਵੇ?

ਕੁਝ ਪਲ ਰਧੀਆ ਫਟੀਆਂ ਅੱਖਾਂ ਨਾਲ ਗਰੀਬੂ ਨੂੰ ਵੇਖਣ ਦਾ ਯਤਨ ਕਰਦੀ ਰਹੀ। ਉਸ ਨੂੰ ਹਲੂਣਦੀ ਰਹੀ। ਫਿਰ ਅਚਾਨਕ ਉਹ ਡਰ ਗਈ ਤੇ ਘਾਬਰ ਕੇ ਬਾਹਰ ਨਿਕਲ ਗਈ।

ਹੁਣ ਸੂਰਜ ਸਚਮੁੱਚ ਹੀ ਛਿਪ ਚੁੱਕਾ ਸੀ ਤੇ ਹਨੇਰਾ ਘਿਰ ਆਇਆ ਸੀ। "ਏ ਪੰਚੂ, ਓ ਬੁਧੀਆ, ਚੱਪੂ, ਟਣੀਆਂ...ਚੂਨੂ...ਪੋਚਾ...", ਉਹ ਉੱਚੀ ਉੱਚੀ ਰੋਂਦੀ ਆਵਾਜ਼ ਵਿਚ ਹਾਕਾਂ ਮਾਰਨ ਲੱਗੀ।

ਸਾਰੀਆਂ ਝੁੱਗੀਆਂ ਵਿਚੋਂ ਰੌਲੇ ਦੀ ਕੋਈ ਲਹਿਰ, ਧੂੰਏਂ ਵਾਂਗ ਉਠੀ ਤੇ ਗਰੀਬੂ ਦੀ ਝੁੱਗੀ ਦੁਆਲੇ ਆਣ ਜੁੜੀ।

ਹਰ ਰੋਜ਼ ਲੜਾਈ ਝਗੜੇ ਹੁੰਦੇ ਹਨ, ਇਸ ਬਸਤੀ ਵਿਚ। ਤਾੜੀ ਜਾਂ ਚੂੱਲੂ ਪੀ ਕੇ ਇਹ ਕੂੜੇ ਕਰਕਟ ਵਿਚੋਂ ਲੱਭ ਕੇ ਲਿਆਂਦੀਆਂ ਨੇਅਮਤਾਂ ਦੀ ਮਲਕੀਅਤ ਪਿੱਛੇ ਚਾਕੂ ਛੁਰੀਆਂ ਚਲਾ ਦਿੰਦੇ ਹਨ। ਇਕੱਠੀਆਂ ਕੀਤੀਆਂ ਜੂਠਾਂ ਦੀ ਵੰਡ ਵੰਡਾਈ ਵੇਲੇ ਬਿੱਲੀਆਂ ਵਾਂਗ ਲੜਦੇ ਹਨ ਪਰ ਖ਼ੁਸ਼ੀ ਤੇ ਗ਼ਮੀ ਵੇਲੇ ਸਭ ਈਰਖਾਵਾਂ ਕੂੜੇ ਦੇ ਢੇਰਾਂ ਉਪਰ ਹੀ ਸੁੱਟ ਆਉਂਦੇ ਹਨ।

ਤੇ ਹੁਣ ਸਭ ਜੁੜ ਕੇ ਗਰੀਬੂ ਦੇ ਕਿਰਿਆ ਕਰਮ ਦਾ ਫਿਕਰ ਕਰਨ ਲੱਗੇ। ਸਿਆਣੇ ਦਿਸਦੇ ਇਕ ਆਦਮੀ ਨੇ ਰਧੀਆ ਨੂੰ ਉਨ੍ਹਾਂ ਦੇ ਧਰਮ ਬਾਰੇ ਪੁੱਛਿਆ। ਰਧੀਆ ਚੁੱਪ ਦੀ ਚੁੱਪ ਰਹਿ ਗਈ।

ਹੈਰਾਨ ਹੋ ਕੇ ਉਸ ਨੇ ਪੁੱਛਣ ਵਾਲੇ ਵੱਲ ਤੱਕਿਆ। ਉਹ ਜਾਣਦੀ ਹੈ ਤੇ ਬਸਤੀ ਵਾਲੇ ਵੀ ਜਾਣਦੇ ਹਨ। ਇਸ ਵੇਰਵੇ ਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਹੈ ਪਰ ਫਿਰ ਵੀ ਪੁੱਛ ਲਿਆ ਤੇ ਰਧੀਆ ਉਵੇਂ ਚੁੱਪ ਦੀ ਚੁੱਪ ਹੈ।

ਈਸਾਈਆਂ ਦੇ ਤਿਉਹਾਰ ਵਿਚ ਕੁਝ ਖਾਣ ਲਈ ਮਿਲੇਗਾ, ਇਹ ਸੋਚ ਕੇ ਸਾਰੀ ਬਸਤੀ ਚਰਚ ਸਾਹਮਣੇ ਭੀੜ ਲਾ ਦਿੰਦੀ। ਕਿਸੇ ਮੰਦਰ ਵਿਚ ਕੀਰਤਨ ਦੀ ਸੂਹ ਇਨ੍ਹਾਂ ਨੂੰ ਪਹਿਲਾਂ ਲੱਗ ਜਾਂਦੀ। ਈਦ ਦੇ ਤਿਉਹਾਰ 'ਤੇ ਇਹ ਖ਼ੈਰਾਤ ਜਾ ਮੰਗਦੇ, ਨਮਾਜ਼ਾਂ ਪੜ੍ਹਨ ਦਾ ਸਾਂਗ ਰਚਦੇ। ਸਿੱਖਾਂ ਦੇ ਗੁਰਪੁਰਬ ਵੇਲੇ ਜਦੋਂ ਲੰਗਰ ਵਰਤਦਾ, ਜੂਠਾਂ ਹੂੰਝਣ ਲਈ ਇਹ ਸਭ ਤੋਂ ਪਹਿਲਾਂ ਪਹੁੰਚਦੇ। ਉਨ੍ਹਾਂ ਨੇ ਤਾਂ ਹਰ ਧਰਮ ਦੀ ਜੈ ਜੈ ਕੀਤੀ ਹੈ। ਬਸਤੀ ਜਿਵੇਂ ਪੂਰੇ ਦੇਸ਼ ਦੇ ਨਕਸ਼ੇ 'ਤੇ ਫੈਲੀ ਹੋਵੇ ਜਾਂ ਪੂਰਾ ਮੁਲਕ ਜਿਵੇਂ ਬਸਤੀ ਦੀ ਜ਼ੈਲ ਵਿਚ ਸੁੰਗੜਿਆ ਹੋਵੇ।

ਰਧੀਆ ਦੀ ਚੁੱਪ ਉਨ੍ਹਾਂ ਨੂੰ ਕਿਸੇ ਫ਼ੈਸਲੇ ਉਤੇ ਨਹੀਂ ਪਹੁੰਚਾ ਸਕੀ। ਉਨ੍ਹਾਂ ਫਿਰ ਪੁੱਛਿਆ, "ਦਫ਼ਨਾ ਦੇਈਏ ਜਾਂ...?"

ਤੇ ਗੁੰਮ ਸੁੰਮ ਖੜ੍ਹੀ ਰਧੀਆ ਨੂੰ ਇਉਂ ਜਾਪਿਆ, ਜਿਵੇਂ ਪਿਛਲੇ ਸਾਰੇ ਵਰ੍ਹੇ ਅੰਦਰ ਚਟਾਈ ਉਪਰ ਮਰੇ ਪਏ ਹੋਣ। ਉਹ ਅਚਾਨਕ ਬੋਲ ਪਈ, "ਜਿਹੜਾ ਸਸਤਾ ਹੋ ਸਕਦੈ...ਕਰ ਦਿਓ।"

ਬਸਤੀ ਵਾਲੇ ਦੁਬਿਧਾ ਵਿਚੋਂ ਨਿਕਲੇ ਨਹੀਂ। ਉਨ੍ਹਾਂ ਸਾਰਿਆਂ ਦੀ ਸਾਂਝ ਇੰਨੀ ਕੁ ਹੈ ਕਿ ਉਹ ਭੁੱਖ ਸਾਂਝੀ ਹੰਢਾਉਂਦੇ ਹਨ, ਹਨੇਰਾ ਰਲ ਕੇ ਓੜ੍ਹਦੇ ਹਨ ਤੇ ਜਿਉਂਦੇ ਰਹਿਣ ਦਾ ਸਰਾਪ ਰਲ ਕੇ ਭੋਗਦੇ ਹਨ।

ਇਨ੍ਹਾਂ ਲੋਕਾਂ ਦੇ ਕਈ ਅਹੁਦੇ ਹਨ। ਬੇਕਾਰ, ਅਵਾਰਾ, ਬਦਮਾਸ਼ ਤੇ ਹੋਰ ਪਤਾ ਨਹੀਂ ਕੀ ਕੁਝ। ਉਂਜ, ਇਹ ਰੁਜ਼ਗਾਰ ਵੀ ਕਰਦੇ ਹਨ, ਜਿਹੜਾ ਵੀ ਕੰਮ ਕਰਨ ਲਈ ਮਿਲ ਜਾਵੇ। ਸੜਕਾਂ ਉਪਰ ਮੋਏ ਕੁੱਤਿਆਂ ਨੂੰ ਚੁੱਕਣ ਤੋਂ ਲੈ ਕੇ ਇਨਸਾਨਾਂ ਦੀਆਂ ਅਰਥੀਆਂ ਚੁੱਕਣ ਤੱਕ। ਕਿਸੇ ਮੰਦਰ ਤੋਂ ਮਿਲਦੇ ਪ੍ਰਸ਼ਾਦ ਤੋਂ ਲੈ ਕੇ ਕਿਸੇ ਅਮੀਰ ਦਾਅਵਤ ਦੀਆਂ ਜੂਠਾਂ ਇਕੱਠੀਆਂ ਕਰਨ ਤਕ ਦਾ ਸਫ਼ਰ ਇਹ ਰੋਜ਼ ਤੈਅ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਕਿਰਾਏ ਉਤੇ ਲਾਸ਼ਾਂ ਢੋਂਹਦੇ ਹਨ, ਜਦੋਂ ਕੋਈ ਅਜਿਹਾ ਗਾਹਕ ਆਉਂਦਾ ਹੈ, ਇਨ੍ਹਾਂ ਦੇ ਜਿਸਮ ਦਾ ਇਕ ਹਿੱਸਾ ਹੁਲਾਸ ਵਿਚ ਆ ਜਾਂਦਾ ਹੈ। ਚਲੋ! ਅੱਜ ਦੀ ਰਾਤ ਤਾਂ ਉਹ ਘ੍ਰਿਣਾ ਤਾਂ ਗਾਲਾਂ ਖਾ ਕੇ ਨਹੀਂ ਸੌਣਗੇ ਪਰ ਪਰਾਈ ਲਾਸ਼ ਮੋਢਿਆਂ ਉਤੇ ਚੁੱਕ ਕੇ ਤੁਰਨਾ, ਜਿਸਮ ਦੇ ਦੂਸਰੇ ਹਿੱਸੇ ਨੂੰ ਆਪਣਾ ਆਪ ਛੋਟਾ ਲੱਗਦਾ ਹੈ। ਮਨ ਅੰਦਰ ਭੈਅ ਵੀ ਸਹਿਮ ਕੇ ਬੈਠਾ ਰਹਿੰਦਾ ਹੈ, ਪਤਾ ਨਹੀਂ ਕਦੋਂ ਕਿਸੇ ਮੁਰਦੇ ਦਾ ਭੂਤ ਉਨ੍ਹਾਂ ਦੀ ਛਾਤੀ ਉਤੇ ਚੜ੍ਹ ਬੈਠੇ ਤੇ ਉਹ ਚੂੱਲੂ ਪੀ ਕੇ ਤਾੜੀ ਪੀ ਕੀ ਆਪਣੇ ਆਪ ਨੂੰ ਦਲੇਰ ਬਣਾਉਂਦੇ ਹਨ। ਓਪਰੀ ਜਿਹੀ ਘਬਰਾਹਟ ਵਿਚ ਅਰਥੀ ਚੁੱਕ ਕੇ ਸ਼ਮਸ਼ਾਨ ਘਾਟ ਵੱਲ ਦੌੜਦੇ ਹਨ। 'ਬੋਲ, ਹਰੀ ਬੋਲ ਹਰੀ ਬੋਲ...' ਦੇ ਨਾਅਰਿਆਂ ਵਿਚ ਸ਼ਾਇਦ ਉਹ ਆਪਣੀ ਆਤਮਾ ਦੀ ਬਗ਼ਾਵਤ ਨੂੰ ਦਬਾਉਂਦੇ ਹਨ। ਫਿਰ ਕਿਸੇ ਠਾਕਰ ਅੱਗੇ ਕਿਸੇ ਮੰਦਰ ਵਿਚ ਦੂਰੋਂ ਹੀ ਪ੍ਰਾਥਨਾ ਕਰਦੇ ਹਨ, 'ਦੂਸਰੀ ਵਾਰ ਇਹ ਧੰਦਾ ਨਾ ਕਰਵਾਈਂ...।' ਕੋਈ ਬੋਝ ਉਨ੍ਹਾਂ ਦੇ ਸਿਰੋਂ ਉਤਰਦਾ ਹੈ ਪਰ ਝੁੱਗੀਆਂ ਦੇ ਹਨੇਰੇ ਉਨ੍ਹਾਂ ਉਪਰ ਹੱਸਦੇ ਹਨ ਤੇ ਅਗਲੇ ਦਿਨ ਉਨ੍ਹਾਂ ਨੂੰ ਫਿਰ ਕਿਸੇ ਗਾਹਕ ਦੇ ਆਉਣ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਉਹ ਉਸੇ ਠਾਕਰ ਅੱਗੇ ਕਿਸੇ ਦੀ ਮੌਤ ਲਈ ਪ੍ਰਾਰਥਨਾ ਕਰਦੇ ਹਨ ਤੇ ਝੋਰਾ ਕਰਦੇ ਹਨ, 'ਪਤਾ ਨਹੀਂ ਆਦਮੀ ਜਲਦੀ ਜਲਦੀ ਮਰ ਕਿਉਂ ਨਹੀਂ ਰਹੇ!'

ਹੁਣ ਹਨੇਰਾ ਹੋ ਗਿਆ ਸੀ। ਬਸਤੀ ਵਾਲਿਆਂ ਹੀ ਗਰੀਬੂ ਦੀ ਮਿੱਟੀ ਸਮੇਟਣ ਦਾ ਓਹੜ-ਪੋਹੜ ਕਰਨਾ ਸੀ ਪਰ ਕੁਝ ਸ਼ੰਕੇ ਸਾਰਿਆਂ ਦੇ ਚਿਹਰਿਆਂ ਉਪਰ ਉਗ ਆਏ ਸਨ। ਖਟੀਆ ਕਿੱਥੋਂ ਆਵੇਗੀ? ਧੂਫ਼ ਬੱਤੀ ਕੌਣ ਲਿਆਏਗਾ? ਖੱਫਣ ਕਿਵੇਂ ਬਣੇਗਾ? ਲਾਸ਼ ਨੂੰ ਦਫ਼ਨਾਣਾ ਪਵੇਗਾ ਜਾਂ ਜਲਾਣਾ ਪਵੇਗਾ?

ਆਪਣੀ ਉਨ੍ਹਾਂ ਦੀ ਕੋਈ ਸ਼ਾਮਲਾਤ ਨਹੀਂ ਸੀ ਤੇ ਜਲਾਉਣ ਲਈ ਪੈਸੇ ਚਾਹੀਦੇ ਸਨ।

"ਕੁਝ ਪੈਸੇ ਹੈਨ?" ਉਨ੍ਹਾਂ ਵਿਚੋਂ ਕਿਸੇ ਨੇ ਰਧੀਆ ਨੂੰ ਪੁੱਛਿਆ।

ਰਧੀਆ ਨੇ ਸਿਰ ਫੇਰ ਦਿੱਤਾ।

"ਕੋਈ ਕੱਪੜਾ ਹੈ?"

ਰਧੀਆ ਨੇ ਫਿਰ ਸਿਰ ਫੇਰ ਦਿੱਤਾ ਤੇ ਰੋਣ ਲੱਗ ਪਈ। ਬਾਹਰ ਸਰਕੂਲਰ ਰੋਡ ਦੀਆਂ ਬੱਤੀਆਂ ਜਗ ਪਈਆਂ।



ਉਨ੍ਹਾਂ ਸਭਨਾਂ ਕੋਈ ਰਾਇ ਕੀਤੀ ਤੇ ਗਰੀਬੂ ਦੀ ਲਾਸ਼ ਨੂੰ ਝੁੱਗੀ ਅੰਦਰੋਂ ਬਾਹਰ ਫੁੱਟਪਾਥ 'ਤੇ ਲਿਆ ਰੱਖਿਆ। ਇਕ ਜਣੇ ਨੇ ਉਸ ਦੇ ਸਿਰਹਾਣੇ ਜਗਦਾ ਦੀਵਾ ਲਿਆ ਕੇ ਧਰ ਦਿੱਤਾ। ਫਿਰ ਸਭ ਨੇ ਕੁਝ ਨਾ ਕੁਝ, ਪੰਜੀ, ਦਸੀ, ਚਵੰਨੀ ਜੋ ਸਰਿਆ, ਲਾਸ਼ ਨੂੰ ਮੱਥਾ ਟੇਕਿਆ।

ਅਜੀਬ ਦ੍ਰਿਸ਼ ਸੀ। ਰਧੀਆ ਗਰੀਬੂ ਦੇ ਪੈਰਾਂ ਵੱਲ ਨੀਵੀਂ ਪਾਈ ਬੈਠੀ ਸੀ। ਆਉਂਦੇ ਜਾਂਦੇ ਰਾਹ-ਗੁਜ਼ਰ ਵੀ ਪੈਸੇ ਸੁੱਟ ਕੇ ਅੰਤਿਮ ਪ੍ਰਣਾਮ ਕਰ ਗਏ। ਰਧੀਆ ਸੋਚ ਰਹੀ ਸੀ, ਆਪਣੇ ਜਿਉਣ ਤੱਕ ਉਹ ਪੈਸੇ ਲਈ ਤਰਸਦਾ ਰਿਹਾ ਤੇ ਹੁਣ ਉਸ ਦੇ ਆਸ-ਪਾਸ ਪੈਸੇ ਖਿੱਲਰੇ ਪਏ ਹਨ। ਉਹ ਇਕ ਟੱਕ ਗਰੀਬੂ ਦੇ ਚਿਹਰੇ ਵੱਲ ਤੱਕਣ ਲੱਗੀ। ਉਸ ਨੇ ਦੇਖਿਆ, ਗਰੀਬੂ ਦੀ ਲਾਸ਼ ਨੂੰ ਬਾਹਰ ਰੱਖਣ ਲੱਗਿਆਂ ਉਹਦਾ ਇਕ ਹੱਥ, ਉਸ ਦੀ ਛਾਤੀ ਉਪਰ ਹੀ ਟਿਕਿਆ ਰਹਿ ਗਿਆ ਸੀ। ਅੰਦਰੋਂ ਹੌਲ ਉਠਿਆ, "ਹਾਏ! ਇਹ ਤਾਂ ਆਖਦਾ ਸੀ ਇਥੇ ਦਰਦ ਬਹੁਤ ਹੁੰਦੈ", ਰਧੀਆ ਦੀ ਆਪਣੀ ਹਿੱਕ ਵਿਚ ਜਿਵੇਂ ਦਰਦ ਹੋਣ ਲੱਗ ਪਿਆ ਹੋਵੇ। ਉਸ ਨੇ ਕੋਲ ਖੜ੍ਹੇ ਆਦਮੀ ਨੂੰ ਕਿਹਾ, "ਇਸ ਦਾ ਹੱਥ ਛਾਤੀ ਉਪਰੋਂ ਹਟਾ ਦਿਓ...ਇੱਥੇ ਬਹੁਤ ਦਰਦ ਹੁੰਦਾ ਸੀ।" ਉਹ ਆਦਮੀ ਮੁਸਕਰਾ ਪਿਆ, ਪਰ ਜਦੋਂ ਉਸ ਨੇ ਗਰੀਬੂ ਦਾ ਹੱਥ ਹਟਾ ਕੇ ਵੱਖੀ ਨਾਲ ਰੱਖਿਆ ਤਾਂ ਰਧੀਆ ਵੱਲ ਵੇਖ ਕੇ ਅੱਖਾਂ ਭਰ ਆਈਆਂ।

ਇਕ ਜਣੇ ਨੇ ਗਰੀਬੂ ਦੀ ਲਾਸ਼ ਦੁਆਲਿਓਂ ਪੈਸੇ ਇਕੱਠੇ ਕਰਕੇ ਗਿਣੇ, ਛੇ ਰੁਪਏ ਬਾਹਠ ਪੈਸੇ ਹੋਏ। ਸਾਰਾ ਉਤਸ਼ਾਹ ਠੰਢਾ ਪੈ ਗਿਆ। ਇਨ੍ਹਾਂ ਨਾਲ ਕੀ ਹੋਵੇਗਾ? ਫਿਰ ਵੀ, ਉਨ੍ਹਾਂ ਇਕ ਪੁਰਾਣੀ ਸਾੜ੍ਹੀ ਖਰੀਦ ਕੇ ਲਾਸ਼ ਨੂੰ ਢੱਕ ਦਿੱਤਾ।

ਮਹਾਂਨਗਰ ਦੀਆਂ ਸ਼ਮਸ਼ਾਨਘਾਟਾਂ ਦੇ ਉਹ ਭੇਤੀ ਹਨ। ਇਹੋ ਜਿਹੇ ਵੇਲੇ ਉਹ ਸਸਤੀ ਸ਼ਰਾਬ ਪੀ ਕੇ ਚਾਂਭੜਾਂ ਮਾਰਿਆ ਕਰਦੇ ਹਨ। 'ਹਰੀ ਬੋਲ...ਹਰੀ ਬੋਲ' ਦੇ ਜੈਕਾਰੇ ਛੱਡਦੇ ਹਨ ਪਰ ਅੱਜ ਸੋਗ, ਰਾਤ ਦੇ ਹਨੇਰੇ ਵਾਂਗ ਉਨ੍ਹਾਂ ਉਪਰ ਪਸਰ ਗਿਆ ਹੈ। ਉਨ੍ਹਾਂ ਸਭਨਾਂ ਇਕ ਦੂਸਰੇ ਵੱਲ ਇਉਂ ਝਾਕਿਆ, ਜਿਵੇਂ ਇਹ ਸਾਰਾ ਕੁਝ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋਵੇ।

ਡਰਾਉਣੀ ਚੁੱਪ ਤੋਂ ਤੰਗ ਆ ਕੇ ਟਣੀਆਂ ਤੇ ਪੰਚੂ ਚੁੱਪ-ਚਾਪ ਉਠੇ ਤੇ ਕਬਰਸਤਾਨ ਦੇ ਦੱਖਣ ਵੱਲ ਹਨੇਰੇ ਵਿਚ ਲੋਪ ਹੋ ਗਏ। ਤੰਗ ਗਲੀ ਦੇ ਇਕ ਜਾਣਕਾਰ ਅੱਡੇ ਤੋਂ ਉਨ੍ਹਾਂ ਚੂੱਲੂ ਪੀਤਾ ਤੇ ਫਿਰ ਕਬਰਸਤਾਨ ਦੀ ਕੰਧ ਨਾਲ ਸ਼ਹਿ ਲਾ ਕੇ ਖੜ੍ਹੋ ਗਏ। ਟਣੀਆਂ ਖੈਣੀ ਮਲਣ ਲੱਗਿਆ ਹੀ ਸੀ, ਸੜਕ ਦੇ ਮੋੜ 'ਤੇ ਗਲੀ ਵੱਲ ਆਉਂਦਾ ਰਿਕਸ਼ਾ ਵੇਖ ਕੇ ਉਸ ਨੇ ਅੱਧਮਲੀ ਖੈਣੀ ਖੀਸੇ ਵਿਚ ਸੁੱਟ ਲਈ। ਹਨੇਰੇ ਵਿਚ ਦੋਵੇਂ ਇਕ ਦੂਸਰੇ ਵੱਲ ਝਾਕੇ। ਫਿਰ ਪੂਰੀ ਗਲੀ ਦਾ ਜਾਇਜ਼ਾ ਲਿਆ ਤੇ ਪੰਚੂ ਚਾਕੂ ਕੱਢ ਕੇ ਗਲੀ ਦੇ ਵਿਚਕਾਰ ਆਣ ਖੜ੍ਹਾ।

ਰਿਕਸ਼ੇ ਵਾਲੇ ਘੁੰਗਰੂ ਦੀ ਟਣ-ਟਣ ਨਜ਼ਦੀਕ ਆਉਂਦੀ ਗਈ। "ਇਹਦੇ 'ਚ ਕੀ ਐ?" ਟਣੀਏ ਨੇ ਰਿਕਸ਼ੇ ਵਿਚ ਬੈਠੇ ਆਦਮੀ ਦੇ ਪੈਰਾਂ ਵਿਚ ਪਈ ਟੀਨ ਵੇਖ ਕੇ ਦਬਕਾ ਮਾਰਿਆ।

ਰਿਕਸ਼ੇ ਵਾਲੇ ਦੀਆਂ ਹੱਡੀਆਂ ਦਾ ਪਿੰਜਰ ਇਕ ਵਾਰੀ ਕੰਬ ਗਿਆ ਤੇ ਉਸ ਨੇ ਰਿਕਸ਼ਾ ਧਰਤੀ ਨਾਲ ਟੇਕ ਦਿੱਤਾ।

"ਕੈਰੋਸੀਨ ਹੈ।" ਰਿਕਸ਼ੇ ਵਿਚ ਬੈਠੇ ਆਦਮੀ ਦੇ ਖ਼ੁਸ਼ਕ ਹੋਏ ਗਲੇ ਵਿਚੋਂ ਮਸਾਂ ਬੋਲ ਨਿਕਲੇ।

"ਏਨੀ ਰਾਤ...?" ਪੰਚੂ ਜਿਵੇਂ ਉਧਾਰਾ ਰੋਹਬ ਲੈ ਕੇ ਬੋਲਿਆ ਹੋਵੇ।

"ਬਹੁਤ ਲੰਮੀ ਲਾਈਨ ਸੀ...ਘਰ ਵਿਚ ਤਾਂ...।"

ਤੇ ਟਣੀਏ ਨੇ ਉਸ ਦੀਆਂ ਗੱਲਾਂ ਵੱਲ ਧਿਆਨ ਨਾ ਦੇ ਕੇ, ਅਗਾਂਹ ਵਧ ਕੇ ਉਸ ਦੀ ਜੇਬ੍ਹ ਖਾਲੀ ਕਰ ਲਈ। ਪੰਚੂ ਨੇ ਕੈਰੋਸੀਨ ਵਾਲੀ ਟੀਨ ਖੋਹ ਲਈ। ਉਹ ਦੋਵੇਂ ਰਵਾਂ-ਰਵੀ ਉਥੋਂ ਖਿਸਕ ਆਏ।

ਟਣੀਏ ਨੇ ਗਰੀਬੂ ਦੀ ਲਾਸ਼ ਦੇ ਸਿਰਹਾਣੇ ਰੱਖੇ ਦੀਵੇ ਦੀ ਲੋਅ ਵਿਚ ਆਪਣੀ ਘੁੱਟੀ ਮੁੱਠ ਖੋਲ੍ਹ ਦਿੱਤੀ ਤੇ ਉਹ ਪੈਰਾਂ ਤੀਕਰ ਠੰਢਾ ਹੋ ਗਿਆ। ਇਕ ਇਕ ਰੁਪਏ ਦੇ ਤਿੰਨ ਨੋਟ ਸਨ ਤੇ ਕੁਝ ਰੇਜ਼ਗਾਰੀ। ਬੜੀ ਮਾਯੂਸੀ ਹੋਈ।

ਪੰਚੂ ਨੇ ਟੀਨ ਵਿਚੋਂ ਤੇਲ ਕੱਢ ਕੇ ਦੀਵਾ ਭਰ ਦਿੱਤਾ।

"ਇਸ ਤਰ੍ਹਾਂ ਹੱਥ 'ਤੇ ਹੱਥ ਧਰ ਕੇ ਬੈਠਣ ਨਾਲ ਕੀ ਬਣੇਗਾ? ਸ਼ਮਸ਼ਾਨਘਾਟ ਚੱਲ ਕੇ ਏਥੇ ਨਹੀਂ ਆਉਣ ਲੱਗਾ," ਉਨ੍ਹਾਂ ਵਿਚੋਂ ਇਕ ਨੇ ਗੁੱਸੇ ਨਾਲ ਆਖਿਆ।

ਤੇ ਉਹ ਅਰਥੀ ਚੁੱਕਣ ਦਾ ਬੰਦੋਬਸਤ ਕਰਨ ਲੱਗੇ।

ਗਰੀਬੂ ਨੇ ਭਾਵੇਂ ਰਧੀਆ ਨੂੰ ਕੋਈ ਸੁੱਖ ਨਹੀਂ ਸੀ ਦਿੱਤਾ, ਫਿਰ ਵੀ ਉਹ ਜਿੰਨਾ ਚਿਰ ਰਧੀਆ ਨਾਲ ਰਿਹਾ, ਝੁੱਗੀ ਸਦਾ ਭਰੀ ਭਰੀ ਲਗਦੀ ਰਹੀ। ਉਸ ਨੂੰ ਕਦੇ ਨਹੀਂ ਸੀ ਮਹਿਸੂਸ ਹੋਇਆ ਕਿ ਅੱਜ ਉਹ ਭੁੱਖੇ ਸੌਂ ਗਏ ਹਨ ਜਾਂ ਕੱਲ੍ਹ ਲਈ ਉਨ੍ਹਾਂ ਕੋਲ ਕੁਝ ਵੀ ਨਹੀਂ ਬਚਿਆ। ਕਈ ਕਈ ਦਿਨ ਗਰੀਬੂ ਘਰ ਨਹੀਂ ਸੀ ਆਉਂਦਾ ਹੁੰਦਾ, ਤਾਂ ਵੀ ਕੋਈ ਆਸ ਰਧੀਆ ਦੀ ਝੁੱਗੀ ਦੀਆਂ ਬਰੂਹਾਂ ਵਿਚ ਬੈਠੀ ਰਹਿੰਦੀ; ਪਰ ਅੱਜ ਜਦੋਂ 'ਹਰੀ ਬੋਲ' ਦੀਆਂ ਆਵਾਜ਼ਾਂ ਵਿਚ ਉਨ੍ਹਾਂ ਗਰੀਬੂ ਦੀ ਅਰਥੀ ਚੁੱਕੀ ਤਾਂ ਨਾਲ ਉਹ ਰਧੀਆ ਦੀਆਂ ਆਸਾਂ ਦੀ ਅਰਥੀ ਵੀ ਚੁੱਕ ਕੇ ਲੈ ਗਏ। ਆਸਾਂ ਤੋਂ ਸੱਖਣੀਆਂ ਬਰੂਹਾਂ ਵੇਖ ਰਧੀਆ ਦਾ ਅੰਦਰੋਂ ਰੁੱਗ ਭਰਿਆ ਗਿਆ। ਉਹ ਜ਼ਿਆਦਾ ਦੇਰ ਖੜ੍ਹੀ ਨਾ ਰਹਿ ਸਕੀ ਤੇ ਠੰਢੇ ਚੁੱਲ੍ਹੇ ਲਾਗੇ ਬੈਠ ਕੇ ਹਨੇਰੀ ਝੁੱਗੀ ਵਿਚ ਭੁੱਬੀਂ ਰੋਣ ਲੱਗੀ।

'ਹਰੀ ਬੋਲ' ਦੀ ਗੂੰਜ ਵੱਖ-ਵੱਖ ਰਸਤਿਆਂ ਉਪਰੋਂ ਦੀ ਘੁੰਮਦੀ ਸ਼ਮਸ਼ਾਨਘਾਟ ਲਾਗੇ ਪਹੁੰਚ ਕੇ ਢੋਲਾਂ ਦੀ ਧਮਕ ਵਾਂਗ ਗੱਜੀ ਤੇ ਫਿਰ ਦਮ ਤੋੜ ਗਈ। ਪੰਜ ਲਾਸ਼ਾਂ ਉਨ੍ਹਾਂ ਤੋਂ ਪਹਿਲਾਂ ਸਨ। ਰਾਤ ਦੇ ਢਾਈ-ਤਿੰਨ ਵਜੇ ਤੀਕ ਉਨ੍ਹਾਂ ਦੀ ਵਾਰੀ ਆਉਣ ਦੀ ਆਸ ਸੀ ਪਰ ਨਾ ਉਨ੍ਹਾਂ ਕੋਲ ਲੱਕੜੀ ਲਈ ਪੈਸੇ ਸਨ ਤੇ ਨਾ ਬਿਜਲੀ ਦੀ ਭੱਠੀ ਦੀ ਫੀਸ ਭਰਨ ਲਈ।

**ਕਬਰਸਤਾਨ ਦੀ ਲੰਮੀ ਕੰਧ ਦੇ ਨਾਲ ਨਾਲ ਅਜੀਬ ਦੁਨੀਆਂ ਹੈ ਇਹ। ਕੰਧ ਦੇ ਪਾਰਲੇ ਪਾਸੇ ਹਨੇਰੀਆਂ ਕਬਰਾਂ ਵਿਚ ਮੁਰਦੇ ਸੌਂ ਰਹੇ ਸਨ ਜਿਨ੍ਹਾਂ ਦੇ ਕਿਆਮਤ ਵਾਲੇ ਦਿਨ ਜ਼ਿੰਦਾ ਹੋਣ ਦੀਆਂ ਆਸਾਂ ਹਨ। ਕਬਰਾਂ 'ਤੇ ਸਿਰਨਾਵੇਂ ਲਿਖੇ ਹਨ, ਉਨ੍ਹਾਂ ਉਤੇ ਫੁੱਲ ਖਿੜਦੇ ਹਨ। ਤੇ ਕੰਧ ਦੇ ਇਧਰ ਹਨੇਰੀਆਂ ਝੁੱਗੀਆਂ ਵਿਚ ਜਿਉਂਦੀ ਜਾਗਦੀ, ਸਾਹ ਲੈਂਦੀ ਦੁਨੀਆਂ ਹੈ ਜਿਸ ਨੂੰ ਕਬਰਸਤਾਨ ਜਿੰਨੀ ਹੈਸੀਅਤ ਵੀ ਨਹੀਂ ਮਿਲੀ। ਕੋਈ ਸਿਰਨਾਵਾਂ ਇਧਰ ਨੂੰ ਤੁਰ ਕੇ ਨਹੀਂ ਆਉਂਦਾ ਤੇ ਮੁਰਝਾਏ ਫੁੱਲ ਵੀ ਇਨ੍ਹਾਂ ਨੂੰ ਨਸੀਬ ਨਹੀਂ।**

ਉਨ੍ਹਾਂ ਤੋਂ ਬਾਅਦ ਇਕ ਲਾਸ਼ ਹੋਰ ਆ ਗਈ। ਕੁਝ ਦੇਰ ਮਗਰੋਂ ਇਕ ਹੋਰ ਆ ਗਈ।

ਉਨ੍ਹਾਂ ਇਕ ਦੂਸਰੇ ਵੱਲ ਵੇਖਿਆ ਤੇ ਫ਼ੈਸਲਾ ਕਰ ਲਿਆ।

ਉਥੇ ਮੇਲੇ ਦੀ ਉਘੜ-ਦੁਗੜੀ ਭੀੜ ਵਾਂਗ ਸਭ ਕੁਝ ਬੇ-ਤਰਤੀਬ ਜਿਹਾ ਸੀ। ਸਿਰਫ਼ ਲਾਸ਼ਾਂ ਹੀ ਸਲੀਕੇ ਨਾਲ ਆਰਾਮ ਕਰ ਰਹੀਆਂ ਹਨ।

ਉਨ੍ਹਾਂ ਫਿਰ ਇਕ-ਦੂਜੇ ਵੱਲ ਵੇਖਿਆ। ਹੋਰ ਕੋਈ ਵੀ ਵਧੀਆ ਢੰਗ ਉਨ੍ਹਾਂ ਨੂੰ ਜਚਿਆ ਨਹੀਂ।

ਤੇ ਉਹ ਸਾਰੇ ਇਕ-ਇਕ ਕਰਕੇ ਉਥੋਂ ਖਿਸਕਣ ਲੱਗੇ।

ਅੰਤ ਗਰੀਬੂ ਦੀ ਇਕੱਲੀ ਲਾਸ਼, ਉਨ੍ਹਾਂ ਦੀ ਪਿੱਠ ਵੇਖਦੀ ਰਹਿ ਗਈ।

ਅਗਲੇ ਦਿਨ ਤਾਂ ਨਹੀਂ, ਪਰ ਉਸ ਤੋਂ ਅਗਲੇ ਦਿਨ ਸਥਾਨਕ ਅਖ਼ਬਾਰਾਂ ਵਿਚ ਹੋਰ ਖ਼ਬਰਾਂ ਨਾਲ ਇਹ ਖ਼ਬਰਾਂ ਵੀ ਛਪੀਆਂ,

"ਕਬਰਸਤਾਨ ਲਾਗੇ ਕੁਝ ਗੁੰਡਿਆਂ ਨੇ ਰਿਕਸ਼ੇ ਵਿਚ ਬੈਠੇ ਇਕ ਵਿਅਕਤੀ ਦੀ ਨਕਦੀ ਖੋਹ ਲਈ ਤੇ ਉਸ ਦੀ ਮਿੱਟੀ ਦੇ ਤੇਲ ਵਾਲੀ ਟੀਨ ਲੈ ਕੇ ਨੱਠ ਗਏ।"

"ਸ਼ਮਸ਼ਾਨਘਾਟ ਤੋਂ ਲਾਵਾਰਸ ਲਾਸ਼ ਮਿਲੀ ਹੈ। ਪੁਲਿਸ ਨੂੰ ਸੰਦੇਹ ਹੈ ਕਿ ਇਹ ਕਤਲ ਦਾ ਮਾਮਲਾ ਹੈ। ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ ਗਈ ਹੈ। ਅਜੇ ਤਕ ਇਸ ਸਬੰਧ ਵਿਚ ਕੋਈ ਗ੍ਰਿਫ਼ਤਾਰੀ ਨਹੀਂ ਹੋ ਸਕੀ।"

# ਭੁੱਲਣੇ ਨਾ ਇਹ ਲੋਕ ਕਦੇ ਵੀ, ਭਾਵੇਂ ਲੱਖ ਭੁਲਾਈਏ...




ਸਵਰਨ ਸਿੰਘ ਟਹਿਣਾ
ਫੋਨ:91-98141-78883

ਇਹ ਜਾਣਦਿਆਂ ਵੀ ਕਿ ਮੌਤ ਨਾਲੋਂ ਵੱਡੀ ਸੱਚਾਈ ਹੋਰ ਕੋਈ ਨਹੀਂ, ਫਿਰ ਵੀ ਦਿਲ ਉਨ੍ਹਾਂ ਸ਼ਖ਼ਸੀਅਤਾਂ ਨੂੰ ਯਾਦ ਕਰ-ਕਰ ਹੁਬਕੀਂ ਰੋਂਦਾ ਰਹਿੰਦੈ, ਜਿਨ੍ਹਾਂ ਆਪਣੀ ਕਲਾ ਦੇ ਅਜਿਹੇ ਨਮੂਨੇ ਭੇਟ ਕੀਤੇ ਕਿ ਦੁਨੀਆਂ ਉਨ੍ਹਾਂ ਦੀ ਮੁਰੀਦ ਹੋ ਗਈ। ਜਿਨ੍ਹਾਂ ਆਪਣੀ ਖਾਸ ਵਿਲੱਖਣਤਾ ਨਾਲ ਲੋਕਾਈ ਦਾ ਧਿਆਨ ਖਿਚਿਆ ਹੁੰਦੈ, ਉਨ੍ਹਾਂ ਦੀਆਂ ਗੱਲਾਂ ਉਨ੍ਹਾਂ ਦੇ ਜਾਣ ਮਗਰੋਂ ਵੀ ਹੱਟੀਆਂ-ਭੱਠੀਆਂ, ਸੱਥਾਂ, ਮੋੜਾਂ 'ਤੇ ਅਕਸਰ ਹੁੰਦੀਆਂ ਰਹਿੰਦੀਆਂ ਨੇ।

2011 'ਚ ਕਲਾ ਜਗਤ ਨਾਲ ਜੁੜੀਆਂ ਕਈ ਅਜਿਹੀਆਂ ਸ਼ਖਸੀਅਤਾਂ ਦਾ ਵਿਛੋੜਾ ਪਿਆ, ਜਿਨ੍ਹਾਂ ਨੂੰ ਚੇਤੇ ਕਰ ਸਦਾ ਗੱਚ ਭਰਦਾ ਰਹੇਗਾ। ਇਸ ਦੁਨੀਆਂ ਤੋਂ ਜਾਣ ਵਾਲੇ ਹਰ ਸ਼ਖਸ ਦੇ ਹੇਰਵੇ 'ਚ ਆਮ ਹੀ ਕਿਹਾ ਜਾਂਦੈ, 'ਉਸ ਦੇ ਜਾਣ ਨਾਲ ਪਿਆ ਘਾਟਾ ਕਦੇ ਨਹੀਂ ਪੂਰਾ ਹੋ ਸਕਦਾ', ਪਰ ਹਕੀਕਤ 'ਚ ਇਹ ਗੱਲ ਕਲਾ ਜਗਤ ਨਾਲ ਜੁੜੇ ਲੋਕਾਂ 'ਤੇ ਜ਼ਿਆਦਾ ਢੁੱਕਦੀ ਏ। ਕਈ ਖੇਤਰ ਅਜਿਹੇ ਨੇ, ਜਿਥੇ ਜਾਣ ਵਾਲੇ ਦੀ ਗੱਦੀ ਕੁਝ ਸਮੇਂ ਬਾਅਦ ਕਿਸੇ ਹੋਰ ਕੋਲ ਪਹੁੰਚ ਜਾਂਦੀ ਏ, ਦੂਜੇ ਪਾਸੇ ਆਪਣੀ ਗਾਇਕੀ, ਗੀਤਕਾਰੀ, ਸੰਗੀਤ, ਅਦਾਕਾਰੀ ਨਾਲ ਜੁੜਿਆਂ ਦੇ ਘਾਟੇ ਦੀ ਕਦੇ ਭਰਪਾਈ ਨਹੀਂ ਹੋ ਸਕਦੀ।



ਨੀਲੇ ਖਾਂ

ਸਾਲ ਦੇ ਪਹਿਲੇ ਹੀ ਮਹੀਨੇ ਅਦਾਕਾਰ ਵਿਵੇਕ ਸ਼ੌਕ ਦਿਲ ਦਾ ਦੌਰਾ ਪੈਣ ਕਰਕੇ ਤੁਰ ਗਿਆ, ਜਿਸ ਨੇ ਅੰਤਾਂ ਦੇ ਸੰਘਰਸ਼ ਮਗਰੋਂ ਮੁੰਬਈ ਮਹਾਂਨਗਰੀ ਵਿਚ ਬਤੌਰ ਕਾਮੇਡੀਅਨ, ਅਦਾਕਾਰ ਅਤੇ ਲੇਖਕ ਵਜੋਂ ਚੰਗਾ ਨਾਮਣਾ ਖੱਟ ਲਿਆ ਸੀ। ਉਸ ਨੇ ਬਾਲੀਵੁੱਡ ਦੇ ਉਨ੍ਹਾਂ ਅਦਾਕਾਰਾਂ ਨਾਲ ਕੰਮ ਕੀਤਾ, ਜਿਨ੍ਹਾਂ ਨਾਲ ਮਿਲ ਬਹਿਣ ਦੇ ਸਿਰਫ਼ ਖਿਆਲ ਹੀ ਪਾਲੇ ਜਾ ਸਕਦੇ ਨੇ। 'ਗ਼ਦਰ', 'ਇੰਡੀਅਨ' ਤੇ ਕਈ ਹੋਰ ਹਿੰਦੀ ਫ਼ਿਲਮਾਂ ਸਮੇਤ 'ਚੱਕ ਦੇ ਫੱਟੇ', 'ਮਾਹੌਲ ਠੀਕ ਹੈ' ਸਣੇ ਦਰਜਨਾਂ ਪੰਜਾਬੀ ਫ਼ਿਲਮਾਂ ਵਿਚਲੇ ਮਜ਼ਾਹੀਆ ਕਿਰਦਾਰਾਂ ਨਾਲ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਣ ਵਾਲੇ ਵਿਵੇਕ ਦੇ ਵਿਛੋੜੇ ਨੇ ਨੇੜਲਿਆਂ ਨੂੰ ਤਾਂ ਰੁਆਇਆ ਹੀ, ਉਹ ਵੀ ਰੋਏ ਜਿਹੜੇ ਉਸ ਨੂੰ ਜਾਣਦੇ ਨਹੀਂ ਸੀ, ਪਰ ਫ਼ਿਲਮਾਂ ਵਿਚਲੇ ਉਸ ਦੇ ਕਿਰਦਾਰਾਂ ਨਾਲ ਅਜਿਹੀ ਸਾਂਝ ਪਾ ਚੁੱਕੇ ਸਨ ਕਿ ਉਹ ਉਨ੍ਹਾਂ ਨੂੰ ਆਪਣਾ-ਆਪਣਾ ਲੱਗਦਾ ਸੀ।

5 ਫਰਵਰੀ ਨੂੰ ਕੋਇਲ ਵਰਗੀ ਮਿੱਠੀ ਅਵਾਜ਼ ਤੇ ਲੋਹੜਿਆਂ ਦੇ ਦਿਲਕਸ਼ ਅੰਦਾਜ਼ ਵਾਲੀ ਗਾਇਕਾ ਪਰਮਿੰਦਰ ਸੰਧੂ ਦੀ ਮੌਤ ਦੀ ਖ਼ਬਰ ਨਾਲ ਹਰ ਪਾਸੇ ਸੋਗ ਦੀ ਲਹਿਰ ਛਾ ਗਈ। ਇਕ ਵੇਲ਼ਾ ਸੀ, ਜਦੋਂ ਲੋਕ ਉਸ ਨੂੰ ਗਾਉਂਦਿਆਂ ਸੁਣਨ ਲਈ ਵਹੀਰਾਂ ਘੱਤ ਆਉਂਦੇ ਸਨ ਤੇ 6 ਫਰਵਰੀ ਦਾ ਉਹ ਦਿਨ ਵੀ ਆਇਆ, ਜਦੋਂ ਉਸ ਨੂੰ ਚਾਹੁਣ ਵਾਲੇ ਹਜ਼ਾਰਾਂ ਦੀ ਗਿਣਤੀ ਵਿਚ ਸੇਜਲ ਅੱਖਾਂ ਨਾਲ ਉਸ ਦੇ ਅੰਤਮ ਸੰਸਕਾਰ 'ਤੇ ਹਾਜ਼ਰ ਹੋਏ।



ਪਰਮਿੰਦਰ ਸੰਧੂ

ਗ਼ਜ਼ਲ ਗਾਇਕੀ ਨੂੰ ਬੁਲੰਦੀ 'ਤੇ ਲਿਜਾਣ ਵਾਲੇ ਜਗਜੀਤ ਸਿੰਘ ਦੇ ਦੇਹਾਂਤ ਨੇ ਸੰਜੀਦਾ ਗਾਇਕੀ ਨੂੰ ਪਿਆਰ ਕਰਨ ਵਾਲਿਆਂ ਦੇ ਦਿਲ ਨੂੰ ਵੀ ਬਹੁਤ ਵੱਡਾ ਝਟਕਾ ਲਾਇਆ। ਆਪਣੀ ਹੀ ਗ਼ਜ਼ਲ 'ਵੋਹ ਕਾਗ਼ਜ਼ ਕੀ ਕਿਸ਼ਤੀ, ਵੋਹ ਬਾਰਿਸ਼ ਕਾ ਪਾਨੀ' ਵਾਂਗ 10 ਅਕਤੂਬਰ ਨੂੰ ਉਨ੍ਹਾਂ ਦੀ ਕਾਗ਼ਜ਼ ਦੀ ਕਿਸ਼ਤੀ ਵਰਗੀ ਜ਼ਿੰਦਗੀ ਮੌਤ ਦੇ ਤੂਫ਼ਾਨ ਵਿਚ ਗੁਆਚ ਗਈ। ਕੁਝ ਦਿਨ ਮੁੰਬਈ ਦੇ ਲੀਲਾਵਤੀ ਹਸਪਤਾਲ 'ਚ ਕੋਮਾ ਵਿਚ ਰਹਿਣ ਮਗਰੋਂ ਉਨ੍ਹਾਂ ਸਦਾ ਲਈ ਅੱਖਾਂ ਬੰਦ ਕਰ ਲਈਆਂ ਤੇ ਸਾਡੇ ਕੋਲ ਰਹਿ ਗਈਆਂ, ਉਨ੍ਹਾਂ ਦੇ ਸੁਰੀਲੇ ਕੰਠ 'ਚੋਂ ਨਿਕਲੀਆਂ ਉਹ ਗ਼ਜ਼ਲਾਂ ਜੋ ਉਨ੍ਹਾਂ ਦੇ ਜਿਉਂਦੇ ਜੀਅ ਹੀ ਅਮਰ ਹੋ ਗਈਆਂ ਸਨ।

ਸਾਲ ਦੇ ਅਖੀਰਲੇ ਮਹੀਨੇ ਏਨੀ ਵੱਡੀ ਦੁਖਦਾਈ ਘਟਨਾ ਵਾਪਰੀ ਕਿ ਕਈ ਪ੍ਰਸ਼ੰਸਕਾਂ ਨੇ ਸੋਗ ਵਜੋਂ ਉਸ ਦਿਨ ਆਪਣੇ ਚੁੱਲ੍ਹਿਆਂ 'ਚ ਅੱਗ ਨਾ ਬਾਲ਼ੀ। ਬਠਿੰਡਾ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਜਲਾਲ ਦੇ ਜੰਮਪਲ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਇਸ ਦੁਨੀਆਂ ਤੋਂ ਜਾਣ ਨੂੰ ਹਰ ਪੰਜਾਬੀ ਨੇ ਆਪਣੇ ਪਰਿਵਾਰਕ ਮੈਂਬਰ ਦੇ ਵਿਛੋੜੇ ਵਾਂਗ ਮਹਿਸੂਸ ਕੀਤਾ। ਜ਼ਿੰਦਗੀ ਨੂੰ ਆਪਣੇ ਅਲਬੇਲੇ ਢੰਗ ਨਾਲ ਜਿਉਣ ਵਾਲੇ ਮਾਣਕ ਦੀ ਪੰਜਾਬੀ ਗਾਇਕੀ ਨੂੰ ਦੇਣ ਬਾਰੇ ਕਈ ਗੀਤ ਉਨ੍ਹਾਂ ਦੇ ਜਿਉਂਦੇ ਜੀਅ ਹੀ ਰਿਕਾਰਡ ਹੋ ਗਏ। ਤਵਿਆਂ ਵਾਲੇ ਯੁਗ ਤੋਂ ਸੀ.ਡੀ. ਵਾਲੇ ਦੌਰ ਤੱਕ ਉਨ੍ਹਾਂ ਜੋ-ਜੋ ਗਾਇਆ, ਉਸ ਨੇ ਪੰਜਾਬੀ ਗਾਇਕੀ ਵਿਚ ਅਜਿਹੇ ਮੀਲ ਪੱਥਰ ਗੱਡ ਦਿੱਤੇ, ਜਿਨ੍ਹਾਂ ਤੱਕ ਪਹੁੰਚ ਸਕਣਾ ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਵੇ।

ਇਸੇ ਸਾਲ ਗੀਤਕਾਰ ਨੀਲੇ ਖ਼ਾਨ ਵੀ ਤੁਰਦਾ ਹੋਇਆ। ਕਈ ਅਜਿਹੀਆਂ ਹਸਤੀਆਂ ਵੀ ਇਸ ਵਰ੍ਹੇ ਨੇ ਸਾਡੇ ਕੋਲੋਂ ਖੋਹ ਲਈਆਂ, ਜੋ ਕਲਾ ਨਾਲ ਇਸ ਕਦਰ ਰਚ-ਮਿਚ ਗਈਆਂ ਕਿ ਸਰੋਤਿਆਂ ਦੇ ਸਤਿਕਾਰ ਦੇ ਨਾਲ-ਨਾਲ ਉਨ੍ਹਾਂ ਦੀ ਕਲਾ ਦਾ ਮੁੱਲ ਪਛਾਣਦਿਆਂ ਉਨ੍ਹਾਂ ਨੂੰ 'ਪਦਮ ਸ੍ਰੀ' ਤੇ 'ਪਦਮ ਭੂਸ਼ਣ' ਵਰਗੇ ਸਨਮਾਨਾਂ ਨਾਲ ਵੀ ਨਿਵਾਜ਼ਿਆ ਗਿਆ।

9 ਜਨਵਰੀ ਨੂੰ ਭੋਜਪੁਰੀ ਗੀਤਾਂ ਦੇ ਮਸ਼ਹੂਰ ਗਾਇਕ ਬਾਲੇਸ਼ਵਰ ਯਾਦਵ, 24 ਜਨਵਰੀ ਨੂੰ ਕਿਰਾਨਾ ਘਰਾਣੇ ਦੇ ਮਹਾਨ ਸ਼ਾਸ਼ਤਰੀ ਗਾਇਕ ਪੰਡਤ ਭੀਮ ਸੇਨ ਜੋਸ਼ੀ, 25 ਮਈ ਨੂੰ 'ਪਦਮ ਸ੍ਰੀ' ਹਾਰਮੋਨੀਅਮ ਵਾਦਕ ਮਹਿਮੂਦ ਧੌਲਪੁਰੀ, ਜੂਨ ਮਹੀਨੇ ਮਸ਼ਹੂਰ ਚਿਤਰਕਾਰ ਐਮ.ਐਫ਼. ਹੁਸੈਨ ਤੇ ਪ੍ਰਸਿੱਧ ਸੰਗੀਤਕਾਰ ਦਾਨ ਸਿੰਘ, 21 ਸਤੰਬਰ ਨੂੰ ਪਾਕਿਸਤਾਨ ਦੇ ਮਸ਼ਹੂਰ ਕੱਵਾਲ ਮਕਬੂਲ ਸਾਬਰੀ, 2 ਸਤੰਬਰ ਨੂੰ ਪ੍ਰਸਿੱਧ ਚਿੱਤਰਕਾਰ ਜਹਾਂਗੀਰ ਸਬਾਵਾਲਾ, 22 ਸਤੰਬਰ ਨੂੰ ਪ੍ਰਸਿੱਧ ਸਿਤਾਰ ਵਾਦਕ ਪੰਡਤ ਉਮਾ ਸ਼ੰਕਰ ਮਿਸ਼ਰਾ ਤੇ 5 ਨਵੰਬਰ ਨੂੰ ਮਹਾਨ ਗਾਇਕ ਭੂਪੇਨ ਹਜ਼ਾਰਿਕਾ ਦਾ ਵਿਛੋੜਾ 2011 ਨੂੰ ਕਲਾ ਜਗਤ ਨੂੰ ਸੰਨ੍ਹ ਲਾਉਣ ਵਾਲੇ ਸਾਲਾਂ 'ਚ ਸ਼ਾਮਲ ਕਰ ਗਿਆ।

ਇਸ ਧਰਤੀ 'ਤੇ ਸਾਹ ਲੈਣ ਵਾਲੇ ਭਾਵੇਂ ਹਰ ਜੀਅ ਨੇ ਤੁਰ ਜਾਣਾ ਹੈ ਪਰ ਉਨ੍ਹਾਂ ਲੋਕਾਂ ਨੂੰ ਭੁਲਾਉਣ ਦੀ ਗੁਸਤਾਖੀ ਕੋਈ ਨਹੀਂ ਕਰ ਸਕਦਾ, ਜਿਨ੍ਹਾਂ ਸਮਾਜ ਕੋਲੋਂ ਲਿਆ ਘੱਟ ਤੇ ਮੋੜਿਆ ਵੱਧ ਹੁੰਦਾ ਹੈ।



ਵਿਵੇਕ ਸ਼ੌਕ

2011 ਨੇ ਭਾਵੇਂ ਹੋਰ ਕਿੰਨੇ ਵੀ ਖੇਤਰਾਂ ਵਿਚ ਮੱਲਾਂ ਮਾਰੀਆਂ ਹੋਣ, ਕਿੰਨੀਆਂ ਹੀ ਉਚਾਈਆਂ ਛੋਹੀਆਂ ਹੋਣ ਪਰ ਕਲਾ ਜਗਤ ਨੂੰ ਢਾਹ ਲਾਉਣ ਕਰਕੇ ਵੀ ਇਸ ਨੂੰ ਸਦਾ ਯਾਦ ਰੱਖਿਆ ਜਾਵੇਗਾ।

# ਕੁਲਦੀਪ ਮਾਣਕ ਦੇ ਬਹਾਨੇ ਦਰਦ ਦੀਆਂ ਗੱਲਾਂ

ਦਲਵਿੰਦਰ ਸਿਘ ਅਜਨਾਲਾ
ਫੋਨ:661-834-9770

ਗਾਇਕ ਕੁਲਦੀਪ ਮਾਣਕ ਜਦੋਂ ਇਸ ਫਾਨੀ ਜਹਾਨ ਤੋਂ ਬੇਵਕਤ ਰੁਖ਼ਸਤ ਹੋਇਆ ਤਾਂ ਅੰਤਿਮ ਸਮੇਂ ਉਸ ਕੋਲ ਸਿਵਾਏ ਉਸ ਦੀ ਪਤਨੀ ਅਤੇ ਬੇਟੀ ਤੋਂ ਹੋਰ ਕੋਈ ਵੀ ਨਹੀਂ ਸੀ। ਆਲਮ ਲੁਹਾਰ ਤੋਂ ਬਾਅਦ ਕੁਲਦੀਪ ਮਾਣਕ ਹੀ ਅਜਿਹਾ ਗਾਇਕ ਹੋਇਐ ਜਿਸ ਨੂੰ ਉਸ ਦੀ ਬੁਲੰਦ ਅਵਾਜ਼ ਅਤੇ ਅਸਲੀ ਤੇ ਸ਼ੁੱਧ ਪੰਜਾਬੀ ਗਾਇਕੀ ਕਰਕੇ ਦੁਨੀਆ ਮੰਨਦੀ ਹੈ ਪਰ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਮਾਣਕ ਦੇ ਵੱਡੇ-ਵੱਡੇ ਜਿਗਰੀ ਅਤੇ ਅਮੀਰ ਯਾਰ-ਮਿੱਤਰ, ਦੀਵਾਨੇ ਅਤੇ ਕਰੀਬੀ ਉਸ ਵੇਲੇ ਕਿਥੇ ਸਨ? ਮੈਂ ਕੋਈ ਲੇਖਕ, ਕਲਾਕਾਰ, ਵਿਦਵਾਨ ਜਾਂ ਦਾਨਿਸ਼ਮੰਦ ਨਹੀਂ ਹਾਂ, ਇਹ ਸਮਝ ਲਓ ਕਿ ਕੁਝ ਵੀ ਨਹੀਂ ਹਾਂ। ਇਹ ਚਾਰ ਕੁ ਸਤਰਾਂ ਮੈਂ ਸਿਰਫ਼ ਗਾਇਕ ਕੁਲਦੀਪ ਦੇ ਵਿਛੋੜੇ ਦੇ ਘਟਨਾਕ੍ਰਮ ਨੂੰ ਜਾਣ ਕੇ ਹੈਰਾਨ ਅਤੇ ਬੇਚੈਨ ਹੋਇਆ ਆਪਣੇ ਮਾਨਸਿਕ ਬੋਝ ਤੋਂ ਥੋੜ੍ਹੀ ਰਾਹਤ ਪਾਉਣ ਲਈ ਹੀ ਲਿਖ ਰਿਹਾ ਹਾਂ। ਮਾਣਕ ਨੂੰ ਮੈਂ ਇੰਨਾ ਕੁ ਹੀ ਜਾਣਦਾ ਹਾਂ ਜਿੰਨਾ ਪੰਜਾਬ ਦੇ ਆਮ ਲੋਕ ਜਾਣਦੇ ਹਨ। ਮੈਂ ਉਹਨੂੰ ਜ਼ਿੰਦਗੀ ਵਿਚ ਕਦੇ ਨਹੀਂ ਮਿਲਿਆ। ਮੈਂ ਉਹਦੀ ਕਮਾਲ ਦੀ ਗਾਇਕੀ ਕਰਕੇ ਉਹਦਾ ਵੱਡਾ ਪ੍ਰਸ਼ੰਸਕ ਹਾਂ।

ਮਾਣਕ ਦੇ ਮਿੱਤਰ ਪਿਆਰਿਆਂ ਦੇ ਉਸ ਦੀ ਜ਼ਿੰਦਗੀ ਨੂੰ ਬਿਆਨ ਕਰਦੇ ਲੰਮੇ-ਚੌੜੇ ਲੇਖ ਧਿਆਨ ਨਾਲ ਪੜ੍ਹ ਕੇ ਇਹ ਜਾਣਕਾਰੀ ਮਿਲਦੀ ਹੈ ਕਿ ਇਸ ਮਹਾਨ ਗਾਇਕ ਦੀ ਮੌਤ ਦੇ ਤਿੰਨ ਕਾਰਨ ਹਨ। ਪਹਿਲਾ ਸ਼ਰਾਬ, ਦੂਜਾ ਉਸ ਦੇ ਪੁੱਤਰ ਦੀ ਬਿਮਾਰੀ ਅਤੇ ਤੀਜਾ ਆਰਥਿਕ ਮੰਦਹਾਲੀ। ਮੇਰੇ ਹਿਸਾਬ ਨਾਲ ਇਹ ਤਿੰਨੇ ਹੀ ਕਾਰਨ ਟਾਲੇ ਜਾ ਸਕਦੇ ਸਨ; ਭਾਵੇਂ ਸਿਆਣੇ ਕਹਿੰਦੇ ਹਨ ਕਿ ਹੋਣੀ ਹੋ ਕੇ ਹੀ ਰਹਿੰਦੀ ਹੈ, ਟਾਲੀ ਨਹੀਂ ਜਾ ਸਕਦੀ। ਜੇ ਅਸੀਂ ਗੈਰ-ਕੁਦਰਤੀ ਜੀਵਨ-ਸ਼ੈਲੀ ਅਪਣਾਵਾਂਗੇ ਤਾਂ ਫਿਰ ਮੌਤ ਵੀ ਗੈਰ-ਕੁਦਰਤੀ ਹੀ ਹੋਵੇਗੀ। ਬੇਸ਼ੱਕ, ਮੌਤ ਦਾ ਸਮਾਂ ਨਿਸ਼ਚਿਤ ਹੈ ਪਰ ਜੇ ਅਸੀਂ ਉਸ ਨੂੰ ਸਮੇਂ ਤੋਂ ਪਹਿਲਾਂ ਵੀ ਸੱਦ ਲਈਏ ਤਾਂ ਉਹ ਨਾਂਹ ਨਹੀਂ ਕਰਦੀ। ਬੰਦਾ ਖੁਦ ਵੀ ਕੁਦਰਤ ਦੀ ਰਚਨਾ ਹੈ। ਇਹ ਆਪ ਵੀ ਹੋਣੀਆਂ ਸਿਰਜਣ-ਵਿਸਿਰਜਣ ਦਾ ਕਾਰਨ ਬਣਦਾ ਹੈ, ਕਿਉਂਕਿ ਕੁਦਰਤ ਨੇ ਇਸ ਨੂੰ ਫ਼ੈਸਲੇ ਲੈਣ ਦੀ ਤਾਕਤ ਬਖ਼ਸ਼ੀ ਹੈ। ਇਹ ਵੀ ਸੱਚਾਈ ਹੈ ਕਿ ਇਹ ਦੁਨੀਆਂ ਬੜੀ ਬੇ-ਲਿਹਾਜ਼, ਬੇ-ਮੁਰੱਵਤ, ਬੇ-ਨਿਆਜ਼ ਤੇ ਬੇ-ਕਿਰਕ ਹੈ; ਇਹ ਚੜ੍ਹਦੇ ਨੂੰ ਸਲਾਮ ਕਰਦੀ ਹੈ। ਗੁਰੂ, ਪੀਰ, ਪੈਗੰਬਰ, ਰਿਸ਼ੀ, ਮੁਨੀ, ਉਪਦੇਸ਼ਕ ਅਤੇ ਸਾਰੇ ਧਰਮ ਗ੍ਰੰਥ ਪੁਕਾਰ-ਪੁਕਾਰ ਕੇ ਇਹ ਕਹਿ ਰਹੇ ਹਨ ਕਿ ਦੇਖੀਂ ਓ ਬੰਦਿਆ! ਕਿਤੇ ਇਸ ਦੁਨੀਆਂ ਨੂੰ ਬਹੁਤਾ ਦਿਲ 'ਤੇ ਨਾ ਲਾ ਲਵੀਂ। ਇਹ ਸਭ ਕੂੜੋ-ਕੂੜ ਈ। ਇਹ ਸਭ ਮਿਥਿਆ ਈ। ਇਹ ਪਰਮਾਤਮਾ ਦੀ ਖੇਡ ਈ ਜਿਸ ਦੀ ਕਿਸੇ ਨੂੰ ਕੋਈ ਸਮਝ ਨਹੀਂ।

ਮੁਆਫ਼ ਕਰਨਾ, ਮੈਂ ਐਵੇਂ ਫਿਲਾਸਫੀ ਘੋਟਣ ਡਹਿ ਪਿਆ ਹਾਂ। ਇਹ ਮੇਰਾ ਵਿਸ਼ਾ ਹੀ ਨਹੀਂ ਹੈ। ਗੱਲ ਕਰ ਰਹੇ ਸਾਂ ਮਾਣਮੱਤੇ ਮਾਣਕ ਦੀ।...ਜੇ ਸ਼ਰਾਬ ਉਹਦੀ ਮੌਤ ਦਾ ਕਾਰਨ ਹੈ ਤਾਂ ਇਹ ਬੰਦ ਕੀਤੀ ਜਾ ਸਕਦੀ ਸੀ ਜਾਂ ਲੋੜ ਅਨੁਸਾਰ ਘੱਟ ਕੀਤੀ ਜਾ ਸਕਦੀ ਸੀ। ਜਿਸ ਰੋਗ ਨਾਲ ਉਹਦੀ ਮੌਤ ਹੋਈ ਹੈ, ਉਹ ਇਲਾਜਯੋਗ ਹੈ। ਸਮੇਂ ਸਿਰ ਇਲਾਜ ਹੋ ਸਕਦਾ ਸੀ। ਮੇਰੇ ਵਰਗੇ ਸਾਧਾਰਨ ਬੁੱਧੀ ਵਾਲੇ ਸਭ ਲੋਕ ਜਾਣਦੇ ਹਨ ਕਿ ਸ਼ਰਾਬ ਨੂੰ ਅੱਜ ਤੱਕ ਕੋਈ ਜਿੱਤ ਨਹੀਂ ਸਕਿਆ। ਜਿਸ ਨੇ ਵੀ ਸ਼ਰਾਬ ਨਾਲ ਆਢਾ ਲਾਇਆ, ਉਹਨੂੰ ਇਸ ਨੇ ਨਹੀਂ ਛਡਿਆ। ਮੈਂ ਹੈਰਾਨ ਹਾਂ ਕਿ ਇੰਨੀ ਅਸਾਧਾਰਨ ਬੁੱਧੀ ਵਾਲੇ ਸਿਆਣੇ-ਬਿਆਣੇ ਲੇਖਕ, ਸ਼ਾਇਰ, ਕਲਾਕਾਰ ਅਤੇ ਵਿਦਵਾਨ ਸ਼ਰਾਬ ਨੂੰ ਏਡੀ ਵੱਡੀ ਅਹਿਮੀਅਤ ਦੇ ਕੇ ਕਿਉਂ ਇਹਦੇ ਵਿਚ ਬੇ-ਵਕਤ ਅਤੇ ਮੰਦੇ ਹਾਲੀਂ ਡੁੱਬ ਮਰਦੇ ਹਨ? ਇਹੋ ਜਿਹੇ ਲੋਕਾਂ ਅਤੇ ਨੇਤਾਵਾਂ ਨੇ ਸਮਾਜ ਨੂੰ ਅਗਵਾਈ ਦੇਣੀ ਹੁੰਦੀ ਹੈ। ਵਾਰਿਸ਼ ਸ਼ਾਹ ਤੋਂ ਬਾਅਦ ਦੂਸਰਾ ਵਾਰਿਸ਼ ਸ਼ਾਹ ਜਿਸ ਨੂੰ ਸ਼ਿਵ ਕੁਮਾਰ ਬਟਾਲਵੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਉਹਦੇ ਨਾਲ ਕੀ ਬੀਤੀ ਸੀ ਭਲਾ? ਸ਼ਰਾਬ ਉਹਨੂੰ ਪੈਂਤੀ ਸਾਲ ਦੀ ਉਮਰ 'ਚ ਹੀ ਪੀ ਗਈ। ਅੰਤ ਵੇਲੇ ਉਹਦਾ ਵੀ ਇਹੋ ਹਾਲ ਹੋਇਆ ਜੋ ਮਾਣਕ ਦਾ ਹੋਇਆ। ਭਾਈ, ਜੇ ਚਾਰੇ ਬੰਨ੍ਹੇ ਸ਼ਰਾਬ ਤੋਂ ਬਿਨਾਂ ਨਹੀਂ ਸਰਦਾ ਤਾਂ ਖ਼ੁਸ਼ਵੰਤ ਸਿੰਘ ਵਾਂਗੂ ਪੀ ਲਓ। ਉਹਦੀ ਸ਼ਰਾਬ ਨਾਲ ਬੜੀ ਸੁਹਣੀ ਨਿਭ ਰਹੀ ਹੈ। ਭਲਿਓ ਲੋਕੋ! ਕੋਈ ਅਸੂਲ ਤਾਂ ਬਣਾ ਲਓ। ਜਾਨਵਰਾਂ ਦੇ ਵੀ ਅਸੂਲ ਹਨ। ਜਗਤ ਦੀ ਸਭ ਤੋਂ ਉਤਮ ਰਚਨਾ ਬੰਦਾ ਪਤਾ ਨਹੀਂ ਕਿਉਂ ਦਿਨ-ਬ-ਦਿਨ ਬੇਅਸੂਲਾ ਹੋਈ ਜਾਂਦੈ? ਬੰਦੇ ਦੀ ਬੇਅਸੂਲੀ ਨੇ ਪੂਰੀ ਧਰਤੀ ਤਬਾਹੀ ਕੰਢੇ ਲਿਆ ਖੜ੍ਹੀ ਕੀਤੀ ਹੈ।

ਸ਼ਰਾਬ ਨੇ ਜੋ ਚੰਦ ਚਾੜ੍ਹੇ ਨੇ, ਤੇ ਚਾੜ੍ਹ ਰਹੀ ਹੈ ਅਤੇ ਚਾੜ੍ਹਦੀ ਰਹੇਗੀ, ਉਹ ਅਸੀਂ ਸਭ ਜਾਣਦੇ ਹਾਂ। ਕਿਸੇ ਸਿਆਣੇ ਨੇ ਕਿਹੈ ਕਿ ਇੰਨੇ ਬੰਦੇ ਸਮੁੰਦਰ ਵਿਚ ਡੁੱਬ ਕੇ ਨਹੀਂ ਮਰੇ, ਜਿੰਨੇ ਸ਼ਰਾਬ ਦੀ ਬੋਤਲ ਵਿਚ। ਮੈਂ ਪੰਜਾਬ ਦੇ ਚਾਰ ਸਕੂਲ ਅਧਿਆਪਕਾਂ ਨੂੰ ਸ਼ਰਾਬ ਦੇ ਨਤੀਜੇ ਭੁਗਤਦਿਆਂ ਦੇਖਿਐ। ਇਹ ਵਿੱਦਿਆ ਦੇ ਚਾਨਣ ਮੁਨਾਰੇ ਬੇਹਾਲ, ਰੁਲ-ਖਿਲ ਕੇ ਅਤੇ ਬੇ-ਇੱਜ਼ਤ ਹੋ ਕੇ ਇਸ ਸੰਸਾਰ ਤੋਂ ਰੁਖ਼ਸਤ ਹੋਏ। ਇਨ੍ਹਾਂ ਵਿਚੋਂ ਇਕ ਅਧਿਆਪਕ ਨੇ ਆਪਣੇ ਆਖਰੀ ਵਕਤ ਆਪਣੇ ਦੁਆਲੇ ਇਕੱਠੇ ਹੋਏ ਆਪਣੇ ਰਿਸ਼ਤੇਦਾਰਾਂ ਅਤੇ ਹੋਰ ਲੋਕਾਂ ਨੂੰ ਚੀਕਦਿਆਂ ਆਖਿਆ, 'ਦੇਖਿਓ ਲੋਕੋ, ਕਿਤੇ ਸ਼ਰਾਬ ਨਾ ਪੀ ਬੈਠਿਓ। ਇਹ ਬੜੀ ਮਾੜੀ ਚੀਜ਼ ਏ। ਮੈਨੂੰ ਸਭ ਨੇ ਸਮਝਾਇਆ, ਮੈਂ ਮੰਨਿਆ ਨਹੀਂ। ਹੁਣ ਬੇ-ਵਕਤ ਹੀ ਜਹਾਨੋਂ ਜਾ ਰਿਹਾ ਹਾਂ। ਮੈਂ ਕੁਝ ਨਹੀਂ ਖੱਟਿਆ।' ਇੰਨਾ ਕਹਿ ਕੇ ਉਹਨੇ ਸਿਰ ਸੁੱਟ ਦਿੱਤਾ। ਉਸ ਦੇ ਆਖਰੀ ਸਾਹ ਛੱਡਣ ਤੋਂ ਲੈ ਕੇ ਆਖਰੀ ਰਸਮਾਂ ਤਕ ਇਕੱਠੇ ਹੁੰਦੇ ਲੋਕ ਵਾਰ-ਵਾਰ ਉਹਦੇ ਇਹ ਆਖਰੀ ਲਫ਼ਜ਼ ਯਾਦ ਕਰਕੇ ਗੱਲਾਂ ਕਰਦੇ ਰਹੇ।...ਨਸੀਹਤਾਂ ਦੇਣ ਵਾਲਿਆਂ ਦੀ ਇਥੇ ਕੋਈ ਘਾਟ ਨਹੀਂ ਪਰ ਅਕਲ/ਮੱਤ ਨਾਲ ਭਰੇ ਬੁੱਧੀਮਾਨ ਲੋਕ ਚੰਗੀ ਨਸੀਹਤ ਦੀ ਲੋੜ ਮਹਿਸੂਸ ਨਹੀਂ ਕਰਦੇ!



ਮੌਜੂਦਾ ਦੌਰ ਵਿਚ ਸ਼ਰਾਬ ਸਭਿਆਚਾਰ ਦਿਨ-ਬ-ਦਿਨ ਵਧ-ਫੁਲ ਰਿਹਾ ਹੈ ਅਤੇ ਇਸ ਦੇ ਭਿਆਨਕ ਨਤੀਜੇ ਵੀ ਬਹੁਤ ਤੇਜ਼ੀ ਨਾਲ ਵੱਡੇ ਪੱਧਰ 'ਤੇ ਸਾਹਮਣੇ ਆ ਰਹੇ ਹਨ। ਇਨ੍ਹਾਂ ਨੇ ਇਨਸਾਨੀਅਤ ਅਤੇ ਲੋਕਾਈ ਦੇ ਦਰਦਮੰਦ ਅਤੇ ਫਿਕਰਮੰਦ ਸਿਆਣੇ ਬੰਦਿਆਂ ਨੂੰ ਜ਼ਰੂਰ ਕਾਂਬਾ ਛੇੜਿਆ ਹੈ। ਇਹ ਸੱਚ ਹੈ ਕਿ ਕੋਈ 'ਕੱਲਾ-'ਕਹਿਰਾ ਬੰਦਾ ਸੰਸਾਰ ਜਾਂ ਸਮਾਜ ਵਿਚੋਂ ਕਿਸੇ ਬੁਰਾਈ ਨੂੰ ਖ਼ਤਮ ਨਹੀਂ ਕਰ ਸਕਦਾ। ਇਸ ਵਾਸਤੇ ਲੋਕਾਂ ਦੇ ਵੱਡੇ ਸਮੂਹ, ਕਾਫ਼ਲੇ, ਹਜੂਮ ਅਤੇ ਸੰਗਤ ਦੀ ਲੋੜ ਹੈ। ਉਂਜ, ਇਹ ਵੀ ਸੱਚ ਹੈ ਕਿ ਪਹਿਲਾਂ ਨਿਤਰਦਾ ਵੀ ਇਕੱਲਾ ਬੰਦਾ ਹੀ ਹੁੰਦਾ ਹੈ।...

ਮਾਣਕ ਨੂੰ ਪੁੱਤਰ ਦੀ ਬਿਮਾਰੀ ਦਾ ਗਮ ਵੀ ਲੈ ਬੈਠਾ। ਇਹ ਵੀ ਸੱਚ ਹੈ। ਪੁੱਤਰਾਂ-ਧੀਆਂ ਦੀ ਮੰਦੀ ਹਾਲਤ ਵੇਖ ਕੇ ਮਾਪੇ ਮਰ-ਮੁੱਕ ਜਾਂਦੇ ਹਨ ਪਰ ਮਾਣਕ ਜਿਸ ਸੂਰਬੀਰ ਬੰਦਾ ਬਹਾਦਰ ਦੀ ਵਾਰ ਹੁੱਬ ਕੇ, ਭਾਵੁਕ ਹੋ ਕੇ, ਬੜੀ ਸ਼ਿੱਦਤ ਅਤੇ ਸ਼ਰਧਾ ਨਾਲ ਦਿਲ ਟੁੰਬਵੀਂ ਆਵਾਜ਼ ਵਿਚ ਗਾ ਕੇ ਖਲਕਤ ਵਿਚ ਬੀਰ ਰਸ, ਜੋਸ਼, ਉਤਸ਼ਾਹ ਅਤੇ ਹੌਸਲਾ-ਹਿੰਮਤ ਭਰ ਦਿੰਦਾ ਸੀ, ਉਸ ਬੰਦਾ ਬਹਾਦਰ ਨੇ ਆਪਣੇ ਮਾਸੂਮ ਛੋਟੇ ਜਿਹੇ ਪੁੱਤਰ 'ਤੇ ਉਸ ਦੀਆਂ ਅੱਖਾਂ ਸਾਹਮਣੇ ਢਾਹਿਆ ਜ਼ੁਲਮ ਅਡੋਲ ਰਹਿ ਕੇ ਸਹਾਰਿਆ। ਕੀ ਮਾਣਕ ਆਪਣੇ ਪੁੱਤਰ ਦੀ ਬਿਮਾਰੀ ਦਾ ਸਾਹਮਣਾ ਇਸੇ ਹੌਂਸਲੇ ਅਤੇ ਬਹਾਦਰੀ ਨਾਲ ਨਹੀਂ ਸੀ ਕਰ ਸਕਦਾ?

ਮੈਂ ਭਾਵੇਂ ਸਲਾਹਕਾਰ ਬਣਨ ਦੀ ਹੈਸੀਅਤ ਨਹੀਂ ਰੱਖਦਾ, ਤਦ ਵੀ ਮੈਂ ਆਪਣੇ ਸਮੂਹ ਗਾਇਕ/ਕਲਾਕਾਰ ਵੀਰਾਂ ਨੂੰ ਇਹ ਸਲਾਹ ਜ਼ਰੂਰ ਦੇਣੀ ਹੈ ਕਿ ਤੁਸੀਂ ਸਾਰੇ ਮਜ਼ਬੂਤ ਸਭਾ ਬਣਾਓ ਅਤੇ ਇਸ ਰਾਹੀਂ ਫੰਡ ਖੜ੍ਹਾ ਕਰੋ। ਫਿਰ ਆਪਣੀ ਆਪਣੀ ਹੈਸੀਅਤ ਜਾਂ ਕਿਸੇ ਅਸੂਲ ਮੁਤਾਬਕ ਇਸ ਫੰਡ 'ਚ ਹਿੱਸਾ ਪਾਓ। ਇਹ ਫੰਡ ਲੱਖਾਂ-ਕਰੋੜਾਂ ਵਿਚ ਪਹੁੰਚ ਸਕਦਾ ਹੈ। ਇਸ ਵਿਚੋਂ ਤੁਸੀਂ ਮਾੜੇ, ਗਰੀਬ, ਦੁੱਖਾਂ, ਥੁੜਾਂ ਮਾਰੇ, ਕੁਦਰਤੀ ਕ੍ਰੋਪੀ ਜਾਂ ਹੋਣੀ ਦੀ ਕਰੂਰਤਾ ਦਾ ਸ਼ਿਕਾਰ ਹੋ ਚੁੱਕੇ ਕਲਾਕਾਰ ਵੀਰਾਂ ਦੀ ਦਿਲ ਖੋਲ੍ਹ ਕੇ ਮੱਦਦ ਕਰੋ। ਇਹੋ ਜਿਹਾ ਸੁਝਾਅ ਮੈਂ ਪੰਜਾਬ ਦੇ ਅਧਿਆਪਕ ਵੀਰਾਂ ਨੂੰ ਕਈ ਵਾਰ ਦਿਤਾ ਸੀ। ਉਨ੍ਹਾਂ ਨੂੰ ਇਹ

## ਪਾਠਕਾਂ ਦੀ ਰਾਏ

ਸੁਝਾਅ ਚੰਗਾ ਤਾਂ ਬਹੁਤ ਲੱਗਾ ਸੀ ਪਰ ਉਨ੍ਹਾਂ ਨੇ ਇਹ ਅਪਨਾਇਆ ਕਦੇ ਨਹੀਂ। ਨੇਤਾ ਕਿਸਮ ਦੇ ਸਿਆਣੇ ਅਧਿਆਪਕਾਂ ਨੇ ਕਿਹਾ ਸੀ ਕਿ ਇਹ ਸਿਧਾਂਤਕ ਤੌਰ 'ਤੇ ਤਾਂ ਬਹੁਤ ਵਧੀਆ ਸੁਝਾਓ ਹੈ ਪਰ ਅਮਲੀ ਰੂਪ ਵਿਚ ਲਾਗੂ ਨਹੀਂ ਹੋ ਸਕਦਾ। ਹੁਣ ਇਸ ਤੋਂ ਅਗਲੀ ਗੱਲ ਸੁਣੋ...

ਮੈਂ ਇਥੇ ਇਕ-ਦੋ ਗੁਰਦੁਆਰਿਆਂ ਵਿਚ ਇਹੀ ਭਾਸ਼ਣ ਦਿੱਤਾ ਕਿ ਸਾਧ-ਸੰਗਤ ਦਾ ਚੜ੍ਹਾਵਾ ਗੁਰੂ ਸਾਹਿਬ ਤੱਕ ਅੱਪੜਨਾ ਚਾਹੀਦਾ ਹੈ। ਗੁਰੂ ਜੀ ਨੇ ਕਿਹਾ ਸੀ ਕਿ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ। ਨਾਲ ਹੀ ਮੈਂ ਇਹ ਕਹਿ ਦਿੱਤਾ ਕਿ ਗੁਰਦੁਆਰੇ ਦੇ ਪ੍ਰਬੰਧ ਦਾ ਖ਼ਰਚਾ ਕੱਢ ਕੇ ਬਾਕੀ ਪੈਸਾ ਜਮ੍ਹਾਂ ਨਹੀਂ ਕਰਨਾ ਚਾਹੀਦਾ। ਇਹ ਪੈਸਾ ਇਸ ਦੁਨੀਆ ਵਿਚ ਨਿਮਾਣੇ, ਨਿਤਾਣੇ, ਨਿਓਟੇ, ਗਰੀਬ-ਗੁਰਬੇ, ਕਮਜ਼ੋਰ, ਦੁਖੀ ਅਤੇ ਲੋੜਵੰਦ ਲੋਕਾਂ ਤੱਕ ਪਹੁੰਚਣਾ ਚਾਹੀਦੈ। ਗੁਰੂ ਜੀ ਆਪ ਵੀ ਇੱਦਾਂ ਹੀ ਕਰਦੇ ਸਨ। ਇਸ ਤੋਂ ਬਾਅਦ ਇਨ੍ਹਾਂ ਪ੍ਰਬੰਧਕਾਂ ਨੇ ਮੈਨੂੰ ਕਦੇ ਵੀ ਬੋਲਣ ਦਾ ਸਮਾਂ ਨਹੀਂ ਦਿੱਤਾ।

ਮਾਣਕ ਮਹਾਨ ਗਾਇਕ ਸੀ। ਗਾਇਨ ਕਲਾ ਨੂੰ ਸਭ ਕਲਾਵਾਂ ਤੋਂ ਉਤਮ ਦਰਜਾ ਹਾਸਲ ਹੈ। ਇਸ ਲਈ ਗਾਇਕ ਆਮ ਬੰਦਿਆਂ ਤੋਂ ਉੱਚਾ ਮੁਕਾਮ ਰੱਖਦੇ ਹਨ। ਗੁਰੂ ਨਾਨਕ ਸਾਹਿਬ ਨੇ ਆਪਣੀ ਗਾਇਨ ਕਲਾ ਰਾਹੀਂ ਕਿੰਨੇ ਉਚੇ ਫ਼ਰਜ਼ ਨਿਭਾਏ। ਜਿਹੜੇ ਗਾਇਕ ਕਲਾਕਾਰ ਇੰਨੀ ਉਚੀ-ਸੁੱਚੀ ਦਾਤ ਨੂੰ ਮਿੱਟੀ ਵਿਚ ਰੋਲ ਕੇ ਮਿੱਟੀ ਇਕੱਠੀ ਕਰਦੇ ਰਹਿੰਦੇ ਹਨ, ਆਖਰ ਤਾਂ ਇਨ੍ਹਾਂ ਦਾ ਲੇਖਾ-ਜੋਖਾ ਵੀ ਕਿਤੇ ਹੋਊ? ਪਿਆਰੇ ਕਲਾਕਾਰੋ, ਗੰਦ-ਮੰਦ ਗਾਉਣ ਤੋਂ ਤੁਹਾਨੂੰ ਕਿਸੇ ਸਮਾਜ, ਸਰਕਾਰ, ਕਾਨੂੰਨ ਜਾਂ ਪਰਮਾਤਮਾ ਨੇ ਨਹੀਂ ਰੋਕਣਾ। ਤੁਸੀਂ ਆਪ ਹੀ ਇਕੱਠੇ ਹੋ ਕੇ ਕੋਈ ਫ਼ੈਸਲਾ ਕਰੋ। ਤੁਸੀਂ ਸਮਾਜ ਦੇ ਆਦਰਸ਼ ਅਤੇ ਰਹਿਨੁਮਾ ਹੋ। ਸਮਾਜ ਤੁਹਾਡੀ ਨਕਲ ਕਰਦਾ ਹੈ। ਮੇਰੇ ਵਰਗਾ ਬੰਦਾ ਸਮਾਜ ਨੂੰ ਜਿੰਨੀ ਮਰਜ਼ੀ ਚੰਗੀ ਗੱਲ ਦੱਸਦਾ ਫਿਰੇ, ਕੋਈ ਨਹੀਂ ਸੁਣਦਾ; ਪਰ ਗਾਇਕ ਆਪਣੀ ਕਲਾ ਰਾਹੀਂ ਜੋ ਵੀ ਗੱਲ ਕਰਦਾ ਹੈ, ਸਮਾਜ ਤੁਰੰਤ ਪ੍ਰਤੀਕਰਮ ਕਰਦਾ ਹੈ। ਤੁਸੀਂ ਆਪਣੀ ਕਲਾ ਰਾਹੀਂ ਬਹੁਤ ਪੈਸਾ ਇਕੱਠਾ ਕਰਦੇ ਹੋ। ਫਿਰ ਇਸ ਪੈਸੇ ਨਾਲ ਗੁਲਛੱਰੇ ਉਡਾਉਂਦੇ ਹੋ। ਐਵੇਂ ਥੋੜੀ ਜਿਹੀ ਐਸ਼-ਇਸ਼ਰਤ ਘੱਟ ਕਰ ਲਓ। ਸਾਡੇ ਚਾਰ-ਚੁਫ਼ੇਰੇ ਸਮਾਜ ਅਤੇ ਦੇਸ਼ ਗਰੀਬਾਂ, ਲਾਚਾਰਾਂ, ਅਨਾਥਾਂ ਅਤੇ ਦੁਖੀਆਂ, ਨਿਮਾਣਿਆਂ-ਨਿਤਾਣਿਆਂ ਨਾਲ ਭਰਿਆ ਪਿਆ ਹੈ। ਇਸ ਪਾਸੇ ਵੀ ਧਿਆਨ ਦਿਓ।

# ਚਿੱਟਾ ਹਾਥੀ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਪਿੰਡ ਵਿਚ ਸਾਡੇ ਨਾਲ ਲਗਦਾ ਘਰ ਬ੍ਰਾਹਮਣਾਂ ਦਾ ਹੁੰਦਾ ਸੀ। ਇਕ ਵਾਰੀ ਇਸ ਘਰ ਦੀ ਬਜ਼ੁਰਗ ਔਰਤ ਬਾਹਰ-ਅੰਦਰ ਗਈ ਤਾਂ ਉਸ ਨੇ ਗਲੀ ਵਿਚ ਹਾਥੀਆਂ ਵਾਲੇ ਮਹੰਤ ਘੁੰਮਦੇ ਦੇਖੇ। ਸ਼ਰਧਾ ਵਸ ਉਸ ਨੇ ਉਨ੍ਹਾਂ ਨੂੰ ਆਪਣੇ ਘਰ ਖਾਣੇ 'ਤੇ ਬੁਲਾ ਲਿਆ। ਜਦ ਉਸ ਨੇ ਘਰ ਆ ਕੇ ਇਹ ਗੱਲ ਦੱਸੀ ਤਾਂ ਸਾਰਿਆਂ ਦੇ ਭਾਅ ਦੀ ਬਣ ਗਈ। ਮਹੰਤਾਂ ਦੀ ਗਿਣਤੀ ਕਿਤੇ ਥੋੜੀ ਸੀ ਤੇ ਨਾਲ ਏਨੇ ਸਾਰੇ ਹਾਥੀਆਂ ਦਾ ਲਾਣਾ। ਭਾਵੇਂ ਬਜ਼ੁਰਗ ਬੇਬੇ ਦੇ ਸ਼ਬਦ ਤੇ ਸਾਰਿਆਂ ਨੇ ਫੁੱਲ ਚੜ੍ਹਾਉਣੇ ਯੋਗ ਸਮਝੇ ਤੇ ਵੱਡੇ ਮੁੰਡੇ ਨੇ ਜਾ ਕੇ ਬਾਕਾਇਦਾ ਉਨ੍ਹਾਂ ਨੂੰ ਨਿਉਂਦਾ ਵੀ ਦਿਤਾ ਪਰ ਉਨ੍ਹਾਂ ਨੂੰ ਭਾਜੜਾਂ ਪੈ ਗਈਆਂ। ਆਖਰ ਵਿਤੀ ਮਸਲਾ ਸੀ, ਘਰ ਚੌੜ ਹੋ ਜਾਣਾ ਸੀ। ਸਾਰੇ ਗਲੀ-ਗਵਾਂਢ ਦੀਆਂ ਔਰਤਾਂ ਨੂੰ ਪਹਿਲਾਂ ਚਾਹ ਅਤੇ ਫਿਰ ਖਾਣੇ ਦੀ ਤਿਆਰੀ ਕਰਨ ਲਈ ਸੱਦਿਆ ਗਿਆ।

ਘਰ ਵਿਚ ਵਿਆਹ ਵਰਗਾ ਮਾਹੌਲ ਹੋ ਗਿਆ। ਮਹੰਤਾਂ ਨੇ ਖੂਬ ਮੱਥੇ ਟਿਕਾਏ, ਸਿਰ ਪਲੋਸੇ, ਲੇੜ੍ਹ ਕੇ ਭੋਜਨ ਛਕਿਆ, ਢਿੜਾਂ ਤੇ ਹੱਥ ਫੇਰ ਕੇ ਡਕਾਰ ਛਡੇ, ਦੰਦ ਘਸਾਈ ਲਈ ਅੱਡ ਮਾਇਆ ਵਸੂਲ ਕੀਤੀ ਤੇ ਨਾਲ ਹੀ ਹਾਥੀਆਂ ਦੇ ਚਾਰੇ ਦਾ ਪ੍ਰਬੰਧ ਕਰਨ ਲਈ ਭਾਖਿਆ ਕਢ ਦਿਤੀ। ਬ੍ਰਾਹਮਣਾਂ ਕੋਲ ਚਾਰੇ ਦਾ ਪ੍ਰਬੰਧ ਕਿਥੇ? ਮਣਾਂ ਮੂੰਹੀਂ ਅਨਾਜ ਤੋਂ ਹੱਥ ਧੋਣੇ ਪਏ ਤੇ ਨਾਲੇ ਕਿਸੇ ਜੱਟ ਤੋਂ ਕਨਾਲ ਦੋ ਕਨਾਲ ਚਾਰੇ ਦੇ ਪ੍ਰਬੰਧ ਲਈ ਬੇਨਤੀ ਕੀਤੀ ਗਈ। ਜਦ ਸ਼ਾਮ ਹੋ ਗਈ, ਘਰ ਵਾਲਿਆਂ ਨੇ ਸੋਚਿਆ ਚਲੋ ਖਹਿੜਾ ਛੁੱਟਣ ਦਾ ਟੈਮ ਆ ਗਿਆ ਹੈ ਤਾਂ ਮਹੰਤਾਂ ਘੋਸ਼ਣਾ ਕਰ ਦਿੱਤੀ ਕਿ ਉਹ ਅੱਜ ਦੀ ਰਾਤ ਉਨ੍ਹਾਂ ਦੇ ਘਰ ਹੀ ਬਸਰ ਕਰਕੇ ਸ਼ਰਧਾਵਾਨਾਂ ਨੂੰ ਕਿਰਤਾਰਥ ਕਰਨਗੇ। ਘਰ ਦਿਆਂ ਦੀ ਕੀ ਹਾਲਤ ਹੋਈ, ਇਹ ਮੈਂ ਪਾਠਕਾਂ ਦੀ ਕਲਪਨਾ 'ਤੇ ਛੱਡ ਦਿੰਦਾ ਹਾਂ।

ਬਜ਼ੁਰਗ ਬੇਬੇ ਤਾਂ ਸ਼ਾਇਦ ਅੰਦਰੋਂ ਗੁਰੂ ਨਾਨਕ ਦੀ ਭਗਤ ਸੀ, ਜੋ ਗੁਰੂ ਸਾਹਿਬ ਦੀ ਭੁਖੇ ਸਾਧੂਆਂ ਵਾਲੀ ਸਾਖੀ ਦੀ ਸਿਖਿਆ ਅਨੁਸਾਰ ਚੱਲ ਰਹੀ ਸੀ ਪਰ ਘਰ ਵਾਲਿਆਂ ਦਾ ਚੋਖਾ ਘਾਣ ਹੋ ਗਿਆ। ਕਹਿੰਦੇ ਹਨ, ਨਾ ਊਠਾਂ ਵਾਲਿਆਂ ਨਾਲ ਯਾਰੀ ਮਹਿੰਗੀ ਪੈਂਦੀ ਹੈ। ਅਜੇ ਤਾਂ ਹਾਥੀ ਭੂਸਲੇ ਜਿਹੇ ਹੀ ਸਨ ਜੇ ਕਿਧਰੇ ਚਿੱਟੇ ਹੁੰਦੇ ਤਾਂ ਇਸ ਗਰੀਬ ਬ੍ਰਾਹਮਣ ਪਰਿਵਾਰ ਦਾ ਕੀ ਹਸ਼ਰ ਹੁੰਦਾ, ਇਸ ਦਾ ਅੰਦਾਜ਼ਾ ਤੁਹਾਨੂੰ ਪੂਰੀ ਲਿਖਤ ਪੜ੍ਹ ਕੇ ਹੋ ਜਾਵੇਗਾ।

ਕਹਿੰਦੇ ਹਨ, ਹਾਥੀ ਦਾ ਜਿਉਂਦੇ ਦਾ ਲੱਖ, ਮਰੇ ਦਾ ਸਵਾ ਲੱਖ। ਇਹ ਗੱਲ ਵੀ ਆਮ ਭੂਸਲੇ ਹਾਥੀਆਂ ਤੇ ਲਾਗੂ ਹੁੰਦੀ ਹੈ। ਜਿਉਂਦਾ ਆਮ ਹਾਥੀ ਮਨੁਖ ਦੇ ਸੌ ਕੰਮਾਂ ਵਿਚ ਆਪਣੀ ਸੁੰਡ ਵਟਾਉਂਦਾ ਹੈ। ਪੁਰਾਣੇ ਜ਼ਮਾਨੇ ਵਿਚ ਤਾਂ ਇਹ ਯੁਧਾਂ ਵਿਚ ਵੀ ਝੋਕੇ ਜਾਂਦੇ ਸਨ। ਮਰੇ ਦੇ ਦੰਦ ਖੰਡ ਏਨੇ ਮਹਿੰਗੇ ਵਿਕਦੇ ਹਨ। ਪਰ ਚਿੱਟੇ ਹਾਥੀ? ਵਿਚਾਰੇ ਮੁਹਾਵਰਾ ਬਣ ਕੇ ਏਨੇ ਬਦਨਾਮ ਹੋ ਗਏ ਹਨ ਕਿ ਰਹੇ ਰੱਬ ਦਾ ਨਾਂ। ਕੋਈ ਐਸਾ ਵੱਡਾ ਕੰਮ ਜਿਸ 'ਤੇ ਮਿਹਨਤ ਅਤੇ ਖਰਚ ਅਥਾਹ ਦਾ ਹੋਵੇ ਪਰ ਵੱਟਿਆ ਕੁਝ ਨਾ ਜਾਵੇ ਸਗੋਂ ਉਲਟਾ ਨੁਕਸਾਨ ਦਾ ਸਬੱਬ ਬਣ ਜਾਵੇ, ਉਸ ਨੂੰ ਚਿੱਟਾ ਹਾਥੀ ਕਹਿ ਦਿੱਤਾ ਜਾਂਦਾ ਹੈ। ਆਮ ਤੌਰ 'ਤੇ ਕਈ ਸਰਕਾਰੀ ਪ੍ਰਾਜੈਕਟ ਇਹੋ ਜਿਹੇ ਹੁੰਦੇ ਹਨ। ਇਹ ਤਾਂ ਸਾਹਨ ਪਾਲਣ ਵਾਲੀ ਗੱਲ ਹੋਈ। ਕੁਝ ਅਜਿਹਾ ਹੀ ਭਾਵ 'ਭੱਠ ਪਿਆ ਸੋਨਾ ਜੋ ਕੰਨਾਂ ਨੂੰ ਖਾਵੇ' ਵਿਚੋਂ ਲਿਆ ਜਾਂਦਾ ਹੈ।

ਸਮਾਜਕ ਵਰਣ ਵਿਵਸਥਾ ਦੇ ਸਿੱਟੇ ਵਜੋਂ ਚਿਟ-ਚਮੜੀਏ ਮਨੁਖ ਤਾਂ ਸਰਵਸ਼੍ਰੇਸ਼ਟ ਪ੍ਰਾਣੀ ਬਣੇ ਹੋਏ ਹਨ ਪਰ ਵਿਚਾਰੇ ਚਿੱਟੇ ਹਾਥੀਆਂ ਦੀ ਏਨੀ ਕਦਰ-ਘਟਾਈ ਕਿਉਂ ਹੋ ਗਈ, ਹੈ ਤਾਂ ਉਹ ਵੀ ਹਾਥੀ? ਇਹ ਗੋਝ ਸਮਝਣ ਲਈ ਪਹਿਲਾਂ ਤੁਹਾਨੂੰ ਭਾਰਤ ਅਤੇ ਫਿਰ ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਦੇ ਇਤਿਹਾਸ-ਮਿਥਿਹਾਸ ਨਾਲ ਮੱਥਾ ਮਾਰਨਾ ਪਵੇਗਾ। ਇਸ ਦਾ ਇਕ ਪਹਿਲੂ ਬੁਧ ਸ਼ਾਕਿਆਮੁਨੀ ਅਰਥਾਤ ਗੌਤਮ ਬੁਧ ਦੇ ਜਨਮ ਦੀ ਮਿਥ ਨਾਲ ਜੁੜਿਆ ਹੋਇਆ ਹੈ। ਸ਼ਾਕਿਆਮੁਨੀ ਭਾਰਤ (ਹੁਣ ਨੇਪਾਲ) ਦੇ ਨਗਰ ਲੁੰਬਿਨੀ ਵਿਖੇ ਈਸਾ ਤੋਂ ਕੋਈ 600 ਸਾਲ ਪਹਿਲਾਂ ਪੈਦਾ ਹੋਏ। ਇਕ ਦਿਨ ਉਨ੍ਹਾਂ ਦੀ ਮਾਂ ਮਹਾਰਾਣੀ ਮਹਾਮਾਇਆ ਨੇ ਸੁਪਨੇ ਵਿਚ ਦੇਖਿਆ ਕਿ ਇਕ ਚਿੱਟਾ ਹਾਥੀ ਅਕਾਸ਼ ਤੋਂ ਉਤਰਿਆ ਤੇ ਉਸ ਦੇ ਗਰਭ ਵਿਚ ਪ੍ਰਵੇਸ਼ ਕਰ ਗਿਆ। ਸੁਪਨਾ ਇਸ ਗੱਲ ਦਾ ਸ਼ਗਨ ਸੀ ਕਿ ਰਾਣੀ ਉਸ ਦਿਨ ਪਵਿਤਰ ਤੇ ਸ਼ਕਤੀਸ਼ਾਲੀ ਬੱਚੇ ਨਾਲ ਗਰਭਵਤੀ ਹੋਈ। ਆਕਾਸ਼ ਤੋਂ ਹਾਥੀ ਦਾ ਉਤਰਨਾ ਇਹ ਸੰਕੇਤ ਦਿੰਦਾ ਸੀ ਕਿ ਜਨਮ ਲੈਣ ਵਾਲਾ ਬੱਚਾ ਮੈਤਰਿਆ ਬੁਧ ਦੀ ਪਵਿਤਰ ਧਰਤੀ ਤੁਸ਼ੀਤਾ ਤੋਂ ਆਇਆ ਸੀ। ਬੱਚੇ ਦੀ ਸਾਰੀ ਜਨਮ ਪੀੜਾ ਬ੍ਰਹਮਾ ਤੇ ਇੰਦਰ ਨੇ ਥੰਮ ਲਈ ਸੀ। ਦੇਵਤਿਆਂ ਨੇ ਬੱਚੇ ਦਾ ਅਨੇਕਾਂ ਰਸਮਾਂ ਨਾਲ ਸਵਾਗਤ ਕੀਤਾ।



ਪੁਰਾਤਨ ਜਨਮ ਸਾਖੀ ਵਿਚ ਗੁਰੂ ਨਾਨਕ ਦੇ ਜਨਮ ਸਮੇਂ ਦੇ ਬਿਰਤਾਂਤ ਵਿਚ ਦੱਸਿਆ ਗਿਆ ਹੈ ਕਿ 'ਤੇਤੀਸ ਕਰੋੜੀ ਦੇਵਤਿਆਂ ਨਮਸਕਾਰ ਕੀਆ'। ਗੌਤਮ ਦੇ ਜਨਮ ਨਾਲ ਪਿਉ ਦੀਆਂ ਸਾਰੀਆਂ ਖਾਹਿਸ਼ਾਂ ਦੀ ਪੂਰਤੀ ਹੋ ਗਈ ਸੀ ਇਸ ਲਈ ਉਸ ਦਾ ਨਾਂ ਸਿਧਾਰਥ (ਸਿਧ+ਅਰਥ) ਰਖਿਆ ਗਿਆ। ਇਕ ਬ੍ਰਾਹਮਣ ਨੇ ਚਿਹਨ-ਚੱਕਰ ਦੇਖ ਕੇ ਭਵਿਖਵਾਣੀ ਕੀਤੀ ਕਿ ਬੱਚਾ ਜਾਂ ਤਾਂ ਚੱਕਰਵਰਤੀ ਰਾਜਾ ਹੋਵੇਗਾ ਜਾਂ ਪੂਰੀ ਤਰ੍ਹਾਂ ਜਾਗ੍ਰਿਤ ਬੁਧ। ਚੱਕਰਵਰਤੀ ਰਾਜਿਆਂ ਦਾ ਸਮਾਂ ਲੰਘ ਗਿਆ ਸੀ ਸੋ ਨਿਸਚਿਤ ਸੀ ਕਿ ਇਹ ਬੱਚਾ ਬੁਧ ਬਣੇਗਾ ਜਿਸ ਦਾ ਜਲੌਅ ਸਾਰੀ ਦੁਨੀਆਂ ਤੇ ਸੂਰਜ ਦੀਆਂ ਕਰੋੜਾਂ ਕਿਰਨਾਂ ਨਿਆਈਂ ਹੋਵੇਗਾ। ਟਾਕਰਾ ਕਰੋ ਗੁਰੂ ਨਾਨਕ ਦੇ ਜਨਮ ਸਮੇਂ ਨਾਲ ਸਬੰਧਿਤ ਭਾਈ ਗੁਰਦਾਸ ਦੀ ਵਾਰ 'ਮਿਟੀ ਧੁੰਦ ਜਗ ਚਾਨਣ ਹੋਆ' ਨਾਲ। ਮਿਥਾਂ ਤੇ ਦੰਦ-ਕਥਾਵਾਂ ਇਕ ਧਰਮ ਤੋਂ ਦੂਜੇ ਧਰਮ ਤਕ ਸਫ਼ਰ ਕਰਦੀਆਂ ਹਨ।

ਚਿੱਟਾ ਹਾਥੀ ਕਹਿਣ ਨੂੰ ਹੀ ਚਿੱਟਾ ਹੁੰਦਾ ਹੈ ਵਾਸਤਵ ਵਿਚ ਇਸ ਦਾ ਰੰਗ ਹਲਕਾ ਗੁਲਾਬੀ ਹੁੰਦਾ ਹੈ ਭਾਵੇਂ ਇਸ ਦੀ ਕੋਈ ਵਖਰੀ ਜਾਤੀ ਨਹੀ। ਕਾਲੀ ਗਾਂ ਜਾਂ ਭੂਰੀ ਮੱਝ ਦੀ ਤਰ੍ਹਾਂ ਇਹ ਇਕ ਬਹੁਤ ਹੀ ਦੁਰਲਭ ਜੀਵ ਹੈ। ਕਹਿੰਦੇ ਹਨ, ਮਗਧ ਸਮਰਾਟ ਬਿੰਬਸਾਰ ਦੇ ਇਕ ਹਾਥੀ ਦੀ ਕੀਮਤ ਉਸ ਦੇ ਅੱਧੇ ਰਾਜ ਜਿੰਨੀ ਸੀ। ਸਾਡੀ ਸੰਸਕ੍ਰਿਤੀ ਵਿਚ ਇਹ ਸਿਆਣਪ ਅਤੇ ਪਵਿਤਰਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਬੁਧ ਦੇ ਜਨਮ ਦੀ ਮਿਥ ਕਾਰਨ ਇਸ ਦੀ ਪਵਿਤਰ ਜਾਨਵਰ ਵਜੋਂ ਹੋਰ ਵੀ ਮਹੱਤਤਾ ਵਧ ਗਈ। ਅਸੀਂ ਜਾਣਦੇ ਹਾਂ ਕਿ ਦੱਖਣ ਪੂਰਬੀ ਏਸ਼ੀਆ ਜਿਵੇਂ ਬਰਮਾ, ਥਾਈਲੈਂਡ, ਲਾਓਸ, ਕੰਪੂਚੀਆ ਆਦਿ ਵਿਚ ਬੁਧ ਧਰਮ ਬੜੀ ਤੇਜ਼ੀ ਨਾਲ ਫੈਲਿਆ। ਹਾਥੀ ਘੋੜੇ ਰੱਖਣਾ ਸਾਡੇ ਦੇਸ਼ਾਂ ਦੇ ਰਾਜਿਆਂ ਦੇ ਸ਼ੌਕ ਹੁੰਦੇ ਸਨ। ਇਨ੍ਹਾਂ ਦੇਸ਼ਾਂ ਵਿਚ ਸਮਰਾਟ ਕੋਲ ਅਜਿਹੇ ਹਾਥੀਆਂ ਦਾ ਹੋਣਾ ਉਸ ਦੇ ਨਿਆਂਸ਼ਾਲੀ ਅਤੇ ਸ਼ਕਤੀਸ਼ਾਲੀ ਹੋਣ ਦਾ ਚਿੰਨ੍ਹ ਸਮਝਿਆ ਜਾਂਦਾ ਸੀ, ਤੇ ਨਾਲ ਹੀ ਰਾਜ ਵਿਚ ਸ਼ਾਂਤੀ ਅਤੇ ਖੁਸ਼ਹਾਲੀ ਦੇ ਵਰਤਾਰੇ ਦਾ ਪਤਾ ਲਗਦਾ ਸੀ।

ਬੁਧ ਨਾਲ ਜੁੜੇ ਹੋਣ ਕਾਰਨ ਚਿੱਟੇ ਹਾਥੀ ਦੀ ਇਕ ਪਵਿਤਰ ਜਾਨਵਰ ਵਜੋਂ ਮਾਨਤਾ ਹੋਰ ਕਈ ਗੁਣਾ ਵਧ ਗਈ। ਪਵਿਤਰ ਹੋਣ ਕਰਕੇ ਕਾਨੂੰਨੀ ਤੌਰ 'ਤੇ ਚਿੱਟੇ ਹਾਥੀ ਨੂੰ ਐਵੇਂ ਰੋਲਿਆ ਨਹੀਂ ਸੀ ਜਾ ਸਕਦਾ ਅਤੇ ਨਾ ਹੀ ਕਿਸੇ ਕੰਮ ਲਾਇਆ ਜਾ ਸਕਦਾ ਸੀ। ਯਾਦ ਕਰੋ, ਗੁਰੂ ਗੋਬਿੰਦ ਸਿੰਘ ਦੇ ਤਿੰਨ ਸੌ ਸਾਲਾ ਜਨਮ ਦਿਹਾੜੇ 'ਤੇ ਗਿਆਨੀ ਜ਼ੈਲ ਸਿੰਘ ਨੇ ਗੁਰੂ ਸਾਹਿਬ ਦੇ ਘੋੜਿਆਂ ਦੀ ਤਥਾਕਥਿਤ ਅਣਸ ਦੇ ਘੋੜੇ ਨੰਦੇੜ ਸਾਹਿਬ ਤੋਂ ਮੰਗਵਾ ਕੇ ਸਾਰੇ ਪੰਜਾਬ ਵਿਚ ਘੁੰਮਾਏ ਤੇ ਲੋਕਾਂ ਨੂੰ ਇਨ੍ਹਾਂ ਦੀ ਲਿੱਦ ਖੁਆਈ ਸੀ। ਥਾਈਲੈਂਡ ਵਿਚ ਪ੍ਰਤਿਸ਼ਠਿਤ ਵਿਅਕਤੀਆਂ ਨੂੰ ਚਿੱਟੇ ਹਾਥੀ ਦਾ ਖਿਤਾਬ ਦਿੱਤਾ ਜਾਂਦਾ ਸੀ। ਗੱਲ ਕੀ ਚਿੱਟੇ ਹਾਥੀ ਨਾਲ ਸਾਰੀਆਂ ਸ਼ੁਭ ਗੱਲਾਂ ਜੁੜੀਆਂ ਹੋਈਆਂ ਹਨ। ਫਿਰ 'ਚਿੱਟਾ ਹਾਥੀ' ਵਾਕੰਸ਼ ਨਾਕਾਰਾਤਮਕ ਅਰਥਾਂ ਦਾ ਧਾਰਨੀ ਕਿਉਂ ਬਣ ਗਿਆ?

ਇਸ ਦਾ ਕਾਰਨ ਉਪਰੋਕਤ ਦੱਸੇ ਸਾਰੇ ਤੱਥਾਂ ਨੂੰ ਪਿਛੋਕੜ ਵਿਚ ਰਖ ਕੇ ਲਭ ਪੈਂਦਾ ਹੈ। ਥਾਈਲੈਂਡ ਵਿਚ ਰਾਜੇ ਵਲੋਂ ਚਿੱਟੇ ਹਾਥੀ ਦਾ ਤੁਹਫਾ ਬਹੁਤ ਵੱਡਾ ਸਨਮਾਨ ਅਤੇ ਨਜ਼ਰੇ ਇਨਾਇਤ ਸਮਝਿਆ ਜਾਂਦਾ ਸੀ ਤੇ ਕੁਝ ਹਦ ਤੱਕ ਅਜੇ ਵੀ ਹੈ ਪਰ ਨਾਲ ਹੀ ਇਹ ਇਕ ਮਹਿੰਗਾ ਸੌਦਾ ਵੀ ਹੈ। ਕਾਰਨ ਇਹ ਹੈ ਕਿ ਅਜਿਹੇ ਹਾਥੀ ਤੋਂ ਕੋਈ ਕੰਮ ਤਾਂ ਲਿਆ ਨਹੀਂ ਸੀ ਜਾ ਸਕਦਾ ਪਰ ਢੇਰ ਸਾਰਾ ਖਰਚਾ ਵਾਧੂ ਦਾ ਸੀ। ਚਿੱਟਾ ਹਾਥੀ ਵਸੂਲ ਕਰਨ ਵਾਲੇ ਤਾਂ ਅਕਸਰ ਕੰਗਾਲ ਹੀ ਹੋ ਜਾਂਦੇ ਸਨ। ਪਰ ਰਾਜੇ ਵੀ ਅਕਸਰ ਚੁਸਤੀ ਤੋਂ ਕੰਮ ਲੈਂਦੇ ਸਨ। ਆਪਣੇ ਨਾਅਹਿਲ ਦਰਬਾਰੀਆਂ ਨੂੰ ਸਜ਼ਾ ਦੇਣ ਲਈ ਉਹ ਉਸ ਨੂੰ ਚਿੱਟਾ ਹਾਥੀ ਬਖਸ਼ ਦਿੰਦੇ ਸਨ। ਵਿਡੰਬਨਾ ਇਸ ਗੱਲ ਵਿਚ ਹੈ ਕਿ ਪ੍ਰਤੱਖ ਤੌਰ 'ਤੇ ਤਾਂ ਚਿੱਟੇ ਹਾਥੀ ਦੀ ਬਖਸ਼ਿਸ਼ ਇਕ ਵੱਡੇ ਸਨਮਾਨ ਵਾਲੀ ਗੱਲ ਸੀ ਪਰ ਰਾਜੇ ਦਾ ਅਸਲ ਇਰਾਦਾ ਦਰਬਾਰੀ ਦਾ ਉਜਾੜਾ ਕਰਨਾ ਸੀ।

ਅੰਗਰੇਜ਼ਾਂ ਨੂੰ ਭਾਰਤ ਅਤੇ ਹੋਰ ਏਸ਼ਿਆਈ ਦੇਸ਼ਾਂ ਵਿਚ ਜਾਨਵਰਾਂ ਪ੍ਰਤੀ ਲੋਕਾਂ ਦੀਆਂ ਭਾਵਨਾਵਾਂ ਦਾ ਪਤਾ ਸੀ ਇਸ ਲਈ ਵਿਅੰਗ ਭਾਵ ਨਾਲ ਅੰਗਰੇਜ਼ੀ ਵਿਚ ਕੁਝ ਮੁਹਾਵਰੇ ਵੀ ਬਣੇ। ਇਨ੍ਹਾਂ ਵਿਚੋਂ ਇਕ ਹੈ sacred cow (ਪਵਿਤਰ ਗਾਂ) ਜਿਸ ਦਾ ਅਰਥ ਅਜਿਹੀ ਗੱਲ ਹੁੰਦੀ ਹੈ ਜਿਸ ਦੀ ਆਲੋਚਨਾ ਨਾ ਕੀਤੀ ਜਾ ਸਕੇ। ਹਾਥੀ ਪ੍ਰਤੀ ਅੰਨੀ ਸ਼ਰਧਾ ਦਾ ਵੀ ਉਨ੍ਹਾਂ ਨੂੰ ਚੋਖਾ ਗਿਆਨ ਸੀ ਤੇ ਇਸ ਦੇ ਹਵਾਲੇ ਉਦੋਂ ਦੀਆਂ ਅੰਗਰੇਜ਼ੀ ਲਿਖਤਾਂ ਵਿਚ ਮਿਲਦੇ ਹਨ। ਪਰ ਇਉਂ ਲਗਦਾ ਹੈ ਕਿ ਇਸ ਦੇ ਮਨਫੀ ਅਰਥ ਭਾਰਤ ਵਿਚ ਅੰਗਰੇਜ਼ੀ ਰਾਜ ਸਮੇਂ ਅੰਗਰੇਜ਼ੀ ਵਿਚ ਹੀ ਵਰਤੇ ਗਏ ਜਿਸ ਦਾ ਅਨੁਵਾਦ ਰੂਪ ਜਦ ਸਾਡੀਆਂ ਭਾਸ਼ਾਵਾਂ ਵਿਚ ਆਇਆ ਤਾਂ ਅਸੀਂ ਵੀ ਇਹ ਮੁਹਾਵਰਾ ਚਾਲੂ ਕਰ ਦਿੱਤਾ। ਰਾਜੇ ਦਾ ਕਿਰਪਾ ਪਾਤਰ ਦੇ ਅਰਥ ਦਿੰਦਾ 'ਚਿੱਟੇ ਹਾਥੀ ਰੱਖਣਾ' ਜਿਹੇ ਹਾਂਦਰੂ ਮੁਹਾਵਰੇ ਵਿਚੋਂ 'ਰੱਖਣਾ' ਸ਼ਬਦ ਕਢ ਲਿਆ ਗਿਆ ਤੇ ਇਕ ਵੱਡੀ ਖਰਚੀਲੀ ਪਰ ਉਜਾੜੂ ਕੰਮ ਦੇ ਅਰਥ ਦਿੰਦਾ ਮੁਹਾਵਰਾ 'ਚਿੱਟਾ ਹਾਥੀ' ਰਹਿ ਗਿਆ। ਇਸ ਦੀ ਮੁਹਾਵਰੇ ਵਜੋਂ ਸਭ ਤੋਂ ਪਹਿਲੀ ਵਰਤੋਂ ਦਾ ਇਕ ਅੰਗਰੇਜ਼ ਅਧਿਕਾਰੀ ਦੇ 1892 ਵਿਚ ਲਿਖੇ ਖ਼ਤਾਂ ਤੋਂ ਪਤਾ ਲਗਦਾ ਹੈ,

"ਉਸ ਦੀਆਂ ਸੇਵਾਵਾਂ ਤਾਂ ਉਨ੍ਹਾਂ ਚਿੱਟੇ ਹਾਥੀਆਂ ਦੀ ਤਰ੍ਹਾਂ ਹਨ ਜਿਨ੍ਹਾਂ ਤੋਂ ਕੋਈ ਵੀ ਜਣਾ ਕੰਮ ਨਹੀਂ ਲੈ ਸਕਦਾ।"

---

# ਪੰਜਾਬ ਦੀਆਂ ਧੀਆਂ ਨੂੰ ਸ਼ਰੇਆਮ ਕੁਟਾਪਾ

## ਤੁਹਾਡੀ ਗੱਲ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ:916-687-3536

ਮੈਂ ਬੈਠੀ ਲਿਖ ਰਹੀ ਸਾਂ ਕਿ ਅਚਾਨਕ ਮੇਰੀ ਬੇਟੀ ਨੇ ਆਵਾਜ਼ ਦਿਤੀ, ਮੰਮਾਂ ਦੌੜ ਕੇ ਆਓ। ਦੇਖੋ ਇਕ ਹੱਟਾ-ਕੱਟਾ ਆਦਮੀ ਇਕ ਮੁਟਿਆਰ ਨੂੰ ਕਿਵੇਂ ਕੁਟ ਰਿਹਾ ਹੈ? ਮੈਂ ਛੇਤੀ-ਛੇਤੀ ਟੀ.ਵੀ. ਵੱਲ ਹੋਈ ਤਾਂ ਦੇਖਿਆ ਕਿ ਚੰਗਾ ਭਲਾ ਆਦਮੀ ਕਿਵੇਂ ਅੰਨ੍ਹੇਵਾਹ ਕੁੜੀ ਨੂੰ ਥੱਪੜ 'ਤੇ ਥੱਪੜ ਮਾਰ ਰਿਹਾ ਹੈ ਅਤੇ ਪੁਲਿਸ ਦੇ ਪੰਜ-ਸੱਤ ਕਰਮਚਾਰੀ ਕੋਲ ਖੜ੍ਹੇ ਤਮਾਸ਼ਾ ਰਹੇ ਹਨ। ਹੋਰ ਵੀ ਕਾਫ਼ੀ ਬੰਦੇ ਚਾਰ-ਚੁਫਾਰੇ ਇਧਰ-ਉਧਰ ਫਿਰ ਰਹੇ ਹਨ। ਫਿਰ ਨਾਲ ਹੀ ਆਵਾਜ਼ ਆਈ-ਇਹ ਮੁਕਤਸਰ ਜ਼ਿਲ੍ਹੇ ਦਾ ਪਿੰਡ ਦੌਲਾ ਹੈ ਅਤੇ ਨੰਨ੍ਹੀਆਂ ਛਾਂਵਾਂ ਵਾਲੀ ਹਰਸਿਮਰਤ ਕੌਰ ਬਾਦਲ ਅੱਜ ਇਥੇ ਸੰਗਤ ਦਰਸ਼ਨ ਕਰਨ ਲਈ ਪਹੁੰਚਣ ਵਾਲੇ ਹਨ ਅਤੇ ਇਹ ਕੁੱਟ ਖਾਣ ਵਾਲੀ ਬੇਰੁਜ਼ਗਾਰ ਬੀਬੀ ਵਰਿੰਦਰਪਾਲ ਕੌਰ ਹੈ ਜੋ ਕਿੱਤੇ ਵਜੋਂ ਅਧਿਆਪਕਾ ਹੈ। ਉਹ ਤੇ ਉਹਦੇ ਸਾਥੀ, ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੂੰ ਆਪਣਾ ਮੰਗ ਪੱਤਰ ਦੇਣਾ ਚਾਹੁੰਦੇ ਸਨ ਕਿ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਚਾਹੀਦਾ ਹੈ, ਨੌਕਰੀਆਂ ਦੇਵੋ ਤੇ ਇਹ ਅਧਿਆਪਕਾ ਬੀਬੀ ਜਦ ਪੰਡਾਲ ਵਿਚ ਜਾ ਕੇ ਬੈਠੀ, ਪਹਿਲਾਂ ਤਾਂ ਉਹਨੂੰ ਪੰਡਾਲ ਤੋਂ ਬਾਹਰ ਕੱਢਿਆ ਗਿਆ ਅਤੇ ਜਦ ਉਸ ਨੇ ਫਿਰ ਪੰਡਾਲ ਵਿਚ ਜਾਣ ਦੀ ਕੋਸ਼ਿਸ਼ ਕੀਤੀ ਤਾਂ ਪਿੰਡ ਦੌਲਾ ਦੇ ਸਰਪੰਚ ਬਲਵਿੰਦਰ ਸਿੰਘ ਤੋਤੀ ਨੇ ਉਸ ਬੀਬੀ ਵਰਿੰਦਰਪਾਲ ਕੌਰ ਨੂੰ ਉਸ ਦੇ ਗਲਮੇ ਤੋਂ ਫੜ ਕੇ ਥੱਪੜਾਂ-ਮੁੱਕਿਆਂ ਨਾਲ ਕੁਟਾਈ ਕਰਕੇ ਆਪਣੇ ਸਰਪੰਚ ਹੋਣ ਦਾ ਚੰਗਾ ਸਬੂਤ ਦਿੱਤਾ ਤੇ ਆਪਣੀ ਮਰਦਾਨਗੀ ਦਾ ਜਲੂਸ ਵੀ ਕੱਢਿਆ।

ਦੇਖਣ ਵਾਲੀ ਨਿਆਰੀ ਗੱਲ ਇਹ ਸੀ ਕਿ ਸਰਪੰਚ ਤੋਤੀ ਦੇ ਮੂੰਹ 'ਤੇ ਜ਼ਰਾ ਜਿੰਨੀ ਵੀ ਸ਼ਰਮ ਨਹੀਂ ਸੀ ਅਤੇ ਉਹ ਇਵੇਂ ਫੁੰਕਾਰੇ ਮਾਰ ਰਿਹਾ ਸੀ ਜਿਵੇਂ ਉਸ ਨੇ ਕੋਈ ਬਹੁਤ ਵੱਡਾ ਮੈਦਾਨ ਮਾਰ ਲਿਆ ਹੋਵੇ, ਜਾਂ ਆਪਣੇ ਕਿਸੇ ਦੁਸ਼ਮਣ 'ਤੇ ਜਿੱਤ ਪ੍ਰਾਪਤ ਕਰ ਲਈ ਹੋਵੇ। ਇਹ ਤਾਂ ਉਸ ਵਕਤ ਦੀਆਂ ਗੱਲਾਂ ਹਨ ਲਾਈਵ ਪ੍ਰੋਗਰਾਮ ਦੀਆਂ, ਪਰ ਦੂਜੇ ਦਿਨ ਬੀਬੀ ਹਰਸਿਮਰਤ ਕੌਰ ਬਾਦਲ ਕਿਸੇ ਹੋਰ ਥਾਂ 'ਤੇ ਉਦਘਾਟਨ ਕਰਨ ਗਏ ਹੋਏ ਸਨ ਤਾਂ ਉਨ੍ਹਾਂ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਜਦ ਕੱਲ੍ਹ ਤੁਹਾਡੇ ਹੀ ਪ੍ਰੋਗਰਾਮ 'ਤੇ ਤੁਹਾਡੀ ਹੀ ਪਾਰਟੀ ਅਕਾਲੀ ਦਲ ਦੇ ਸਰਪੰਚ ਨੇ ਇਕ ਬੀਬੀ ਨੂੰ ਸ਼ਰੇਆਮ ਕੁੱਟਿਆ ਹੈ ਤਾਂ ਬੀਬੀ ਬਾਦਲ ਦਾ ਜਵਾਬ ਸੀ ਕਿ 'ਮੈਨੂੰ ਤਾਂ ਇਸ ਬਾਰੇ ਕੁਝ ਵੀ ਪਤਾ ਨਹੀਂ ਅਤੇ ਨਾ ਹੀ ਮੈਨੂੰ ਕਿਸੇ ਨੇ ਦੱਸਿਆ ਹੈ। ਮੈਂ ਤਾਂ ਅੱਜ ਸਵੇਰੇ ਇਹ ਖ਼ਬਰ ਅਖ਼ਬਾਰ ਵਿਚ ਪੜ੍ਹੀ ਹੈ ਜਿਸ ਦਾ ਮੈਨੂੰ ਬਹੁਤ ਅਫ਼ਸੋਸ ਹੈ।'

ਫਿਰ ਸਵਾਲ ਕੀਤਾ ਗਿਆ ਕਿ ਸਰਪੰਚ ਦੇ ਖ਼ਿਲਾਫ਼ ਤੁਸੀਂ ਕੀ ਕਾਰਵਾਈ ਕਰ ਰਹੇ ਹੋ? ਬੀਬੀ ਬਾਦਲ ਦਾ ਜਵਾਬ ਸੀ ਕਿ ਜਦ ਸਾਰੇ ਮਾਮਲੇ ਦਾ ਪਤਾ ਲੱਗੇਗਾ, ਉਸ ਤੋਂ ਬਾਅਦ ਸੋਚ-ਵਿਚਾਰ ਕੇ ਕਾਰਵਾਈ ਕੀਤੀ ਜਾਵੇਗੀ। ਇਕ ਹੋਰ ਖ਼ਬਰ ਸੀ ਟੀ.ਵੀ. 'ਤੇ ਆਈ ਕਿ ਵੱਡੇ ਬਾਦਲ ਜੀ ਨੇ ਵੀ ਇਸ ਘਟਨਾ 'ਤੇ ਦੁੱਖ ਜ਼ਾਹਿਰ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਬੀਬੀ ਹਰਸਿਮਰਤ ਕੌਰ ਦਾ ਹੀ ਸੰਗਤ ਦਰਸ਼ਨ ਹੋਵੇ ਤੇ ਬੀਬੀ ਦੇ ਉਸ ਪਿੰਡ ਆਉਣ ਤੋਂ ਅੱਧਾ ਘੰਟਾ ਪਹਿਲਾਂ ਹੀ ਉਸ ਪਿੰਡ ਦਾ ਅਕਾਲੀ ਸਰਪੰਚ ਅਧਿਆਪਕ ਬੀਬੀ ਨੂੰ ਪੰਡਾਲ ਦੇ ਸਾਹਮਣੇ ਸੰਗਤਾਂ ਅਤੇ ਪੁਲਿਸ ਦੀ ਮੌਜੂਦਗੀ ਵਿਚ ਕੁੱਟ ਰਿਹਾ ਹੋਵੇ, ਪਰ ਬੀਬੀ ਬਾਦਲ ਨੂੰ ਇਸ ਗੱਲ ਦੀ ਖ਼ਬਰ ਹੀ ਨਹੀਂ ਲੱਗੀ! ਬੀਬੀ ਜੀ ਸੰਗਤਾਂ ਨੂੰ ਦਰਸ਼ਨ ਦੇ ਕੇ ਘਰ ਜਾ ਪਹੁੰਚਦੇ ਹਨ ਅਤੇ ਅਰਾਮ ਫਰਮਾਉਂਦੇ ਹਨ ਅਤੇ ਉਨ੍ਹਾਂ ਨੂੰ ਦੂਸਰੇ ਦਿਨ ਅਖ਼ਬਾਰ ਵਿਚ ਇਹ ਖ਼ਬਰ ਪੜ੍ਹਨ ਨੂੰ ਮਿਲਦੀ ਹੈ। ਹੈ ਨਾ ਕਮਾਲ ਦੀ ਗੱਲ! ਇਸ ਨੂੰ ਕਹਿੰਦੇ ਨੇ-ਪੰਥਕ ਅਤੇ ਧਾਰਮਿਕ ਸਰਕਾਰ।

ਰੱਬ ਦੀ ਮਿਹਰ ਦੇਖੋ! ਅਗਲੇ ਦਿਨ ਹੀ ਪਿੰਡ ਸੁਖਨਾ ਅਬਲੂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੰਗਤਾਂ ਨੂੰ ਦਰਸ਼ਨ ਦੇਣ ਪਹੁੰਚਦੇ ਹਨ। ਕੁਦਰਤ ਦਾ ਕ੍ਰਿਸ਼ਮਾ ਦੇਖੋ, ਜਿਸ ਅਧਿਆਪਕ ਬੀਬੀ ਨੂੰ ਇਕ ਦਿਨ ਪਹਿਲਾਂ ਪਿੰਡ ਦੌਲਾ ਵਿਚ ਸਰਪੰਚ ਥੱਪੜ ਜੜ ਰਿਹਾ ਸੀ, ਉਹ ਬੀਬੀ ਵਰਿੰਦਰਪਾਲ ਕੌਰ ਵੀ ਪਿੰਡ ਸੁਖਨਾ ਅਬਲੂ ਦੀ ਹੀ ਸੀ। ਸੋ, ਜਦੋਂ ਮੁੱਖ ਮੰਤਰੀ ਉਸੇ ਪਿੰਡ ਵਿਚ ਸੰਗਤਾਂ ਨੂੰ ਦਰਸ਼ਨ ਦੇਣ ਲੱਗੇ ਤਾਂ ਪਿੰਡ ਦੇ ਲੋਕ ਅਤੇ ਬਹੁਤ ਸਾਰੇ ਅਧਿਆਪਕਾਂ ਨੇ ਮੁੱਖ ਮੰਤਰੀ ਨਾਲ ਗੱਲ ਕਰਨੀ ਚਾਹੀ ਕਿ ਇਸ ਪਿੰਡ ਦੀ ਧੀ ਨਾਲ ਜੋ ਕੱਲ੍ਹ ਤੁਹਾਡੇ ਅਕਾਲੀ ਸਰਪੰਚ ਨੇ ਦੁਰ-ਵਿਹਾਰ ਕੀਤਾ ਹੈ, ਉਸ ਲਈ ਇਨਸਾਫ ਮੰਗਦੇ ਹਾਂ ਤਾਂ ਇਨ੍ਹਾਂ ਲੋਕਾਂ ਨੂੰ ਮੁੱਖ ਮੰਤਰੀ ਦੇ ਨੇੜੇ ਨਾ ਜਾਣ ਦਿਤਾ ਗਿਆ।



ਅਸਲ ਵਿਚ ਹੁਣ ਸਾਰਾ ਕੁਝ ਬਹੁਤ ਕਾਹਲੀ ਵਿਚ ਕੀਤਾ ਜਾ ਰਿਹਾ ਹੈ। ਬਾਦਲਾਂ ਕੋਲ ਲੋਕਾਂ ਦੀ ਗੱਲ ਸੁਣਨ ਲਈ ਸਮਾਂ ਹੀ ਨਹੀਂ ਹੈ। ਹੁਣ ਜਿੰਨੀ ਕਾਹਲੀ ਕਾਹਲੀ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਫਖ਼ਰ-ਏ-ਕੌਮ ਅਤੇ ਪੰਥ ਰਤਨ ਦਾ ਖਿਤਾਬ ਦਿੱਤਾ ਗਿਆ ਹੈ, ਇਹ ਵੀ ਦਿੱਤਾ ਨਹੀਂ, ਸਗੋਂ ਲਿਆ ਗਿਆ ਹੈ। ਇਹ ਸਰਾਸਰ ਗਲਤ ਹੈ। ਕਿੰਨਾ ਚੰਗਾ ਹੁੰਦਾ ਕਿ ਪਹਿਲਾਂ ਇਹ ਮਸਲਾ ਚੰਗੀ ਤਰ੍ਹਾਂ ਵਿਚਾਰਿਆ ਜਾਂਦਾ ਅਤੇ ਇਸ 'ਤੇ ਲੋਕ ਰਾਇ ਲਈ ਜਾਂਦੀ, ਪਰ ਨਾ ਜੀ! 'ਅੰਨਾ ਵੰਡੇ ਰਿਉੜੀਆਂ, ਮੁੜ ਘੁੜ ਆਪਣਿਆਂ ਨੂੰ'।

ਭਲਾ ਸੇਵਕਾਂ ਅਤੇ ਨੌਕਰਾਂ ਦਾ ਹੋਰ ਕੰਮ ਹੀ ਕੀ ਹੈ? ਮਾਲਕ ਅੱਗੇ ਨਾਂਹ-ਨੁਕਰ ਕਰਨ ਦਾ ਕਿਸ ਦਾ ਹੀਆ ਹੈ ਭਲਾ? ਜਿਵੇਂ ਦੋਵੇਂ ਬਾਦਲ ਕਹਿਣਗੇ, ਜਥੇਦਾਰ 'ਸਤਿ ਬਚਨ ਮਾਲਕੋ' ਆਖ ਕੇ ਆਪਣੀਆਂ ਮੁੰਡੀਆਂ ਹਿਲਾਈ ਜਾਣਗੇ। ਸ਼੍ਰੋਮਣੀ ਕਮੇਟੀ ਦੇ ਮਾਲਕ ਹੋਣ, ਅਕਾਲੀ ਦਲ ਦੇ ਮਾਲਕ ਹੋਣ, ਪੰਜਾਬ ਸਰਕਾਰ ਦੇ ਮਾਲਕ ਹੋਣ ਅਤੇ ਪੰਥਕ ਲੀਡਰ ਨਹੀਂ, ਪੰਥ ਦੇ ਰਖਵਾਲੇ ਵੀ ਹੋਣ ਪਰ ਆਪਣੇ ਮੂੰਹ ਵਿਚੋਂ ਗੰਦੀ ਸ਼ਬਦਾਵਲੀ ਦੀ ਬਾਰਸ਼ ਵੀ ਕਰਦੇ ਹੋਣ, ਉਹ ਵੀ ਆਪਣੇ ਵੋਟਰਾਂ ਅਤੇ ਧੀਆਂ-ਭੈਣਾਂ ਦੇ ਸਾਹਮਣੇ; ਫਿਰ ਇਨ੍ਹਾਂ ਲਈ ਲਾਹਣਤਾਂ ਹੀ ਭੇਜੀਆਂ ਜਾ ਸਕਦੀਆਂ ਹਨ! ਇਸ ਤੋਂ ਬਾਅਦ ਸੂਬੇ ਵਿਚ ਬਾਦਲਾਂ ਦੀਆਂ ਅਰਥੀਆਂ ਸਾੜੀਆਂ ਗਈਆਂ। ਇਸ ਬਾਰੇ ਇਕ ਬਜ਼ੁਰਗ ਇੰਡੀਆ ਤੋਂ ਮੇਰੇ ਨਾਲ ਫੋਨ 'ਤੇ ਗੱਲ ਕਰ ਰਹੇ ਸਨ। ਉਹ ਕਹਿਣ ਲੱਗੇ ਕਿ 'ਮੇਰੇ ਖਿਆਲ ਵਿਚ ਲੋਕਾਂ ਨੂੰ ਬਾਦਲ ਦੀ ਅਰਥੀ ਸਾੜ ਕੇ ਸਿਆਪਾ ਨਹੀਂ ਕਰਨਾ ਚਾਹੀਦਾ, ਬਲਕਿ ਭੰਗੜੇ ਪਾਉਣੇ ਚਾਹੀਦੇ ਹਨ ਕਿਉਂਕਿ ਹੁਣ ਬਾਦਲ ਰਾਜ ਨਹੀਂ, ਬਾਬਰ ਰਾਜ ਖ਼ਤਮ ਹੋਣ ਵਿਚ ਮਹੀਨਾ ਡੇਢ ਹੀ ਬਾਕੀ ਰਹਿ ਗਿਆ ਹੈ। ਰੋਇਆ ਪਿੱਟਿਆ ਤਾਂ ਉਸ ਨੂੰ ਜਾਂਦਾ ਹੈ ਜੋ ਚੰਗੇ ਕੰਮ ਕਰਕੇ ਮਰੇ। ਲੋਕਾਂ ਦਾ ਖੂਨ ਪੀਣ ਵਾਲਿਆਂ ਨੂੰ ਨਹੀਂ ਪਿੱਟੀਦਾ। ਇਨ੍ਹਾਂ ਦੀ ਜਾਣ ਦੀ ਖ਼ੁਸ਼ੀ ਵਿਚ ਤਾਂ ਪੰਜਾਬੀਆਂ ਨੂੰ ਜਸ਼ਨ ਮਨਾਉਣੇ ਚਾਹੀਦੇ ਹਨ।'

ਮੈਂ ਬਜ਼ੁਰਗ ਦੀ ਗੱਲ ਸੁਣ ਕੇ ਹੈਰਾਨ ਵੀ ਹੋਈ ਤੇ ਖੁਸ਼ ਵੀ ਕਿ ਲੋਕੀਂ 'ਬਾਬਰਵਾਣੀ' ਤੋਂ ਕਿੰਨੇ ਦੁਖੀ ਬੈਠੇ ਹਨ। ਕਈ ਵੀਰਾਂ ਨੇ ਤਾਂ ਆਪਣੀਆਂ ਹੱਡ-ਬੀਤੀਆਂ ਘਟਨਾਵਾਂ ਵੀ ਮੈਨੂੰ ਦੱਸੀਆਂ, "ਅਸੀਂ ਜਦੋਂ ਕੋਈ ਕੰਮ ਕਰਾਉਣ ਲਈ ਬਾਦਲ ਸਾਹਿਬ ਕੋਲ ਜਾਈਦਾ ਸੀ ਤਾਂ ਬਾਦਲ ਸਾਹਿਬ ਕਹਿੰਦੇ ਹੁੰਦੇ ਸਨ-ਭਾਈ ਮੇਰੇ ਕੋਲ ਆਉਣ ਤੋਂ ਪਹਿਲਾਂ ਵੱਡੇ ਬੀਬੀ ਜੀ ਦੇ ਦਰਸ਼ਨ ਜ਼ਰੂਰ ਕਰ ਆਇਆ ਕਰੋ ਤੇ ਉਹ ਦਰਸ਼ਨ ਹੁੰਦੇ ਸਨ ਪੂਰੇ ਪੰਜ ਲੱਖ ਰੁਪਏ ਦੇ ਕੇ। ਕੈਸ਼ ਬੈਗ ਵਿਚ ਪਾ ਕੇ ਬੀਬੀ ਜੀ ਨੂੰ ਮੱਥਾ ਟੇਕੀਦਾ ਸੀ ਤੇ ਬੀਬੀ ਸੁਰਿੰਦਰ ਕੌਰ ਬਾਕਾਇਦਾ ਪੁੱਛਦੀ ਹੁੰਦੀ ਸੀ ਕਿ ਭਾਈ ਪੂਰਾ ਪੰਜ ਹੈ ਕਿ ਘੱਟ ਹੈ। ਜੇ ਪੂਰਾ ਪੰਜ ਹੈ ਤਾਂ ਕਲੀਨ ਚਿੱਟ, ਜੇ ਘੱਟ ਹੈ ਤਾਂ ਬੈਗ ਚੁੱਕ ਕੇ ਬਾਹਰ ਮਾਰਨਾ।"

ਹੁਣ ਦੱਸੋ ਲੋਕੀਂ ਅਰਥੀਆਂ ਨਾ ਸਾੜਨ ਤਾਂ ਹੋਰ ਕਰਨ ਵੀ ਕੀ? ਸੋ, ਪੰਜਾਬ ਦੇ ਅਣਖੀਲੇ ਤੇ ਗੈਰਤਮੰਦ ਲੋਕੋ, ਹੁਣ ਉਠੋ ਤੇ ਪੂਰੀ ਤਿਆਰੀ ਨਾਲ ਮੈਦਾਨ ਵਿਚ ਆ ਜਾਓ। ਸਾਰੇ ਫੈਸਲੇ ਹੁਣ ਤੁਹਾਡੇ ਹੱਕ ਵਿਚ ਹਨ। ਤੁਹਾਡੀਆਂ ਧੀਆਂ-ਭੈਣਾਂ ਨੂੰ ਸੜਕਾਂ 'ਤੇ ਕੁਟਾਪੇ ਚਾੜ੍ਹੇ ਜਾ ਰਹੇ ਹਨ। ਤੁਹਾਡੀਆਂ ਮਾਂਵਾਂ-ਭੈਣਾਂ ਨੂੰ ਗੱਡੀਆਂ ਥੱਲੇ ਕੁਚਲਿਆ ਜਾ ਰਿਹਾ ਹੈ। ਰਾਜ ਕਰਨ ਵਾਲੇ ਵੀ ਅਤੇ ਬਚਾਉਣ ਵਾਲੀ ਪੁਲਿਸ ਵੀ, ਦੋਵੇਂ ਮਿਲ ਕੇ ਪੰਜਾਬ ਦੀਆਂ ਧੀਆਂ ਨੂੰ ਬੇਪਤ ਕਰ ਰਹੇ ਹਨ। ਆਓ, ਉਠੋ ਅਤੇ ਆਪਣੀਆਂ ਬੇਟੀਆਂ ਦੀਆਂ ਇੱਜ਼ਤਾਂ ਬਚਾਓ ਤੇ ਇਤਿਹਾਸਕ ਫੈਸਲੇ ਕਰੋ। ਸਮਾਂ ਤੁਹਾਡੇ ਵੱਲ ਦੇਖ ਰਿਹਾ ਹੈ।

## ਗਿੱਲ ਇੰਸ਼ੋਰੈਂਸ ਦੇ ਮਾਲਕਾਂ ਹੈਰੀ ਗਿੱਲ ਅਤੇ ਅਵਤਾਰ ਗਿੱਲ ਵਲੋਂ

# ਅਦਾਰਾ ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਪੰਜਾਬੀ ਭਾਈਚਾਰੇ ਨੂੰ ਨਵਾਂ ਵਰ੍ਹਾ 2012

# ਬਹੁਤ ਬਹੁਤ ਮੁਬਾਰਕ



ਹੈਰੀ ਗਿੱਲ



ਅਵਤਾਰ ਗਿੱਲ

**ਹੁਣ ਪੂਰੇ ਅਮਰੀਕਾ ਵਿਚ ਇੰਸ਼ੋਰੈਂਸ ਕਰਨ ਲਈ ਲਾਈਸੈਂਸਸ਼ੁਦਾ**

ਅਸੀਂ ਮੁਕਾਬਲੇ ਦੀ ਇੰਸ਼ੋਰੈਂਸ ਦੇ ਕਿਸੇ ਵੀ ਰੇਟ ਨੂੰ ਮਾਤ ਪਾਵਾਂਗੇ

**ਹਰ ਤਰ੍ਹਾਂ ਦੀ ਕਮਰਸ਼ੀਅਲ ਇੰਸ਼ੋਰੈਂਸ-ਗੈਸ ਸਟੇਸ਼ਨ, ਹੋਟਲ-ਮੋਟਲ, ਲਿਕਰ ਸਟੋਰ, ਰੈਸਟੋਰੈਂਟ ਅਤੇ ਵਰਕਮੈਨ ਕੌਂਪ।**

**We will meet or beat any competetors quote**

## For All Your Insurance Needs Please Call

# Gill Insurance & Properties

**2452 W Tahoe, PO Box 67 Caruthers, CA 93609**

**Ph: 559-864-8800 or 1-800-348-Crop (2767)Cell: 559-352-9222**

**Fax: 559-864-8688**

# ਪੰਜਾਬੀ ਫ਼ਿਲਮਾਂ ਬਨਾਮ ਪੰਜਾਬ ਦੇ ਅਸਲ ਮੁੱਦੇ ਤੇ ਮਾਇਆ

***ਪੰਜਾਬੀ ਫ਼ਿਲਮਾਂ ਕੁਝ ਸਾਲਾਂ ਤੋਂ ਦਰਸ਼ਕਾਂ ਅਤੇ ਆਲੋਚਕਾਂ ਦਾ ਵਾਹਵਾ ਧਿਆਨ ਖਿੱਚ ਰਹੀਆਂ ਹਨ। ਪੰਜਾਬ ਅਤੇ ਪੰਜਾਬੀ ਲਈ ਇਹ ਸੁਭ-ਸ਼ਗਨ ਹੈ। ਫਿਲਮਾਂ, ਸੰਗਤ ਨਾਲ ਸੰਚਾਰ ਦਾ ਸਭ ਤੋਂ ਕਾਰਗਰ ਜ਼ਰੀਆ ਹਨ। ਇਸ ਮਾਧਿਅਮ ਰਾਹੀਂ ਸੰਗਤ ਨਾਲ ਸਿੱਧਾ ਸੰਵਾਦ ਰਚਾਇਆ ਜਾ ਸਕਦਾ ਹੈ। ਜ਼ਾਹਿਰ ਹੈ ਕਿ ਹੁਣ ਪੰਜਾਬ ਦੀ ਗੱਲ ਫਿਲਮਾਂ ਰਾਹੀਂ ਵੀ ਹੋਣ ਲੱਗੀ ਹੈ। 2010 ਵਾਲਾ ਵਰ੍ਹਾ ਪੰਜਾਬੀ ਫਿਲਮਾਂ ਲਈ ਸੱਚ-ਮੁੱਚ ਸ਼ਗਨਾਂ ਵਾਲਾ ਸੀ। ਉਸ ਵਰ੍ਹੇ ਘੱਟੋ-ਘੱਟ 15 ਫਿਲਮਾਂ ਸਿਨਮਿਆਂ ਵਿਚ ਲੱਗੀਆਂ। ਇਨ੍ਹਾਂ ਵਿਚੋਂ ਚਾਰ ਫਿਲਮਾਂ- 'ਮੇਲ ਕਰਾਦੇ ਰੱਬਾ', 'ਏਕਮ', 'ਇੱਕ ਕੁੜੀ ਪੰਜਾਬ ਦੀ' ਅਤੇ 'ਮਿੱਟੀ' ਦੀ ਵਾਹਵਾ ਚਰਚਾ ਹੋਈ। ਸਾਡੇ ਕਾਲਮਨਵੀਸ ਅਤੇ ਫਿਲਮਸਾਜ਼ ਜਤਿੰਦਰ ਮੌਹਰ ਨੇ ਇਨ੍ਹਾਂ ਫਿਲਮਾਂ, ਇਨ੍ਹਾਂ ਫਿਲਮਾਂ ਵਿਚ ਪੇਸ਼ ਮੁੱਦਿਆਂ-ਮਸਲਿਆਂ ਅਤੇ ਪੰਜਾਬ ਦੇ ਅਸਲ ਮੁੱਦਿਆਂ ਬਾਰੇ ਗੱਲ ਕੀਤੀ ਹੈ। ਇਸ ਲੇਖ ਵਿਚ ਬੱਬੂ ਮਾਨ ਦੀ ਫਿਲਮ 'ਏਕਮ' ਨੂੰ ਆਧਾਰ ਬਣਾ ਕੇ ਪੰਜਾਬ ਦੀ ਹੋਣੀ-ਅਣਹੋਣੀ ਬਾਰੇ ਨੁਕਤੇ ਉਭਾਰੇ ਗਏ ਹਨ। ਅਗਲੇ ਅੰਕ ਵਿਚ ਛਪਣ ਵਾਲੇ ਲੇਖ ਵਿਚ ਦੂਜੀਆਂ ਫਿਲਮਾਂ ਦੀ ਚਰਚਾ ਕੀਤੀ ਜਾਵੇਗੀ।-ਸੰਪਾਦਕ***



ਪਹਿਲੀ ਗੱਲ

ਜਤਿੰਦਰ ਮੌਹਰ

ਫੋਨ: +91 97799 34747

ਪਿਛਲੇ ਕੁਝ ਵਰ੍ਹੇ ਪੰਜਾਬੀ ਫ਼ਿਲਮਾਂ ਲਈ ਅਹਿਮ ਰਹੇ ਹਨ। ਸਾਲ 2010 ਪੰਜਾਬੀ ਫ਼ਿਲਮਾਂ ਦੀ ਗਿਣਤੀ ਪੱਖੋਂ ਬੜਾ ਜ਼ਿਕਰਯੋਗ ਰਿਹਾ ਸੀ। ਉਦੋਂ ਤਕਰੀਬਨ ਪੰਦਰਾਂ ਫ਼ਿਲਮਾਂ ਪਰਦਾ-ਪੇਸ਼ ਹੋਈਆਂ। ਇਹ ਫ਼ਿਲਮਾਂ ਦੋ ਪੱਖਾਂ ਤੋਂ ਖ਼ਾਸ ਹਨ। ਇਕ ਵਿੱਤੀ ਪੱਖ ਤੇ ਦੂਜਾ, ਪੰਜਾਬੀ ਸਿਨੇਮਾ 'ਚ ਵਿਸ਼ੇ ਪੱਖੋਂ ਆ ਰਹੀ ਤਬਦੀਲੀ। ਕਈ ਫ਼ਿਲਮਾਂ ਮੁੱਦਾ ਪ੍ਰਧਾਨ ਹੋਣ ਦਾ ਦਾਅਵਾ ਕਰਦੀਆਂ ਹਨ। ਕੀ ਸੱਚਮੁੱਚ ਇਹ ਸੰਗਤ ਨਾਲ ਗੰਭੀਰ ਤੇ ਸਾਰਥਿਕ ਸੰਵਾਦ ਰਚਾਉਂਦੀਆਂ ਹਨ ਜਾਂ ਸਿਰਫ਼ ਦਿਖਾਵਾ ਹੈ? ਇਨ੍ਹਾਂ ਫ਼ਿਲਮਾਂ ਰਾਹੀਂ ਪੰਜਾਬੀ ਸਿਨੇਮੇ ਦੀ ਦਿਸ਼ਾ, ਦਸ਼ਾ ਤੇ ਭਵਿੱਖ ਬਾਰੇ ਪੜਚੋਲ ਕਰਾਂਗੇ।

'ਮੇਲ ਕਰਾਦੇ ਰੱਬਾ' ਵਿੱਤੀ ਤੌਰ 'ਤੇ ਸਾਲ ਦੀ ਸਭ ਤੋਂ ਕਾਮਯਾਬ ਫ਼ਿਲਮ ਸੀ। ਬੱਬੂ ਮਾਨ ਦੀ 'ਏਕਮ' ਨੇ ਦਰਸ਼ਕਾਂ ਨੂੰ ਮੁੱਢਲੇ ਦਿਨਾਂ ਵਿਚ ਆਪਣੇ ਵੱਲ ਖਿੱਚਿਆ। ਫ਼ਿਲਮ ਦੇ ਵਿੱਤੀ ਮਾਲਕਾਨ ਵੱਡੀ ਕਾਮਯਾਬੀ ਦਾ ਦਾਅਵਾ ਕਰਦੇ ਹਨ। ਤੀਜੀ ਫ਼ਿਲਮ 'ਇੱਕ ਕੁੜੀ ਪੰਜਾਬ ਦੀ' ਦੇ ਹਦਾਇਤਕਾਰ ਮਨਮੋਹਨ ਸਿੰਘ ਹਨ। ਬਕੌਲ ਮਨਮੋਹਨ ਸਿੰਘ, ਫ਼ਿਲਮ ਵਿੱਤੀ ਤੌਰ 'ਤੇ ਨਾਕਾਮਯਾਬ ਸੀ। ਚੌਥੀ ਫ਼ਿਲਮ 'ਮਿੱਟੀ' ਜੋ ਆਸਟਰੇਲੀਆ ਨੂੰ ਛੱਡ ਕੇ, ਬਾਕੀ ਜਗ੍ਹਾ ਟਿਕਟ ਬਾਰੀ 'ਤੇ ਵੱਡਾ ਕਮਾਲ ਨਹੀਂ ਦਿਖਾ ਸਕੀ। ਮੁੱਖ ਕਾਰਨ ਵੱਧ ਠੰਢ, 'ਅਸ਼ਲੀਲ ਸੰਵਾਦ' ਅਤੇ ਵੱਡੇ ਸਿਤਾਰੇ ਦੀ ਅਣਹੋਂਦ ਨੂੰ ਮੰਨਿਆ ਜਾਂਦਾ ਹੈ। 'ਮਿੱਟੀ' ਵੀਡੀਓ ਤਵਿਆਂ ਅਤੇ ਇੰਟਰਨੈਟ ਰਾਹੀਂ ਵਧੇਰੇ ਹਰਮਨ ਪਿਆਰੀ ਹੋਈ।

ਬੱਬੂ ਮਾਨ ਦੀ ਫਿਲਮ 'ਏਕਮ' ਕਿਸਾਨਾਂ ਦੀ ਦਰਦਮੰਦ ਵਜੋਂ ਪ੍ਰਚਾਰੀ ਗਈ। ਸੁਰਜੀਤ ਪਾਤਰ ਫ਼ਿਲਮ ਦੀ ਮਸ਼ਹੂਰੀ ਦਾ ਹਿੱਸਾ ਬਣੇ। ਭਗਵੰਤ ਮਾਨ ਕਿਸਾਨਾਂ ਦਾ ਹੇਜ ਜਤਾਉਂਦਾ ਉਨ੍ਹਾਂ ਦੇ ਜਲਸਿਆਂ ਤੋਂ ਲੈ ਕੇ ਅਖ਼ਬਾਰੀ ਕਾਲਮਾਂ ਤੱਕ ਫ਼ਿਲਮ ਦੇ ਸੋਹਲੇ ਗਾਉਂਦਾ ਰਿਹਾ। ਗੰਭੀਰ ਸੰਵਾਦ ਨੂੰ ਟੋਟਕੇਬਾਜ਼ੀ ਰਾਹੀਂ ਲੀਹੋਂ ਲਾਹੁਣ ਦਾ ਕੰਮ ਉਹਦੇ ਹਿੱਸੇ ਆਇਆ ਹੈ। ਕਹਾਣੀ ਦੇ ਮੁੱਢ ਵਿਚ ਪਰਵਾਸੀ ਪੰਜਾਬੀ ਏਕਮ (ਬੱਬੂ ਮਾਨ) ਆਸਟਰੇਲੀਆ ਤੋਂ ਪਰਤਦਾ ਹੈ। ਚੰਡੀਗੜ੍ਹ ਦੇ ਭੀੜ-ਭੜੱਕੇ 'ਚ ਕੀਮਤੀ ਕਾਲੀ ਔਡੀ, ਹੌਲੀ ਚਲਾ ਰਹੇ ਨੌਕਰ ਦੀ ਝਾੜ-ਝੰਬ ਕਰਦਾ ਹੈ। ਲੋਕਾਂ ਦੀ ਜਾਨ ਤੋਂ ਬੇਪ੍ਰਵਾਹ ਹੋ ਕੇ ਤੇਜ਼ ਗੱਡੀ ਚਲਾਉਣ ਦਾ ਸਬਕ ਪੜ੍ਹਾਉਂਦਾ ਹੈ। ਮਤਰੇਈ ਮਾਂ ਨੂੰ ਸਿੱਧੇ ਮੂੰਹ ਬੁਲਾਉਂਦਾ ਤੱਕ ਨਹੀਂ। ਮਾਂ ਦੀ ਥਾਂ ਆਂਟੀ ਕਹਿੰਦਾ ਹੈ। ਮਸ਼ੂਕ ਤੇ ਦੂਜੀ ਨਾਇਕਾ ਨਾਲ ਅਛੂਤਾਂ ਵਰਗਾ ਵਰਤਾਉ ਕਰਦਾ ਹੈ। ਕੁੜੀਆਂ ਬਾਬਤ 'ਏਕਮ', 'ਹਸ਼ਰ' ਦੇ ਮਨਿੰਦਰ ਅਤੇ 'ਹੀਰੋ ਹਿਟਲਰ' ਦੀ ਇਕੋ ਜਿਹੀ ਮਾਨਸਿਕਤਾ ਹੈ। ਮਸ਼ੂਕ ਨੂੰ ਯਾਦ ਕਰਦਾ ਅਹਿਸਾਨ ਜਤਾਉਂਦਾ ਹੈ। ਗੀਤ ਦੀ ਵੰਨਗੀ ਦੇਖੋ:

ਉਤੋਂ ਕੋਹਰਾ ਵਰ੍ਹਦਾ ਕੋਈ ਆਸ਼ਕ ਠਰਦਾ
ਦੇਖ ਜਿਗਰਾ ਜੱਟ ਦਾ ਤਾਂ ਵੀ ਚੇਤੇ ਕਰਦਾ।

ਮਸ਼ੂਕ ਕੁੜੀ ਜ਼ਾਲਮ ਪਿਉ ਲਈ ਪੱਗ ਦਾ ਸਵਾਲ ਹੈ ਅਤੇ ਏਕਮ ਲਈ ਮੁੱਛ ਦਾ। ਦੋਵੇਂ ਔਰਤ ਵਿਰੋਧੀ ਹਨ। ਅਨਾਜ ਮੰਡੀ ਵਿਚ ਜੀਨ ਪਾ ਕੇ ਆਈ ਦੂਜੀ ਨਾਇਕਾ ਨੂੰ ਦੇਖ ਕੇ ਮੁਨੀਮ (ਭਗਵੰਤ ਮਾਨ) ਕਹਿੰਦਾ ਹੈ, "ਮੰਡੀ ਵਿਚ ਕੁੜੀ...ਉਹ ਵੀ ਜੀਨ ਆਲੀ...ਲੱਗਦਾ ਮੰਡੀ ਵਿਚ ਅੱਗ ਲੱਗੂ...।" ਇਹ ਉਹੀ ਭਗਵੰਤ ਸਾਹਿਬ ਹਨ ਜਿਨ੍ਹਾਂ ਦੇ ਗੀਤ ਮੁਤਾਬਕ ਕੁੜੀਆਂ ਦੇ ਕੰਡਕਟਰ ਲੱਗਣ 'ਤੇ ਬੱਸਾਂ ਵਿਚ ਬੈਠਣ ਨੂੰ ਥਾਂ ਨਹੀਂ ਮਿਲਣੀ। ਗਾਣੇ ਦੇ ਵੀਡੀਓ ਵਿਚ ਠਰਕੀ ਕਿਸਮ ਦੇ ਲੋਕ ਅਤੇ ਮਾਨ ਸਾਹਿਬ ਜਿਸ ਤਰ੍ਹਾਂ ਦੀਆਂ ਹਰਕਤਾਂ ਕੰਡਕਟਰ ਕੁੜੀ ਨਾਲ ਕਰਦੇ ਹਨ। ਉਹਨੂੰ ਦੇਖ ਕੇ ਲੋਕ ਕੁੜੀਆਂ ਨੂੰ ਬੱਸਾਂ ਵਿਚ ਸਫ਼ਰ ਕਰਾਉਣ ਤੋਂ ਸ਼ਰਮ ਮੰਨਣਗੇ। ਕੰਡਕਟਰ ਲਾਉਣਾ ਤਾਂ ਦੂਰ ਦੀ ਗੱਲ ਹੈ। ਫ਼ਿਲਮ ਕੁੜੀਆਂ ਦੇ ਜੀਨ ਅਤੇ ਟੌਪ ਪਾਉਣ 'ਤੇ ਸਖ਼ਤ ਇਤਰਾਜ਼ ਜਤਾਉਂਦੀ ਹੈ। ਫ਼ਿਲਮ ਦਾ ਨਿਹੰਗ ਕਿਰਦਾਰ ਦੂਜੀ ਨਾਇਕਾ ਨੂੰ 'ਖਾਈਏ ਮਨ ਭਾਉਂਦਾ ਤੇ ਪਹਿਨੀਏ ਜੱਗ ਭਾਉਂਦਾ' ਦੀ ਮਿਸਾਲ ਦੇ ਕੇ ਜੀਨ ਅਤੇ ਟੌਪ ਨਾ ਪਾਉਣ ਦੀ ਜਗੀਰੂ ਤਾਕੀਦ




ਕਰਦਾ ਹੈ ਤੇ ਨਵੀਂ ਪੀੜ੍ਹੀ ਨੂੰ ਸੁਮੱਤ ਬਖ਼ਸ਼ਣ ਦੀ ਰੱਬ ਅੱਗੇ ਦੁਆ ਕਰਦਾ ਹੈ। ਅੱਗਿਓਂ ਨਾਇਕਾ ਵੀ ਸੀਲ ਗਊ ਵਾਂਗ ਗਲਤੀ ਮੰਨ ਕੇ ਸੁਧਰਨ ਦਾ ਵਾਅਦਾ ਕਰਦੀ ਹੈ। ਕੁੜੀਆਂ ਦੀ ਅਸੁਰੱਖਿਆ ਦੇ ਕਾਰਨਾਂ ਵਿਚ ਵਾਧਾ ਕਰਨ ਵਿਚ ਅਖੌਤੀ ਲੋਕ ਗਾਇਕਾਂ ਤੇ ਫ਼ਿਲਮਸਾਜ਼ਾਂ ਨੇ ਵੱਡੀ ਭੂਮਿਕਾ ਨਿਭਾਈ ਹੈ। ਫ਼ਿਲਮ ਤੇ ਸੰਗੀਤ ਦੀ ਮੰਡੀ ਵਾਲੇ ਲੋਕ 'ਔਰਤ ਨੂੰ ਰੰਨ ਬਣਾਉਣ' ਦੇ ਵਰਤਾਰੇ ਵਿਚ ਹਮੇਸ਼ਾਂ ਸਰਗਰਮ ਰਹੇ ਹਨ।

ਏਕਮ ਦੀ ਨਜ਼ਰ ਵਿਚ ਅਮੀਰ ਮੁਲਕਾਂ ਦੀ ਤਰੱਕੀ ਦਾ ਰਾਜ਼ ਸਾਧੂ-ਸੰਤਾਂ ਤੇ ਦੇਵੀ ਦੇਵਤਿਆਂ ਦੀ ਅਣਹੋਂਦ ਹੈ। ਉਹ ਕਹਿੰਦਾ ਹੈ ਕਿ ਹਿੰਦੁਸਤਾਨ ਵਿਚ ਅਮੀਰ ਅਮੀਰ ਹੋਈ ਜਾਂਦਾ ਹੈ ਤੇ ਗਰੀਬ ਹੋਰ ਗਰੀਬ, ਕਿਉਂਕਿ ਇਹ ਠਹਿਰੀ ਹੋਈ ਸੋਚ ਵਾਲਾ ਮੁਲਕ ਹੈ। ਮੁਲਕ ਦੀ ਕੰਗਾਲੀ ਦੇ ਕਾਰਨਾਂ ਵਿਚ ਉਹ ਜਨਤਾ ਦੁਆਰਾ ਕਨੂੰਨਾਂ-ਨੇਮਾਂ ਦੀ ਪਾਲਣਾ ਨਾ ਕਰਨਾ, ਸਾਧੂ-ਸੰਤ, ਮਿਲਾਵਟ ਅਤੇ ਥੋਥੇ ਟੱਬਰੀ ਰਿਸ਼ਤਿਆਂ ਨੂੰ ਗਿਣਦਾ ਹੈ। ਅਮੀਰ ਮੁਲਕਾਂ ਦੀ ਖੁਸ਼ਹਾਲੀ ਵਿਚ ਤੀਜੀ ਦੁਨੀਆਂ ਦੀ ਲੁੱਟ-ਖਸੁੱਟ ਏਕਮ ਨੂੰ ਨਹੀਂ ਦਿਸਦੀ। ਉਹਨੂੰ ਜਨਤਾ ਦੇ ਦੁੱਖਾਂ ਦਾ ਕਾਰਨ ਜਨਤਾ ਲੱਗਦੀ ਹੈ ਜਿਨ੍ਹਾਂ ਦਾ ਦੁੱਖ ਦੂਰ ਕਰਨ ਲਈ ਏਕਮ ਵਰਗੇ ਪਰਵਾਸੀ ਦੀ ਲੋੜ ਹੈ ਕਿਉਂਕਿ ਸਾਡਾ ਮੁਲਕ ਅਤੇ ਜਨਤਾ 'ਠਹਿਰੀ ਹੋਈ ਸੋਚ' ਵਾਲੇ ਹਨ। ਸੰਤ ਰਾਮ ਉਦਾਸੀ ਮੁਤਾਬਕ 'ਜੇ ਸੋਕਾ ਏਹੀ ਸੜਦੇ ਨੇ...ਜੇ ਡੋਬਾ ਇਹੀ ਮਰਦੇ ਨੇ...ਸਭ ਕਹਿਰ ਇਨ੍ਹਾਂ 'ਤੇ ਵਰ੍ਹਦੇ ਨੇ...ਇਹ ਸਦਾ ਸਦਾ ਨਾ ਰਹਿਣਗੇ ਮੰਦ ਹਾਲ ਮਰੇੜ੍ਹੇ...ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ...।' ਏਕਮ ਸਾਹਿਬ 'ਠਹਿਰੀ ਸੋਚ' ਵਾਲੇ ਕੰਮੀ (ਮਿਹਨਤਕਸ਼) ਲੋਕ ਕਿਸੇ ਪਰਵਾਸੀ ਮਸੀਹੇ ਦੇ ਉਡੀਕਵਾਨ ਨਹੀਂ ਹਨ। ਮੁਲਕ ਦੀ ਕੰਗਾਲੀ ਦਾ ਕਾਰਨ ਜਨਤਾ ਨਹੀਂ ਹੈ। ਉਹ ਵੀਹ ਫ਼ੀਸਦੀ ਲੋਕ ਹਨ ਜੋ ਦੇਸ਼ ਦੀ ਪੂੰਜੀ 'ਤੇ ਨਾਗ-ਕੁੰਡਲ ਮਾਰੀ ਬੈਠੇ ਹਨ। ਲੋਕ ਤੇਰੀ ਫ਼ਿਲਮ ਦੇ ਬੇਗ਼ੈਰਤ ਕਿਰਦਾਰ ਨਹੀਂ। 'ਠਹਿਰੀ ਸੋਚ' ਵਾਲੇ ਮਿਹਨਤਕਸ਼ਾਂ ਦਾ ਲਹੂ ਮੁਲਕ ਦੀਆਂ ਜਰਨੈਲੀ ਸੜਕਾਂ 'ਤੇ ਹੱਕਾਂ ਦੀ ਲੁੱਕ ਬਣ ਕੇ ਵਿਛਿਆ ਪਿਆ ਹੈ। ਨਿੱਤ ਦਿਨ ਉੱਠ ਰਹੇ ਹੱਕੀ ਅੰਦੋਲਨ ਤੇਰੀਆਂ ਅੱਖਾਂ ਤੋਂ ਉਹਲੇ ਹੋ ਸਕਦੇ ਨੇ ਪਰ ਜਨਤਾ ਦੀਆਂ ਅੱਖਾਂ ਤੋਂ ਨਹੀਂ। ਲੋਕ-ਦਰਿਆ ਦੇ ਵਹਿਣ ਨੂੰ ਕੋਈ ਦਿਸ਼ਾ ਨਹੀਂ ਦੇ ਸਕਦਾ ਕਿਉਂਕਿ ਲੋਕ ਆਪਣੀ ਹੋਣੀ ਦਾ ਫ਼ੈਸਲਾ ਆਪ ਕਰਦੇ ਹਨ। ਮਾਰਕਸ ਮੁਤਾਬਕ ਇਨਕਲਾਬ ਖ਼ਾਸ ਮਨੁੱਖੀ ਮਰਜ਼ੀ ਨਾਲ ਨਹੀਂ ਆਉਂਦੇ। ਉਹ ਤਹਿ ਹੇਠ ਪਲਦੇ ਰਹਿੰਦੇ ਹਨ। ਇਹੀ ਕੁਦਰਤ ਦਾ ਨੇਮ ਹੈ। 'ਮੰਦ ਹਾਲ ਮਰੇੜ੍ਹੇ' ਦਾ ਸੱਚ ਆਵਾਮ ਹੀ ਉਲਟ ਸਕਦੀ ਹੈ। ਏਕਮ ਸਾਹਿਬ! ਮੁਲਕ ਅਤੇ ਆਵਾਮ ਨੂੰ ਅਜਿਹੀ ਬਦਸ਼ਗਨ ਗਾਲ ਕੱਢ ਕੇ ਆਪਣੀ ਠਹਿਰੀ ਹੋਈ ਸੋਚ ਦਾ ਸਬੂਤ ਤਾਂ ਨਾ ਦੇਵੋ!!

ਕੁਝ ਦਿਨਾਂ ਵਿਚ ਏਕਮ ਦਾ ਮਨ ਪੰਜਾਬ ਤੋਂ ਉਚਾਟ ਹੋ ਜਾਂਦਾ ਹੈ ਤੇ ਉਹ ਵਾਪਸ ਆਸਟਰੇਲੀਆ ਭੱਜਣਾ ਚਾਹੁੰਦਾ ਹੈ। ਪਿਉ ਦੀ ਆੜ੍ਹਤ ਤੇ ਸ਼ੈਲਰ ਉਸਨੂੰ ਰੋਕਦੇ ਹਨ। ਏਕਮ ਦਾ ਪਿਉ ਆੜ੍ਹਤ ਅਤੇ ਸ਼ੈਲਰ ਸਨਅਤ ਵਿਚ ਸਿਆਸੀ ਆਗੂ ਦਾ ਭਾਈਵਾਲ ਹੈ। ਘਾਟੇ ਵਿਚ ਚੱਲ ਰਹੇ ਪਿਉ ਦੇ ਸ਼ੈਲਰ ਨੂੰ ਅੱਗ ਲਗਵਾ ਕੇ, ਏਕਮ ਬੀਮੇ ਦੀ ਰਕਮ ਹਥਿਆਉਂਦਾ ਹੈ। ਇਹ ਧੋਖਾ ਉਸਦੀ ਲਿਆਕਤ ਦਾ ਸਬੂਤ ਬਣਦਾ ਹੈ। ਪਿਉ ਦੀ ਮੌਤ ਤੋਂ ਬਾਅਦ ਉਸਨੂੰ ਇਕ ਸੌ ਛੱਤੀ ਏਕੜ ਜ਼ਮੀਨ ਅਤੇ ਜੱਦੀ ਹਵੇਲੀ ਦੇ ਕੇ ਅੱਡ ਕਰ ਦਿੱਤਾ ਜਾਂਦਾ ਹੈ। ਬੁਝੇ ਮਨ ਨਾਲ ਵਾਹਿਗੁਰੂ ਕਹਿ ਕੇ ਹੋਣੀ ਸਵੀਕਾਰ ਕਰਦਾ ਹੈ। ਸ਼ਹਿਰੀ ਜਾਇਦਾਦ 'ਚੋਂ ਬੇਦਖ਼ਲ ਹੋਇਆ ਪਿੰਡ ਆ ਜਾਂਦਾ ਹੈ ਜਿੱਥੇ ਸੱਪ ਉਸਦਾ ਰਾਹ-ਦਸੇਰਾ ਬਣਦਾ ਹੈ। ਏਕਮ ਦੇ ਪਿਉ ਦਾਦਿਆਂ ਨੇ ਗਰੀਬ ਕਿਸਾਨਾਂ ਤੋਂ ਜ਼ਮੀਨ ਖੋਹੀ ਸੀ। ਸਤਾਈ ਏਕੜ ਜੱਦੀ ਜ਼ਮੀਨ ਰੱਖ ਕੇ ਬਾਕੀ ਅਸਲੀ ਮਾਲਕਾਂ ਨੂੰ 'ਦਾਨ' ਕਰ ਦਿੰਦਾ ਹੈ। ਸਰਪੰਚ ਲੋਕਾਂ ਕੋਲੋਂ 'ਦਾਨਵੀਰ' ਦੀ ਜੈ-ਜੈ ਕਾਰ ਕਰਾਉਂਦਾ ਹੋਇਆ ਪਿੰਡ ਦੇ ਸਾਰੇ ਫ਼ੈਸਲੇ ਏਕਮ ਦੀ ਸਲਾਹ ਤੋਂ ਬਿਨਾਂ ਨਾ ਲਏ ਜਾਣ ਦਾ ਹੁਕਮ ਸੁਣਾਉਂਦਾ ਹੈ। ਹੁਣ ਏਕਮ ਪਿੰਡ ਦਾ ਮਸੀਹਾ ਹੈ। ਉਹ ਲੋਕਾਂ ਦੀ 'ਠਹਿਰੀ ਸੋਚ' ਨੂੰ ਰਾਹੇ ਪਾਉਣ ਅਤੇ ਸਾਰੇ ਦੁੱਖ ਦੂਰ ਕਰਨ ਦਾ ਬੀੜਾ ਚੁੱਕ ਲੈਂਦਾ ਹੈ। ਉਹ ਜਨਤਾ ਨੂੰ 'ਅਕਲ' ਸਿਖਾਉਂਦਾ ਹੋਇਆ ਜਨਤਕ ਲਾਮਬੰਦੀ ਦੇ ਪਚੜੇ ਵਿਚ ਨਹੀਂ ਪੈਂਦਾ। ਸੋਲਾਂ ਕਲਾ ਸੰਪੂਰਨ ਰਾਮ-ਅਵਤਾਰ ਬਣ ਕੇ ਲੋਕਾਂ ਦੇ ਦੁੱਖ ਦੂਰ ਕਰਦਾ ਹੈ। ਅੰਤ ਵਿਚ 'ਮੁੱਦਾ' ਮਸ਼ੂਕ ਨੂੰ ਘਰੋਂ ਭਜਾਉਣ ਦੀ ਬਹਾਦਰੀ ਤੱਕ ਸੁੰਗੜ ਜਾਂਦਾ ਹੈ। ਮਸ਼ੂਕ ਤੇ ਉਸਦਾ ਜ਼ਾਲਮ ਪਿਉ ਲੜਾਈ 'ਚ ਮਾਰੇ ਜਾਂਦੇ ਹਨ। ਏਕਮ ਕਤਲ ਕੇਸ ਵਿਚ ਜੇਲ੍ਹ ਚਲਿਆ ਜਾਂਦਾ ਹੈ। ਬੇ-ਹਰਕਤ ਅਤੇ ਗੁੰਨ-ਵੱਟੇ ਬਣੇ ਆਮ ਲੋਕਾਂ ਨੂੰ ਦੂਜੀ ਨਾਇਕਾ ਦੇ ਪੱਲੇ ਬੰਨ੍ਹ ਜਾਂਦਾ ਹੈ। ਕੋਲ ਖੜ੍ਹੇ ਆਮ ਲੋਕ ਬੇ-ਗ਼ੈਰਤ ਹੀ ਜਾਪਦੇ ਹਨ। ਫ਼ਿਲਮ ਵਿਚ ਪਿੰਡ ਦੇ ਕਿਸਾਨ ਬੋਲਦੇ ਦਿਖਾਏ ਗਏ ਹਨ ਕਿ ਹੁਣ ਤਾਂ ਕਿਸਾਨਾਂ ਲਈ ਏਕਮ ਹੀ ਕੁਝ ਕਰੂ। ਫ਼ਿਲਮ ਇਸ ਧਾਰਨਾ ਨੂੰ ਭੰਨ ਕੇ ਰੱਖ ਦਿੰਦੀ ਹੈ ਕਿ ਤਬਦੀਲੀ ਲਈ ਮੁੱਖ ਤੱਤ ਲੋਕ ਹੁੰਦੇ ਹਨ। 'ਏਕਮ' ਹੈਂਕੜਬਾਜ਼ ਅਤੇ ਅੰਤਰਜਾਮੀ ਮਸੀਹੇ ਦੀ ਲੋੜ ਉੱਤੇ ਪੱਕੀ ਮੋਹਰ ਹੈ ਜੋ ਜਨਤਕ ਅੰਦੋਲਨਾਂ ਨੂੰ ਹਿੰਸਾ ਤੱਕ ਸੀਮਤ ਕਰ ਦਿੰਦੀ ਹੈ।

ਸੁਰਜੀਤ ਪਾਤਰ ਟੈਲੀਵਿਜ਼ਨ 'ਤੇ ਬੋਲਦੇ ਰਹੇ ਕਿ ਇਹ ਫ਼ਿਲਮ ਸੰਵਾਦ ਸਿਰਜਣ ਦੀ ਪਹਿਲ ਕਰਦੀ ਹੈ। ਬੱਬੂ ਮਾਨ ਕੁਝ ਦੇਰ ਨਾਲ ਪਹੁੰਚੇ ਨੌਕਰ ਦੇ ਚਪੇੜ ਮਾਰ ਕੇ ਕਥਾਨਕ ਵਿਚ ਦਾਖ਼ਿਲ ਹੁੰਦਾ ਹੈ। ਫ਼ਿਲਮ ਦੇ ਅੰਤ ਤੱਕ ਹੈਂਕੜ ਉਸਦੇ ਕਿਰਦਾਰ ਨਾਲ ਨਿਭਦੀ ਹੈ। ਮਤਰੇਏ ਭਰਾ ਨੂੰ ਕੁੱਟ ਕੇ ਨਸ਼ੇ ਛੁਡਵਾਉਣਾ ਚਾਹੁੰਦਾ ਹੈ। ਪਿੰਡ ਦੇ ਗਰੀਬ ਨੂੰ ਪਰਾਣੀਆਂ ਨਾਲ ਕੁੱਟਦਾ ਹੈ। ਸ਼ਰਾਬ ਨਾ ਛੱਡਣ ਦੀ ਸੂਰਤ 'ਚ ਡੇਕ ਨਾਲ ਪੁੱਠਾ ਲਮਕਾਉਣ ਦੀ ਧਮਕੀ ਦਿੰਦਾ ਹੈ। ਇਹ ਉਸ ਦੇ 'ਸੰਵਾਦ' ਸਿਰਜਣ ਦੀਆਂ ਨਿਸ਼ਾਨੀਆਂ ਹਨ। ਇਹੀ 'ਸੰਵਾਦ' ਕੱਟੜਵਾਦੀ ਹਿੰਦੂ ਟੋਟਲੇ ਵੈਲੇਨਟਾਈਨਜ਼ ਡੇ ਉੱਤੇ, ਡਿਸਕੋ ਕਲੱਬਾਂ ਅਤੇ ਪਾਰਕਾਂ ਵਿਚ ਜਵਾਨ ਮੁੰਡੇ ਕੁੜੀਆਂ ਨਾਲ ਰਚਾਉਂਦੇ ਦੇਖੇ ਜਾਂਦੇ ਹਨ। ਉਨ੍ਹਾਂ ਦਾ ਤਰੱਦਦ ਵੀ 'ਮਹਾਨ ਸੰਸਕ੍ਰਿਤੀ' ਨੂੰ ਪਲੀਤ ਹੋਣ ਤੋਂ ਰੋਕਣਾ ਹੁੰਦਾ ਹੈ। ਪੰਜਾਬੀ ਦਰਸ਼ਕ ਨੂੰ ਤੁਰੰਤ ਕਾਲੇ ਦੌਰ ਦੇ ਸਿਰਫ਼ਿਰੇ ਮੁੰਡੇ ਯਾਦ ਆਉਂਦੇ ਹਨ। ਸਮਾਜਿਕ ਕੋਡ ਦੇ ਨਾਮ 'ਤੇ ਮਾੜੇ ਮੋਟੇ ਨਸ਼ੇ ਕਰਨ ਵਾਲੇ ਪੇਂਡੂਆਂ ਨੂੰ ਸੱਥ 'ਚ ਪੁੱਠਾ ਲਮਕਾ ਕੇ ਕੁੱਟਿਆ ਜਾਂਦਾ ਸੀ। ਸੰਨ 1995 ਤੋਂ ਬਾਅਦ ਸੋਝੀ ਸੰਭਾਲਣ ਵਾਲੀ ਪੀੜ੍ਹੀ ਨੂੰ ਸ਼ਾਇਦ ਇਸਦਾ ਨਾ ਪਤਾ ਹੋਵੇ। ਸੰਵਾਦ ਉਸ ਦੌਰ ਵਿਚੋਂ ਵੀ ਗਾਇਬ ਸੀ ਤੇ 'ਏਕਮ' ਵਿਚੋਂ ਵੀ ਗਾਇਬ ਹੈ।

ਪਾਤਰ ਸਾਹਿਬ ਨੂੰ ਸਨਿਮਰ ਬੇਨਤੀ ਹੈ ਕਿ ਉਹ ਚੰਗੀ ਕਵਿਤਾ ਲਿਖਣ ਤੋਂ ਬਾਅਦ 'ਏਕਮ' ਵਿਚਲੇ 'ਸੰਵਾਦ' ਦੀਆਂ ਤੰਦਾਂ ਸੰਗਤ ਦੇ ਹੱਥ 'ਚ ਫੜਾ ਦੇਣ। 'ਮੌਤ ਦੇ ਵਪਾਰੀਆਂ' ਤੇ 'ਅਤਿ ਦੇ ਸ਼ਿਕਾਰੀਆਂ' ਦੀ ਮਹਿਮਾ ਗਾਉਣ ਵਾਲਿਆਂ ਦਾ ਬਾਬੇ ਨਾਨਕ ਦੀ ਸਭ ਤੋਂ ਵੱਡੀ ਵਿਰਾਸਤ, ਸੰਵਾਦ ਨਾਲ ਕੀ ਰਿਸ਼ਤਾ ਹੋ ਸਕਦਾ ਹੈ? ਇਹ ਤਾਂ ਪਾਤਰ ਸਾਹਿਬ ਅਤੇ ਬੱਬੂ ਮਾਨ ਦੱਸ ਸਕਦੇ ਹਨ? ਕਿਤੇ ਇਹ ਅਤਿ ਦੇ ਸ਼ਿਕਾਰੀ ਹਰਿਆਲੀ ਦਾ ਸ਼ਿਕਾਰ ਕਰਨ ਵਾਲੇ ਤਾਂ ਨਹੀਂ? ਪੰਜਾਬੀ ਚੇਤਿਆਂ 'ਚ ਮੌਤ ਦੇ ਵਪਾਰੀਆਂ ਦੇ ਨਕਸ਼ ਨਾਦਰ ਸ਼ਾਹ ਅਤੇ ਅਬਦਾਲੀ ਦੇ ਰੂਪ 'ਚ ਉਘੜਦੇ ਹਨ ਜਿਨ੍ਹਾਂ ਨੇ ਸਿੰਘਾਂ ਦੇ ਸਿਰਾਂ ਦੇ ਮੁੱਲ ਪਾਏ ਸੀ। ਵਸਦੇ ਪੰਜਾਬ ਨੂੰ ਮੌਤ ਦੇ ਵਪਾਰੀਆਂ ਤੇ ਅਤਿ ਦੇ ਸ਼ਿਕਾਰੀਆਂ ਤੋਂ ਬਿਨਾਂ ਹੋਰ ਕਿਹੜੀ ਸਭ ਤੋਂ ਵੱਡੀ ਬਿਮਾਰੀ ਲੱਗੀ ਹੋਈ ਹੈ? ਦੱਸਣ ਵਾਲੇ ਦੇ ਅਹਿਸਾਨਮੰਦ ਹੋਵਾਂਗੇ। ਇਨ੍ਹਾਂ ਨੂੰ ਛੱਡ ਕੇ, ਪੰਜਾਬ ਦੀ ਹਰ ਸ਼ੈਅ ਗੁਰਾਂ ਦੇ ਨਾਂ ਤੇ ਵਸਦੀ ਹੈ। ਉੱਤੋਂ ਸਿਤਮ ਜ਼ਰੀਫ਼ੀ ਕਿ ਇਹ ਕੈਸਟ ਸੰਤ ਰਾਮ ਉਦਾਸੀ ਤੇ ਪਾਸ਼ ਨੂੰ ਸਮਰਪਤ ਹੈ।

ਸਮੁੱਚੇ ਤੌਰ 'ਤੇ ਫ਼ਿਲਮ ਜਿਸ ਮਿੱਟੀ 'ਤੇ ਖੜ੍ਹ ਕੇ ਸੰਬੋਧਿਤ ਹੁੰਦੀ ਹੈ, ਉੱਥੇ ਕਿਸਾਨੀ ਦਾ ਮਸਲਾ ਕੇਂਦਰ 'ਚ ਹੋਣ ਦੀ ਥਾਂ ਹਾਸ਼ੀਏ 'ਤੇ ਤੈਰਦਾ ਨਜ਼ਰ ਆਉਂਦਾ ਹੈ। ਰੋਜ਼ਾਨਾ ਅਖ਼ਬਾਰਾਂ ਦੀਆਂ ਚੰਦ ਸੁਰਖ਼ੀਆਂ ਪੜ੍ਹ ਦੇਣਾ ਗੰਭੀਰ ਸੰਵਾਦ ਦੀ ਜਾਮਨੀ ਨਹੀਂ ਭਰਦਾ। ਬੱਬੂ ਮਾਨ ਦਾ ਲੋਕਾਂ ਵਿਚ ਪਹੁੰਚ ਦਾ ਘੇਰਾ ਵੱਡਾ ਹੈ। ਜਦੋਂ ਉਹ ਆਪਣੀ ਫ਼ਿਲਮ ਦੇ 'ਲੋਕ-ਹਿਤੂ' ਅਤੇ 'ਮੁੱਦਾ ਪ੍ਰਧਾਨ' ਹੋਣ ਦਾ ਦਾਅਵਾ ਕਰਦਾ ਹੈ ਤਾਂ ਖ਼ਤਰਾ ਹੋਰ ਵਧ ਜਾਂਦਾ ਹੈ। 'ਏਕਮ' ਨੂੰ ਇਸੇ ਪ੍ਰਸੰਗ ਵਿਚ ਦੇਖਣਾ ਚਾਹੀਦਾ ਹੈ।

---

## ਚੰਦਨ ਦੀ ਨਵੀਂ ਐਲਬਮ 'ਬ੍ਰੋਕਨ ਹਰਟ'

**ਗੀਤ-ਸੰਗੀਤ**

ਚੰਦਨ ਸਿੰਘ ਪੰਜਾਬੀ ਗਾਇਕੀ ਵਿਚ ਉਭਰਦਾ ਨਾਂ ਹੈ। ਵਿਦੇਸ਼ਾਂ ਵਿਚ ਵਸਦੇ ਪੰਜਾਬੀ ਗਾਇਕਾਂ ਵਿਚ ਉਸ ਦਾ ਉਚੇਚਾ ਜ਼ਿਕਰ ਹੁੰਦਾ ਹੈ। ਉਸ ਨੇ ਸੰਗੀਤ ਦੀ ਤਾਲੀਮ ਬਾਕਾਇਦਾ ਹਾਸਲ ਕੀਤੀ ਅਤੇ ਉਹ ਸਦਾ ਰਿਆਜ਼ ਨਾਲ ਜੁੜਿਆ ਰਿਹਾ ਹੈ। ਸੁਰੀਲਾ ਗਾਇਕ ਹੋਣ ਦੇ ਨਾਲ ਨਾਲ ਉਹ ਅਨੁਭਵੀ ਸਾਜ਼ਿੰਦਾ ਵੀ ਹੈ।

ਚੰਦਨ ਸਿੰਘ ਨੇ 2001 ਵਿਚ 'ਮਿੱਟੀ ਦੇ ਬਾਵੇ' ਕੈਸੇਟ ਰਾਹੀਂ ਬੜੇ ਸਲੀਕੇ ਨਾਲ ਪੰਜਾਬੀ ਸੰਗੀਤ ਜਗਤ ਵਿਚ ਪ੍ਰਵੇਸ਼ ਕੀਤਾ ਸੀ। ਸੁਰੀਲੀ ਆਵਾਜ਼ ਸਦਕਾ ਉਸ ਦੀ ਦੂਜੀ ਕੈਸੇਟ 'ਜ਼ਿੰਦਗੀ' (2007) ਦੀ ਵੀ ਖ਼ੂਬ ਚਰਚਾ ਹੋਈ। ਉਘੇ ਉਸਤਾਦ ਗਾਇਕਾਂ ਨੇ ਉਸ ਦੀ ਸੁਰ ਸਮਝ ਅਤੇ ਨਿਭਾਅ ਦੀ ਪ੍ਰਸ਼ੰਸਾ ਕੀਤੀ। ਗਜ਼ਲ, ਸੂਫੀ ਕਲਾਮ ਅਤੇ ਸੰਜ਼ੀਦਾ ਸੁਖਨ ਗਾਇਨ ਦਾ ਵੀ ਉਸ ਨੂੰ ਵਾਹਵਾ ਸ਼ੌਕ ਅਤੇ ਮੁਹਾਰਤ ਹੈ।

ਹੁਣ ਚੰਦਨ ਦੀ ਨਵੀਂ ਐਲਬਮ 'ਬ੍ਰੋਕਨ ਹਰਟ' ਚਰਚਾ ਵਿਚ ਹੈ। ਨਿਰਮਾਤਾ ਨਿਰਦੇਸ਼ਕ ਬੀਨਾ ਸਿੰਘ ਸਾਗਰ ਦੀ ਅਗਵਾਈ ਹੇਠ ਬੌਲੀਵੁੱਡ ਐਂਟਰਟੇਨਮੈਂਟ ਤੇ ਨਵੀਨ ਰਾਜਾ ਦੀ ਪੇਸ਼ਕਸ਼ ਇਸ ਐਲਬਮ ਨੂੰ ਸੰਗੀਤ ਨਾਲ ਸਚਿਨ ਅਹੂਜਾ ਨੇ ਸ਼ਿੰਗਾਰਿਆ ਹੈ। ਮਰਹੂਮ ਚਰਨ ਸਿੰਘ ਸਫਰੀ ਸਮੇਤ ਉਘੇ ਸ਼ਾਇਰਾਂ/ਗੀਤਕਾਰਾਂ ਹਰਜਿੰਦਰ ਕੰਗ, ਕੋਕੀ ਦੀਪ, ਅਰਜਨ ਐਰੀ, ਨਵੀਨ ਰਾਜਾ ਅਤੇ ਦਲਜੀਤ ਦੌਲਤਪੁਰੀਆ ਦੇ ਗੀਤ ਇਸ ਐਲਬਮ ਵਿਚ ਸ਼ਾਮਲ ਹਨ। ਹਰਸ਼ਪ੍ਰੀਤ ਕੌਰ ਨਾਲ ਵੀ ਚੰਦਨ ਨੇ ਵੀ ਇਸ ਐਲਬਮ ਵਿਚ ਬਹੁਤ ਕੋਮਲ-ਭਾਵੀ ਅਤੇ ਠਹਿਰਾਅ ਵਾਲਾ ਇਕ ਦੋਗਾਣਾ ਗਾਇਆ ਹੈ। ਬੀਟ ਸੌਂਗ, ਉਦਾਸ ਗੀਤ ਅਤੇ ਰੁਮਾਂਟਿਕ ਅੰਦਾਜ਼ ਦੇ ਗੀਤਾਂ ਨਾਲ ਸਜਾਈ ਇਸ ਐਲਬਮ ਨੂੰ ਦੇਸ਼-ਵਿਦੇਸ਼ ਵਿਚ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਐਲਬਮ ਨੇ ਚੰਦਨ ਦੇ ਸਰੋਤਿਆਂ ਵਿਚ ਚੋਖਾ ਵਾਧਾ ਕੀਤਾ ਹੈ। 'ਬ੍ਰੋਕਨ ਹਰਟ'




ਸੁਰ, ਸ਼ਬਦ ਅਤੇ ਸੰਗੀਤ ਦਾ ਵਧੀਆ ਮਿਲਾਪ ਹੈ ਜਿਸ ਨੂੰ ਸੁਣ ਕੇ ਸਰੋਤੇ, ਚੰਦਨ ਦੀ ਸੁਰੀਲੀ ਆਵਾਜ਼ ਨਾਲ ਦਿਲੋਂ ਜੁੜ ਰਹੇ ਹਨ। ਚੰਦਨ ਨਾਲ ਫੋਨ ਨੰਬਰ 925-339-5286 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


ਵਿਸਟਾ ਸੀ.ਸੀ.ਟੀ.ਵੀ. ਟੈਕਨਾਲੋਜੀ ਵਲੋਂ ਸਾਰੇ ਯੂ.ਐਸ.ਏ. ਵਾਸੀਆਂ ਨੂੰ
ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ।
vista
CCTV TECHNOLOGY
Bakersfield, California.
UPGRADE PIXIM SERIES FOR FRONT DOOR @$129.00
UPGRADE ANY HD SERIES CAMERA 700 TV LINES @$49.00 EACH IN PACKAGES
3RD GENERATION ARRAY TECHNOLOGY CAMERA UPGRADATION @$89.00 EACH
4 Cameras with 4Ch DVR
$949.00 Just @ Special Offer + TAX
8 Cameras with 8Ch DVR
$1799.00 Special Offer + TAX
INSTALLATION INCLUDED
$2499.00 + TAX
SPECIAL OFFER
12 Cameras Packages with 16Ch DVR
ਅਸੀਂ ਇਹ ਸਕਿਉਰਿਟੀ ਸਿਸਟਮ ਨੂੰ ਯੂ.ਐਸ.ਏ. ਵਿਚ ਕਿਤੇ ਵੀ ਇੰਸਟਾਲ ਕਰ ਸਕਦੇ ਹਾਂ।
2 ਸਾਲ ਦੀ ਵਰੰਟੀ
DIRECT ACCESS FROM Smart i Phone
Buy online www.eZchase.com
Call SUKHPAL@661-586-5080
Customer Services :- 1-800-235-1391
Email :- sales@ezchase.com
A LEADER OF WORLDWIDE CCTV SURVEILLANCE

# ਯੁੱਗ ਗਾਇਕ ਕਲੀਆਂ ਦਾ ਬਾਦਸ਼ਾਹ ਕੁਲਦੀਪ ਮਾਣਕ

## ਇਹ ਯਾਦਾਂ ਹੀ ਬੱਸ ਰਹਿ ਗਈਆਂ ਨੇ ਯਾਦ ਕਰਨ ਨੂੰ...



ਇਹ ਤਾਂ ਯਾਦ ਨਹੀਂ ਕਿ 'ਬਾਪੂ ਚਲੇ ਗਿਐ', ਫਿਰ ਵੀ ਰੁਮਾਲਾ ਸਾਹਿਬ ਪੇਸ਼ ਕਰ ਰਿਹੈ ਯੁੱਧਵੀਰ ਮਾਣਕ। ਵਾਹਿਗੁਰੂ ਹੁਣ ਇਹਦੇ 'ਤੇ ਹੀ ਸਵੱਲੀ ਮਿਹਰ ਕਰ।



ਛੁਪ ਗਿਆ ਜਲਾਲ ਦਾ ਚੰਦ।




ਮੀਡੀਆ ਤੋਂ ਬਿਨਾਂ ਸਥਾਪਿਤ ਹੋਏ ਯੁੱਗ ਗਾਇਕ ਨੂੰ ਕਿੱਥੇ ਚੇਤਾ ਸੀ ਕਿ ਅੰਤਿਮ ਅਰਦਾਸ ਲਈ ਹੋਰਡਿੰਗਜ਼ ਵੀ ਲੱਗਣਗੇ।



ਕਲੀਆਂ ਦੇ ਬਾਦਸ਼ਾਹ ਨੂੰ ਗਾਰਡ ਆਫ ਆਨਰ।



'ਲੱਕ ਤੋੜ'ਤਾ ਮਿੱਤਰਾ', ਦੇਵ ਥਰੀਕਿਆਂ ਵਾਲਾ ਸਹਾਰੇ ਨਾਲ ਅੰਤਿਮ ਅਰਦਾਸ ਵਿਚ ਸ਼ਾਮਿਲ ਹੁੰਦਿਆਂ।



ਰੇਡੀਓ ਚੜ੍ਹਦੀ ਕਲਾ ਦੇ ਗੁਰਚਰਨ ਮਾਨ ਦਾ ਭਰਾ ਕੁਲਦੀਪ ਸਿੰਘ ਮਾਨ ਯੁੱਧਵੀਰ ਮਾਣਕ ਤੇ ਪਰਿਵਾਰ ਨਾਲ।



ਡਰਾਇੰਗ ਰੂਮ'ਚ ਜਿੱਥੇ ਕਦੇ ਰੌਣਕਾਂ ਹੀ ਹੁੰਦੀਆਂ ਸਨ, ਹੁਣ ਪਿਓ ਦੇ ਤੁਰ ਜਾਣ ਤੇ ਪੁੱਤ ਦੀ ਬਿਮਾਰੀ ਕਰਕੇ ਗਮਾਂ ਦਾ ਪਹਿਰਾ ਹੈ। ਸਰਬਜੀਤ, ਸ਼ਕਤੀ ਤੇ ਬਾਕੀ ਚਿਹਰੇ ਪੜ੍ਹੋ। ਯੁੱਧਵੀਰ ਵੱਲ ਟਿਕੀਆਂ ਨਜ਼ਰਾਂ ਕੀ ਕਹਿੰਦੀਆਂ ਹਨ?



ਸਰਦੂਲ ਸਿਕੰਦਰ, ਅਮਰ ਨੂਰੀ ਆਪਣੇ ਪੁੱਤਰਾਂ ਸਾਰੰਗ ਅਤੇ ਅਲਾਪ ਨਾਲ।



ਧਾਹਾਂ ਅੱਥਰੂਆਂ ਰਾਹੀਂ-ਮਾਣਕ ਨੂੰ ਚੇਤੇ ਕਰਦੇ ਹੰਸ ਰਾਜ ਹੰਸ, ਭਗਵੰਤ ਮਾਨ, ਹਰਭਜਨ ਮਾਨ ਅਤੇ ਬੂਟਾ ਮੁਹੰਮਦ।



ਅੰਤਿਮ ਅਰਦਾਸ ਵਿਚ ਉਦਾਸ ਜਗਦੇਵ ਸਿੰਘ ਜੱਸੋਵਾਲ, ਚਰਨਜੀਤ ਆਹੂਜਾ, ਹਰਬੰਸ ਸਹੋਤਾ, ਸਤਵਿੰਦਰ ਬੁੱਗਾ, ਮਨਮੋਹਨ ਵਾਰਿਸ, ਸੰਗਤਾਰ, ਨਛੱਤਰ ਗਿੱਲ, ਜੈਜ਼ੀ ਬੀ., ਪ੍ਰੀਤ ਹਰਪਾਲ, ਪੰਮੀ ਬਾਈ, ਰਣਜੀਤ ਮਣੀ, ਗੀਤਕਾਰ ਅਮਰੀਕ ਤਲਵੰਡੀ, ਪਾਲੀ ਦੇਤਵਾਲੀਆ, ਯੁੱਧਵੀਰ ਦੇ ਇਰਦ-ਗਿਰਦ।



ਹੁਸ਼ਿਆਰਪੁਰ ਦੇ ਪਿੰਡ ਭਾਮ'ਚ ਬਲਜੀਤ ਸਿੱਧੂ ਤੇ ਗੁਰਮੇਲ ਸਿੱਧੂ ਵਲੋਂ ਆਯੋਜਿਤ ਪ੍ਰੋਗਰਾਮ ਮਾਣਕ ਦੀ ਜ਼ਿੰਦਗੀ ਦਾ ਆਖਰੀ ਪ੍ਰੋਗਰਾਮ ਹੋ ਨਿਬੜਿਆ। ਇਸ ਦੀ ਇਕ ਝਲਕ।



ਸੁਰਿੰਦਰ ਸ਼ਿੰਦਾ, ਗੁਰਦਾਸ ਮਾਨ, ਮਲਕੀਤ ਸਿੰਘ, ਪ੍ਰੋ.ਬੀ.ਐਸ. ਨਾਰੰਗ-ਸੱਚਿਆ ਪਾਤਸ਼ਾਹਾ, ਮਹਾਨ ਸੁਰ ਨੂੰ ਚਰਨਾਂ ਵਿਚ ਥਾਂ ਦੇਈਂ।

**ਪੰਨੇ ਦੇ ਸਪਾਂਸਰ: ਐਸ. ਅਸ਼ੋਕ ਭੌਰਾ, ਪ੍ਰੀਤਮ ਬਰਾੜ, ਦਿਲਬਰ ਬੱਲੀ, ਸਰਬਜੀਤ ਮਾਹਲ ਤੇ ਰਾਜਾ ਨੂਰਪੁਰ**

# Punjab NRI Council, USA

*Appointed by Capt. Amrinder Singh, PPCC President, Ref.#3299/11, Dated: September 24, 2011*

# ਪੰਜਾਬ ਬਚਾਓ

# ਕਿਉਂ?

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਵਲੋਂ ਲੋਕਾਂ ਦੇ ਜਮਹੂਰੀ ਹੱਕਾਂ ਦਾ ਕਤਲ ਕੀਤਾ ਜਾ ਰਿਹਾ ਹੈ। ਆਪਣੇ ਹੱਕਾਂ ਲਈ ਲੜ ਰਹੇ ਮੁਲਾਜ਼ਮਾਂ, ਅਧਿਆਪਕਾਂ ਅਤੇ ਕਿਸਾਨਾਂ ਉਪਰ ਤਸ਼ੱਦਦ ਢਾਹਿਆ ਜਾ ਰਿਹਾ। ਭੂਤਰੇ ਹੋਏ ਅਕਾਲੀ ਸਰਪੰਚ ਆਪਣੇ ਹੱਕਾਂ ਲਈ ਮੁਜਾਹਰਾ ਕਰ ਰਹੀਆਂ ਅਧਿਆਪਕਾਵਾਂ ਨੂੰ ਥੱਪੜ ਮਾਰ ਰਹੇ ਹਨ, ਇਸ ਉਤੇ ਕਿਸੇ ਨੂੰ ਕੋਈ ਪੱਛੋਤਾਵਾ ਨਹੀਂ। ਅਮਨ ਕਾਨੂੰਨ ਦੀ ਬੇਹਦ ਬੁਰੀ ਹਾਲਤ ਹੈ।

> ਆਰਥਿਕ ਤਬਾਹੀ: ਇਸ ਸਰਕਾਰ ਨੇ ਪੰਜਾਬ ਨੂੰ ਆਰਥਿਕ ਤਬਾਹੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਇਸ ਸਮੇਂ ਡੇਢ ਲੱਖ ਕਰੋੜ ਰੁਪਏ ਤੋਂ ਵੱਧ ਦਾ ਸਿੱਧਾ ਅਤੇ ਅਸਿੱਧਾ ਕਰਜਾ ਚੜ੍ਹਿਆ ਹੋਇਆ ਹੈ। ਦੂਜੇ ਸ਼ਬਦਾਂ ਵਿਚ ਪੰਜਾਬ ਦਾ ਵਾਲ ਵਾਲ ਕਰਜਾਈ ਹੋ ਚੁਕਾ ਹੈ ਅਤੇ ਇਹ ਬਹੁਤੇ ਸੂਬਿਆਂ 'ਚੋਂ ਤਰੱਕੀ 'ਚ ਪਿਛੇ ਰਹਿ ਗਿਆ ਹੈ।

> ਪਰਵਾਸੀ ਪੰਜਾਬੀਆਂ ਨੂੰ ਲੁੱਟਿਆ-ਮਾਰਿਆ ਜਾ ਰਿਹਾ ਹੈ-ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ ਅਤੇ ਇਥੋਂ ਤੱਕ ਕੇ ਉਨ੍ਹਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਕੀ ਅਸੀਂ ਅਜਿਹੇ ਮਾਹੌਲ ਵਿਚ ਆਪਣੇ ਪਰਿਵਾਰਾਂ ਨੂੰ ਪੰਜਾਬ ਭੇਜ ਕੇ ਬੇਫਿਕਰ ਰਹਿ ਸਕਦੇ ਹਾਂ?



## ਕੀ?

ਆਓ, ਪੰਜਾਬ ਨੂੰ ਬਚਾਈਏ। ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਪਾਰਟੀ ਨੂੰ ਜਿਤਾਈਏ ਅਤੇ ਪੰਜਾਬ ਨੂੰ ਤਰੱਕੀ ਦੇ ਰਾਹ ਉਤੇ ਨਵੇਂ ਸਿਰਿਓਂ ਪਾਈਏ। ਉਨ੍ਹਾਂ ਕੋਲ ਪੰਜਾਬ ਲਈ ਦਿਭ-ਦ੍ਰਿਸ਼ਟੀ ਹੈ, ਗੱਲ ਕਹਿਣ ਦੀ ਦਲੇਰੀ ਹੈ ਅਤੇ ਦੂਰ-ਦ੍ਰਿਸ਼ਟੀ ਹੈ। ਕੈਪਟਨ ਸਾਹਿਬ ਨੇ ਵਾਅਦਾ ਕੀਤਾ ਹੈ ਕਿ ਪਰਵਾਸੀ ਮਸਲੇ ਉਹ ਪਹਿਲ ਦੇ ਆਧਾਰ ਉਤੇ ਸਰਬਪੱਖੀ ਪਹੁੰਚ ਨਾਲ ਹੱਲ ਕਰਨਗੇ।

ਇਹ ਨਾ ਸੋਚੋ ਕਿ ਤੁਹਾਡੀ ਮਦਦ ਦਾ ਕੋਈ ਅਸਰ ਨਹੀਂ ਪਵੇਗਾ। ਸਾਲ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਘੱਟੋ ਘੱਟ 15 ਸੀਟਾਂ ਅਜਿਹੀਆਂ ਸਨ ਜਿਥੇ ਔਸਤਨ 950 ਵੋਟਾਂ ਤੋਂ ਵੀ ਘੱਟ ਫਰਕ ਨਾਲ ਜਿੱਤ ਹਾਰ ਦਾ ਫੈਸਲਾ ਹੋਇਆ। ਚੇਤੇ ਰੱਖੋ, ਹਰ ਵੋਟ ਦੀ ਕੀਮਤ ਹੈ।

ਪਰਵਾਸੀ ਪੰਜਾਬੀ ਜਰਾ ਕੁ ਸਰਗਰਮ ਹੋ ਕੇ ਪੰਜਾਬ ਦੇ ਬਹੁਤ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਕੁਝ ਹਜ਼ਾਰ ਵੋਟਾਂ ਦਾ ਫਰਕ ਪਾ ਕੇ ਪੰਜਾਬ ਚੋਣਾਂ ਵਿਚ ਵੱਡਾ ਅਸਰ ਪਾ ਸਕਦੇ ਹਨ। ਐਨ ਆਰ ਆਈ ਕੌਂਸਲ (ਯੂ ਐਸ ਏ) ਦੇ ਮੈਂਬਰ ਬਣੋ, ਪੰਜਾਬ ਨੂੰ ਬਚਾਓ ਅਤੇ ਇਸ ਨੂੰ ਮੁੜ ਦੇਸ਼ ਦਾ ਅੱਵਲ ਨੰਬਰ ਸੂਬਾ ਬਣਾਓ।

## ਮਦਦ ਕਿਵੇਂ ਕੀਤੀ ਜਾਵੇ?

ਪੰਜਾਬ ਕਾਂਗਰਸ ਅਤੇ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਹਮਾਇਤ ਇਨ੍ਹਾਂ ਤਰੀਕਿਆਂ 'ਚੋਂ ਕੋਈ ਵੀ ਅਪਨਾ ਕੇ ਰਜਿਸਟਰ ਕਰਵਾਓ।

ਵੈਬ ਸਾਈਟ: www.punjabnricouncilusa.com ਫੋਨ:847-557-0558
ਈ-ਮੇਲ ਕਰੋ: info@punjabnricouncilusa.com ਫੈਕਸ:847-350-6436




ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਸਮੂਹ ਟੀਮ ਵਲੋਂ
ਸਮੂਹ ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਨਵਾਂ ਸਾਲ 2012 ਬਹੁਤ ਬਹੁਤ ਮੁਬਾਰਕ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

15 & 30 Yr Fixed Rates Are Getting Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**

CA DRE Lic.#01180969, NMLS# 352095

## Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## Hot Listing



3339 Sueno Drive,
San Jose, CA 95148
3 Bedrooms, 2 Baths,
2 Car Garage
Living Area:1495 Sq. Ft.
Lot 6660 Sq. Ft.
Offered at: $399,000



4313 San Marino Ct.,
Elk Grove, CA 95758
4 Bedrooms, 2 Baths,
3 Car Garage
Living Area:1946 Sq. Ft.
Lot: 6633 Sq. Ft.
Offered at: $199,000



4255 Miramonte Way,
Union City, CA 94587
3 Bedrooms, 1.5 Baths,
2 Car Garage
Living Area: 1298 Sq. Ft.
Lot 1600 Sq. Ft.
Offered at: $220,000



612 Crestview Court,
Vallejo, CA 94591
4 Bedrooms, 2.5 Baths,
2 Car Garage
Living Area:2161 Sq. Ft.
Lot 7274 Sq. Ft.
Offered at: $219,000



4172 Eugene St.,
Fremont, CA 94538
3 Bedrooms, 2 Baths,
2 Car Garage
Living Area:2225 Sq. Ft.
Lot 5500 Sq. Ft.
Offered at: $319,000

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area



Jaswinder Gill M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings